
TANYA'S
BEAUTY SALON
HERBAL FACIAL
$40
$20 !!!
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



Thirteenth Year in Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 51, December 22nd, 2012 20451 N Plum Grove Rd. Palatine, IL 60074 Ph:847-359-0746, Fax:847-705-9388



# ਉਦਾਸ ਬਰਾਕ ਓਬਾਮਾ ਵੱਲੋਂ ਅਸਾਲਟ ਹਥਿਆਰਾਂ ਉਤੇ ਪਾਬੰਦੀ ਦੀ ਪੈਰਵੀ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਪਤੀ ਬਰਾਕ ਓਬਾਮਾ ਜੋ ਨਿਊ ਟਾਊਨ ਦੇ ਸੈਂਡੀ ਹੁਕ ਐਲੀਮੈਂਟਰੀ ਸਕੂਲ ਵਾਲੀ ਵਾਰਦਾਤ ਤੋਂ ਬਹੁਤ ਉਦਾਸ, ਬੇਚੈਨ ਅਤੇ ਟੁੱਟੇ ਹੋਏ ਨਜ਼ਰ ਆ ਰਹੇ ਹਨ, ਨੇ ਦੇਸ਼ ਵਿਚ ਅਸਾਲਟ ਹਥਿਆਰਾਂ ਉਤੇ ਪਾਬੰਦੀ ਲਾਉਣ ਦੀ ਪੈਰਵੀ ਕੀਤੀ ਹੈ।

ਯਾਦ ਰਹੇ ਕਿ ਸ਼ੁੱਕਰਵਾਰ ਦੀ ਸਵੇਰ ਨੂੰ ਕੁਨੈਕਟੀਕਟ ਸਟੇਟ ਵਿਚ ਪੈਂਦੇ ਸ਼ਹਿਰ ਨਿਊ ਟਾਊਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ 20 ਸਾਲਾ ਨੌਜਵਾਨ ਐਡਮ ਲਾਂਜ਼ਾ ਨੇ ਅੰਨ੍ਹੇਵਾਹ ਗੋਲੀ ਚਲਾ ਕੇ 20 ਬੱਚਿਆਂ ਸਮੇਤ 26 ਜਣਿਆਂ ਨੂੰ ਮਾਰ ਦਿੱਤਾ ਸੀ। ਇਸ ਤੋਂ ਪਹਿਲਾਂ ਘਰੇ ਉਸ ਨੇ ਆਪਣੀ ਮਾਂ ਨੈਂਸੀ ਲਾਂਜ਼ਾ ਦੀ ਵੀ ਹੱਤਿਆ ਕਰ ਦਿੱਤੀ। ਉਸ ਨੇ ਮੁੱਖ ਰੂਪ ਵਿਚ ਦੋ ਜਮਾਤਾਂ ਨੂੰ ਆਪਣਾ ਨਿਸ਼ਾਨ ਬਣਾਇਆ। ਸਕੂਲ ਵਿਚ ਜੋ ਵੀ ਉਸ ਦੇ ਰਾਹ ਵਿਚ ਆਇਆ, ਉਸ ਉਤੇ ਵੀ ਗੋਲੀ ਚਲਾ ਦਿੱਤੀ। ਮਗਰੋਂ ਉਸ ਨੇ ਆਤਮ-ਹੱਤਿਆ ਕਰ ਲਈ। ਇਸ ਭਿਅੰਕਰ ਹੱਤਿਆ ਕਾਂਡ ਤੋਂ ਬਾਅਦ ਦੇਸ਼ ਵਿਚ ਹਥਿਆਰਾਂ ਅਤੇ ਅਸਲੇ ਉਤੇ ਪਾਬੰਦੀ ਬਾਰੇ ਬਹਿਸ ਬਹੁਤ ਵੱਡੇ ਪੱਧਰ ਉਤੇ ਛਿੜ ਪਈ ਹੈ।

ਪਹਿਲਾਂ ਆਪਣੀ ਪ੍ਰੈੱਸ ਕਾਨਫਰੰਸ ਅਤੇ ਫਿਰ ਸਕੂਲ ਵਿਚ ਹੋਏ ਸਰਬ-ਧਰਮ ਸਮਾਗਮ ਵਿਚ ਸ੍ਰੀ ਓਬਾਮਾ ਨੇ ਸਪਸ਼ਟ ਸੰਕੇਤ ਦਿੱਤੇ ਕਿ ਹੁਣ ਉਹ ਮੁੱਦੇ ਬਾਰੇ ਕੋਈ ਵੱਡਾ ਕਦਮ ਉਠਾਉਣਗੇ। ਉਨ੍ਹਾਂ ਸਾਫ ਕਿਹਾ ਕਿ ਹੁਣ ਸਾਨੂੰ ਬਦਲਣਾ ਪਵੇਗਾ। ਅਜਿਹੇ ਕਾਰੇ ਹੁਣ ਹੋਰ ਨਹੀਂ ਝੱਲੇ ਜਾ ਸਕਦੇ। ਹੁਣ ਸਿਆਸਤ ਦੇ ਕਿਸੇ ਵੀ ਨਤੀਜੇ ਤੋਂ ਬੇਫਿਕਰ ਹੋ ਕੇ ਕਾਰਵਾਈ ਕਰਨ ਦਾ ਵੇਲਾ ਆ ਗਿਆ ਹੈ।

ਇਸੇ ਦੌਰਾਨ ਹਥਿਆਰਾਂ ਦੇ ਹੱਕ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨ ਵਾਲੀ ਨੈਸ਼ਨਲ ਰਾਈਫਲ ਐਸੋਸੀਏਸ਼ਨ ਨੇ ਵਾਰਦਾਤ ਤੋਂ ਬਾਅਦ ਪਹਿਲੀ ਵਾਰ ਚੁੱਪ ਤੋੜਦਿਆਂ ਵਾਰਦਾਤ ਨੂੰ 'ਦਿਲ ਤੋੜਨ ਵਾਲੀ' ਕਰਾਰ ਦਿੱਤਾ ਹੈ। ਚੇਤੇ ਰਹੇ ਕਿ ਇਸ ਵਾਰ ਲੋਕਾਂ ਨੇ ਇਕੱਠੇ ਹੋ ਕੇ ਐਸੋਸੀਏਸ਼ਨ ਦੇ ਦਫਤਰ ਦੇ ਬਾਹਰ ਵੱਡਾ ਰੋਸ ਵਿਖਾਵਾ ਕੀਤਾ। ਇਸ ਐਸੋਸੀਏਸ਼ਨ ਦੇ 43 ਲੱਖ ਤੋਂ ਵੱਧ ਮੈਂਬਰ ਹਨ ਅਤੇ ਇਸ ਦਾ ਦੇਸ਼ ਦੀ ਸਿਆਸਤ ਉਤੇ ਵਾਹਵਾ ਪ੍ਰਭਾਵ ਹੈ। ਇਸ ਨੇ ਹਥਿਆਰਾਂ ਦੀ ਸੁਖਾਲੀ ਸਪਲਾਈ ਅਤੇ ਵਿਕਰੀ ਬਾਰੇ ਕਈ ਸਟੇਟਾਂ ਵਿਚ ਕਾਨੂੰਨ ਨਰਮ ਕਰਵਾਏ ਹੋਏ ਹਨ। ਰਿਪਬਲਿਕਨ ਪਾਰਟੀ ਸਿੱਧੇ-ਅਸਿੱਧੇ ਰੂਪ ਵਿਚ ਇਸ ਦੇ ਹੱਕ ਵਿਚ ਭੁਗਤਦੀ ਰਹੀ ਹੈ; ਸਗੋਂ ਅੱਠ ਰਾਸ਼ਟਰਪਤੀ ਤਾਂ ਇਸ ਐਸੋਸੀਏਸ਼ਨ ਦੇ ਮੈਂਬਰ ਵੀ ਰਹੇ ਹਨ।


*ਪੀੜੋ ਪੀੜ ਹੋਏ ਰਾਸ਼ਟਰਪਤੀ ਓਬਾਮਾ*

ਇਸੇ ਦੌਰਾਨ ਅਮਰੀਕਾ ਦੇ ਸਿੱਖ ਭਾਈਚਾਰੇ ਨੇ ਕੁਨੈਕਟੀਕਟ ਸਕੂਲ ਘਟਨਾ ਵਿਚ ਮਾਰੇ ਗਏ ਬੱਚਿਆਂ ਦੇ ਮਾਪਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਅਤੇ ਗੁਰੂ ਘਰਾਂ ਤੇ ਹੋਰ ਥਾਈਂ ਮੋਮਬੱਤੀਆਂ ਜਗਾਈਆਂ। ਜ਼ਿਕਰਯੋਗ ਹੈ ਕਿ 5 ਅਗਸਤ ਨੂੰ ਵਿਸਕਾਨਸਿਨ ਵਿਚ ਓਕ ਕਰੀਕ ਦੇ ਗੁਰਦੁਆਰੇ ਵਿਖੇ ਐਡਮ ਲਾਂਜ਼ਾ ਵਰਗੇ ਹੀ ਇਕ ਸਿਰਫਿਰੇ ਨੇ ਗੋਲੀਆਂ ਚਲਾ ਕੇ ਛੇ ਸਿੱਖ ਸ਼ਰਧਾਲੂਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਵਾਰਦਾਤ ਨੇ ਦੇਸ਼ ਭਰ ਵਿਚ ਕ੍ਰਿਸਮਸ ਦੀਆਂ ਚੱਲ ਰਹੀਆਂ ਤਿਆਰੀਆਂ ਨੂੰ ਇਕ ਵਾਰ ਤਾਂ ਗ੍ਰਹਿਣ ਲਾ ਦਿੱਤਾ।

ਹੁਣ ਸ੍ਰੀ ਓਬਾਮਾ ਨੇ ਆਪਣੀ ਕੈਬਨਿਟ ਦੇ ਸਾਥੀਆਂ ਨੂੰ ਇਸ ਮਸਲੇ ਨਾਲ ਨਜਿੱਠਣ ਲਈ ਨੀਤੀ ਘੜਨ ਦਾ ਆਦੇਸ਼ ਦਿੱਤਾ ਹੈ। ਇਸ ਸਬੰਧੀ ਜਿਹੜੀ ਟੀਮ ਬਣਾਈ ਗਈ ਹੈ, ਉਸ ਦੀ ਅਗਵਾਈ ਉਪ ਰਾਸ਼ਟਰਪਤੀ ਜੋਅ ਬਿਡੇਨ ਕਰਨਗੇ। ਵਰਣਨਯੋਗ ਹੈ ਕਿ ਹਥਿਆਰਾਂ ਉਤੇ ਪਾਬੰਦੀ ਵਾਲੇ ਕਾਨੂੰਨ ਦੀ ਮਿਆਦ 2004 'ਚ ਖਤਮ ਹੋ ਗਈ ਸੀ। ਇਸ ਨੂੰ ਨਵਿਆਉਣ ਬਾਰੇ ਵੀ ਵਿਚਾਰਾਂ ਹੋ ਰਹੀਆਂ ਹਨ।


*ਨਿਊ ਟਾਊਨ ਗੋਲੀ ਕਾਂਡ ਬਾਰੇ ਵਿਸ਼ੇਸ਼ ਕਵਰੇਜ ਸਫਾ 2 ਅਤੇ 3 ਉਤੇ*


# ਸੁਖਬੀਰ ਦੀਆਂ ਚਾਲਾਂ ਅੱਗੇ ਮਨਪ੍ਰੀਤ ਬੇਵੱਸ

## ਮੀਡੀਆ ਵੀ ਨਹੀਂ ਦੇ ਰਿਹਾ ਪੂਰਾ ਸਾਥ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਸਿਆਸੀ ਚਾਲਾਂ ਅੱਗੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਬੇਵੱਸ ਹੋ ਗਏ ਹਨ। ਸਿਆਸੀ ਪਿੜ ਵਿਚ ਹੁਣ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾ ਰਹੀ। ਮੀਡੀਆ ਵੀ ਉਨ੍ਹਾਂ ਦਾ ਪੱਖ ਉਸ ਰੂਪ ਵਿਚ ਉਭਾਰ ਨਹੀਂ ਰਿਹਾ ਜਿਸ ਤਰ੍ਹਾਂ ਸ਼ੁਰੂ ਵਿਚ ਇਹ ਉਭਾਰਦਾ ਰਿਹਾ ਸੀ। ਦੱਬਵੀਂ ਸੁਰ ਵਿਚ ਇਹ ਚਰਚਾ ਵੀ ਹੈ ਕਿ ਸੁਖਬੀਰ ਨੇ ਵੱਖ ਵੱਖ ਅਖਬਾਰਾਂ ਦੇ ਸੰਪਾਦਕਾਂ ਅਤੇ ਪੱਤਰਕਾਰਾਂ ਨੂੰ ਮਨਪ੍ਰੀਤ ਦੇ ਮਾਮਲੇ 'ਤੇ ਆਪਣੇ ਹੱਥ-ਵੱਸ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਮਨਪ੍ਰੀਤ ਦਾ ਅੜਬ ਸੁਭਾਅ ਵੀ ਉਨ੍ਹਾਂ ਦੇ ਰਾਹ ਦਾ ਰੋੜਾ ਬਣ ਰਿਹਾ ਹੈ।


*ਮਨਪ੍ਰੀਤ ਸਿੰਘ ਬਾਦਲ*

ਸ. ਮਨਪ੍ਰੀਤ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਸੂਬੇ ਦੀ ਸਿਆਸਤ ਤੋਂ ਫਸਤਾ ਵੱਢਣ ਲਈ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਆਗੂਆਂ ਦੇ ਫੋਨ ਟੈਪ ਕਰਨ, ਡਰਾਉਣ-ਧਮਕਾਉਣ, ਪਾਰਟੀ ਨਾਲ ਜੁੜੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੋਟੇ ਪੈਸਿਆਂ ਦਾ ਲਾਲਚ ਦੇਣ ਤੇ ਗਾਂਧੀਵਾਦੀ ਅੰਨਾ ਹਜ਼ਾਰੇ ਦੀ ਸੰਭਾਵੀ ਪੰਜਾਬ ਫੇਰੀ ਨੂੰ ਹਾਈਜੈਕ ਕਰਨ ਦੀਆਂ ਗੋਂਦਾਂ ਗੁੰਦਣ ਸਮੇਤ ਹਰ ਹਰਬਾ ਵਰਤਿਆ ਜਾ ਰਿਹਾ ਹੈ।

ਯਾਦ ਰਹੇ ਕਿ ਸ. ਮਨਪ੍ਰੀਤ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਬਗਾਵਤ ਕਰ ਕੇ ਵੱਖਰੀ ਪਾਰਟੀ ਬਣਾਈ ਸੀ ਜਿਸ ਨਾਲ ਪੰਜਾਬ ਦੀ ਸਿਆਸਤ ਵਿਚ ਕਾਫੀ ਹਿਲਜੁੱਲ ਹੋਈ। ਪੰਜਾਬ ਦਾ ਦਰਦ ਸਮਝਣ ਵਾਲੇ ਲੋਕ ਵੀ ਉਨ੍ਹਾਂ ਨਾਲ ਆ ਰਲੇ ਸਨ ਅਤੇ ਆਮ ਲੋਕਾਂ ਨੇ ਵੀ ਚੰਗਾ ਹੁੰਗਾਰਾ ਦਿੱਤਾ। ਬਾਗੀ ਆਗੂ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਡੱਕਾ ਲਾਉਣ ਲਈ ਉਨ੍ਹਾਂ ਦੇ ਤਾਏ ਦੇ ਪੁੱਤ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਜਿਹੀ ਵਿਉਂਤ ਘੜੀ ਕਿ ਮਨਪ੍ਰੀਤ ਬਾਦਲ ਦਾ ਸਾਰਾ ਤਾਣ-ਬਾਣਾ ਉਲਝ ਕੇ ਰਹਿ ਗਿਆ। ਥੋੜੇ ਸਮੇਂ ਲਈ ਨਾਇਕ ਵਜੋਂ ਉਭਰੇ ਮਨਪ੍ਰੀਤ ਦੀ ਪਾਰਟੀ ਖੇਰੂੰ-ਖੇਰੂੰ ਹੋ ਰਹੀ ਹੈ ਤੇ ਸਾਂਝੇ ਮੋਰਚੇ ਵਿਚ ਸ਼ਾਮਲ ਹੋਰ ਪਾਰਟੀਆਂ ਨੂੰ ਵੀ ਉਹ ਆਪਣੇ ਪ੍ਰਭਾਵ ਹੇਠ ਨਹੀਂ ਲੈ ਸਕੇ। ਵਿਧਾਨ ਸਭਾ ਚੋਣਾਂ ਵਿਚ ਹਾਰ ਖਾਣ ਤੋਂ ਬਾਅਦ ਉਹ ਅਜੇ ਤੱਕ ਆਉਂਦੀਆਂ ਲੋਕ ਸਭਾ ਚੋਣਾਂ ਲਈ ਕੋਈ ਰਣਨੀਤੀ ਨਹੀਂ ਉਲੀਕ ਸਕੇ। ਕਾਂਗਰਸ ਨੇ ਬੇਸ਼ੱਕ ਉਨ੍ਹਾਂ ਵੱਲ ਦੋਸਤੀ ਦਾ ਹੱਥ ਵਧਾਇਆ ਸੀ ਪਰ ਆਪਣੀਆਂ ਭਾਈਵਾਲ ਪਾਰਟੀਆਂ ਦੇ ਦਬਾਅ ਹੇਠ ਉਨ੍ਹਾਂ ਪੈਰ ਪਿਛਾਂਹ ਖਿੱਚ ਲਏ।

ਹੁਣ ਸ. ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਉਸ ਦੇ ਰਾਹ ਵਿਚ ਅੜਿੱਕੇ ਲਾਉਣ ਅਤੇ ਪਾਰਟੀ ਨੂੰ ਤਾਰਪੀਡੋ ਕਰਨ ਲਈ ਉਸ ਦੇ ਤਾਏ ਦਾ ਪੁੱਤ ਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਕੋਈ ਕਸਰ ਨਹੀਂ ਛੱਡ ਰਿਹਾ। ਉਨ੍ਹਾਂ ਜਲੰਧਰ ਵਿਖੇ ਪ੍ਰੈਸ ਕਾਨਫਰੰਸ


*(ਬਾਕੀ ਸਫਾ 6 ਉਤੇ)*




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫ੍ਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103



# ਅਮਰੀਕੀ ਅੱਖ ਵਿਚ ਹੰਝੂ

## ਕੁਰਲਾ ਉਠਿਆ ਸੰਸਾਰ

*ਨਿਊ ਟਾਊਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ ਨੰਨ੍ਹੇ-ਮੁੰਨ੍ਹੇ ਬੱਚਿਆਂ ਦੇ ਕਤਲ ਨੇ ਅਮਰੀਕਾ ਨੂੰ ਹੀ ਨਹੀਂ, ਪੂਰੇ ਸੰਸਾਰ ਨੂੰ ਝੰਜੋੜ ਸੁੱਟਿਆ ਹੈ। ਅਮਰੀਕਾ ਵਿਚ ਹੁਣ ਪਹਿਲੀ ਵਾਰ ਹਥਿਆਰਾਂ ਅਤੇ ਅਸਲੇ ਉਤੇ ਪਾਬੰਦੀ ਬਾਰੇ ਗਹਿਰ-ਗੰਭੀਰ ਯਤਨਾਂ ਦੀ ਕਨਸੋਅ ਮਿਲ ਰਹੀ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਬਾਰੇ ਆਪਣੀ ਕੈਬਨਿਟ ਸਾਥੀਆਂ ਨਾਲ ਸਲਾਹਾਂ ਆਰੰਭ ਦਿੱਤੀਆਂ ਹਨ।*

# ਨਿਊ ਟਾਊਨ ਸਕੂਲ ਵਿਚ ਬਾਰੂਦ ਦੀ ਵਾਛੜ

**ਨਿਊ ਯਾਰਕ:** ਕਨੈਕਟੀਕੱਟ ਸਟੇਟ ਵਿਚ ਪੈਂਦੇ ਪਿੰਡ ਨਿਊ ਟਾਊਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ 20 ਸਾਲਾ ਐਡਮ ਲਾਂਜ਼ਾ ਮੌਤ ਬਣ ਕੇ ਆਇਆ ਅਤੇ ਉਸ ਨੇ ਅੰਧਾਧੁੰਦ ਗੋਲੀ ਚਲਾ ਕੇ 26 ਜਾਨਾਂ ਲੈ ਲਈਆਂ। ਇਨ੍ਹਾਂ ਵਿਚ 20 ਨੰਨ੍ਹੇ ਬੱਚੇ ਅਤੇ 6 ਬਾਲਗ ਸ਼ਾਮਲ ਹਨ। ਬੱਚਿਆਂ ਦੀ ਉਮਰ 6 ਅਤੇ 7 ਸਾਲਾਂ ਦੇ ਵਿਚਕਾਰ ਸੀ ਅਤੇ ਇਹ ਸਾਰੇ ਪਹਿਲੇ ਗਰੇਡ ਦੇ ਵਿਦਿਆਰਥੀ ਸਨ। ਮਰਨ ਵਾਲਿਆਂ ਵਿਚ 12 ਕੁੜੀਆਂ ਤੇ 8 ਮੁੰਡੇ ਹਨ। ਹਮਲਾਵਰ ਨੇ ਇਹ ਕਹਿਰ ਕਰਨ ਤੋਂ ਪਹਿਲਾਂ ਘਰੇ ਆਪਣੀ ਮਾਂ ਨੈਂਸੀ ਲਾਂਜ਼ਾ (52) ਨੂੰ ਮਾਰ ਸੁੱਟਿਆ ਅਤੇ ਮੌਤ ਦਾ ਤਾਂਡਵ ਕਰਨ ਤੋਂ ਬਾਅਦ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਐਡਮ ਲਾਂਜ਼ਾ ਆਪਣੀ ਮਾਂ ਨਾਲ ਇਸੇ ਪਿੰਡ ਵਿਚ ਰਹਿੰਦਾ ਸੀ।

ਪੁਲੀਸ ਮੁਤਾਬਕ ਸ਼ੁੱਕਰਵਾਰ ਦੀ ਸਵੇਰ ਨੂੰ ਹੋਈ ਇਸ ਵਾਰਦਾਤ ਵਿਚ ਐਡਮ ਲਾਂਜ਼ਾ ਨੇ ਬੁਸ਼ਮਾਸਟਰ .223 ਅਸਾਲਟ ਨਾਲ ਗੋਲੀਆਂ ਚਲਾਈਆਂ। ਉਸ ਨੇ ਮੁੱਖ ਰੂਪ ਵਿਚ ਦੋ ਜਮਾਤਾਂ ਨੂੰ ਆਪਣਾ ਨਿਸ਼ਾਨ ਬਣਾਇਆ। ਇਸ ਦੌਰਾਨ ਜੋ ਵੀ ਉਸ ਦੇ ਰਾਹ ਵਿਚ ਆਇਆ, ਉਸ ਉਤੇ ਵੀ ਗੋਲੀ ਚਲਾ ਦਿੱਤੀ। ਹਮਲੇ ਵੇਲੇ ਐਡਮ ਕੋਲ ਚਾਰ ਹਥਿਆਰ ਸਨ। ਉਸ ਦੀਆਂ ਜੇਬਾਂ ਵਿਚੋਂ ਦੋ ਸੈਮੀ-ਆਟੋਮੈਟਿਕ ਪਿਸਤੌਲ ਮਿਲੇ ਹਨ ਅਤੇ ਇਕ ਉਸ ਦੀ ਕਾਰ ਵਿਚ ਪਿਆ ਸੀ।

### 20 ਫੁੱਲ ਮੁਰਝਾਏ; ਪ੍ਰਿੰਸੀਪਲ ਸਣੇ 6 ਹੋਰ ਵੀ ਹਲਾਕ

ਪੋਸਮਾਰਟਮ ਦੀ ਰਿਪੋਰਟ ਅਨੁਸਾਰ ਬੱਚਿਆਂ ਦੇ ਸਰੀਰਾਂ ਉਤੇ ਇਕ ਤੋਂ ਵੱਧ ਗੋਲੀਆਂ ਦੇ ਨਿਸ਼ਾਨ ਸਨ। ਕਈ ਬੱਚਿਆਂ ਦੇ ਸਰੀਰ 'ਤੇ 3 ਤੋਂ 11 ਗੋਲੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਵਿਚੋਂ ਇਕ ਬੱਚੀ ਨੇ ਇਸੇ ਹਫਤੇ ਹੀ ਆਪਣਾ 7ਵਾਂ ਜਨਮ ਦਿਨ ਮਨਾਇਆ ਸੀ। ਮ੍ਰਿਤਕਾਂ ਵਿਚ ਸਕੂਲ ਦੀ ਪ੍ਰਿੰਸੀਪਲ ਡਾਅਨ ਹੌਸ਼ਪਰੰਗ (47), ਸਕੂਲ ਦੀ ਮੋਨੋਵਿਗਿਆਨੀ ਮੈਰੀ ਸ਼ਰਲਕ (56), ਅਧਿਆਪਕਾਵਾਂ ਰਸ਼ੈਲ ਡਾਵੀਨੋ (29), ਐਨੀ ਮੈਰੀ ਮਰਫੀ (52), ਵਿਕਟੋਰੀਆ ਸੋਟੋ (27), ਲੌਰੇਨ ਰੂਸੋ (30) ਸ਼ਾਮਲ ਹਨ। ਜਦੋਂ ਐਡਮ ਹਮਲਾ ਕਰ ਰਿਹਾ ਸੀ ਤਾਂ ਸਕੂਲ ਦੀ ਪ੍ਰਿੰਸੀਪਲ ਡਾਅਨ ਹੌਸ਼ਪਰੰਗ ਅਤੇ ਮਨੋਵਿਗਿਆਨੀ ਮੈਰੀ ਸ਼ਰਲਕ ਨੇ ਉਸ ਨੂੰ ਰੋਕਿਆ। ਇਸ 'ਤੇ ਇਸ ਨੌਜਵਾਨ ਨੇ ਉਨ੍ਹਾਂ ਨੂੰ ਵੀ ਗੋਲੀਆਂ ਮਾਰ ਦਿੱਤੀਆਂ। ਕਈ ਅਧਿਆਪਕਾਂ ਨੇ ਬੱਚਿਆਂ ਨੂੰ ਬਚਾਉਣ ਲਈ ਖਿੜਕੀਆਂ ਤੋਂ ਬਾਹਰ ਸੁੱਟਿਆ। ਇਕ ਲਾਇਬਰੇਰੀਅਨ ਨੇ ਕਈ ਬੱਚਿਆਂ ਦੀ ਜਾਨ ਬਚਾਈ।

ਇਸ ਕਾਂਡ ਤੋਂ ਤੁਰੰਤ ਬਾਅਦ ਪੁਲਿਸ ਨੇ ਭੁਲੇਖੇ ਵਿਚ ਪਹਿਲਾਂ ਐਡਮ ਲਾਂਜ਼ਾ ਦੇ ਭਰਾ ਰਿਆਨ ਲਾਂਜ਼ਾ ਨੂੰ ਹਮਲਾਵਰ ਮੰਨ ਲਿਆ ਸੀ। ਬਾਅਦ ਵਿਚ ਸਾਫ ਹੋਇਆ ਕਿ ਇਹ ਕਾਰਾ ਐਡਮ ਲਾਂਜ਼ਾ ਨੇ ਕੀਤਾ ਹੈ। ਰਿਆਨ ਨੇ ਵੀ ਤੁਰੰਤ ਆਪਣੇ ਫੇਸਬੁੱਕ ਪੇਜ 'ਤੇ ਲਿਖਿਆ ਕਿ ਉਹ ਤਾਂ ਆਪਣੀ ਡਿਊਟੀ ਨਿਭਾਅ ਰਿਹਾ ਹੈ, ਉਸ ਨੇ ਕੁਝ ਨਹੀਂ ਕੀਤਾ। ਮਗਰੋਂ ਪੁਲਿਸ ਨੇ ਆਪਣਾ ਪਹਿਲਾ ਬਿਆਨ ਵੀ ਵਾਪਸ ਲੈ ਲਿਆ। ਪਹਿਲਾਂ ਇਹ ਭੁਲੇਖਾ ਵੀ ਪਿਆ ਕਿ ਐਡਮ ਦੀ ਮਾਂ ਨੈਂਸੀ ਲਾਂਜ਼ਾ ਵੀ ਇਸੇ ਸਕੂਲ ਵਿਚ ਪੜ੍ਹਾਉਂਦੀ ਹੈ। ਮਗਰੋਂ ਪਤਾ ਲੱਗਾ ਕਿ ਉਸ ਦਾ ਇਸ ਸਕੂਲ ਨਾਲ ਇਸ ਤਰ੍ਹਾਂ ਦਾ ਕੋਈ ਸਬੰਧ ਨਹੀਂ। ਨੈਂਸੀ ਲਾਂਜ਼ਾ ਦਾ ਆਪਣੇ ਪਤੀ ਪੀਟਰ ਲਾਂਜ਼ਾ ਨਾਲ 2009 ਵਿਚ ਤਲਾਕ ਹੋ ਗਿਆ ਸੀ।

## ਮਾਂ ਨੈਂਸੀ ਲਾਂਜ਼ਾ ਸੀ ਹਥਿਆਰਾਂ ਦੀ ਸ਼ੁਕੀਨ

ਐਡਮ ਲਾਂਜ਼ਾ ਦੀ ਮਾਂ ਨੈਂਸੀ ਲਾਂਜ਼ਾ ਹਥਿਆਰਾਂ ਦੀ ਬਹੁਤ ਸ਼ੁਕੀਨ ਸੀ। ਉਸ ਕੋਲ ਛੇ ਹਥਿਆਰ ਸਨ ਜਿਨ੍ਹਾਂ ਵਿਚੋਂ ਚਾਰ ਉਸ ਦਾ ਪੁੱਤਰ





ਐਡਮ ਲਾਂਜ਼ਾ ਸਕੂਲ ਵਿਚ ਕਹਿਰ ਕਰਨ ਮੌਕੇ ਆਪਣੇ ਨਾਲ ਲੈ ਗਿਆ ਸੀ। ਨੈਂਸੀ, ਐਡਮ ਨੂੰ ਫਾਇਰਿੰਗ ਰੇਂਜ ਵਿਚ ਵੀ ਲੈ ਕੇ ਜਾਂਦੀ ਸੀ ਅਤੇ ਉਥੇ ਉਸ ਨੂੰ ਨਿਸ਼ਾਨਾ ਸਾਧਣ ਦੀ ਸਿਖਲਾਈ ਵੀ ਦਿਵਾਉਂਦੀ ਸੀ। ਇਕ ਰਿਪੋਰਟ ਮੁਤਾਬਕ ਨੈਂਸੀ ਲਾਂਜ਼ਾ ਉਨ੍ਹਾਂ ਲੋਕਾਂ ਵਿਚੋਂ ਸੀ ਜਿਹੜੇ ਇਹ ਸੋਚਦੇ ਸਨ ਕਿ ਬੰਦੇ ਨੂੰ ਹਰ ਵਕਤ ਹਥਿਆਰਬੰਦ ਰਹਿਣਾ ਚਾਹੀਦਾ ਹੈ।


ਨੈਂਸੀ ਦੀ ਨਣਾਨ ਮਾਰਸ਼ਾ ਲਾਂਜ਼ਾ ਮੁਤਾਬਕ ਉਹ ਪਿਛਲੀ ਵਾਰ ਜਦੋਂ ਇਸ ਟੱਬਰ ਨੂੰ ਮਿਲਣ ਗਏ ਸਨ ਤਾਂ ਇਸ ਬਾਰੇ ਖਬਰਦਾਰ ਵੀ ਕੀਤਾ ਸੀ ਪਰ ਨੈਂਸੀ ਨੇ ਗੱਲ ਨਹੀਂ ਸੀ ਗੌਲੀ। ਉਂਜ ਪਿਛਲੇ ਹਫਤੇ ਉਸ ਨੇ ਡਰ ਜ਼ਾਹਿਰ ਕੀਤਾ ਸੀ ਕਿ ਐਡਮ ਉਸ ਦੀ ਪਹੁੰਚ ਤੋਂ ਦੂਰ ਜਾ ਰਿਹਾ ਹੈ, ਕਿਤੇ ਕੋਈ ਭਾਣਾ ਨਾ ਵਰਤ ਜਾਵੇ।

# ਹੁਣ ਸਾਨੂੰ ਬਦਲਨਾ ਪਵੇਗਾ: ਬਰਾਕ ਓਬਾਮਾ

**ਨਿਊਟਾਊਨ:** ਨਿਊਟਾਊਨ ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ ਪੁੱਜੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਪੀੜਤ ਪਰਿਵਾਰਾਂ ਨੂੰ ਦਿਲਾਸਾ ਦਿੱਤਾ ਕਿ ਦੁੱਖ ਦੀ ਇਸ ਘੜੀ ਵਿਚ ਉਹ ਇਕੱਲੇ ਨਹੀਂ ਹਨ; ਸਾਰਾ ਦੇਸ਼ ਇਸ ਵੇਲੇ ਉਨ੍ਹਾਂ ਦੇ ਨਾਲ ਹੈ। ਬਹੁਤ ਬੇਚੈਨ ਦਿਸ ਰਹੇ ਸ੍ਰੀ ਓਬਾਮਾ ਨੇ ਕਿਹਾ, "ਅਜਿਹੇ ਕਾਰੇ ਹੁਣ ਹੋਰ ਨਹੀਂ ਝੱਲੇ ਜਾ ਸਕਦੇ। ਇਹ ਦੁਖਾਂਤ ਹੁਣ ਬੰਦ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਦੇ ਮੁਕੰਮਲ ਖਾਤਮੇ ਲਈ ਸਾਨੂੰ ਬਦਲਣਾ ਪਵੇਗਾ। ਹੁਣ ਕਿਸੇ ਵੀ ਪ੍ਰਕਾਰ ਦੀ ਸਿਆਸਤ ਦੀ ਪ੍ਰਵਾਹ ਕੀਤੇ ਬਗੈਰ ਸਾਨੂੰ ਕੁਝ ਫੈਸਲੇ ਕਰਨੇ ਪੈਣਗੇ।" ਜਦੋਂ ਸ੍ਰੀ ਓਬਾਮਾ ਇਹ ਬੋਲ, ਬੋਲ ਰਹੇ ਸਨ ਤਾਂ ਸਭ ਦੀਆਂ ਅੱਖਾਂ ਵਿਚ ਹੰਝੂ ਸਨ। ਸਾਰੇ ਜਣੇ ਆਪਣੇ ਨੇੜੇ ਬੈਠੇ ਆਪਣਿਆਂ ਨੂੰ ਗਲਵੱਕੜੀ 'ਚ ਭਰ ਰਹੇ ਸਨ; ਮਾਪੇ ਆਪਣੇ ਬੱਚਿਆਂ ਨੂੰ ਸੀਨੇ ਨਾਲ ਲਾ ਰਹੇ ਸਨ।

ਉਨ੍ਹਾਂ ਕਿਹਾ ਕਿ ਦੇਸ਼ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿਚ ਨਾਕਾਮ ਰਿਹਾ ਹੈ। ਉਨ੍ਹਾਂ ਅਹਿਦ ਲਿਆ ਕਿ ਅਜਿਹੇ ਦੁਖਾਂਤ ਮੁੜ ਵਾਪਰਨ ਤੋਂ ਰੋਕਣ ਲਈ ਉਹ ਹਰ ਹੀਲਾ ਕਰਨਗੇ। ਉਨ੍ਹਾਂ ਕਿਹਾ, "ਇਹ ਸਾਡੀ ਪਹਿਲੀ ਜ਼ਿੰਮੇਵਾਰੀ ਹੈ, ਜੇ ਅਸੀਂ ਇਸ ਨੂੰ ਸਹੀ ਢੰਗ ਨਾਲ ਨਹੀਂ ਨਿਭਾਵਾਂਗੇ ਤਾਂ ਕੁਝ ਵੀ ਸਹੀ ਨਹੀਂ ਹੋਵੇਗਾ। ਮੈਨੂੰ ਅਹਿਸਾਸ ਹੈ ਕਿ ਸਿਰਫ ਹਮਦਰਦੀ ਭਰੇ ਲਫਜ਼ਾਂ ਨਾਲ ਹੀ ਪੀੜਤ ਮਾਪਿਆਂ ਦੇ ਵਲੂੰਧਰੇ ਦਿਲਾਂ ਨੂੰ ਧਰਵਾਸ ਨਹੀਂ ਦਿੱਤਾ ਜਾ ਸਕਦਾ। ਇਸ ਘਟਨਾ ਨੇ ਦੇਸ਼ ਅੱਗੇ ਕਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਨੇ ਦੇਸ਼ ਵਿਚ ਹਥਿਆਰ ਰੱਖਣ/ਖਰੀਦਣ ਸਬੰਧੀ ਕਾਨੂੰਨਾਂ 'ਤੇ ਬਹਿਸ ਛੇੜ ਦਿੱਤੀ ਹੈ।...ਕੋਈ ਵੀ ਕਾਨੂੰਨ ਭਾਵੇਂ ਦੁਨੀਆਂ ਵਿਚੋਂ ਬੁਰਾਈ ਦਾ ਖਾਤਮਾ ਨਹੀਂ ਕਰ ਸਕਦਾ ਤੇ ਨਾ ਹੀ ਸਾਡੇ ਸਮਾਜ ਨੂੰ ਹਿੰਸਾ ਦੀਆਂ ਅਜਿਹੀਆਂ ਘਟਨਾਵਾਂ ਤੋਂ ਬਚਾਅ ਸਕਦਾ ਹੈ ਪਰ ਕੋਈ ਕਦਮ ਨਾ ਚੁੱਕਣ ਲਈ ਇਹ ਬਹਾਨਾ ਨਹੀਂ ਬਣਾਇਆ ਜਾ ਸਕਦਾ। ਹੁਣ ਸਿਆਸਤ ਦੇ ਕਿਸੇ ਵੀ ਨਤੀਜੇ ਤੋਂ ਬੇਫਿਕਰ ਹੋ ਕੇ ਕਾਰਵਾਈ ਕਰਨ ਦਾ ਵੇਲਾ ਹੈ।"

ਸ੍ਰੀ ਓਬਾਮਾ ਦਾ ਇਹ ਭਾਸ਼ਣ ਸਾਰੇ ਦੇਸ਼ ਵਿਚ ਨਸ਼ਰ ਕੀਤਾ ਗਿਆ। ਇਸ ਭਾਸ਼ਣ ਨਾਲ ਇਕ ਵਾਰ ਤਾਂ ਸਭ ਨੂੰ ਯਕੀਨ ਹੋ ਗਿਆ ਕਿ ਹੁਣ ਅਜਿਹੀਆਂ ਵਾਰਦਾਤਾਂ ਤੋਂ ਸਦਾ ਸਦਾ ਲਈ ਖਹਿੜਾ ਛੁਡਾਉਣ ਲਈ ਉਹ ਕੁਝ ਨਾ ਕੁਝ ਜ਼ਰੂਰ ਕਰਨਗੇ।



### ਦਿਲ ਤੋੜਨ ਵਾਲੀ ਵਾਰਦਾਤ

ਰਾਸ਼ਟਰਪਤੀ ਓਬਾਮਾ ਨੇ ਕਿਹਾ ਹੈ ਕਿ ਇਸ ਘਟਨਾ ਨੇ ਉਨ੍ਹਾਂ ਦਾ ਦਿਲ ਤੋੜ ਦਿੱਤਾ ਹੈ। ਵ੍ਹਾਈਟ ਹਾਊਸ ਵਿਚ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਓਬਾਮਾ ਨੇ ਕਿਹਾ, "ਜੋ ਕੁਝ ਹੋਇਆ, ਉਸ ਨਾਲ ਸਾਰੇ ਦੇਸ਼ ਵਾਸੀਆਂ ਦੇ ਦਿਲ ਟੁੱਟ ਗਏ ਹਨ। ਅਣਭੋਲ ਬੱਚਿਆਂ ਦੀ ਜਾਨ ਲੈਣ ਤੋਂ ਵੱਡਾ ਗੁਨਾਹ ਹੋਰ ਕੋਈ ਨਹੀਂ। ਦਰਦ ਵੰਡਾਉਣ ਲਈ ਸ਼ਬਦ ਮੁੱਕ ਚੁੱਕੇ ਹਨ।"

### ਜਿਨ੍ਹਾਂ ਰੱਖ ਵਿਖਾਈ

ਸੈਂਡੀ ਹੁੱਕ ਐਲੀਮੈਂਟਰੀ ਸਕੂਲ ਦੀ ਪ੍ਰਿੰਸੀਪਲ ਡਾਅਨ ਹੌਸ਼ਪਰੰਗ (47 ਸਾਲ), ਮਨੋਵਿਗਿਆਨੀ ਮੇਰੀ ਸ਼ਰਲਕ (56 ਸਾਲ)



ਅਤੇ ਅਧਿਆਪਕਾ ਵਿਕਟੋਰੀਆ ਸੋਟੋ (27 ਸਾਲ) ਨੇ ਬੱਚਿਆਂ ਨੂੰ ਹਮਲਾਵਰ ਦੀ ਮਾਰ ਤੋਂ ਬਚਾਉਣ ਲਈ ਪੂਰੀ ਵਾਹ ਲਾਈ। ਪ੍ਰਿੰਸੀਪਲ ਡਾਅਨ ਹੌਸ਼ਪਰੰਗ ਤੇ ਮੇਰੀ ਸ਼ਰਲਕ ਤਾਂ ਹਮਲਾਵਰ ਦੇ ਨਾਲ ਹੀ ਭਿੜ ਗਈਆਂ ਅਤੇ ਵਿਕਟੋਰੀਆ ਨੇ ਬੱਚਿਆਂ ਨੂੰ ਇਕ ਬਾਥਰੂਮ ਵਿਚ ਵਾੜ ਦਿੱਤਾ। ਬੱਚਿਆਂ ਨੂੰ ਲੱਗਣ ਵਾਲੀਆਂ ਗੋਲੀਆਂ ਉਸ ਨੇ ਆਪਣੇ ਸਰੀਰ ਉਤੇ ਜਰ ਲਈਆਂ।

### ਯਕੀਨ ਨਾ ਆਇਆ



ਰੌਬੀ ਪਾਰਕਰ ਜਿਸ ਦੀ ਧੀ ਐਮਿਲੀ ਇਸ ਗੋਲੀ ਕਾਂਡ ਵਿਚ ਮਾਰੀ ਗਈ, ਨੇ ਕਿਹਾ ਕਿ ਉਸ ਨੂੰ ਅਜੇ ਤੱਕ ਯਕੀਨ ਨਹੀਂ ਆ ਰਿਹਾ ਕਿ ਉਨ੍ਹਾਂ ਨਾਲ ਇਹ ਭਾਣਾ ਵਰਤ ਚੁੱਕਾ ਹੈ। ਹਮਲਾਵਰ ਬਾਰੇ ਪੁੱਛਣ 'ਤੇ ਅੰਤਾਂ ਦਾ ਦਰਦ ਝੱਲ ਰਹੇ ਪਿਤਾ ਪਾਰਕਰ ਦੇ ਸ਼ਬਦ ਸਨ: "ਮੈਨੂੰ ਲਾਂਜ਼ਾ ਦੇ ਪਰਿਵਾਰ ਨਾਲ ਵੀ ਹਮਦਰਦੀ ਹੈ। ਉਹ ਪਰਿਵਾਰ ਵੀ ਦੁੱਖ ਵਿਚੋਂ ਲੰਘ ਰਿਹਾ ਹੈ।"

### 'ਮਰ ਕੇ' ਜੀਅ ਉਠੀ ਨੰਨ੍ਹੀ

ਇਸ ਹਮਲੇ ਵਿਚ ਪੂਰੀ ਜਮਾਤ ਵਿਚੋਂ ਸਿਰਫ ਇਕ ਬੱਚੀ ਹੀ ਬਚ ਸਕੀ ਹੈ। ਜਦੋਂ ਹਮਲਾਵਰ ਨੇ ਅੰਨ੍ਹੇਵਾਹ ਗੋਲੀ ਚਲਾਈ ਤਾਂ ਇਸ ਬੱਚੀ ਨੇ ਮਰੀ ਹੋਣ ਦਾ ਭੁਲੇਖਾ ਪਾਇਆ ਅਤੇ ਗੋਲੀਆਂ ਨਾਲ ਵਿੰਨ੍ਹੇ ਪਏ ਆਪਣੇ ਸਾਥੀਆਂ ਨਾਲ ਲੇਟੀ ਰਹੀ। ਜਦ ਉਸ ਨੇ ਦੇਖਿਆ ਕਿ 'ਹੁਣ ਸਭ ਠੀਕ ਹੈ', ਉਹ ਲਹੂ ਨਾਲ ਲੱਥ-ਪੱਥ ਥਾਂ ਤੋਂ ਬਾਹਰ ਆ ਗਈ। ਸਾਰੇ ਇਸ ਕੁੜੀ ਦੀ ਮੌਕੇ 'ਤੇ ਆਈ ਸੋਚ ਤੋਂ ਹੈਰਾਨ ਹਨ। ਇੰਨੀਆਂ ਲਾਸ਼ਾਂ ਦੇਖ ਕੇ ਅਜੇ ਉਹ ਡੈਂਬਰੀ ਹੋਈ ਹੈ।

# ਅਮਰੀਕੀ ਸਿੱਖਾਂ ਵੱਲੋਂ ਦੁੱਖ 'ਚ ਘਿਰੇ ਪਰਿਵਾਰਾਂ ਲਈ ਅਰਦਾਸ

**ਸ਼ਿਕਾਗੋ:** ਅਮਰੀਕਾ ਦੇ ਸਿੱਖ ਭਾਈਚਾਰੇ ਨੇ ਕਨੈਕਟੀਕੱਟ ਸਕੂਲ ਘਟਨਾ ਵਿਚ ਮਾਰੇ ਗਏ ਬੱਚਿਆਂ ਦੇ ਮਾਪਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ। ਅਗਸਤ ਮਹੀਨੇ ਵਿਚ ਵਿਸਕਾਨਸਿਨ ਗੁਰਦੁਆਰਾ ਗੋਲੀਕਾਂਡ ਵਿਚ ਮਾਰੇ ਗਏ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੇ ਪੁੱਤਰ ਅਮਰਦੀਪ ਕਾਲੇਕਾ ਨੇ ਕਿਹਾ, "ਇਸ ਘਟਨਾ ਨਾਲ ਅੱਜ ਫੇਰ ਅਮਰੀਕੀਆਂ ਦੇ ਦਿਲ ਛਲਣੀ ਹੋ ਗਏ ਹਨ। ਜਿਨ੍ਹਾਂ ਨੇ ਆਪਣੇ ਗੁਆਏ ਹਨ, ਉਨ੍ਹਾਂ ਦਾ ਦਰਦ ਮੈਂ ਸਮਝ ਸਕਦਾ ਹਾਂ।" ਵਾਸ਼ਿੰਗਟਨ ਸਥਿਤ ਸਿੱਖ ਧਰਮ ਤੇ ਸਿੱਖਿਆ ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਵੀ ਪੀਵਤ ਪਰਿਵਾਰਾਂ ਨਾਲ ਦੁਖ ਸਾਂਝਾ ਕੀਤਾ ਹੈ।

ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਇਸ ਗੋਲੀਕਾਂਡ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਕਮੇਟੀ ਵੱਲੋਂ ਜਾਰੀ ਬਿਆਨ ਮੁਤਾਬਕ ਇਸ ਘਟਨਾ ਕਾਰਨ ਪੂਰੇ ਅਮਰੀਕਾ, ਖ਼ਾਸ ਕਰ ਕੇ ਸਿੱਖਾਂ ਵਿਚ ਸੋਗ ਦੀ ਲਹਿਰ ਹੈ। ਇਸ ਘਟਨਾ 'ਤੇ ਦਲ ਖਾਲਸਾ ਸਿੱਖ ਜਥੇਬੰਦੀ ਨੇ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਦਿੱਲੀ ਸਥਿਤ ਅਮਰੀਕਾ ਦੇ ਸਫਾਰਤਖਾਨੇ ਨੂੰ ਪੱਤਰ ਭੇਜ ਕੇ ਇਸ ਮਾਮਲੇ ਵਿਚ ਸਿੱਖ ਜਥੇਬੰਦੀ ਵੱਲੋਂ ਸੋਗ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਪੱਤਰ 'ਚ ਲਿਖਿਆ ਕਿ ਸਿੱਖ ਭਾਈਚਾਰਾ ਪੀੜਤ ਪਰਿਵਾਰਾਂ ਨਾਲ ਖੜ੍ਹਾ ਹੈ।

ਸਿੱਖ ਜਥੇਬੰਦੀ ਵਿਸ਼ਵ ਸਿੱਖ ਸੰਸਥਾ ਨੇ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਜੋ ਕੁਝ ਸੈਂਡੀ ਹੁਕ ਐਲੀਮੈਂਟਰੀ ਸਕੂਲ ਵਿਚ ਵਾਪਰਿਆ, ਉਸ ਨੇ ਹਰ ਹੋਸ਼ਮੰਦ ਵਿਅਕਤੀ ਦੇ ਮਨ ਅੰਦਰ ਕੰਬਣੀ ਛੇੜ ਦਿੱਤੀ ਹੈ। ਕੌਂਸਲ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪਰਮਾਤਮਾ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਬਖਸ਼ੇ ਅਤੇ ਪੀੜਤ ਪਰਿਵਾਰਾਂ ਨੂੰ ਇਸ ਦੁੱਖ ਦੀ ਘੜੀ ਦਾ ਸਾਹਮਣਾ ਕਰਨ ਲਈ ਮਾਨਸਿਕ ਬਲ ਬਖਸ਼ੇ। ਜਥੇਬੰਦੀ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਕੈਂਡਲ ਲਾਈਟ ਵਿਜ਼ਿਲ ਕਰਕੇ ਅਤੇ ਅਰਦਾਸਾਂ ਕਰਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ।



# ਅਸਲੇ ਦੀ ਖੁੱਲ੍ਹੀ ਵਿਕਰੀ ਰੋਕਣ ਲਈ ਦਬਾਅ

**ਵਾਸ਼ਿੰਗਟਨ:** ਸੈਂਡੀ ਹੁੱਕ ਸਕੂਲ ਹੱਤਿਆ ਕਾਂਡ ਤੋਂ ਬਾਅਦ ਲੋਕਾਂ ਵੱਲੋਂ ਵ੍ਹਾਈਟ ਹਾਊਸ ਨੂੰ ਭੇਜੀਆਂ ਆਨਲਾਈਨ ਪਟੀਸ਼ਨ ਦਾ ਹੜ੍ਹ ਆ ਗਿਆ ਹੈ। ਲੱਖਾਂ ਲੋਕਾਂ ਨੇ ਅਰਜ਼ੀਆਂ ਭੇਜ ਕੇ ਅਪੀਲ ਕੀਤੀ ਹੈ ਕਿ ਅਸਲੇ ਦੀ ਖੁੱਲ੍ਹੀ ਵਿਕਰੀ 'ਤੇ ਕਾਬੂ ਪਾਉਣ ਲਈ ਅਮਰੀਕੀ ਸੰਸਦ ਵਿਚ ਸਖ਼ਤ ਕਾਨੂੰਨ ਲਿਆਂਦਾ ਜਾਵੇ। ਨਿਊਯਾਰਕ ਦੇ ਮੇਅਰ ਮਾਈਲ ਬਲੂਮਬਰਗ ਨੇ ਵੀ ਕਿਹਾ ਕਿ ਰਾਸ਼ਟਰਪਤੀ ਅਸਲਾ ਕਾਨੂੰਨ ਨੂੰ ਸਖ਼ਤ ਕਰਨ ਲਈ ਤੁਰੰਤ ਕਦਮ ਚੁੱਕਣ। ਉਨ੍ਹਾਂ ਕਿਹਾ, "ਵਰਜੀਨੀਆ, ਔਰੋਰਾ ਤੇ ਵਿਸਕਾਨਸਿਨ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਰਾਸ਼ਟਰਪਤੀ ਓਬਾਮਾ ਹਥਿਆਰਾਂ ਬਾਰੇ ਤੁਰੰਤ ਬਿੱਲ ਸੰਸਦ ਵਿਚ ਪੇਸ਼ ਕਰਨ।

ਬਹਿਸ ਛਿੜੀ: ਹਾਲੀਵੁੱਡ ਦੇ ਮਸ਼ਹੂਰ ਅਦਾਕਾਰ ਜੇਮੀ ਫੌਕਸ ਨੇ ਕਿਹਾ ਕਿ ਫਿਲਮਾਂ ਵਾਲਿਆਂ ਨੂੰ ਹੁਣ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਫਿਲਮਾਂ ਵਿਚ ਪੇਸ਼ ਕੀਤੀ ਜਾ ਰਹੀ ਹਿੰਸਾ ਵੀ ਆਮ ਲੋਕਾਂ ਉਤੇ ਪ੍ਰਭਾਵ ਪਾਉਂਦੀ ਹੈ। ਹੁਣ ਕਲਾਕਾਰਾਂ ਨੂੰ ਇਸ ਪਾਸਿਓਂ ਪਿੱਠ ਕਰ ਕੇ ਨਹੀਂ ਬੈਠਣਾ ਚਾਹੀਦਾ। ਹੁਣ ਸਾਡੇ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਬੰਦੂਕਾਂ ਦੀ ਵਿਕਰੀ ਵਿਚ ਵਾਧਾ: ਇਸ ਘਟਨਾ ਤੋਂ ਬਾਅਦ ਜਿਉਂ ਹੀ ਹਥਿਆਰਾਂ ਦੀ ਵਿਕਰੀ ਉਤੇ ਕੰਟਰੋਲ ਬਾਰੇ ਬਹਿਸ ਭਖੀ, ਲੋਕਾਂ ਨੇ ਧੜਾ-ਧੜ ਬੰਦੂਕਾਂ ਅਤੇ ਪਿਸਤੌਲ ਖਰੀਦਣੇ ਆਰੰਭ ਕਰ ਦਿੱਤੇ। ਗੱਨ ਸਟੋਰਾਂ ਉਤੇ ਲੋਕਾਂ ਦਾ ਤਾਂਤਾ ਲੱਗ ਗਿਆ। ਇਨ੍ਹਾਂ ਲੋਕਾਂ ਦਾ ਡਰ ਸੀ ਕਿ ਪਾਬੰਦੀ ਲੱਗਣ ਤੋਂ ਬਾਅਦ ਉਹ ਫਿਰ ਹਥਿਆਰ ਨਹੀਂ ਖਰੀਦ ਸਕਣਗੇ।

ਗੌਰਤਲਬ ਹੈ ਕਿ ਹਾਲ ਹੀ ਹੋਈਆਂ ਰਾਸ਼ਟਰਪਤੀ ਚੋਣਾਂ ਦੌਰਾਨ ਵੀ ਅਜਿਹੇ ਕਾਂਡ ਵਾਪਰ ਗਏ ਸਨ। ਉਦੋਂ ਕੁਝ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਦੋਹਾਂ ਮੁੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਥਿਆਰਾਂ ਅਤੇ ਅਸਲੇ ਦੀ ਖੁੱਲ੍ਹੀ ਵਿਕਰੀ ਉਤੇ ਕਾਬੂ ਪਾਉਣ ਬਾਰੇ ਪੁੱਛਿਆ ਸੀ। ਉਸ ਵੇਲੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਮਿੱਟ ਰੋਮਨੀ ਨੇ ਤਾਂ ਇਸ ਮਾਮਲੇ ਬਾਰੇ ਕੁਝ ਵੀ ਕਹਿਣ ਤੋਂ ਸਾਫ ਨਾਂਹ ਕਰ ਦਿੱਤੀ ਸੀ, ਪਰ ਡੈਮੋਕਰੇਟਿਕ ਪਾਰਟੀ ਵੱਲੋਂ ਉਮੀਦਵਾਰ ਬਰਾਕ ਓਬਾਮਾ ਨੇ ਵੀ ਕੋਈ ਸਪਸ਼ਟ ਜਵਾਬ ਨਹੀਂ ਸੀ ਦਿੱਤਾ। ਅਸਲ ਵਿਚ ਹਥਿਆਰ ਬਣਾਉਣ ਅਤੇ ਵੇਚਣ ਵਾਲੀ ਲਾਬੀ ਦੇਸ਼ ਵਿਚ ਇੰਨੀ ਮਜ਼ਬੂਤ ਅਤੇ ਪ੍ਰਭਾਵ ਵਾਲੀ ਹੈ ਕਿ ਚੋਣਾਂ ਦੇ ਦਿਨਾਂ ਵਿਚ ਕੋਈ ਵੀ ਉਮੀਦਵਾਰ ਇਸ ਲਾਬੀ ਦਾ ਵਿਰੋਧ ਕਰਨ ਦਾ ਜੋਖਮ ਉਠਾਉਣ ਲਈ ਤਿਆਰ ਨਹੀਂ ਸੀ। ਉਂਜ ਵੀ ਰਿਪਬਲਿਕਨ ਪਾਰਟੀ ਗੱਜ-ਵੱਜ ਕੇ ਇਸ ਲਾਬੀ ਦੇ ਨਾਲ ਖੜ੍ਹੀ ਹੈ। ਇਸ ਪਾਰਟੀ ਦਾ ਇਕ ਹੀ ਤਰਕ ਹੈ ਕਿ ਹਰ ਦੇਸ਼ਵਾਸੀ ਨੂੰ ਖੁਦ ਹਥਿਆਰਬੰਦ ਹੋ ਕੇ ਆਪਣੀ ਹਿਫਾਜ਼ਤ ਆਪ ਕਰਨ ਲਈ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਹੈ।




## ਨੈਸ਼ਨਲ ਰਾਈਫਲ ਐਸੋਸੀਏਸ਼ਨ ਖਾਮੋਸ਼

ਸ਼ੁੱਕਰਵਾਲੇ ਵਾਲੀ ਘਟਨਾ ਤੋਂ ਬਾਅਦ ਨੈਸ਼ਨਲ ਰਾਈਫਲ ਐਸੋਸੀਏਸ਼ਨ ਖਾਮੋਸ਼ ਉੱਕਾ ਹੀ ਖਾਮੋਸ਼ ਹੋ ਗਈ ਹੈ। ਇਸ ਨੇ ਫੇਸਬੁੱਕ ਤੋਂ ਵੀ ਆਪਣਾ ਪੇਜ ਫਿਲਹਾਲ ਡੀਐਕਟੀਵੇਟ ਕਰ ਲਿਆ ਹੈ। ਘਟਨਾ ਵਾਲੇ ਦਿਨ ਤੋਂ ਬਾਅਦ ਇਸ ਨੇ ਟਵਿਟਰ ਉਤੇ ਵੀ ਕੋਈ ਪੋਸਟ ਨਹੀਂ ਪਾਈ ਹੈ। ਇਸੇ ਦੌਰਾਨ ਲੋਕਾਂ ਨੇ ਇਸ ਦੇ ਦਫਤਰ ਅੱਗੇ ਜਾ ਕੇ ਰੋਸ ਵਿਖਾਵਾ ਕੀਤਾ।

## ਸੋਗ ਵਿਚ ਡੁੱਬੀ ਕ੍ਰਿਸਮਸ

ਕਿਸਮਸ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਸਨ ਤਾਂ ਸੈਂਡੀ ਹੁੱਕ ਸਕੂਲ ਦੀ ਵਾਰਦਾਤ ਨੇ ਸਭ ਪਾਸੇ ਸੋਗ ਵਰਤਾ ਦਿੱਤਾ। ਕੱਲ੍ਹ ਤੱਕ ਇਹ ਘੁੱਗ ਵੱਸਦਾ ਪਿੰਡ, ਅੱਜ ਬਹੁਤ ਉਦਾਸ ਹੈ। ਇਸ ਪਿੰਡ ਦੀ ਫਿਜ਼ਾ ਵਿਚ ਕ੍ਰਿਸਮਸ ਦੀ ਕਿਲਕਾਰੀਆਂ ਭਰਨੀਆਂ ਸਨ ਪਰ ਇਸ ਦੀ ਥਾਂ ਨੰਨ੍ਹਿਆਂ-ਤੋਤਲਿਆਂ ਦੀਆਂ ਚੀਕਾਂ ਨੇ ਲੈ ਲਈ। ਹੁਣ ਮਾਪਿਆਂ ਦੇ ਹਉਕੇ ਬਾਕੀ ਬਚੇ ਹਨ। ਸਕੂਲ ਦੇ ਇਕ ਅਧਿਆਪਕ ਨੇ ਜਦੋਂ ਸਕੂਲ ਵਿਚ ਮਚੀ ਅਫਰਾ-ਤਫਰੀ ਦਾ ਜ਼ਿਕਰ ਛੇੜਿਆ ਤਾਂ ਸਭ ਦੀਆਂ ਨਮ ਹੋ ਗਈਆਂ।

# ਹਥਿਆਰਾਂ ਉਤੇ ਪਾਬੰਦੀ ਵਿਚ ਅੜਿੱਕੇ ਕਿਉਂ?

**ਵਾਸ਼ਿੰਗਟਨ:** ਨੈਸ਼ਨਲ ਰਾਈਫਲ ਐਸੋਸੀਏਸ਼ਨ ਦਾ ਸਰਕਾਰ ਉਤੇ ਬਹੁਤ ਜ਼ਿਆਦਾ ਪ੍ਰਭਾਵ ਹੈ ਅਤੇ ਇਹ ਹਥਿਆਰਾਂ ਤੇ ਅਸਲੇ ਉਤੇ ਕਿਸੇ ਵੀ ਪ੍ਰਕਾਰ ਦੀ ਪਾਬੰਦੀ ਨੂੰ ਕਾਰਗਰ ਢੰਗ ਨਾਲ ਲਾਗੂ ਹੀ ਨਹੀਂ ਹੋਣ ਦਿੰਦੀ। ਇਸ ਵੇਲੇ ਇਸ ਐਸੋਸੀਏਸ਼ਨ ਦੇ ਦੇਸ਼ ਭਰ ਵਿਚ 43 ਲੱਖ ਮੈਂਬਰ ਹਨ। ਇਸ ਦੀ ਸਿਆਸੀ ਪੈਂਠ ਇੰਨੀ ਜ਼ਿਆਦਾ ਹੈ ਕਿ ਬਹੁਤ ਸਾਰੇ ਸੂਬਿਆਂ ਦੀਆਂ ਸਰਕਾਰਾਂ ਇਸ ਦੀ ਹਾਂ ਵਿਚ ਸਦਾ ਹੀ ਹਾਂ ਮਿਲਾਉਂਦੀਆਂ ਹਨ; ਹਥਿਆਰਾਂ ਉਤੇ ਪਾਬੰਦੀ ਤਾਂ ਦੂਰ ਦੀ ਗੱਲ ਹੈ। 'ਦਿ ਇੰਸਟੀਚਿਊਟ ਆਫ ਲੈਜਿਸਲੇਟਿਵ ਐਕਸ਼ਨ' (ਆਈ.ਐਲ.ਏ.) ਐਸੋਸੀਏਸ਼ਨ ਦਾ ਲੌਬਿਗ ਵਿੰਗ ਹੈ। ਐਸੋਸੀਏਸ਼ਨ ਦੀ ਸਾਰੀ ਸਰਗਰਮੀ ਇਸ ਵਿੰਗ ਰਾਹੀਂ ਹੀ ਚੱਲਦੀ ਹੈ। ਚੋਣ ਇਤਿਹਾਸ ਵਿਚ 1980 ਵਿਚ ਪਹਿਲੀ ਵਾਰ ਇਸ ਐਸੋਸੀਏਸ਼ਨ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਕਿਸੇ ਉਮੀਦਵਾਰ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ। ਉਦੋਂ ਇਸ ਨੇ ਆਪਣਾ ਸਾਰਾ ਵਜ਼ਨ ਰਿਪਬਲਿਕਨ ਉਮੀਦਵਾਰ ਰੋਨਾਲਡ ਰੀਗਨ ਵਾਲੇ ਪਾਸੇ ਪਾ ਦਿੱਤਾ। 2008 ਦੀਆਂ ਚੋਣਾਂ ਵਿਚ ਐਸੋਸੀਏਸ਼ਨ ਨੇ ਇਕ ਅਰਬ ਡਾਲਰ ਖਰਚੇ ਸਨ। 2011 ਵਿਚ ਇਸ ਨੇ ਰਾਸ਼ਟਰਪਤੀ ਓਬਾਮਾ ਨਾਲ ਹਥਿਆਰਾਂ ਉਤੇ ਕੰਟਰੋਲ ਦੇ ਮੁੱਦੇ ਬਾਰੇ ਗੱਲ ਕਰਨ ਤੋਂ ਵੀ ਨਾਂਹ ਕਰ ਦਿੱਤੀ ਸੀ। ਹੁਣ ਤੱਕ ਦੇ ਅੱਠ ਰਾਸ਼ਟਰਪਤੀ ਇਸ ਐਸੋਸੀਏਸ਼ਨ ਦੇ ਮੈਂਬਰ ਰਹਿ ਚੁੱਕੇ ਹਨ। ਇਨ੍ਹਾਂ ਵਿਚ ਜਾਰਜ ਵਾਕਰ ਬੁਸ਼ ਤੋਂ ਇਲਾਵਾ ਰੋਨਾਲਡ ਰੀਗਨ, ਰਿਚਰਡ ਨਿਕਸਨ, ਜੌਹਨ ਐਫ. ਕੈਨੇਡੀ, ਡੀ. ਈਜ਼ਨਹੋਵਰ, ਵਿਲੀਅਮ ਹਾਵਰਡ ਟਾਫਟ, ਥਿਓਡੋਰ ਰੂਜ਼ਵੈਲਟ ਅਤੇ ਯੂ.ਐਸ. ਗ੍ਰਾਂਟ ਸ਼ਾਮਲ ਹਨ। ਇਹ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਹਥਿਆਰ ਬਣਾਉਣ ਅਤੇ ਵੇਚਣ ਵਾਲੀ ਲਾਬੀ ਦੇ ਹੱਕ ਵਿਚ ਭੁਗਤਦੇ ਰਹੇ ਹਨ। ਇਹ ਲਾਬੀ ਆਪਣੇ ਲਈ ਕਈ ਛੋਟਾਂ ਬਹੁਤ ਵੱਡੇ ਪੱਧਰ 'ਤੇ ਲੈਂਦੀ ਰਹੀ ਹੈ। ਰਿਪਬਲਿਕਨ ਪਾਰਟੀ ਕਦੀ ਖੁੱਲ੍ਹ ਕੇ ਅਤੇ ਕਦੀ ਦੱਬਵੀਂ ਸੁਰ ਵਿਚ ਇਸ ਲਾਬੀ ਦੇ ਨਾਲ ਖੜ੍ਹਦੀ ਹੈ। ਐਤਕੀਂ ਰਾਸ਼ਟਰਪਤੀ ਚੋਣਾਂ ਦੌਰਾਨ ਅਜਿਹੀਆਂ ਘਟਨਾਵਾਂ ਪਿਛੋਂ ਜਦੋਂ ਬਹਿਸ ਛਿੜੀ ਸੀ ਤਾਂ ਰਿਪਬਲਿਕਨ ਉਮੀਦਵਾਰ ਇਸ ਮਾਮਲੇ ਬਾਰੇ ਘੇਸਲ ਮਾਰ ਗਏ ਸਨ।

## 2012: ਗੋਲੀਕਾਂਡ

**2 ਅਪਰੈਲ:** ਕੈਲੀਫੋਰਨੀਆ ਵਿਚ ਓਕਲੈਂਡ ਵਿਖੇ ਕ੍ਰਿਸਟੀਅਨ ਕਾਲਜ 'ਚ 7 ਮੌਤਾਂ, 3 ਫੱਟੜ

**20 ਜੁਲਾਈ:** ਡੈਨੇਵਰ ਵਿਚ ਔਰੋਰਾ ਵਿਖੇ ਫਿਲਮ ਦੇਖ ਰਹੇ 12 ਦਰਸ਼ਕ ਹਲਾਕ, 58 ਫੱਟੜ

**5 ਅਗਸਤ:** ਵਿਸਕਾਨਸਿਨ ਵਿਚ ਓਕ ਕਰੀਕ ਦੇ ਗੁਰਦੁਆਰੇ ਵਿਖੇ ਛੇ ਸਿੱਖਾਂ ਦੀ ਹੱਤਿਆ

**11 ਦਸੰਬਰ:** ਓਰੇਗੋਨ ਸ਼ਾਪਿੰਗ ਮਾਲ 'ਚ ਦੋ ਮਰੇ, ਇਕ ਫੱਟੜ

**14 ਦਸੰਬਰ:** ਕਨੈਕਟੀਕੱਟ ਦੇ ਐਲੀਮੈਂਟਰੀ ਸਕੂਲ ਵਿਚ 26 ਮੌਤਾਂ

# ਵਿਦਿਆਰਥਣ ਨਾਲ ਬੱਸ 'ਚ ਸਮੂਹਿਕ ਬਲਾਤਕਾਰ

ਨਵੀਂ ਦਿੱਲੀ: ਆਪਣੇ ਦੋਸਤ ਨਾਲ ਬੱਸ ਵਿਚ ਸਫਰ ਕਰ ਰਹੀ ਪੈਰਾ-ਮੈਡੀਕਲ ਦੀ 23 ਸਾਲਾ ਵਿਦਿਆਰਥਣ ਨਾਲ ਕੁਝ ਵਿਅਕਤੀਆਂ ਨੇ ਚੱਲਦੀ ਬੱਸ ਵਿਚ ਬਲਾਤਕਾਰ ਕੀਤਾ ਤੇ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਉਸ ਨੂੰ ਬੱਸ ਵਿਚੋਂ ਬਾਹਰ ਸੁੱਟ ਦਿੱਤਾ। ਉਤਰਾਖੰਡ ਨਾਲ ਸਬੰਧਤ ਇਸ ਵਿਦਿਆਰਥਣ ਦੀ ਹਾਲਤ ਗੰਭੀਰ ਬਣੀ ਹੋਈ ਹੈ ਤੇ ਉਸ ਦਾ ਸਫਦਰਗੰਜ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

ਇਹ ਘਟਨਾ ਉਦੋਂ ਵਾਪਰੀ ਜਦੋਂ ਵਿਦਿਆਰਥਣ ਆਪਣੇ ਸਾਥੀ ਜੋ ਇੰਜਨੀਅਰ ਤੇ ਨੌਕਰੀ ਕਰਦਾ ਹੈ, ਨਾਲ ਰਾਤ ਤਕਰੀਬਨ 10 ਵਜੇ ਦੱਖਣੀ ਦਿੱਲੀ ਦੇ ਮੁਨੀਰਕਾ ਖੇਤਰ ਤੋਂ ਦਵਾਰਕਾ ਜਾਣ ਲਈ ਵਾਈਟ ਲਾਈਨ ਬੱਸ ਵਿਚ ਸਵਾਰ ਹੋਈ। ਸਫਰ ਦੌਰਾਨ ਵਿਦਿਆਰਥਣ ਨਾਲ ਚਾਰ ਵਿਅਕਤੀਆਂ ਨੇ ਜ਼ਬਰਦਸਤੀ ਕੀਤੀ ਤੇ ਜਦੋਂ ਉਸ ਨੇ ਵਿਰੋਧ ਕਰਨਾ ਚਾਹਿਆ ਤਾਂ ਉਸ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਉਸ ਦੇ ਸਾਥੀ ਨੂੰ ਕੁੱਟਿਆ ਤੇ ਫਿਰ ਦੋਹਾਂ ਨੂੰ ਮਹੀਪਾਲਪੁਰ ਫਲਾਈਓਵਰ ਨੇੜੇ ਬੱਸ ਵਿਚੋਂ ਬਾਹਰ ਸੁੱਟ ਦਿੱਤਾ। ਰਾਹਗੀਰਾਂ ਨੇ ਪੁਲੀਸ ਨੂੰ ਸੂਚਿਤ ਕੀਤਾ ਤਾਂ ਦੋਹਾਂ ਨੂੰ 'ਏਮਸ' ਲਿਜਾਇਆ ਗਿਆ ਜਿੱਥੋਂ ਪੀੜਤਾ ਨੂੰ ਸਫਦਰਜੰਗ ਹਸਪਤਾਲ ਭੇਜ ਦਿੱਤਾ ਗਿਆ।

ਉਧਰ, ਪਾਰਲੀਮੈਂਟ ਨੇ ਇਕਜੁੱਟ ਹੋ ਕੇ ਸਮੂਹਿਕ ਬਲਾਤਕਾਰ ਦੀ ਘਟਨਾ 'ਤੇ ਸਦਮਾ ਤੇ ਰੋਸ ਪ੍ਰਗਟਾਇਆ ਜਦਕਿ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣ ਤੇ ਘਟਨਾ ਦੇ ਮੁਕੱਦਮੇ ਲਈ ਫਾਸਟ ਟਰੈਕ ਕੋਰਟ ਕਾਇਮ ਕਰਨ ਤੇ ਕੁਤਾਹੀ ਵਰਤਣ ਵਾਲੇ ਪੁਲਿਸ ਕਰਮੀਆਂ ਖਿਲਾਫ਼ ਕਾਰਵਾਈ ਦਾ ਵਾਅਦਾ ਕੀਤਾ ਹੈ। ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਨੇ ਕੌਮੀ ਰਾਜਧਾਨੀ ਵਿਚ ਬਲਾਤਕਾਰ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਤੇ ਕੁਝ ਮੈਂਬਰਾਂ ਨੇ ਅਜਿਹੇ ਅਪਰਾਧ ਕਰਨ ਵਾਲਿਆਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਵੀ ਕੀਤੀ।

# ਧੀ ਦੀ ਕਾਤਲ ਮਾਂ ਸਣੇ ਤਿੰਨਾਂ ਨੂੰ ਫਾਂਸੀ ਦੀ ਸਜ਼ਾ

**ਫ਼ਿਰੋਜ਼ਪੁਰ:** ਪ੍ਰੇਮ ਸਬੰਧਾਂ ਨੂੰ ਲੈ ਕੇ ਅਣਖ ਖਾਤਰ ਧੀ ਤੇ ਉਸ ਦੇ ਪ੍ਰੇਮੀ ਨੂੰ ਕਤਲ ਕਰਨ ਦੇ ਦੋਸ਼ਾਂ ਤਹਿਤ ਮਾਂ ਸਮੇਤ ਤਿੰਨ ਜਣਿਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਪਿੰਡ ਨੂਰਪੁਰ ਸੇਠਾਂ ਦੇ ਵਾਸੀ ਰਾਕੇਸ਼ ਕੁਮਾਰ ਪੁੱਤਰ ਰੂਪ ਸਿੰਘ ਦਾ ਉਸੇ ਹੀ ਪਿੰਡ ਦੀ ਪੂਜਾ ਪੁੱਤਰੀ ਸੁੱਖਾ ਨਾਲ ਪ੍ਰੇਮ ਸੀ ਜਿਸ ਦੀ ਭਿਣਕ ਲੜਕੀ ਦੇ ਪਰਿਵਾਰ ਨੂੰ ਲੱਗ ਗਈ। ਉਨ੍ਹਾਂ ਲੜਕੀ ਨੂੰ ਪਿੰਡ ਕੋਤਵਾਲ ਨਾਨਕੇ ਭੇਜ ਦਿੱਤਾ।

ਰਾਕੇਸ਼ ਕੁਮਾਰ 7 ਨਵੰਬਰ 2010 ਨੂੰ ਘਰੋਂ ਫ਼ਿਰੋਜ਼ਪੁਰ ਆਇਆ ਪਰ ਵਾਪਸ ਘਰ ਨਾ ਪਹੁੰਚਿਆ। ਉਹ ਪਿੰਡ ਕੋਤਵਾਲ ਪੂਜਾ ਨੂੰ ਮਿਲਣ ਚਲਾ ਗਿਆ ਜਿਸ ਬਾਰੇ ਸੂਹ ਲੱਗਣ 'ਤੇ ਲੜਕੀ ਦੇ ਮਾਪਿਆਂ ਨੇ ਦੋਵਾਂ ਨੂੰ ਫੜ ਲਿਆ ਤੇ ਉਸੇ ਰਾਤ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰਕੇ ਲਾਸ਼ਾਂ ਖੇਤਾਂ ਵਿਚ ਸੁੱਟ ਦਿੱਤੀਆਂ। ਲੜਕੇ ਦੇ ਪਿਤਾ ਰੂਪ ਸਿੰਘ ਵੱਲੋਂ ਪੁਲਿਸ ਕੋਲ ਲਿਖਾਈ ਰਿਪੋਰਟ ਉਪਰੰਤ ਪੁਲਿਸ ਨੇ ਦੋਵਾਂ ਦੀਆਂ ਲਾਸ਼ਾਂ ਪਿੰਡ ਸਤੀਏਵਾਲਾ ਦੇ ਖੇਤਾਂ ਵਿਚੋਂ ਬਰਾਮਦ ਕਰ ਲਈਆਂ ਸਨ। ਪੁਲਿਸ ਨੇ ਲੜਕੀ ਦੀ ਮਾਂ ਸਮੇਤ ਦੋ ਹੋਰਾਂ ਖਿਲਾਫ਼ ਕਤਲ ਦਾ ਕੇਸ ਦਰਜ ਕੀਤਾ ਸੀ। ਜ਼ਿਲ੍ਹਾ ਸੈਸ਼ਨ ਜੱਜ ਨੇ ਲੜਕੀ ਦੀ ਮਾਂ ਪਰਮਜੀਤ ਕੌਰ, ਬਿੱਲਾ ਪੁੱਤਰ ਸਾਦਕ, ਗੁਰਭੇਜ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਕੋਤਵਾਲ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ।


# ਦੁਬਈ ਤੋਂ ਆਏ ਨੌਜਵਾਨ ਦਾ ਕਤਲ

**ਰਈਆ:** ਇੱਥੇ ਦੁਬਈ ਤੋਂ ਆਏ ਨੌਜਵਾਨ ਦਾ ਤਿੰਨ ਜਣਿਆਂ ਨੇ ਚਾਕੂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਸ਼ਨਾਖ਼ਤ ਰਜਿੰਦਰ ਸਿੰਘ (29 ਸਾਲ) ਵਾਸੀ ਪਿੰਡ ਬਹਾਦਰਪੁਰ ਵਜੋ ਹੋਈ ਹੈ ਤੇ ਉਹ ਦੁਬਈ ਵਿਚ ਕੰਮਕਾਜ ਕਰਦਾ ਸੀ। ਪੁਲਿਸ ਅਨੁਸਾਰ ਪਿੰਡ ਉੱਪਲ ਵਾਸੀ ਕੰਵਲਜੀਤ ਸਿੰਘ ਦੀ ਪਤਨੀ ਨਾਲ ਰਜਿੰਦਰ ਸਿੰਘ ਦੇ ਨਾਜਾਇਜ਼ ਸਬੰਧ ਸਨ।

ਇਸ ਤੋਂ ਕੰਵਲਜੀਤ ਸਿੰਘ ਤੇ ਉਸ ਦੇ ਪੁੱਤਰ ਜੁਗਰਾਜ ਸਿੰਘ (17) ਤੇ ਸੁਖਰਾਜ ਸਿੰਘ ਦੁਖੀ ਸਨ। ਉਨ੍ਹਾਂ ਨੇ ਰਜਿੰਦਰ ਸਿੰਘ ਨੂੰ ਬਹਾਨੇ ਨਾਲ ਮਠਿਆਈ ਦੀ ਦੁਕਾਨ 'ਤੇ ਬੁਲਾਇਆ ਤੇ ਉਸ 'ਤੇ ਚਾਕੂ ਤੇ ਕਿਰਚਾਂ ਨਾਲ ਵਾਰ ਸ਼ੁਰੂ ਕਰ ਦਿੱਤੇ। ਹਮਲਾਵਰਾਂ ਨੇ ਦਰਜਨ ਵਾਰ ਰਜਿੰਦਰ ਸਿੰਘ ਦੀ ਗਰਦਨ ਤੇ ਮੂੰਹ 'ਤੇ ਵਾਰ ਕੀਤੇ। ਕਤਲ ਕਰਨ ਤੋਂ ਬਾਅਦ ਪੁਲਿਸ ਦੇ ਆਉਣ ਤੱਕ ਤਿੰਨੇ ਦੋਸ਼ੀ ਉਥੇ ਹੀ ਰਹੇ।

ਇੰਡੀਅਨ ਰੈਸਟੋਰੈਂਟ ਵਾਸਤੇ
**ਕੁਕ/ਤੰਦੂਰੀਏ ਦੀ ਲੋੜ ਹੈ**
ਟੈਨੇਸੀ ਸਟੇਟ ਵਿਚ ਇਕ ਚੰਗੇ ਚਲਦੇ ਭਾਰਤੀ ਰੈਸਟੋਰੈਂਟ ਲਈ ਕੁਕ, ਤੰਦੂਰੀਏ, ਵੇਟਰ, ਹੈਲਪਰ ਅਤੇ ਹੋਰ ਸਟਾਫ ਦੀ ਲੋੜ ਹੈ
ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ
Wanted Cook/Tanduria, Waiter and Helper staff for an Indian Restaurant in Tennessee
ਸੰਪਰਕ ਕਰੋ:
ਫੋਨ 615-594-1436
615-482-6292

*To Advertise with Punjab Times*
***Call: 847-359-0746***



*ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਦਾ ਮਾਡਲ*
ਗੁਰਦੁਆਰਾ ਸਿੱਖ ਸਟੱਡੀ ਸਰਕਲ, ਮਿਜ਼ੌਰੀ
ਗ੍ਰੰਥੀ ਸਿੰਘ ਦੀ ਲੋੜ ਹੈ
ਗੁਰਦੁਆਰਾ ਸਿੱਖ ਸਟੱਡੀ ਸਰਕਲ, ਸੇਂਟ ਲੁਇਸ, ਮਿਜ਼ੌਰੀ ਲਈ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕਿ ਕਥਾ ਕੀਰਤਨ ਕਰ ਸਕਦਾ ਹੋਵੇ।
ਸੰਪਰਕ ਕਰੋ: ਸੁਖਚੈਨ ਸਿੰਘ ਫੋਨ 314-612-0800
ਜਾਂ ਸਤਨਾਮ ਸਿੰਘ ਫੋਨ 314-452-8083
ਨੋਟ: ਗੁਰੂ ਘਰ ਦੀ ਇਕ ਸੁੰਦਰ ਇਮਾਰਤ ਬਣ ਰਹੀ ਹੈ ਜਿਸ ਲਈ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਭੇਟਾ ਕਰਨ ਦੀ ਬੇਨਤੀ ਹੈ ਜੀ।

# ਬਾਦਲਾਂ ਦੀ ਸਵਾਰੀ ਲਈ ਖਰੀਦਿਆ 40 ਕਰੋੜ ਦਾ ਹੈਲੀਕਾਪਟਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਰਥਿਕ ਤੰਗੀਆਂ ਵਿਚ ਉਲਝੀ ਪੰਜਾਬ ਦੀ ਅਕਾਲੀ-ਭਾਜਪਾ ਨੇ ਅਮਰੀਕੀ ਕੰਪਨੀ ਤੋਂ 40 ਕਰੋੜ ਦਾ ਹੈਲੀਕਾਪਟਰ ਖਰੀਦਿਆ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ 'ਬੈੱਲ-429' ਮਾਡਲ ਹੈਲੀਕਾਪਟਰ ਕੰਪਨੀ ਵੱਲੋਂ ਭੇਜ ਦਿੱਤਾ ਗਿਆ ਹੈ। ਕਸਟਮ ਤੇ ਹੋਰ ਕੇਂਦਰੀ ਵਿਭਾਗਾਂ ਵੱਲੋਂ ਲੋੜੀਂਦੀਆਂ ਰਸਮਾਂ ਪੂਰੀਆਂ ਕਰ ਲੈਣ ਤੋਂ ਬਾਅਦ ਇਹ ਨਵਾਂ ਹੈਲੀਕਾਪਟਰ ਅਗਲੇ ਸਾਲ ਜਨਵਰੀ ਮਹੀਨੇ ਪੰਜਾਬ ਸਰਕਾਰ ਦੇ ਹਵਾਲੇ ਹੋਵੇਗਾ।

ਪੰਜਾਬ ਸਰਕਾਰ ਇਸ ਸਮੇਂ ਗੰਭੀਰ ਮਾਲੀ ਸੰਕਟ ਵਿਚ ਘਿਰੀ ਹੋਈ ਹੈ। ਰਾਜ ਸਰਕਾਰ ਨੇ ਸਿੱਖਿਆ, ਸਿਹਤ ਤੇ ਹੋਰ ਕਈ ਮਹੱਤਵਪੂਰਨ ਖੇਤਰਾਂ ਦੀਆਂ ਗਰਾਂਟਾਂ ਜਾਰੀ ਨਹੀਂ ਕੀਤੀਆਂ। ਮਾਲੀ ਸੰਕਟ ਕਾਰਨ ਇਸ ਸਮੇਂ 2500 ਕਰੋੜ ਰੁਪਏ ਦੇ ਬਿਲ ਖ਼ਜ਼ਾਨੇ ਵਿਚ ਰੁਕੇ ਪਏ ਹਨ। ਵਿੱਤ ਵਿਭਾਗ ਅਨੁਸਾਰ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਸੈੱਸ ਜਾਰੀ ਕਰਨ ਲਈ 160 ਕਰੋੜ ਰੁਪਏ ਦਾ ਬਿੱਲ ਭੇਜਿਆ ਗਿਆ ਸੀ ਪਰ ਖ਼ਜ਼ਾਨੇ ਵਿਚ ਪੈਸਾ ਨਾ ਹੋਣ ਕਾਰਨ ਇਹ ਪੈਸਾ ਜਾਰੀ ਨਹੀਂ ਕੀਤਾ ਜਾ ਸਕਿਆ। ਇਸੇ ਤਰ੍ਹਾਂ ਕੌਮੀ ਦਿਹਾਤੀ ਸਿਹਤ ਮਿਸ਼ਨ ਅਧੀਨ ਕੇਂਦਰੀ ਗਰਾਂਟ ਵਿੱਚ ਪਾਏ ਜਾਣ ਵਾਲੇ 25 ਫੀਸਦੀ ਯੋਗਦਾਨ ਲਈ 175 ਕਰੋੜ ਰੁਪਏ ਦਾ ਵੀ ਕੋਈ ਬੰਦੋਬਸਤ ਨਹੀਂ ਹੋ ਸਕਿਆ। ਮਾਲੀ ਸੰਕਟ ਦੇ ਚਲਦਿਆਂ ਹੈਲੀਕਾਪਟਰ ਲਈ ਤਕਰੀਬਨ 40 ਕਰੋੜ ਰੁਪਏ ਖਰਚ ਕਰਨਾ ਤੇ ਕਬੱਡੀ ਕੱਪ ਉਪਰ ਸਰਕਾਰੀ ਖ਼ਜ਼ਾਨੇ ਵਿਚੋਂ ਕਰੋੜਾਂ ਰੁਪਏ ਖਰਚਣਾ ਪ੍ਰਸ਼ਾਸਕੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।




ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਵੇਂ ਸਾਲ ਤੋਂ ਰਾਜ ਸਰਕਾਰ ਦੀ ਆਪਣੀ ਮਾਲਕੀ ਵਾਲੇ ਹੈਲੀਕਾਪਟਰ 'ਤੇ ਸਫ਼ਰ ਕਰਿਆ ਕਰਨਗੇ। ਪੰਜਾਬ ਸਰਕਾਰ ਨੇ ਇਸ ਸਮੇਂ ਪ੍ਰਾਈਵੇਟ ਕੰਪਨੀ 'ਗਲੋਬਲ ਵੈਕਟਰਾ ਦਾ ਸੱਤ ਸੀਟਾਂ ਵਾਲਾ ਹੈਲੀਕਾਪਟਰ ਕਿਰਾਏ ਉਪਰ ਲਿਆ ਹੋਇਆ ਹੈ। ਇਸ ਹੈਲੀਕਾਪਟਰ 'ਤੇ ਰਾਜਪਾਲ ਸ਼ਿਵਰਾਜ ਪਾਟਿਲ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹੀ ਆਮ ਤੌਰ 'ਤੇ ਸਫ਼ਰ ਕਰਦੇ ਹਨ।

ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਗਗਨਦੀਪ ਸਿੰਘ ਬਰਾੜ ਤੇ ਵਿਭਾਗ ਦੇ ਸਲਾਹਕਾਰ ਕੈਪਟਨ ਅਭੈ ਚੰਦਰਾ ਪਿਛਲੇ ਦਿਨੀਂ ਜਾ ਕੇ ਹੈਲੀਕਾਪਟਰ ਦਾ ਮੁਆਇਨਾ ਕਰਕੇ ਆਏ ਹਨ। ਇਨ੍ਹਾਂ ਦੋਹਾਂ ਅਧਿਕਾਰੀਆਂ ਨੇ ਦੋ ਘੰਟੇ ਹੈਲੀਕਾਪਟਰ ਵਿਚ ਸਫ਼ਰ ਕੀਤਾ। ਤਕਨੀਕੀ ਤੌਰ 'ਤੇ ਪਰਖਣ ਤੋਂ ਬਾਅਦ ਕੰਪਨੀ ਨੇ ਹੈਲੀਕਾਪਟਰ ਨੂੰ ਪੈਕ ਕਰਕੇ ਭਾਰਤ ਭੇਜ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਹੈਲੀਕਾਪਟਰ ਖਰੀਦਣ ਦੀ ਯੋਜਨਾ ਪਿਛਲੇ ਕਈ ਸਾਲਾਂ ਤੋਂ ਬਣਾਈ ਜਾ ਰਹੀ ਸੀ।

ਮਾਲੀ ਸੰਕਟ ਦੇ ਚਲਦਿਆਂ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚਣ ਤੋਂ ਪਰਹੇਜ਼ ਕੀਤਾ ਜਾ ਰਿਹਾ ਸੀ। ਅਕਾਲੀ-ਭਾਜਪਾ ਗੱਠਜੋੜ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰ ਨੇ ਅਗਸਤ ਦੌਰਾਨ ਨਵਾਂ ਹੈਲੀਕਾਪਟਰ ਖਰੀਦਣ ਦਾ ਫੈਸਲਾ ਕੀਤਾ ਸੀ। ਅਮਰੀਕਨ ਕੰਪਨੀ ਦਾ ਇਹ ਹੈਲੀਕਾਪਟਰ ਆਧੁਨਿਕ ਕਿਸਮ ਦਾ ਹੋਵੇਗਾ। ਹਨੇਰੇ ਤੇ ਖ਼ਰਾਬ ਮੌਸਮ ਦੌਰਾਨ ਵੀ ਉਡਾਣ ਭਰ ਸਕੇਗਾ। ਹੈਲੀਕਾਪਟਰ ਵਿਚ ਸੁਰੱਖਿਆ ਪੱਖ ਤੋਂ ਨਵੇਂ ਯੰਤਰ ਫਿੱਟ ਹੋਣਗੇ। ਨਵੇਂ ਹੈਲੀਕਾਪਟਰ ਦੀ ਕੀਮਤ ਤਕਰੀਬਨ 40 ਕਰੋੜ ਰੁਪਏ ਦੱਸੀ ਜਾ ਰਹੀ ਹੈ।

ਚੰਡੀਗੜ੍ਹ ਹਵਾਈ ਅੱਡੇ 'ਤੇ ਹੈਲੀਕਾਪਟਰ ਦੀ ਪਾਰਕਿੰਗ ਲਈ ਕਈ ਸਾਲਾਂ ਤੋਂ ਹੈਂਗ ਕਿਰਾਏ 'ਤੇ ਲਿਆ ਹੋਇਆ ਹੈ। ਰਾਜ ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਜਨਤਕ ਖੇਤਰ ਦੀ ਕੰਪਨੀ ਪਵਨ ਹੰਸ ਦਾ ਹੈਲੀਕਾਪਟਰ ਕਿਰਾਏ 'ਤੇ ਲਿਆ ਹੋਇਆ ਸੀ ਪਰ ਦੋ ਕੁ ਸਾਲ ਪਹਿਲਾਂ ਉਨ੍ਹਾਂ ਦਾ ਹੈਲੀਕਾਪਟਰ ਚੰਡੀਗੜ੍ਹ ਹਵਾਈ ਅੱਡੇ 'ਤੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਸਰਕਾਰ ਨੇ ਗਲੋਬਲ ਵੈਕਟਰਾ ਨਾਮੀ ਕੰਪਨੀ ਦਾ ਹੈਲੀਕਾਪਟਰ ਕਿਰਾਏ 'ਤੇ ਲੈ ਲਿਆ ਸੀ। ਇਸ ਹੈਲੀਕਾਪਟਰ ਦਾ ਕਿਰਾਇਆ ਸਰਕਾਰ ਵੱਲੋਂ 1 ਲੱਖ 40 ਹਜ਼ਾਰ ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਅਦਾ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਪ੍ਰਤੀ ਮਹੀਨਾ 30 ਤੋਂ 35 ਘੰਟੇ ਦੇ ਦਰਮਿਆਨ ਹੈਲੀਕਾਪਟਰ ਦੀ ਵਰਤੋਂ ਕੀਤੀ ਜਾਂਦੀ ਹੈ। ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਸਰਕਾਰ ਨੂੰ ਆਪਣਾ ਹੈਲੀਕਾਪਟਰ ਕਿਰਾਏ ਦੇ ਹੈਲੀਕਾਪਟਰ ਨਾਲੋਂ ਸਸਤਾ ਪਵੇਗਾ।

## ਕੈਪਟਨ ਅਮਰਿੰਦਰ ਦਾ ਕੇਸ ਤਬਦੀਲ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਤੇ ਹੋਰਾਂ ਵਿਰੁੱਧ ਮੁਹਾਲੀ ਦੀ ਅਦਾਲਤ ਵਿਚ ਚੱਲ ਰਹੇ ਧੋਖਾਧੜੀ ਕਰਨ ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਮੁਕੱਦਮੇ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਬਦਲ ਕੇ ਸਭ ਤੋਂ ਸੀਨੀਅਰ ਜੱਜ ਨੂੰ ਸੁਣਵਾਈ ਕਰਨ ਲਈ ਦਿੱਤਾ ਹੈ। ਪੰਜਾਬ ਸਰਕਾਰ ਨੇ ਬੈਂਚ ਨੂੰ ਜਾਣੂ ਕਰਵਾਇਆ ਸੀ ਕਿ ਜੇਕਰ ਮੁਕੱਦਮਾ ਮੁਹਾਲੀ ਸਥਿਤ ਕਿਸੇ ਹੋਰ ਅਦਾਲਤ ਕੋਲ ਬਦਲ ਦਿੱਤਾ ਜਾਵੇਗਾ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ। ਬੈਂਚ ਨੇ ਕੈਪਟਨ ਸਿੰਘ ਦੇ ਵਕੀਲ ਵੱਲੋਂ ਮੁਕੱਦਮਾ ਹੋਰ ਰਾਜ ਵਿਚ ਬਦਲਣ ਬਾਰੇ ਅਪੀਲ 'ਤੇ ਜ਼ੋਰ ਨਾ ਦੇਣ ਕਾਰਨ ਇਹ ਫ਼ੈਸਲਾ ਕੀਤਾ। ਕੈਪਟਨ ਨੇ ਫ਼ੌਜਦਾਰੀ ਪਟੀਸ਼ਨ ਰਾਹੀਂ ਮੁਕੱਦਮੇ ਦੀ ਸੁਣਵਾਈ ਪੰਜਾਬ ਤੋਂ ਬਾਹਰ ਕਿਸੇ ਹੋਰ ਰਾਜ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ ਸੀ। ਕੈਪਟਨ ਨੇ ਦਲੀਲ ਦਿੱਤੀ ਸੀ ਕਿ ਪ੍ਰਾਸੀਕਿਊਸ਼ਨ ਏਜੰਸੀ ਗ੍ਰਹਿ ਵਿਭਾਗ ਦੇ ਅਧੀਨ ਹੈ ਤੇ ਗ੍ਰਹਿ ਵਿਭਾਗ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਹੈ।

# ਹੁਣ ਐਂਬੂਲੈਂਸ ਸੇਵਾ ਨੂੰ ਪਈ ਥੁੜਾਂ ਦੀ ਮਾਰ

**ਅੰਮ੍ਰਿਤਸਰ:** ਪੰਜਾਬ ਵਿਚ ਇਸ ਸਮੇਂ ਹਾਕਮ ਤੇ ਵਿਰੋਧੀ ਧਿਰ ਵੱਲੋਂ ਐਂਬੂਲੈਂਸ 108 'ਤੇ ਆਪੋ ਆਪਣੇ ਵੱਡੇ ਆਗੂਆਂ ਦੀਆਂ ਤਸਵੀਰਾਂ ਟੰਗਣ ਦੀ ਦੌੜ ਲੱਗੀ ਹੋਈ ਹੈ ਜਿਸ ਤਹਿਤ ਯੂਥ ਕਾਂਗਰਸ ਦੇ ਆਗੂਆਂ ਵੱਲੋਂ ਕਈ ਜਗ੍ਹਾ ਉਕਤ ਐਂਬੂਲੈਂਸਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਲਾਉਣ ਦੀ ਕੋਸ਼ਿਸ਼ ਕਰਦਿਆਂ ਇਹ ਤਰਕ ਦਿੱਤਾ ਹੈ ਕਿ ਉਕਤ ਯੋਜਨਾ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ ਜਿਸ ਕਾਰਨ ਪ੍ਰਧਾਨ ਮੰਤਰੀ ਦੀ ਤਸਵੀਰ ਇਸ 'ਤੇ ਲਾਉਣੀ ਬਣਦੀ ਹੈ।

ਯੂਥ ਕਾਂਗਰਸ ਦੀ ਉਕਤ ਤਜਵੀਜ਼ ਤੇ ਕੋਸ਼ਿਸ਼ ਦਾ ਵਿਰੋਧ ਕਰਦਿਆਂ ਯੂਥ ਅਕਾਲੀ ਦਲ ਇਸ ਨੂੰ ਪੰਜਾਬੀਆਂ ਤੋਂ ਵਸੂਲੇ ਕੇਂਦਰੀ ਟੈਕਸਾਂ ਦੇ ਪੈਸਿਆਂ ਨਾਲ ਚਾਲੂ ਕੀਤੀ ਗਈ ਯੋਜਨਾ ਦਸ ਕੇ ਇਸ ਨੂੰ ਪੰਜਾਬ ਸਰਕਾਰ ਦਾ ਲੋਕਾਂ ਲਈ ਵਰਦਾਨ ਕਰਾਰ ਦੇ ਰਹੇ ਹਨ। ਬੇਸ਼ੱਕ ਉਕਤ ਸਮੂਹ ਧਿਰਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਿਆਸੀ ਰੋਟੀਆਂ ਸੇਕਣਾ ਹੀ ਨਜ਼ਰ ਆਉਂਦਾ ਹੈ ਪਰ ਇਸ ਕੰਮ ਲਈ ਵਾਕਿਆ ਹੀ ਸਮਰਪਣ ਦੀ ਭਾਵਨਾ ਨਾਲ ਕੰਮ ਕਰ ਰਹੇ 108 ਐਂਬੂਲੈਂਸ ਦੇ ਕਰਮਚਾਰੀ ਆਰਥਿਕ ਤੰਗੀ ਤੇ ਕੰਮ ਦੇ ਭਾਰੀ ਬੋਝ ਦਾ ਸਾਹਮਣਾ ਕਰ ਰਹੇ ਹਨ।



ਇਕ ਪ੍ਰਾਈਵੇਟ ਕੰਪਨੀ 'ਜ਼ਕਿਤਸਾ ਹੈਲਥ ਕੇਅਰ' ਵੱਲੋਂ ਪੰਜਾਬ ਲਈ 240 ਗੱਡੀਆਂ ਲਈ ਲੋੜੀਂਦੇ ਤਕਰੀਬਨ ਮੇਲ ਨਰਸਿੰਗ ਪਾਸ ਕਰਮਚਾਰੀਆਂ ਦੀ ਅਣਹੋਂਦ ਵਿਚ 500 ਫਾਰਮਾਸਿਸਟ ਭਰਤੀ ਕੀਤੇ ਸਨ ਜਿਨ੍ਹਾਂ ਨੂੰ ਲੰਮਾਂ ਸਮਾਂ ਬੀਤ ਜਾਣ ਉਪਰੰਤ ਵੀ 7700 ਰੁਪਏ ਪ੍ਰਤੀ ਮਹੀਨਾ ਤਨਖਾਹ ਦੇ ਕੇ 12 ਘੰਟੇ ਪ੍ਰਤੀ ਦਿਨ ਕੰਮ ਲਿਆ ਜਾ ਰਿਹਾ ਹੈ ਜੋ ਉਨ੍ਹਾਂ ਅਨੁਸਾਰ ਉਨ੍ਹਾਂ ਦੀ ਵਿਦਿਅਕ ਯੋਗਤਾ ਤੇ ਕੰਮ ਦੇ ਬੋਝ ਦੇ ਅਨੁਪਾਤ ਵਿਚ ਬਹੁਤ ਘੱਟ ਹੈ। ਕਰਮਚਾਰੀਆਂ ਅਨੁਸਾਰ ਉਨ੍ਹਾਂ ਨੂੰ ਭਰਤੀ ਸਮੇਂ ਇਕ ਸਹਾਇਕ ਦੀ ਮਦਦ ਦਾ ਵੀ ਭਰੋਸਾ ਦਿੱਤਾ ਗਿਆ ਸੀ ਜੋ ਹੁਣ ਤੱਕ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਕਿਸੇ ਮਰੀਜ਼ ਨੂੰ ਚੁੱਕਣਾ ਤੇ ਐਂਬੂਲੈਂਸ ਗੱਡੀ ਵਿਚ ਉਸ ਦੀ ਦੇਖ ਭਾਲ ਕਰਨਾ ਸਭ ਕੁਝ ਇਕੱਲੇ ਫਾਰਮਾਸਿਸਟ ਨੂੰ ਹੀ ਕਰਨਾ ਪੈਂਦਾ ਹੈ।

ਹਾਸਲ ਜਾਣਕਾਰੀ ਅਨੁਸਾਰ ਏਡਜ਼ ਜਾਂ ਟੀ.ਬੀ. ਸਮੇਤ ਹੋਰਾਂ ਮਾਰੂ ਛੂਤ ਦੀਆਂ ਬਿਮਾਰੀਆਂ ਤੋਂ ਗ੍ਰਸਤ ਮਰੀਜ਼ਾਂ ਨੂੰ ਲਿਜਾਣ ਮੌਕੇ ਜਿਥੇ ਫਾਰਮਾਸਿਸਟ ਇਨ੍ਹਾਂ ਦੇ ਮਾਰੂ ਪ੍ਰਭਾਵ ਦੇ ਸਾਏ ਹੇਠ ਰਹਿੰਦੇ ਹਨ। ਫਾਰਮਾਸਿਸਟ ਨੂੰ ਖੁਦ ਸਫਾਈ ਸੇਵਕ ਦਾ ਕੰਮ ਵੀ ਕਰਨਾ ਪੈਂਦਾ ਹੈ। ਕੰਪਨੀ ਤੇ ਸਰਕਾਰ ਵੱਲੋਂ ਐਂਬੂਲੈਂਸ 108 ਦੇ ਫਾਰਮਾਸਿਸਟਾਂ ਦਾ ਜੀਵਨ ਬੀਮਾ ਨਹੀਂ ਹੁੰਦਾ ਜਦਕਿ ਸਬੰਧਤ ਗੱਡੀ ਦੇ ਡਰਾਈਵਰ ਦਾ ਜੀਵਨ ਬੀਮਾ ਕੀਤਾ ਜਾਂਦਾ ਹੈ।

# ਪੰਜਾਬ ਸਰਕਾਰ ਵੱਲੋਂ ਕੇਂਦਰੀ ਪੈਕੇਜ ਲੈਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਬੁਰੀ ਤਰ੍ਹਾਂ ਵਿੱਤੀ ਸੰਕਟ ਵਿਚ ਘਿਰ ਚੁੱਕੀ ਹੈ। ਇਨ੍ਹਾਂ ਗਿਣਤੀਆਂ ਮਿਣਤੀਆਂ ਕਰਕੇ ਹੀ ਸਰਕਾਰ ਨੇ ਬਿਜਲੀ ਨਿਗਮ ਨੂੰ ਮਿਲਣ ਵਾਲੇ ਕੇਂਦਰੀ ਪੈਕੇਜ ਨੂੰ ਸਵੀਕਾਰ ਕਰਨ ਤੋਂ ਪਾਸਾ ਵੱਟ ਲਿਆ ਹੈ। ਉਂਜ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਨੂੰ ਦਿੱਤੇ ਜਾਣ ਵਾਲੇ ਕੇਂਦਰ ਦੇ ਪ੍ਰਸਤਾਵਿਤ ਆਰਥਿਕ ਪੈਕੇਜ ਨੂੰ ਰੱਦ ਕਰਨ ਪਿੱਛੇ ਨਿਗਮ ਦੇ ਅਧਿਕਾਰੀਆਂ ਦਾ ਦਬਾਅ ਮੰਨਿਆ ਜਾ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਨੇ ਕੇਂਦਰੀ ਪੈਕੇਜ ਨੂੰ ਰਾਜ ਸਰਕਾਰ ਲਈ ਵਿੱਤੀ ਤੇ ਆਰਥਿਕ ਪੱਖ ਤੋਂ ਘਾਟੇ ਦਾ ਸੌਦਾ ਕਰਾਰ ਦਿੰਦਿਆਂ ਰੱਦ ਕਰਨ ਦਾ ਸੁਝਾਅ ਦਿੱਤਾ ਹੈ।

ਸਰਕਾਰੀ ਸੂਤਰਾਂ ਅਨੁਸਾਰ ਇਸ ਪੈਕੇਜ ਨੂੰ ਰੱਦ ਕਰਾਉਣ ਲਈ ਬਿਜਲੀ ਨਿਗਮ ਦੇ ਅਧਿਕਾਰੀਆਂ ਨੇ ਸਰਕਾਰ 'ਤੇ ਦਬਾਅ ਬਣਾਇਆ ਹੋਇਆ ਹੈ। ਕੇਂਦਰ ਸਰਕਾਰ ਵੱਲੋਂ ਬਿਜਲੀ ਨਿਗਮਾਂ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਲਈ ਪ੍ਰਸਤਾਵਿਤ ਵਿੱਤੀ ਪੈਕੇਜ ਹਾਸਲ ਕਰਨ ਲਈ ਜੋ ਸ਼ਰਤਾਂ ਲਾਈਆਂ ਗਈਆਂ ਸਨ, ਉਨ੍ਹਾਂ ਵਿਚ ਦੋ ਵੱਡੀਆਂ ਸ਼ਰਤਾਂ ਲਾਗੂ ਕਰਨ ਵਿਚ ਨਿਗਮ ਦੇ ਅਧਿਕਾਰੀ ਅੜਿੱਕਾ ਪਾ ਰਹੇ ਹਨ। ਇਨ੍ਹਾਂ ਸ਼ਰਤਾਂ ਵਿਚ ਬਿਜਲੀ ਦੀ ਵੰਡ ਦੇ ਕੰਮ ਦਾ ਨਿੱਜੀਕਰਨ ਕਰਨਾ ਤੇ ਸਾਰੇ ਖ਼ਪਤਕਾਰਾਂ ਦੇ ਬਿਜਲੀ ਮੀਟਰ ਲਾਉਣਾ ਸ਼ਾਮਲ ਹੈ। ਪੰਜਾਬ ਵਿਚ ਖੇਤੀ ਟਿਊਬਵੈਲਾਂ 'ਤੇ ਬਿਜਲੀ ਦੇ ਮੀਟਰ ਨਹੀਂ ਲੱਗੇ। ਸੂਤਰਾਂ ਅਨੁਸਾਰ ਬਿਜਲੀ ਦੇ ਘਾਟੇ ਖੇਤੀ ਖੇਤਰ ਵਿਚ ਸੁੱਟ ਕੇ ਨਿਗਮ ਦੇ ਅਧਿਕਾਰੀ ਬਿਜਲੀ ਚੋਰੀ ਰੋਕਣ ਤੇ ਹੋਰ ਜ਼ਿੰਮੇਵਾਰੀਆਂ ਤੋਂ ਲਾਂਭੇ ਹੋ ਜਾਂਦੇ ਹਨ। ਪੰਜਾਬ ਦੇ ਮੁੱਖ ਸਕੱਤਰ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਦੀ ਮੀਟਿੰਗ ਦੌਰਾਨ ਕੱਢੇ ਗਏ ਸਿੱਟੇ ਮੁਤਾਬਕ ਮੁਤਾਬਕ ਰਾਜ ਸਰਕਾਰ ਜੇਕਰ ਕੇਂਦਰੀ ਆਰਥਿਕ ਪੈਕੇਜ ਲੈਂਦੀ ਹੈ ਤਾਂ ਬਿਜਲੀ ਨਿਗਮ ਸਿਰ ਚੜ੍ਹੇ 10,500 ਕਰੋੜ ਰੁਪਏ ਦੇ ਕਰਜ਼ੇ ਦਾ 50 ਫੀਸਦੀ ਉਸ ਨੂੰ ਆਪਣੇ ਸਿਰ ਝੱਲਣਾ ਪਵੇਗਾ। ਜੇਕਰ 5250 ਕਰੋੜ ਰੁਪਏ ਦਾ ਕਰਜ਼ਾ ਰਾਜ ਸਰਕਾਰ ਦੇ ਖਾਤੇ ਵਿਚ ਆ ਜਾਂਦਾ ਹੈ ਤਾਂ ਸਾਲਾਨਾ 500 ਕਰੋੜ ਰੁਪਏ ਦਾ ਵਿਆਜ਼ ਵਧੇਗਾ ਜੋ 10 ਸਾਲਾਂ ਦੇ ਸਮੇਂ ਵਿਚ ਪੰਜ ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਇਸ ਤਰ੍ਹਾਂ ਨਿਗਮ ਨੂੰ 6500 ਕਰੋੜ ਰੁਪਏ ਦਾ ਵਿੱਤੀ ਲਾਭ ਤਾਂ ਹੋਵੇਗਾ ਪਰ ਰਾਜ ਸਰਕਾਰ 'ਤੇ 8500 ਕਰੋੜ ਰੁਪਏ ਦਾ ਬੋਝ ਪਵੇਗਾ। ਰਾਜ ਸਰਕਾਰ ਲਈ ਵੱਡੀ ਸਿਰ ਦਰਦੀ ਕਰਜ਼ੇ ਦੀ ਹੱਦ ਘਟਣਾ ਹੈ। ਸੂਬਾ ਸਰਕਾਰ ਇਸ ਸਮੇਂ ਸਾਲਾਨਾ 9500 ਕਰੋੜ ਰੁਪਏ ਦਾ ਕਰਜ਼ਾ ਲੈ ਸਕਦੀ ਹੈ। ਜੇਕਰ ਸਰਕਾਰ ਪੈਕੇਜ ਲੈ ਲੈਂਦੀ ਹੈ ਤਾਂ ਕਰਜ਼ੇ ਦੀ ਹੱਦ ਘਟ ਕੇ 8500 ਕਰੋੜ ਰੁਪਏ ਸਾਲਾਨਾ ਰਹਿ ਜਾਵੇਗੀ। ਕਮੇਟੀ ਮੁਤਾਬਕ ਇਸ ਦਾ ਅਸਰ ਸਾਲਾਨਾ ਯੋਜਨਾਬੰਦੀ 'ਤੇ ਵੀ ਪਵੇਗਾ। ਇਨ੍ਹਾਂ ਵਿੱਤੀ ਕਾਰਨਾਂ ਤੋਂ ਬਿਨਾਂ ਰਾਜ ਸਰਕਾਰ ਕੇਂਦਰ ਦੀਆਂ ਦੋ ਹੋਰ ਸ਼ਰਤਾਂ ਨੂੰ ਸਿਆਸੀ ਨਜ਼ਰੀਏ ਤੋਂ ਦੇਖ ਰਹੀ ਹੈ। ਇਨ੍ਹਾਂ ਸ਼ਰਤਾਂ ਵਿਚ ਸਮੁੱਚੇ ਖ਼ਪਤਕਾਰਾਂ ਦੇ ਬਿਜਲੀ ਮੀਟਰ ਲਾਉਣੇ ਤੇ ਬਿਜਲੀ ਦੀ ਵੰਡ ਦਾ ਕੰਮ ਨਿੱਜੀ ਹੱਥਾਂ ਵਿਚ ਦੇਣਾ ਮੁੱਖ ਤੌਰ 'ਤੇ ਸ਼ਾਮਲ ਹੈ। ਪੰਜਾਬ ਵਿਚ ਖੇਤੀ ਖੇਤਰ ਵਿਚ ਟਿਊਬਵੈਲਾਂ 'ਤੇ ਬਿਜਲੀ ਦੇ ਮੀਟਰ ਨਹੀਂ ਲੱਗੇ। ਕਿਸਾਨਾਂ ਵੱਲੋਂ ਤਾਂ ਬਿਜਲੀ ਦੇ ਮੀਟਰਾਂ ਦਾ ਵਿਰੋਧ ਕੀਤਾ ਹੀ ਜਾਂਦਾ ਹੈ ਨਿਗਮ ਦੇ ਅਧਿਕਾਰੀ ਵੀ ਮੀਟਰ ਲਾਉਣ ਲਈ ਰਾਜ਼ੀ ਨਹੀਂ। ਇਹ ਮੰਨਿਆ ਜਾਂਦਾ ਹੈ ਕਿ ਨਿਗਮਾਂ ਵੱਲੋਂ ਬਿਜਲੀ ਦੀ ਟਰਾਂਸਮਿਸ਼ਨ ਦੇ ਘਾਟੇ ਤੇ ਚੋਰੀ ਨੂੰ ਖੇਤੀ ਖੇਤਰ ਵਿਚਲੀ ਖ਼ਪਤ ਦਿਖਾਇਆ ਜਾ ਰਿਹਾ ਹੈ।

ਬਿਜਲੀ ਦੀ ਵੰਡ ਦਾ ਕੰਮ ਨਿੱਜੀ ਹੱਥਾਂ ਵਿਚ ਦੇਣ ਦਾ ਬਿਜਲੀ ਨਿਗਮ ਦੀਆਂ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਜਿਨ੍ਹਾਂ ਰਾਜਾਂ ਵਿਚ ਬਿਜਲੀ ਦੀ ਵੰਡ ਦਾ ਕੰਮ ਨਿੱਜੀ ਹੱਥਾਂ ਵਿਚ ਦਿੱਤਾ ਗਿਆ ਹੈ ਉਨ੍ਹਾਂ ਰਾਜਾਂ ਵਿਚ ਨਿਗਮਾਂ ਦਾ ਵਿੱਤੀ ਘਾਟਾ ਦੂਰ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੀ ਬਿਜਲੀ ਨਿਗਮ ਵੱਡੇ ਘਾਟੇ ਦਾ ਸ਼ਿਕਾਰ ਹੈ। ਸਾਲ ਵਿਚ ਕਈ ਵਾਰੀ ਅਜਿਹੀ ਨੌਬਤ ਆ ਜਾਂਦੀ ਹੈ ਕਿ ਵਿੱਤੀ ਅਦਾਰੇ ਕਰਜ਼ਾ ਦੇਣ ਤੋਂ ਵੀ ਹੱਥ ਖੜ੍ਹੇ ਕਰ ਦਿੰਦੇ ਹਨ।

ਕੇਂਦਰ ਸਰਕਾਰ ਨੇ ਪੰਜਾਬ ਸਮੇਤ, ਹਰਿਆਣਾ, ਤਾਮਿਲਨਾਡੂ, ਰਾਜਸਥਾਨ, ਆਂਧਰਾ ਪ੍ਰਦੇਸ਼, ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੀਆਂ ਬਿਜਲੀ ਨਿਗਮਾਂ ਨੂੰ ਯੋਜਨਾ ਕਮਿਸ਼ਨ ਦੇ ਮੈਂਬਰ ਦੀ ਅਗਵਾਈ ਹੇਠ ਬਣੀ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਵਿੱਤੀ ਪੈਕੇਜ ਦੇਣ ਦਾ ਪ੍ਰਸਤਾਵ ਤਿਆਰ ਕੀਤਾ ਸੀ। ਪੰਜਾਬ ਬਿਜਲੀ ਨਿਗਮ ਦੇ ਘਾਟੇ 16.5 ਫੀਸਦੀ ਤੱਕ ਆ ਗਏ ਜੋ ਦੇਸ਼ ਪੱਧਰ 'ਤੇ ਰਿਕਾਰਡ ਹੈ। ਸੂਬੇ ਵਿਚ 11.60 ਲੱਖ ਟਿਊਬਵੈਲ ਦੀਆਂ ਮੋਟਰਾਂ ਦੇ ਕੁਨੈਕਸ਼ਨ ਹਨ ਤੇ ਇਕ ਲੱਖ ਮੋਟਰਾਂ 'ਤੇ ਮੀਟਰ ਲੱਗੇ ਹੋਏ ਹਨ।

## ਬਿਜਲੀ ਨਿਗਮ ਵੱਲੋਂ ਘਾਟੇ ਦਾ ਸੌਦਾ ਕਰਾਰ



# ਹਰਸਿਮਰਤ ਦੀ 'ਨੰਨ੍ਹੀ ਛਾਂ' ਦਮ ਤੋੜਨ ਲੱਗੀ

**ਚੰਡੀਗੜ੍ਹ:** ਪੰਜਾਬ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਬੜੇ ਜ਼ੋਰਸ਼ੋਰ ਨਾਲ ਸ਼ੁਰੂ ਕੀਤੀ ਨੰਨ੍ਹੀ ਛਾਂ ਮੁਹਿੰਮ ਆਖ਼ਰੀ ਸਾਹਾਂ 'ਤੇ ਆਣ ਖਲੋਤੀ ਹੈ ਤੇ ਵਣ ਵਿਭਾਗ ਨੇ ਮੁਫ਼ਤ ਵਿਚ ਪੌਦਿਆਂ ਦਾ 'ਪ੍ਰਸ਼ਾਦ' ਦੇਣ ਵਿਚ ਵੀ ਕੰਜੂਸੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਤਕਰੀਬਨ ਇਕ ਸਾਲ ਤੋਂ ਨੰਨ੍ਹੀ ਛਾਂ ਪ੍ਰੋਗਰਾਮ ਦੀ ਕੋਈ ਮੀਟਿੰਗ ਨਹੀਂ ਹੋਈ ਜਦੋਂਕਿ ਪਹਿਲਾਂ ਪ੍ਰਾਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਥੋੜੇ ਸਮੇਂ ਮਗਰੋਂ ਹੀ ਮੀਟਿੰਗ ਹੁੰਦੀ ਰਹੀ ਹੈ। ਵਣ ਵਿਭਾਗ ਵੱਲੋਂ ਪੌਦਿਆਂ ਦਾ 'ਪ੍ਰਸ਼ਾਦ' ਤਿਆਰ ਕਰਨ ਵਾਸਤੇ ਨਰਸਰੀਆਂ ਦੀ ਸਥਾਪਨਾ ਕੀਤੀ ਗਈ ਸੀ ਜਦੋਂਕਿ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਦਿੱਤਾ ਜਾਂਦਾ ਸੀ। ਜਦੋਂ ਸ਼੍ਰੋਮਣੀ ਕਮੇਟੀ ਨੇ ਵਣ ਵਿਭਾਗ ਨੂੰ ਵੇਲੇ ਸਿਰ ਫੰਡ ਦੇਣ ਤੋਂ ਆਨਾਕਾਨੀ ਕੀਤੀ ਤਾਂ ਵਣ ਵਿਭਾਗ ਨੇ ਮੁਫ਼ਤ ਵਿਚ ਪੌਦਿਆਂ ਦਾ ਪ੍ਰਸ਼ਾਦ ਦੇਣ ਤੋਂ ਪਾਸਾ ਵੱਟ ਲਿਆ ਹੈ।

ਇਸ ਮੁਹਿੰਮ ਤਹਿਤ ਸਾਲ 2009 ਵਿਚ ਗੁਰੂ ਘਰਾਂ ਵਿਚੋਂ ਪੌਦਿਆਂ ਦਾ ਪ੍ਰਸ਼ਾਦ ਦੇਣਾ ਸ਼ੁਰੂ ਕੀਤਾ ਗਿਆ ਸੀ। ਤਖ਼ਤ ਸਹਿਬਾਨ ਤੋਂ ਸੰਗਤਾਂ ਨੂੰ



ਲਗਾਤਾਰ ਪੌਦਿਆਂ ਦਾ ਪ੍ਰਸ਼ਾਦ ਮਿਲਦਾ ਰਿਹਾ ਹੈ। ਵਣ ਵਿਭਾਗ ਨੇ ਹੁਣ ਨੰਨ੍ਹੀ ਛਾਂ ਦੀਆਂ ਨਰਸਰੀਆਂ ਵਿਚ ਪੌਦੇ ਤਿਆਰ ਕਰਨੇ ਬੰਦ ਕਰ ਦਿੱਤੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਹੁਣ ਜੰਗਲਾਤ ਵਿਭਾਗ ਤੋਂ ਚੈੱਕ ਦੇ ਕੇ ਪੌਦੇ ਖਰੀਦੇ ਜਾਂਦੇ ਹਨ। ਸੂਚਨਾ ਅਧਿਕਾਰ ਤਹਿਤ ਵਣ ਵਿਭਾਗ ਪੰਜਾਬ ਵੱਲੋਂ 30 ਅਕਤੂਬਰ, 2012 ਨੂੰ ਦਿੱਤੀ ਸੂਚਨਾ ਮੁਤਾਬਕ ਨੰਨ੍ਹੀ ਛਾਂ ਪ੍ਰਾਜੈਕਟ ਦੀ ਪ੍ਰਗਤੀ ਜਾਇਜ਼ ਲੈਣ ਮੀਟਿੰਗਾਂ ਦਾ ਸਿਲਸਿਲਾ ਬੰਦ ਹੋ ਗਿਆ ਹੈ। ਵਣ ਵਿਭਾਗ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਆਖਰੀ ਮੀਟਿੰਗ 14 ਅਕਤੂਬਰ, 2011 ਨੂੰ ਹੋਈ ਸੀ।

ਇਨ੍ਹਾਂ ਮੀਟਿੰਗਾਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਫੰਡ ਜਾਰੀ ਨਾ ਕਰਨ ਦਾ ਮੁੱਦਾ ਹੀ ਛਾਇਆ ਰਿਹਾ। ਨੰਨ੍ਹੀ ਛਾਂ ਪ੍ਰਾਜੈਕਟ ਤਹਿਤ ਬੂਟੇ ਤਿਆਰ ਕਰਨ ਤੇ ਸਪਲਾਈ ਕਰਨ ਬਾਰੇ 14 ਸਤੰਬਰ, 2009 ਨੂੰ ਇਕਰਾਰਨਾਮਾ ਹੋਇਆ ਸੀ ਜਿਸ ਤਹਿਤ ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਫਤਹਿਗੜ੍ਹ ਸਾਹਿਬ ਤੇ ਅੰਮ੍ਰਿਤਸਰ ਵਿਖੇ ਨਰਸਰੀਆਂ ਸਥਾਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਦੀ ਸਮਰੱਥਾ ਪ੍ਰਤੀ ਸਾਲ ਪੰਜ ਲੱਖ ਬੂਟੇ ਤਿਆਰ ਕਰਨ ਸੀ।ਪੌਦੇ ਦੀ ਕੀਮਤ ਪੰਜ ਰੁਪਏ ਤੈਅ ਕੀਤੀ ਗਈ ਸੀ। ਹੁਣ ਇਨ੍ਹਾਂ ਨਰਸਰੀਆਂ ਦਾ ਕੰਮ ਠੰਢੇ ਬਸਤੇ ਵਿਚ ਪੈ ਗਿਆ ਹੈ। ਵਣ ਵਿਭਾਗ ਵੱਲੋਂ ਇਸ ਕੰਮ ਲਈ ਮੁਢਲੇ ਪੜਾਅ 'ਤੇ ਹੀ 20 ਲੱਖ ਰੁਪਏ ਸ਼੍ਰੋਮਣੀ ਕਮੇਟੀ ਤੋਂ ਅਡਵਾਂਸ ਮੰਗੇ ਸਨ ਪਰ ਸ਼੍ਰੋਮਣੀ ਕਮੇਟੀ ਨੇ ਸਿਰਫ਼ ਚਾਰ ਲੱਖ ਰੁਪਏ ਦੇਣ ਦਾ ਫੈਸਲਾ ਕੀਤਾ।

ਫਤਹਿਗੜ੍ਹ ਸਾਹਿਬ ਵਿਖੇ ਸਾਲ 2009-10 ਦੌਰਾਨ ਵਣ ਵਿਭਾਗ ਵੱਲੋਂ 70 ਹਜ਼ਾਰ ਬੂਟੇ ਸਪਲਾਈ ਕੀਤੇ ਗਏ ਜਿਸ ਦੀ ਕੀਮਤ ਸਾਢੇ ਤਿੰਨ ਲੱਖ ਰੁਪਏ ਸ਼੍ਰੋਮਣੀ ਕਮੇਟੀ ਨੇ ਦੇ ਦਿੱਤੀ ਸੀ। ਜਦੋਂ ਫਤਹਿਗੜ੍ਹ ਸਾਹਿਬ ਨਰਸਰੀ ਲਈ ਇਕ ਲੱਖ ਪੌਦਾ ਤਿਆਰ ਕਰਨ ਵਾਸਤੇ ਪੰਜ ਲੱਖ ਦੇ ਫੰਡ ਮੰਗੇ ਗਏ ਤਾਂ ਸ਼੍ਰੋਮਣੀ ਕਮੇਟੀ ਨੇ ਸਮੇਂ ਸਿਰ ਫੰਡ ਨਹੀਂ ਦਿੱਤੇ। ਇਸੇ ਚਾਲੂ ਸਾਲ ਦੌਰਾਨ ਆਨੰਦਪੁਰ ਸਾਹਿਬ ਨਰਸਰੀ ਲਈ 10 ਲੱਖ ਰੁਪਏ ਦੀ ਮੰਗ ਰੱਖੀ ਗਈ ਪਰ ਸ਼੍ਰੋਮਣੀ ਕਮੇਟੀ ਨੇ ਸਿਰਫ਼ ਇੱਕ ਲੱਖ ਰੁਪਏ ਜਾਰੀ ਕੀਤੇ ਸਨ। ਅੰਮ੍ਰਿਤਸਰ ਵੱਲੋਂ ਤਿੰਨ ਲੱਖ ਦੀ ਮੰਗ ਕੀਤੀ ਗਈ ਸੀ।

## ਸੈਂਡੀ ਹੁਕ ਗੋਲੀ ਕਾਂਡ ਦੇ ਮ੍ਰਿਤਕਾਂ ਨੂੰ ਸਿੱਖ ਭਾਈਚਾਰੇ ਵਲੋਂ ਸ਼ਰਧਾਂਜਲੀ

ਸ਼ਿਕਾਗੋ (ਬਿਊਰੋ): ਲੰਘੇ ਸ਼ੁੱਕਰਵਾਰ ਕੁਨੈਕਟੀਕਟ ਸਟੇਟ ਦੇ ਸ਼ਹਿਰ ਨਿਊ ਟਾਊਨ ਦੇ ਇਕ ਸਕੂਲ ਵਿਚ ਗੋਲੀ ਚਲਾ ਕੇ ਇਕ ਸਿਰਫਿਰੇ ਜਨੂੰਨੀ ਵਲੋਂ ਨੰਨ੍ਹੇ ਮੁੰਨੇ 20 ਬੱਚਿਆਂ ਅਤੇ 6 ਵਿਅਕਤੀਆਂ ਨੂੰ ਮਾਰ ਦੇਣ ਦੀ ਘਟਨਾ ਨੇ ਅਮਰੀਕਾ ਵਸਦੇ ਹਰ ਭਾਈਚਾਰੇ ਅੰਦਰ ਸੋਗ ਅਤੇ ਚਿੰਤਾ ਦੀ ਲਹਿਰ ਫੈਲਾ ਦਿੱਤੀ ਹੈ। ਭਾਰਤੀ ਪੰਜਾਬੀ ਅਤੇ ਸਿੱਖ ਭਾਈਚਾਰੇ ਵਲੋਂ ਵੱਖ ਵੱਖ ਸ਼ਹਿਰਾਂ ਵਿਚ ਕੈਂਡਲ ਲਾਈਟ ਵਿਜ਼ਿਲ ਕਰਕੇ, ਜਨਤਕ ਮੀਟਿੰਗਾਂ ਕਰਕੇ ਅਤੇ ਗੁਰੂ ਘਰਾਂ ਅੰਦਰ ਅਰਦਾਸਾਂ ਕਰਕੇ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਜ਼ਿਕਰਯੋਗ ਹੈ ਕਿ ਅਜੇ ਕੁਝ ਮਹੀਨੇ ਪਹਿਲਾਂ ਹੀ ਸਿੱਖ ਭਾਈਚਾਰਾ ਆਪ ਅਜਿਹੇ ਹੀ ਇਕ ਸਿਰਫਿਰੇ ਜਨੂੰਨੀ ਵਲੋਂ ਚਲਾਈਆਂ ਗਈਆਂ ਗੋਲੀਆਂ ਦਾ ਸ਼ਿਕਾਰ ਹੋ ਚੁਕਾ ਹੈ।

ਇਸ ਦੁਖਾਂਤ ਦਾ ਸ਼ਿਕਾਰ ਹੋਏ ਬੱਚਿਆਂ ਦੇ ਮਾਪਿਆਂ ਅਤੇ ਹੋਰ ਲੋਕਾਂ ਨਾਲ ਹਮਦਰਦੀ ਪ੍ਰਗਟਾਉਣ ਲਈ ਟਰਾਈ ਸਟੇਟ ਦੇ ਵੱਖ ਵੱਖ ਗੁਰੂ ਘਰਾਂ ਵਿਚ ਅਰਦਾਸਾਂ ਕੀਤੀਆਂ ਗਈਆਂ ਅਤੇ ਕੈਂਡਲ ਲਾਈਟ ਵਿਜ਼ਿਲ ਕੀਤੇ ਗਏ।

ਨਿਊ ਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿੱਚਮੰਡ ਹਿੱਲ ਦੀਆਂ ਸੰਗਤਾਂ ਵਲੋਂ ਨੰਨ੍ਹੇ-ਮੁੰਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਯਾਦ ਕਰਦਿਆਂ ਆਉਂਦੇ ਸਨਿਚਰਵਾਰ 22 ਦਸੰਬਰ ਸ਼ਾਮ ਨੂੰ ਕੈਂਡਲ ਲਾਈਟ ਵਿਜ਼ਿਲ ਕੀਤਾ ਜਾਏਗਾ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਹੋਵੇਗੀ। ਇਸ ਵਿਜ਼ਿਲ ਵਿਚ ਸਥਾਨਕ ਸਿਆਸਤਦਾਨ ਅਤੇ ਸਰਕਾਰੀ ਅਧਿਕਾਰੀ ਵੀ ਪਹੁੰਚ ਰਹੇ ਹਨ। ਇਸ ਦੁਖਾਂਤ ਦੇ ਸ਼ਿਕਾਰ ਹੋਏ ਬੱਚਿਆਂ ਅਤੇ ਅਧਿਆਪਕਾਂ ਦੀ ਆਤਮਿਕ ਸ਼ਾਂਤੀ ਲਈ ਅਖੰਡ ਪਾਠ ਦਾ ਅਰੰਭ 21 ਦਸੰਬਰ ਨੂੰ ਹੋਵੇਗਾ ਜਿਸ ਦਾ ਭੋਗ 23 ਦਸੰਬਰ ਨੂੰ ਪਾਇਆ ਜਾਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਹੈ।

## ਬੰਬ ਧਮਾਕੇ ਦੀਆਂ ਧਮਕੀ ਦੇਣ ਵਾਲੇ ਭਾਰਤੀ ਨੂੰ ਕੈਦ

**ਨਿਊ ਯਾਰਕ:** ਆਪਣੇ ਆਪ ਨੂੰ 'ਅਤਿਵਾਦੀ' ਦੱਸ ਕੇ ਕੁਨੈਕਟੀਕੱਟ ਦੀ ਕੰਪਨੀ ਨੂੰ ਬੰਬ ਧਮਾਕੇ ਨਾਲ ਉਡਾਉਣ ਦੀਆਂ ਧਮਕੀਆਂ ਦੇਣ ਵਾਲੇ ਇਕ 56 ਸਾਲਾ ਭਾਰਤੀ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਰਟਫੋਰਡ ਦੇ ਜ਼ਿਲ੍ਹਾ ਜੱਜ ਨੇ ਸੁਨੀਲ ਜੈਨ ਨਾਮੀ ਇਸ ਭਾਰਤੀ ਨੂੰ ਛੇ ਮਹੀਨੇ ਕੈਦ ਤੇ ਇਕ ਸਾਲ ਨਿਗਰਾਨੀ ਹੇਠ ਰੱਖਣ ਦੀ ਸਜ਼ਾ ਸੁਣਾਈ। ਇਹ ਫੈਸਲਾ ਜੱਜ ਰੌਬਰਟ ਚੈਟਿਗਨੀ ਨੇ ਸੁਣਾਇਆ।

ਸਰਕਾਰੀ ਵਕੀਲ ਡੇਵਿਡ ਫੀਨ ਨੇ ਦੱਸਿਆ ਕਿ ਜ਼ੈਡ-ਮੈਡੀਕਾ ਕਾਰਪੋਰੇਸ਼ਨ ਨੂੰ ਬੰਬ ਧਮਾਕੇ ਨਾਲ ਉਡਾਉਣ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਸੁਨੀਲ ਜੈਨ ਨੂੰ ਸਜ਼ਾ ਸੁਣਾਈ ਗਈ ਹੈ। ਇਸ ਸਾਲ ਜੁਲਾਈ ਵਿਚ ਜਿਊਰੀ ਨੇ ਜੈਨ ਨੂੰ ਦੋਸ਼ੀ ਕਰਾਰ ਦਿੱਤਾ ਸੀ। ਅਦਾਲਤ ਵਿਚ ਪੇਸ਼ ਸਬੂਤਾਂ ਅਨੁਸਾਰ ਜੈਨ ਨੇ ਇਸ ਕੰਪਨੀ ਨੂੰ ਉਦੋਂ ਕਈ ਵਾਰ ਫੋਨ 'ਤੇ ਧਮਕੀਆਂ ਦਿੱਤੀਆਂ ਸਨ ਜਦੋਂ ਉਸ ਦਾ ਕੰਪਨੀ ਨਾਲ ਕੋਈ ਕੇਸ ਚੱਲਦਾ ਸੀ।

Pizza Business For Lease

*in Battle Creek, Michigan*

Good opportunity to own a business with a small investment.

ਬਹੁਤ ਥੋੜੀ ਪੂੰਜੀ ਨਾਲ ਬਿਜਨਸ ਦੇ ਮਾਲਕ ਬਣਨ ਦਾ ਸੁਨਹਿਰੀ ਮੌਕਾ, ਬੈਟਲ ਕਰੀਕ, ਮਿਸ਼ੀਗਨ ਵਿਚ ਪੀਜ਼ਾ ਬਿਜਨਸ ਲੀਜ਼ ਲਈ ਉਪਲਬਧ ਹੈ

Contact: Harpal Singh

Ph:269-420-8135

## ਭਾਈ ਬਿੱਟੂ ਦੀ ਅਗਲੀ ਪੇਸ਼ੀ 10 ਨੂੰ

**ਮਾਨਸਾ:** ਬੱਬਰ ਖ਼ਾਲਸਾ ਦੇ ਖਾੜਕੂ ਭਾਈ ਬਲਵੀਰ ਸਿੰਘ ਭੂਤਨਾ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਭਾਈ ਦਲਜੀਤ ਸਿੰਘ ਬਿੱਟੂ ਤੇ ਹੋਰ ਸਿੰਘਾਂ ਦੀ ਪੇਸ਼ੀ ਇਥੋਂ ਦੀ ਅਦਾਲਤ ਨੇ 10 ਜਨਵਰੀ 'ਤੇ ਪਾ ਦਿੱਤੀ ਹੈ। ਡੇਰਾ ਪ੍ਰੇਮੀ ਲਿੱਲੀ ਕੁਮਾਰ ਕਤਲ ਕਾਂਡ ਵਿਚ ਉਪਰੋਕਤ ਤੋਂ ਇਲਾਵਾ ਮੱਖਣ ਸਿੰਘ ਸਮਾਉਂ, ਗਮਦੂਰ ਸਿੰਘ, ਅੰਮ੍ਰਿਤਪਾਲ ਸਿੰਘ ਕੋਟਧਰਮੂ, ਰਾਜ ਸਿੰਘ, ਕਰਨ ਸਿੰਘ ਝੰਡੂਕੇ, ਪ੍ਰੋ. ਗੁਰਵੀਰ ਸਿੰਘ, ਗੁਰਦੀਪ ਸਿੰਘ ਲੁਧਿਆਣਾ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਮਨਧੀਰ ਸਿੰਘ ਨੂੰ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਸਿੱਖ ਨੌਜਵਾਨਾਂ ਦੇ ਵਕੀਲ ਅਜੀਤ ਸਿੰਘ ਭੰਗੂ ਨੇ ਦੱਸਿਆ ਕਿ ਕੇਸ ਗਵਾਹੀਆਂ 'ਤੇ ਲੱਗਾ ਹੋਇਆ ਹੈ ਤੇ ਅੱਜ ਸਤਵੰਤ ਸਿੰਘ ਡੋਡ ਉਪ ਪੁਲਿਸ ਕਪਤਾਨ ਦੀ ਗਵਾਹੀ ਕਲਮਬੰਦ ਕੀਤੀ ਗਈ। ਇਸੇ ਕਤਲ ਕਾਂਡ ਵਿਚ ਲਿੱਲੀ ਕੁਮਾਰ ਦੇ ਪਿੰਡ ਆਲਮਪੁਰ ਮੰਦਰਾਂ ਦੇ ਵਾਸੀ ਨੌਜਵਾਨ ਦਲਜੀਤ ਸਿੰਘ ਟੈਣੀ, ਡਾ. ਛਿੰਦਾ ਤੇ ਮਿੱਠੂ ਸਿੰਘ ਦੀ ਪੇਸ਼ੀ ਵੀ ਉਪਰੋਕਤ ਮਿਤੀ 'ਤੇ ਪਾਈ ਗਈ ਹੈ। ਇਸ ਮੌਕੇ ਪੰਚ ਪ੍ਰਧਾਨੀ ਦੇ ਆਗੂ ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ, ਅਜੈਬ ਸਿੰਘ ਮੰਡੇਰ ਹਾਜ਼ਰ ਸਨ।

## ਹਰਿਆਣਾ 'ਚ ਜੱਟ ਪਛੜਿਆ ਵਰਗ ਕਰਾਰ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਜੱਟਾਂ ਨੂੰ ਪਛੜਾ ਵਰਗ ਕਰਾਰ ਦੇ ਦਿੱਤਾ ਹੈ। ਹਰਿਆਣਾ ਰਾਜ ਪੱਛੜਾ ਵਰਗ ਵੱਲੋਂ ਸੌਂਪੀ ਰਿਪੋਰਟ ਨੂੰ ਹਰਿਆਣਾ ਮੰਤਰੀ ਮੰਡਲ ਨੇ ਪ੍ਰਵਾਨ ਕਰ ਲਿਆ ਹੈ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਮੁਤਾਬਕ ਕਮਿਸ਼ਨ ਨੇ ਹਰਿਆਣਾ ਦੀਆਂ ਪੰਜ ਜਾਤੀਆਂ ਜੱਟ, ਜੱਟ ਸਿੱਖ, ਰੋਡ, ਬਿਸ਼ਨੋਈ ਤੇ ਤਿਆਗੀਆਂ ਨੂੰ ਵਿਸ਼ੇਸ਼ ਪੱਛੜਾ ਵਰਗ ਵਿਚ ਸ਼ਾਮਲ ਕਰਨ ਤੇ ਵੱਖ ਤੋਂ 10 ਫ਼ੀਸਦੀ ਰਾਖਵਾਂਕਰਨ ਦੇਣ ਦੀ ਸਿਫ਼ਾਰਸ਼ ਕੀਤੀ ਹੈ ਜਿਸ ਨੂੰ ਰਾਜ ਸਰਕਾਰ ਨੇ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਇਹ ਰਾਖਵਾਂਕਰਨ ਪਹਿਲੇ ਤੋਂ ਪੱਛੜੇ ਵਰਗ ਨੂੰ ਦਿੱਤੇ ਜਾ ਰਹੇ 27 ਫ਼ੀਸਦੀ ਰਾਖਵੇਂਕਰਨ ਤੋਂ ਵੱਖਰਾ ਹੋਵੇਗਾ। ਰਾਜ ਸਰਕਾਰ ਕੇਂਦਰ ਸਰਕਾਰ ਨੂੰ ਇਨ੍ਹਾਂ ਜਾਤੀਆਂ ਨੂੰ ਕੇਂਦਰੀ ਸੂਚੀ ਵਿਚ ਸ਼ਾਮਲ ਕਰਨ ਦੀ ਸਿਫ਼ਾਰਸ਼ ਕਰੇਗੀ ਤਾਂ ਕਿ ਕੇਂਦਰੀ ਸੇਵਾਵਾਂ ਵਿਚ ਵੀ ਉਨ੍ਹਾਂ ਨੂੰ ਰਾਖਵਾਂਕਰਨ ਦਾ ਲਾਭ ਮਿਲ ਸਕੇ। ਮੁੱਖ ਮੰਤਰੀ ਨੇ ਦੱਸਿਆ ਕਿ ਕਮਿਸ਼ਨ ਨੂੰ ਰਾਜ ਵਿਚ 16 ਜਾਤੀਆਂ ਵੱਲੋਂ ਪੱਛੜਾ ਵਰਗ ਵਿਚ ਸ਼ਾਮਲ ਕਰਨ ਦੀ ਮੰਗ ਪ੍ਰਾਪਤ ਹੋਈ ਸੀ। ਤਤਰੀਬਨ 50,000 ਪਰਿਵਾਰਾਂ ਦਾ ਸਰਵੇਖਣ ਕਰਨ ਤੋਂ ਬਾਅਦ ਇਨ੍ਹਾਂ ਪੰਜ ਜਾਤੀਆਂ ਨੂੰ ਸਮਾਜਕ, ਆਰਥਕ ਤੇ ਵਿੱਦਿਅਕ ਰੂਪ ਤੋਂ ਪੱਛੜਾ ਪਾਇਆ ਗਿਆ।

## ਜਥੇਦਾਰ ਤੋਤਾ ਸਿੰਘ ਦੀ ਅਗਲੀ ਪੇਸ਼ੀ 16 ਨੂੰ

**ਮੁਹਾਲੀ:** ਭਰਤੀ ਘੁਟਾਲੇ ਵਿਚ ਨਾਮਜ਼ਦ ਸੂਬੇ ਦੇ ਸਾਬਕਾ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਤੇ ਸਿੱਖਿਆ ਬੋਰਡ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪੇਸ਼ੀ ਭੁਗਤੀ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਜਥੇਦਾਰ ਤੋਤਾ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਦਾ ਇਹ ਮਾਮਲਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕਲਰਕਾਂ ਤੇ ਹੈਲਪਰਾਂ ਦੀ ਭਰਤੀ ਵਿਚ ਘਪਲੇ ਬਾਰੇ ਦਰਜ ਕੀਤਾ ਗਿਆ ਸੀ। ਅਦਾਲਤ ਦੇ ਹੁਕਮ 'ਤੇ ਸਿੱਖਿਆ ਬੋਰਡ ਦਾ ਅਧਿਕਾਰੀ ਓਮ ਪ੍ਰਕਾਸ਼ ਸਰਕਾਰੀ ਗਵਾਹ ਵਜੋਂ ਅਦਾਲਤ ਵਿਚ ਪੇਸ਼ ਹੋਇਆ ਪਰ ਤਕਨੀਕੀ ਕਾਰਨਾਂ ਕਰਕੇ ਉਸ ਦੀ ਗਵਾਹੀ ਪੂਰੀ ਨਹੀਂ ਹੋ ਸਕੀ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਮਾਮਲੇ ਦੀ ਅਗਲੀ ਸੁਣਵਾਈ 16 ਜਨਵਰੀ, 2013 'ਤੇ ਅੱਗੇ ਪਾ ਦਿੱਤੀ।

## *ਸੰਤ ਪਿਹੋਵਾਵਾਲਿਆਂ ਦੀ ਅਗਵਾਈ ਹੇਠ ਪਿਹੋਵਾ ਤੋਂ ਨਗਰ ਕੀਰਤਨ 24 ਨੂੰ*

**ਨਿਊ ਯਾਰਕ (ਬਿਊਰੋ):** ਦਸ਼ਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਸੰਤ ਬਾਬਾ ਮਾਨ ਸਿੰਘ ਪਿਹੋਵਾ ਵਾਲਿਆਂ ਦੀ ਅਗਵਾਈ ਹੇਠ ਪਿਹੋਵਾ ਤੋਂ ਫਤਿਹਗੜ੍ਹ ਸਾਹਿਬ ਤੱਕ ਕੱਢਿਆ ਜਾ ਰਿਹਾ ਹੈ। ਇਹ ਨਗਰ ਕੀਰਤਨ 24 ਦਸੰਬਰ ਨੂੰ ਚੱਲੇਗਾ ਅਤੇ ਮਾਤਾ ਗੁਜਰੀ ਜੀ ਦੇ ਜਨਮ ਅਸਥਾਨ ਲਖਨੌਰ ਸਾਹਿਬ (ਅੰਬਾਲਾ) ਤੋਂ ਹੁੰਦਾ ਹੋਇਆ ਫਤਿਹਗੜ੍ਹ ਸਾਹਿਬ ਪਹੁੰਚੇਗਾ। ਨਗਰ ਕੀਰਤਨ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਤੋਂ ਇਲਾਵਾ ਹੋਰ ਮਹਾਨ ਸ਼ਖਸੀਅਤਾਂ ਪਹੁੰਚ ਰਹੀਆਂ ਹਨ।

ਇਹ ਜਾਣਕਾਰੀ ਦਿੰਦਿਆਂ ਬਾਬਾ ਮਾਨ ਸਿੰਘ ਦੇ ਇਕ ਸੇਵਕ ਸ. ਕਸ਼ਮੀਰ ਸਿੰਘ ਪਿਹੋਵਾ ਨੇ ਦੱਸਿਆ ਕਿ ਨਗਰ ਕੀਰਤਨ ਦਾ ਮਨੋਰਥ ਸੰਗਤਾਂ ਨੂੰ ਦਸ਼ਮੇਸ ਪਿਤਾ ਵਲੋਂ ਧਰਮ ਖਾਤਰ ਕੀਤੀਆਂ ਕੁਰਬਾਨੀਆਂ ਪ੍ਰਤੀ ਜਾਗਰੂਕ ਕਰਨਾ ਅਤੇ ਮਾਨਸ ਕੀ ਜਾਤ ਏਕੋ ਪਹਿਚਾਨਬੋ ਦਾ ਹੋਕਾ ਦੇਣਾ ਹੈ। ਉਨ੍ਹਾਂ ਕਿਹਾ ਕਿ ਬਾਬਾ ਮਾਨ ਸਿੰਘ ਪਿਛਲੇ ਲੰਮੇ ਸਮੇਂ ਤੋਂ ਅਜਿਹੇ ਉਪਰਾਲੇ ਕਰਦੇ ਆ ਰਹੇ ਹਨ ਅਤੇ ਵਾਰੀ ਵਾਰੀ ਪੰਜਾਂ ਤਖਤਾਂ 'ਤੇ ਮਹਾਨ ਨਗਰ ਕੀਰਤਨ ਲੈ ਕੇ ਜਾ ਚੁਕੇ ਹਨ। ਉਨ੍ਹਾਂ ਦੱਸਿਆ ਕਿ ਇਸ ਮਹਾਨ ਨਗਰ ਕੀਰਤਨ ਵਿਚ ਇੰਗਲੈਂਡ, ਅਮਰੀਕਾ, ਕੈਨੇਡਾ, ਇਟਲੀ, ਜਰਮਨੀ ਅਤੇ ਹੋਰ ਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਪਹੁੰਚ ਰਹੀਆਂ ਹਨ। ਹੋਰ ਜਾਣਕਾਰੀ ਲਈ ਕਸ਼ਮੀਰ ਸਿੰਘ ਪਿਹੋਵਾ ਨਾਲ ਫੋਨ 917-742-3535 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦਾਸ ਮਾਨ ਤੇ ਸਿੰਘ ਬੰਧੂ ਨੂੰ ਡੀ. ਲਿਟ ਦੀ ਡਿਗਰੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਸਿੱਧ ਪੰਜਾਬੀ ਗਾਇਕ, ਗੀਤਕਾਰ ਤੇ ਫ਼ਿਲਮ ਅਦਾਕਾਰ ਗੁਰਦਾਸ ਮਾਨ ਨੂੰ ਪੰਜਾਬੀ ਗਾਇਕੀ, ਸ਼ਾਇਰੀ, ਸਿਨੇਮਾ ਨੂੰ ਮਾਣਮੱਤੀ ਥਾਂ ਦਿਵਾਉਣ ਤੇ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਬਦਲੇ ਤੇ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਇਤਿਹਾਸਕ ਯੋਗਦਾਨ ਪਾਉਣ ਵਾਲੇ ਤੇ ਇੰਦੌਰ ਘਰਾਣੇ ਦੇ ਸਿਰਮੌਰ ਤੇ ਉੱਘੇ ਸ਼ਾਸਤਰੀ ਸੰਗੀਤਕਾਰ ਸੁਰਿੰਦਰ ਸਿੰਘ 'ਸਿੰਘ ਬੰਧੂ' ਨੂੰ ਡਾਕਟਰ ਆਫ਼ ਲਿਟਰੇਚਰ (ਆਨਰੇਰੀ ਕਾਜ਼ਾ) ਦੀ ਡਿਗਰੀ ਨਾਲ ਸਨਮਾਨਤ ਕੀਤਾ ਗਿਆ।

## ਸੂਜ਼ਨ ਵਿਦੇਸ਼ ਮੰਤਰੀ ਦੇ ਅਹੁਦੇ ਦੀ ਦੌੜ 'ਚੋਂ ਬਾਹਰ

**ਵਾਸ਼ਿੰਗਟਨ:** ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਸੂਜ਼ਨ ਰਾਈਸ ਰਿਪਬਲਿਕਨ ਸੈਨੇਟਰਾਂ ਦੇ ਸਖ਼ਤ ਵਿਰੋਧ ਦੀ ਸੰਭਾਵਨਾਵਾਂ ਦੇ ਮੱਦੇਨਜ਼ਰ ਵਿਦੇਸ਼ ਮੰਤਰੀ ਦੀ ਦੌੜ ਵਿਚੋਂ ਬਾਹਰ ਹੋ ਗਈ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਸੂਜ਼ਨ ਰਾਈਸ ਦਾ ਇਹ ਫੈਸਲਾ ਮਨਜ਼ੂਰ ਕਰ ਲਿਆ ਹੈ।

ਰਾਈਸ ਨੂੰ ਵਿਦੇਸ਼ ਮੰਤਰੀ ਦੇ ਅਹੁਦੇ ਲਈ ਓਬਾਮਾ ਦੀ ਸਭ ਤੋਂ ਪਹਿਲੀ ਪਸੰਦ ਮੰਨਿਆ ਜਾ ਰਿਹਾ ਸੀ। ਮੌਜੂਦਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਐਲਾਨ ਕਰ ਚੁੱਕੀ ਹੈ ਕਿ ਉਹ ਅਗਲੇ ਮਹੀਨੇ ਓਬਾਮਾ ਦੇ ਪਹਿਲੇ ਕਾਰਜਕਾਲ ਦੇ ਅੰਤ ਵਿਚ ਅਹੁਦਾ ਛੱਡ ਦੇਵੇਗੀ।

OKKJI Transfer LLC.

15238 Radiance Dr., Noblesville, IN, 46060

ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

Toll Free: 1-855-966-5554

Manny Sandhu: 317-603-1000, Sam Bhullar: 732-486-9045
Fax: 317-774-9665

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਨਾਮਧਾਰੀ ਸੰਪਰਦਾ ਦੇ ਮੁਖੀ ਬਾਬਾ ਜਗਜੀਤ ਸਿੰਘ ਨਹੀਂ ਰਹੇ

**ਲੁਧਿਆਣਾ:** ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ (92) ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ 13 ਦਸੰਬਰ ਵੀਰਵਾਰ ਸ਼ਾਮ 6.28 ਵਜੇ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਆਖ਼ਰੀ ਸਾਹ ਲਿਆ। ਭੈਣੀ ਸਾਹਿਬ ਵਿਖੇ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਦੋਹਤੇ ਸੰਤ ਜੈ ਸਿੰਘ ਨੇ ਚਿਤਾ ਨੂੰ ਅਗਨੀ ਦਿਖਾਈ। ਇਸ ਮੌਕੇ ਉਨ੍ਹਾਂ ਨਾਲ ਸਤਿਗੁਰੂ ਦੀ ਪਤਨੀ ਮਾਤਾ ਚੰਦ ਕੌਰ, ਭਤੀਜਾ ਠਾਕੁਰ ਉਦੈ ਸਿੰਘ, ਪੁੱਤਰੀ ਬੀਬੀ ਸਾਹਿਬ ਕੌਰ, ਦਾਮਾਦ ਸੰਤ ਜਗਤਾਰ ਸਿੰਘ, ਨਾਮਧਾਰੀ ਦਰਬਾਰ ਦੇ ਪ੍ਰਮੁੱਖ ਸੰਤ ਐਚ.ਐਸ. ਹੰਸਪਾਲ, ਸੰਤ ਸੁਰਿੰਦਰ ਸਿੰਘ ਨਾਮਧਾਰੀ ਤੇ ਬਲਦੇਵ ਸਿੰਘ ਵੀ ਸਨ। ਡੇਰਾ ਬਿਆਸ ਦੇ ਮੁਖੀ ਸੰਤ ਗੁਰਿੰਦਰ ਸਿੰਘ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਅਤੇ ਹੋਰ ਵੀ ਉਚੇਚੇ ਪੁੱਜੇ ਹੋਏ ਸਨ।

20 ਨਵੰਬਰ 1920 ਨੂੰ ਜਨਮੇ ਸਤਿਗੁਰੂ ਜਗਜੀਤ ਸਿੰਘ ਨੇ ਨਾਮਧਾਰੀ ਸੰਪਰਦਾ ਦੇ ਮੁਖੀ ਵਜੋਂ ਆਪਣੇ ਪਿਤਾ ਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਦੇਹਾਂਤ ਬਾਅਦ 1959 ਵਿਚ ਗੱਦੀ ਸੰਭਾਲੀ ਸੀ। ਉਨ੍ਹਾਂ ਦੇ ਕਾਰਜਕਾਲ ਦੌਰਾਨ ਸ੍ਰੀ ਭੈਣੀ ਸਾਹਿਬ ਕੌਮਾਂਤਰੀ ਮੁਕਾਮ 'ਤੇ ਪੁੱਜਾ। ਉਨ੍ਹਾਂ ਦੇ ਯਤਨਾਂ ਸਦਕਾ ਨਾਮਧਾਰੀ ਸ਼ਹੀਦਾਂ ਨਾਲ ਸਬੰਧਤ ਯਾਦਗਾਰਾਂ ਮਲੇਰਕੋਟਲਾ, ਪੁਰਾਣੀ ਜੇਲ੍ਹ ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਉਸਾਰੀਆਂ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵੀ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਹੀ ਬਣਿਆ।

ਜੰਗ-ਏ-ਅਜ਼ਾਦੀ ਦੇ ਮਹੱਤਵਪੂਰਣ ਅਧਿਆਇ ਅਤੇ ਨਾਮਧਾਰੀ ਮੁਖੀ ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਚਲਾਏ ਗਏ 'ਕੂਕਾ ਅੰਦੋਲਨ' ਦਾ 2007 ਵਿਚ 150 ਸਾਲਾ ਦਿਵਸ ਵੀ ਉਨ੍ਹਾਂ ਦੀ ਅਗਵਾਈ ਵਿਚ ਮਨਾਇਆ ਗਿਆ ਜਿਸ ਦੌਰਾਨ ਸਿੱਕੇ, ਡਾਕ ਟਿਕਟ ਜਾਰੀ ਕਰਨ ਤੋਂ ਇਲਾਵਾ ਪੰਜਾਬ ਭਰ ਵਿਚ ਸਰਕਾਰ ਵੱਲੋਂ ਨਾਮਧਾਰੀ ਸ਼ਹੀਦਾਂ ਦੇ ਨਾਂ 'ਤੇ ਵੱਖ-ਵੱਖ ਥਾਂਵਾਂ, ਸੜਕਾਂ ਤੇ ਚੌਕਾਂ ਦਾ ਨਾਮਕਰਨ ਕੀਤਾ ਗਿਆ। ਇਸ ਤੋਂ ਇਲਾਵਾ ਸਤਿਗੁਰੂ ਰਾਮ ਸਿੰਘ ਦੀ ਸੰਸਦ ਵਿਚ ਤਸਵੀਰ ਵੀ ਉਨ੍ਹਾਂ ਦੇ ਯਤਨਾਂ ਨਾਲ ਲੱਗੀ। ਸਤਿਗੁਰੂ ਰਾਮ ਸਿੰਘ ਦੁਆਰਾ 1863 ਵਿਚ ਪਿੰਡ ਖੋਟੇ ਤੋਂ ਸ਼ੁਰੂ ਕੀਤੀ ਗਈ ਸਮੂਹਿਕ ਆਨੰਦ ਕਾਰਜ ਦੀ ਰੀਤ ਜਾਰੀ ਰੱਖੀ।



*ਬਾਬਾ ਜਗਜੀਤ ਸਿੰਘ*

# ਗੱਦੀ ਨਸ਼ੀਨੀ ਨੂੰ ਲੈ ਕੇ ਨਾਮਧਾਰੀ ਸੰਪਰਦਾ ਦੋਫਾੜ

**ਚੰਡੀਗੜ੍ਹ (ਪੰਜਾਬ ਟਾਈਮਜ ਬਿਊਰੋ):** ਨਾਮਧਾਰੀ ਸੰਪਰਦਾ ਦੇ ਪ੍ਰਮੁੱਖ ਜਗਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਸੰਪਰਦਾ ਵਿਚ ਉਨ੍ਹਾਂ ਦੇ ਵਾਰਸ ਬਾਰੇ ਵਿਵਾਦ ਖੜ੍ਹਾ ਹੋ ਗਿਆ ਹੈ। ਕੌਮਾਂਤਰੀ ਨਾਮਧਾਰੀ ਸੰਗਤ ਨੇ ਬਾਬਾ ਜਗਜੀਤ ਸਿੰਘ ਦੀ ਪਤਨੀ ਮਾਤਾ ਚੰਦ ਕੌਰ ਨੂੰ ਅਪੀਲ ਕੀਤੀ ਹੈ ਕਿ ਉਹ ਠਾਕੁਰ ਉਦੈ ਸਿੰਘ ਨੂੰ ਸੰਪਰਦਾ ਦਾ ਮੁਖੀ ਨਾਮਜ਼ਦ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ। ਨਾਮਧਾਰੀ ਸੰਪਰਦਾ ਦੇ ਪੰਜਾਬ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਤੇ ਹਰਿਆਣਾ ਤੋਂ ਕੁਝ ਸਰਕਰਦਾ ਮੈਂਬਰਾਂ ਨੇ ਕਿਹਾ ਹੈ ਕਿ ਅਸਲ ਵਿਚ ਪ੍ਰਮੁੱਖ ਬਣਨ ਦੇ ਹੱਕਦਾਰ ਠਾਕੁਰ ਦਲੀਪ ਸਿੰਘ ਹਨ ਨਾ ਕਿ ਠਾਕੁਰ ਉਦੈ ਸਿੰਘ। ਇਹ ਦੋਵੇਂ ਸਕੇ ਭਰਾ ਬਾਬਾ ਜਗਜੀਤ ਸਿੰਘ ਦੇ ਭਤੀਜੇ ਹਨ।

ਜ਼ਿਕਰਯੋਗ ਹੈ ਕਿ ਨਾਮਧਾਰੀ ਦਰਬਾਰ ਦੇ ਮੁਖੀ ਜਗਜੀਤ ਸਿੰਘ ਦੀ ਪਤਨੀ ਮਾਤਾ ਚੰਦ ਕੌਰ ਨੇ ਆਪਣੇ ਭਤੀਜੇ ਠਾਕੁਰ ਉਦੈ ਸਿੰਘ ਨੂੰ ਦਰਬਾਰ ਦਾ ਗੱਦੀ ਨਸ਼ੀਨ ਥਾਪਿਆ ਹੈ। ਬਾਬਾ ਉਦੈ ਸਿੰਘ ਨੂੰ 23 ਦਸੰਬਰ ਨੂੰ ਬਾਬਾ ਜਗਜੀਤ ਸਿੰਘ ਦੇ ਭੋਗ ਸਮੇਂ ਸਮੂਹ ਸੰਤ ਸਮਾਜ ਦੀ ਹਾਜ਼ਰੀ ਵਿਚ ਦਸਤਾਰਬੰਦੀ ਦੀ ਰਸਮ ਕੀਤੀ ਜਾਵੇਗੀ। ਇਸ ਬਾਰੇ ਕੌਮਾਂਤਰੀ ਨਾਮਧਾਰੀ ਸੰਗਤ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਕਿਹਾ ਹੈ ਕਿ ਮਾਤਾ ਚੰਦ ਕੌਰ ਨੇ ਠਾਕੁਰ ਉਦੈ ਸਿੰਘ ਨੂੰ ਬਾਬਾ ਜਗਜੀਤ ਸਿੰਘ ਦਾ ਉਤਰਾਧਿਕਾਰੀ ਨਾਮਜ਼ਦ ਕਰਨ ਦਾ ਫੈਸਲਾ ਦਬਾਅ ਹੇਠ ਲਿਆ ਹੈ ਤੇ ਸੰਗਤ ਇਸ ਨੂੰ ਨਹੀਂ ਮੰਨਦੀ।

ਉਨ੍ਹਾਂ ਕਿਹਾ ਕਿ ਜਦੋਂ ਬਾਬਾ ਪ੍ਰਤਾਪ ਸਿੰਘ ਤੇ ਬਾਬਾ ਜਗਜੀਤ ਸਿੰਘ ਜਿਉਂਦੇ ਸਨ ਤਾਂ ਉਨ੍ਹਾਂ ਨੇ ਠਾਕੁਰ ਦਲੀਪ ਸਿੰਘ ਨੂੰ ਚੁਣਿਆ ਸੀ। ਮਾਤਾ ਚੰਦ ਕੌਰ ਇਸ ਵੇਲੇ ਬੜੇ ਦਬਾਅ ਹੇਠ ਹਨ ਤੇ ਕਿਸੇ ਨੂੰ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ। ਸੰਗਤ ਦੇ ਪ੍ਰਧਾਨ ਨਵਤੇਜ ਸਿੰਘ ਨਾਮਧਾਰੀ ਨੇ ਕਿਹਾ ਕਿ ਠਾਕੁਰ ਦਲੀਪ ਸਿੰਘ ਜੋ ਠਾਕੁਰ ਉਦੈ ਸਿੰਘ ਦੇ ਵੱਡੇ ਭਰਾ ਹਨ ਤੇ ਸਿਰਸਾ ਵਿਚ ਰਹਿੰਦੇ ਹਨ, ਨੇ ਜਦੋਂ ਬਾਬਾ ਜਗਜੀਤ ਸਿੰਘ ਨਾਲ ਐਸ ਪੀ ਐਸ ਅਪੋਲੋ ਹਸਪਤਾਲ ਵਿਚ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਇਜਾਜ਼ਤ ਨਾ ਦਿੱਤੀ ਗਈ।

ਸੰਗਤ ਦੇ ਕਈ ਸੀਨੀਅਰ ਆਗੂਆਂ ਤੇ ਮੈਂਬਰਾਂ ਨੇ ਦੋਸ਼ ਲਾਇਆ ਹੈ ਕਿ ਪੁਲਿਸ ਉਨ੍ਹਾਂ ਨੂੰ ਭੈਣੀ ਸਾਹਿਬ ਜਾਣ ਨਹੀਂ ਦੇ ਰਹੀ। ਇਸ ਦੌਰਾਨ ਨਾਮਧਾਰੀ ਦਰਬਾਰ ਦੇ ਸਕੱਤਰ ਨਾਮਧਾਰੀ ਅਜੀਤ ਸਿੰਘ ਨੇ ਕਿਹਾ ਕਿ ਬਾਬਾ ਜਗਜੀਤ ਸਿੰਘ ਨੇ ਠਾਕੁਰ ਉਦੈ ਸਿੰਘ ਨੂੰ ਆਪਣਾ ਉਤਰਾਧਿਕਾਰੀ ਬਣਾਉਣ ਦਾ ਸੰਕੇਤ ਦੇ ਦਿੱਤਾ ਸੀ। ਇਸ ਗੱਲ ਦੇ ਸੈਂਕੜੇ ਸ਼ਰਧਾਲੂ ਗਵਾਹ ਹਨ। ਇੰਟਰਨੈਸ਼ਨਲ ਨਾਮਧਾਰੀ ਸੰਗਤ ਨੇ ਉਨ੍ਹਾਂ ਨੂੰ ਨਾਮਧਾਰੀ ਸਮਾਜ ਦਾ ਮੁਖੀ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ।

ਇੰਟਰਨੈਸ਼ਨਲ ਨਾਮਧਾਰੀ ਸੰਗਤ ਦੇ ਮੁੱਖ ਦਫ਼ਤਰ ਵਿਚ ਪੰਜਾਬ ਤੇ ਆਸ ਪਾਸ ਦੇ ਸੂਬਿਆਂ ਤੋਂ ਇਕੱਤਰ ਹੋਏ ਨਾਮਧਾਰੀ ਸੰਪਰਦਾ ਦੇ ਕੁਝ ਆਗੂਆਂ ਨੇ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਕਿ ਬਾਬਾ ਜਗਜੀਤ ਸਿੰਘ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 21 ਦਸੰਬਰ ਨੂੰ ਪੈਣਗੇ ਜਿਸ ਵਿਚ ਨਾਮਧਾਰੀ ਸੰਪਰਦਾ ਦੇ ਮੁਖੀ ਵਜੋਂ ਠਾਕੁਰ ਦਲੀਪ ਸਿੰਘ ਨੂੰ ਸੇਵਾ ਸੰਭਾਲਣ ਬਾਰੇ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਉਪਰੰਤ ਇੰਟਰਨੈਸ਼ਨਲ ਨਾਮਧਾਰੀ ਸੰਗਤ ਦੇ ਚੇਅਰਮੈਨ ਜਸਵਿੰਦਰ ਸਿੰਘ ਨਾਮਧਾਰੀ, ਪ੍ਰਧਾਨ ਨਵਤੇਜ ਸਿੰਘ ਨਾਮਧਾਰੀ ਤੇ ਸਕੱਤਰ ਜਨਰਲ ਰਣਜੀਤ ਸਿੰਘ ਨਾਮਧਾਰੀ ਨੇ ਦੱਸਿਆ ਕਿ ਨਾਮਧਾਰੀ ਸਮਾਜ ਦਾ ਮੁਖੀ ਨਿਯੁਕਤ ਕਰਨ ਦਾ ਇਕੋ ਇਕ ਅਧਿਕਾਰ ਸੰਪਰਦਾ ਦੇ ਗੁਰੂ ਜਗਜੀਤ ਸਿੰਘ ਨੂੰ ਸੀ। ਉਨ੍ਹਾਂ ਦਾਅਵਾ ਕੀਤਾ ਕਿ ਬਾਬਾ ਪ੍ਰਤਾਪ ਸਿੰਘ ਤੇ ਬਾਬਾ ਜਗਜੀਤ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਹੀ ਠਾਕੁਰ ਦਲੀਪ ਸਿੰਘ ਨੂੰ ਉਨ੍ਹਾਂ ਤੋਂ ਬਾਅਦ ਨਾਮਧਾਰੀ ਸਮਾਜ ਦਾ ਮੁਖੀ ਐਲਾਨ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਹੱਕ ਨਹੀਂ ਹੈ ਕਿ ਉਹ ਨਾਮਧਾਰੀ ਸੰਪਰਦਾ ਦੇ ਸਤਿਗੁਰੂ ਦੇ ਹੁਕਮਾਂ ਦੇ ਉਲਟ ਜਾ ਕੇ ਠਾਕੁਰ ਦਲੀਪ ਸਿੰਘ ਦੀ ਥਾਂ ਕਿਸੇ ਹੋਰ ਨੂੰ ਬਤੌਰ ਮੁਖੀ ਸੰਪਰਦਾ ਦੀ ਸੇਵਾ ਸੌਂਪੇ।

ਇਸ ਮੌਕੇ ਬਾਬਾ ਜਗਜੀਤ ਸਿੰਘ ਦੇ ਨਿੱਜੀ ਸਕੱਤਰ ਰਹੇ ਸ. ਦੀਦਾਰ ਸਿੰਘ ਨਾਮਧਾਰੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨਾਮਧਾਰੀ ਸੰਪਰਦਾ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਹੀ ਹੈ।

## ਭਾਰਤੀ ਮੂਲ ਦੇ ਡਾਕਟਰ ਵੱਲੋਂ ਖ਼ੁਦਕੁਸ਼ੀ

**ਲੰਡਨ:** ਘਰਦਿਆਂ ਵੱਲੋਂ ਬ੍ਰਿਟਿਸ਼ ਕੁੜੀ ਨਾਲ ਵਿਆਹ ਕਰਵਾਉਣ ਤੋਂ ਰੋਕਣ 'ਤੇ ਭਾਰਤੀ ਮੂਲ ਦੇ ਡਾਕਟਰ ਨੇ ਆਤਮ ਹੱਤਿਆ ਕਰ ਲਈ। ਕੁੜੀ ਨੇ ਵੀ ਹਿੰਦੂ ਰੀਤੀ-ਰਿਵਾਜ ਅਨੁਸਾਰ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ ਸੀ ਤੇ ਦੋਹਾਂ ਵਿਚਕਾਰ ਸੱਤ ਮਹੀਨੇ ਪਹਿਲਾਂ ਤੋੜ-ਵਿਛੋੜਾ ਹੋ ਗਿਆ ਸੀ।

ਬੰਗਲੌਰ ਦਾ ਜੰਮਪਲ ਮਧੂ ਹੁਨੱਈਆ (33 ਸਾਲ) ਤੇ ਏਮਾ ਰਾਈਟਨ (32 ਸਾਲ) ਪਹਿਲਾਂ ਪਹਿਲ 2008 ਵਿਚ ਲਿਵਰਪੂਲ ਵਿਚ ਮਿਲੇ ਸਨ। ਕੁਝ ਸਮੇਂ ਬਾਅਦ ਏਮਾ ਨੂੰ ਆਸਟਰੇਲੀਆ ਵਿਚ ਚੰਗੀ ਨੌਕਰੀ ਮਿਲ ਗਈ ਪਰ ਦੋਹਾਂ ਵਿਚਕਾਰ ਸੰਪਰਕ ਬਣਿਆ ਰਿਹਾ। ਏਮਾ ਜਦੋਂ ਵਾਪਸ ਇੰਗਲੈਂਡ ਪਰਤੀ ਤਾਂ ਉਹ ਇਕੱਠੇ ਹੋ ਗਏ ਤੇ 2010 ਵਿਚ ਮੰਗਣੀ ਵੀ ਕਰਵਾ ਲਈ। ਮਧੂ ਦੇ ਘਰਵਾਲੇ ਇਸ ਵਿਆਹ ਦਾ ਵਿਰੋਧ ਕਰ ਰਹੇ ਸਨ।

# ਸੁਖਬੀਰ ਦੀਆਂ ਚਾਲਾਂ ਅੱਗੇ ਮਨਪ੍ਰੀਤ ਬਾਦਲ ਬੇਵੱਸ

*(ਸਫਾ ਇਕ ਦੀ ਬਾਕੀ)*

ਕਰਕੇ ਇਕ ਸੀ.ਡੀ. ਜਾਰੀ ਕਰਦਿਆਂ ਸੁਖਬੀਰ ਬਾਦਲ ਦੀਆਂ ਚਾਲਾਂ ਦੀ ਪੋਲ ਖੋਲ੍ਹੀ। ਇਸ ਸੀ.ਡੀ. ਵਿਚ ਪਾਰਟੀ ਵਿਚੋਂ ਕੱਢੇ ਗਏ ਅਰੁਣਜੋਤ ਸਿੰਘ ਸੋਢੀ ਤੇ ਪੀ.ਪੀ.ਪੀ. ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਗਦੀਪ ਸਿੰਘ ਜਗਰਾਓਂ ਦੀ ਟੈਲੀਫੋਨ 'ਤੇ ਹੋਈ ਗੱਲਬਾਤ ਰਿਕਾਰਡ ਹੈ। ਇਸ ਗੱਲਬਾਤ ਤੋਂ ਖੁਲਾਸਾ ਹੁੰਦਾ ਹੈ ਕਿ ਕਿਵੇਂ ਸੁਖਬੀਰ ਸਿੰਘ ਬਾਦਲ ਪੀ.ਪੀ.ਪੀ. ਨੂੰ ਖਤਮ ਕਰਨ ਲਈ ਚਾਲਾਂ ਚੱਲ ਰਹੇ ਹਨ ਤੇ ਸ਼ਰੀਕ ਪਾਰਟੀ ਦੇ ਆਗੂਆਂ ਦਾ ਮੁੱਲ ਲਾ ਰਹੇ ਹਨ?

ਪੀ.ਪੀ.ਪੀ. ਆਗੂ ਨੇ ਕਿਹਾ ਕਿ ਇਸ ਸੀ.ਡੀ. ਵਿਚ ਰਿਕਾਰਡ ਗੱਲਾਂ ਤੋਂ ਸਾਫ਼ ਹੈ ਕਿ ਪੀ.ਪੀ.ਪੀ. ਦੇ ਲੀਡਰਾਂ ਤੇ ਵਰਕਰਾਂ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਵਾਉਣ ਲਈ ਸਰਕਾਰੀ ਤੌਰ 'ਤੇ ਡਰਾਇਆ-ਧਮਕਾਇਆ ਜਾ ਰਿਹਾ ਹੈ

## ਅੜਬ ਸੁਭਾਅ ਵੀ ਸਮੱਸਿਆ ਬਣਿਆ

ਤੇ ਪੈਸੇ ਦੀ ਅੰਨ੍ਹੀ ਵਰਤੋਂ ਕੀਤੀ ਜਾ ਰਹੀ ਹੈ। ਸੀ.ਡੀ. ਵਿਚ ਖੁਲਾਸਾ ਹੁੰਦਾ ਹੈ ਕਿ ਅਰੁਣਜੋਤ ਸੋਢੀ ਦੀ ਮੁਲਾਕਾਤ ਪੰਜਾਬ ਭਵਨ ਵਿਚ ਸ. ਸੁਖਬੀਰ ਬਾਦਲ ਨਾਲ ਹੋਈ ਸੀ ਜੋ ਚਰਨਜੀਤ ਸਿੰਘ ਬਰਾੜ ਨੇ ਕਰਵਾਈ ਸੀ ਜਿਹੜਾ ਪਹਿਲਾਂ ਉਨ੍ਹਾਂ ਦਾ ਓ.ਐਸ.ਡੀ. ਸੀ। ਸੀ.ਡੀ. ਵਿਚ ਸ. ਸੋਢੀ ਗੱਲਬਾਤ ਦੌਰਾਨ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਦੇ ਪਰਿਵਾਰਕ ਮੈਂਬਰਾਂ ਅਭੈ ਸੰਧੂ ਤੇ ਸੁਖਦੇਵ ਥਾਪਰ ਬਾਰੇ ਕਹਿੰਦਾ ਹੈ ਕਿ ਉਹ ਦੋਵੇਂ ਤਾਂ ਪੰਜ-ਪੰਜ ਲੱਖ ਵਿਚ ਹੀ ਮੰਨ ਜਾਣਗੇ।

ਮਨਪ੍ਰੀਤ ਨੇ ਮਾਰਚ 2013 ਦੌਰਾਨ ਪੰਜਾਬ ਵਿਚ ਅੰਨਾ ਹਜ਼ਾਰੇ ਦੇ ਪ੍ਰੋਗਰਾਮ ਨੂੰ 'ਹਾਈਜੈਕ' ਕਰਨ ਤੇ ਹੋਰ ਸਾਜ਼ਿਸ਼ਾਂ ਦਾ ਖੁਲਾਸਾ ਵੀ ਕੀਤਾ ਹੈ। ਸੀ.ਡੀ. ਮੁਤਾਬਕ ਅਰੁਣਜੋਤ ਸੋਢੀ ਪੀ.ਪੀ.ਪੀ. ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਜਗਰਾਓਂ ਨੂੰ ਕਹਿੰਦੇ ਹਨ ਕਿ ਚਰਨਜੀਤ ਪੀ.ਪੀ.ਪੀ. ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਸਿਆਸੀ ਤੌਰ 'ਤੇ ਬੜਾ ਤਾਕਤਵਰ ਹੋ ਗਿਆ ਹੈ ਤੇ ਪੰਜਾਬ ਭਵਨ ਦਾ ਜ਼ਿਕਰ ਕਰਦਿਆਂ ਸ. ਸੋਢੀ ਦੱਸਦੇ ਹਨ ਕਿ ਜਦੋਂ ਉਸ ਦੀ ਮੁਲਾਕਾਤ ਸ. ਸੁਖਬੀਰ ਬਾਦਲ ਨਾਲ ਹੋਈ ਸੀ ਤਾਂ ਉਥੇ ਬਾਹਰ ਉਂਕਾਰ ਸਿੰਘ ਥਾਪਰ ਤੇ ਅਵਤਾਰ ਸਿੰਘ ਹਿੱਤ ਵੀ ਖੜ੍ਹੇ ਸਨ ਤਾਂ ਸ. ਬਾਦਲ ਨੇ ਚਰਨਜੀਤ ਨੂੰ ਕਿਹਾ ਸੀ ਕਿ ਇਨ੍ਹਾਂ ਦੇ ਕੰਮ ਕਰਵਾਉਣ ਲਈ ਫੋਨ ਕਰਕੇ ਹੀ ਉਹ ਹੋਰ ਕਿਤੇ ਜਾਣ।

ਸ. ਮਨਪ੍ਰੀਤ ਬਾਦਲ ਨੇ ਦੋਸ਼ ਲਾਇਆ ਕਿ ਜਦੋਂ ਸ. ਸੋਢੀ ਦਫ਼ਤਰ ਵਿਚੋਂ ਸਾਮਾਨ ਚੋਰੀ ਕਰ ਕੇ ਲੈ ਗਏ ਤਾਂ ਉਨ੍ਹਾਂ ਨੇ ਚੰਡੀਗੜ੍ਹ ਥਾਣੇ ਵਿਚ ਸ਼ਿਕਾਇਤ ਕੀਤੀ ਸੀ ਤਾਂ ਸੁਖਬੀਰ ਬਾਦਲ ਦੇ ਹੀ ਇਕ ਬੰਦੇ ਨੇ ਐਸ.ਐਸ.ਪੀ. ਨੂੰ ਕਹਿ ਦਿੱਤਾ ਸੀ ਕਿ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰਨੀ। ਮਨਪ੍ਰੀਤ ਨੇ ਦਾਅਵਾ ਕੀਤਾ ਕਿ ਉਹ ਪਿੰਡ ਬਾਦਲ ਵਿਚ ਤੇ ਚੰਡੀਗੜ੍ਹ ਦੇ ਸੈਕਟਰ 3 ਵਿਚ ਕਿਸੇ ਵੀ ਟੈਲੀਫੋਨ ਤੋਂ ਜੇ ਗੱਲ ਕਰਦੇ ਹਨ ਤਾਂ ਉਹ ਟੈਪ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਆਵਾਜ਼ ਪਛਾਣਨ ਵਾਲਾ ਸੈਂਸਰ ਲਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜਗਦੀਪ ਸਿੰਘ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਸੀ ਕਿ ਅਰੁਣਜੋਤ ਸੋਢੀ ਉਸ ਨਾਲ ਪੀ.ਪੀ.ਪੀ. ਨੂੰ ਕਮਜ਼ੋਰ ਕਰਨ ਦੀਆਂ ਗੱਲਾਂ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਹੀ ਕਿਹਾ ਸੀ ਕਿ ਉਹ ਇਨ੍ਹਾਂ ਗੱਲਾਂ ਨੂੰ ਰਿਕਾਰਡ ਕਰੇ। ਉਨ੍ਹਾਂ ਕਿਹਾ ਕਿ ਇਹ ਗੱਲਾਂ ਪਿਛਲੇ ਦਸਾਂ ਦਿਨਾਂ ਵਿਚ ਰਿਕਾਰਡ ਕੀਤੀਆਂ ਗਈਆਂ ਸਨ ਜਿਹੜੀਆਂ ਤਕਰੀਬਨ 9-10 ਘੰਟੇ ਦੇ ਦੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਬਰਤਾਨੀਆ ਨੇ ਲਾਇਆ ਪਰਵਾਸੀਆਂ ਦੀ ਆਮਦ ਨੂੰ ਡੱਕਾ

**ਲੰਡਨ:** ਬਰਤਾਨੀਆ ਸਰਕਾਰ ਪਿਛਲੇ ਵੀਹ ਸਾਲਾਂ ਵਿਚ ਪਹਿਲੀ ਵਾਰ ਵਿਦੇਸ਼ੀਆਂ ਨੂੰ ਆਪਣੇ ਦੇਸ਼ ਆਉਣ ਤੋਂ ਡੱਕਣ ਵਿਚ ਕਾਮਯਾਬ ਰਹੀ ਹੈ ਤੇ ਇਸ ਸਾਲ ਪਰਵਾਸੀਆਂ ਦੀ ਆਮਦ ਵਿਚ ਭਾਰੀ ਕਮੀ ਆਈ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2011 ਵਿਚ 5,36,000 ਪਰਵਾਸੀ ਬਰਤਾਨੀਆ ਵਿਚ ਪੁੱਜੇ ਤੇ ਇਸ ਤੋਂ ਇਕ ਸਾਲ ਪਹਿਲਾਂ ਇਸ ਗਿਣਤੀ ਨਾਲੋਂ 42,000 ਪਰਵਾਸੀ ਵੱਧ ਆਏ ਸਨ। 'ਡੇਅਲੀ ਮੇਲ' ਦੀ ਰਿਪੋਰਟ ਮੁਤਾਬਕ 1991 ਦੇ ਮੰਦੇ ਦੌਰਾਨ ਸਿਰਫ਼ 61,000 ਲੋਕ ਰਹਿਣ ਲਈ ਬਰਤਾਨੀਆ ਪੁੱਜੇ ਸਨ ਤੇ ਇਸ ਪਿੱਛੋਂ ਇਸ ਵਾਰ ਪਹਿਲੀ ਵਾਰ ਪਰਵਾਸੀ ਬਰਤਾਨੀਆ ਆਉਣੋ ਘਟੇ ਹਨ। ਮੁੱਖ ਤੌਰ 'ਤੇ ਬਰਤਾਨੀਆ ਵਿਚ ਸਟੂਡੈਂਟਸ ਵੀਜ਼ੇ 'ਤੇ ਪੜ੍ਹਨ ਆਉਣ ਵਾਲਿਆਂ ਦੀ ਗਿਣਤੀ ਵਿਚ ਜ਼ਿਕਰਯੋਗ ਕਮੀ ਆਈ ਹੈ। ਬਰਤਾਨੀਆ ਦੇ ਇਮੀਗ੍ਰੇਸ਼ਨ ਮੰਤਰੀ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਹੈ ਕਿ ਸਰਕਾਰ ਦੇਸ਼ ਵਿਚ ਪਰਵਾਸੀਆਂ ਦੀ ਆਮਦ ਨੂੰ ਘਟਾਉਣ ਵਿਚ ਕਾਮਯਾਬ ਹੋਈ ਹੈ। ਮੰਤਰਾਲੇ ਮੁਤਾਬਕ ਸਰਕਾਰ ਨੇ ਦੇਸ਼ ਵਿਚ ਪਰਵਾਸੀਆਂ ਦੀ ਆਮਦ ਨੂੰ ਸਾਲ 1991 ਦੇ ਟੀਚੇ ਦੇ ਬਰਾਬਰ ਕਰਨ ਦਾ ਟੀਚਾ ਮਿਥਿਆ ਹੈ। ਦੇਸ਼ ਵਿਚ ਆਵਾਸ ਤੇ ਪਰਵਾਸ ਦੇ ਅੰਕੜੇ ਮਿਲਾਉਣ ਤੋਂ ਬਾਅਦ 25% ਕਮੀ ਆਈ ਹੈ।

ਬਰਤਾਨੀਆ ਦੀ ਵੱਸੋਂ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 2,42,000 ਤੋਂ ਘਟ ਕੇ 1,83,000 ਹੋ ਗਈ ਹੈ। ਸਿੱਖਿਆ ਅਦਾਰਿਆਂ ਵਿਚ ਵਿਦੇਸ਼ੀਆਂ ਵੱਲੋਂ ਦਾਖ਼ਲਾ ਲੈਣ ਵਾਲਿਆਂ ਦੀ ਗਿਣਤੀ 67 ਫੀਸਦੀ ਘੱਟ ਗਈ ਹੈ। ਅੰਗਰੇਜ਼ੀ ਭਾਸ਼ਾ ਦੇ ਸਕੂਲਾਂ ਵਿਚ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ 76 ਫੀਸਦੀ ਘਟ ਗਈ ਹੈ। ਬਰਤਾਨਵੀ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਸਿਰਫ਼ ਇਕ ਫੀਸਦੀ ਰਹਿ ਗਈ ਹੈ।

ਜ਼ਿਕਰਯੋਗ ਹੈ ਕਿ ਬਰਤਾਨੀਆ ਵਿਚ ਪਰਵਾਸੀਆਂ ਦੀ ਆਮਦ ਘਟਾਉਣ ਲਈ ਸਰਕਾਰ ਨੇ ਯੂਰਪੀ ਯੂਨੀਅਨ ਤੋਂ ਬਾਹਰੋਂ ਆਉਣ ਵਾਲਿਆਂ ਲਈ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਨੂੰ ਟੋਹਣ ਲਈ ਪਿਛਲੇ ਸਾਲ ਤੋਂ ਇੰਟਰਵਿਊ ਲੈਣੀ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਬੋਗਸ ਵਿਦਿਅਕ ਸੰਸਥਾਵਾਂ 'ਤੇ ਵੀ ਸ਼ਿਕੰਜਾ ਕੱਸ ਦਿੱਤਾ ਹੈ ਜੋ ਇਮੀਗ੍ਰੇਸ਼ਨ ਬਾਰੇ ਚੋਰ ਮੋਰੀਆਂ ਲੱਭਦੀਆਂ ਸਨ। ਸਰਕਾਰ ਨੇ ਪਿਛਲੇ ਸਾਲ ਦੇ ਮੁਕਾਬਲੇ ਸਟੂਡੈਂਟਸ ਵੀਜ਼ੇ 26 ਫੀਸਦੀ ਘੱਟ ਜਾਰੀ ਕੀਤੇ ਤੇ ਘੱਟ ਸਿੱਖਿਅਤ ਲੋਕਾਂ ਨੂੰ ਵਰਕ ਵੀਜ਼ੇ ਦੇਣ ਦੀ ਪ੍ਰਕਿਰਿਆ ਵੀ ਸਖ਼ਤ ਬਣਾ ਦਿੱਤੀ ਹੈ।

## ਲੰਡਨ ਵਿਚ ਵਸਦੇ 37 ਫੀਸਦੀ ਪਰਵਾਸੀ

**ਲੰਡਨ:** ਬੀਤੇ ਸਮੇਂ ਦੌਰਾਨ ਬਰਤਾਨੀਆ ਵਿਚ ਵਧੇ ਪਰਵਾਸ ਨਾਲ 2001 ਤੋਂ 2011 ਤੱਕ ਵਿਦੇਸ਼ੀ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਕੇ 75 ਲੱਖ ਹੋ ਗਈ ਹੈ ਜਿਨ੍ਹਾਂ ਵਿਚ ਬਹੁਤੇ ਲੋਕਾਂ ਦੀ ਜਨਮ ਭੂਮੀ ਭਾਰਤ ਹੈ ਜਦਕਿ ਪੋਲੈਂਡ ਤੇ ਪਾਕਿਸਤਾਨ ਦੇ ਜੰਮੇ ਲੋਕ ਵੀ ਹਨ। ਇੰਗਲੈਂਡ ਤੇ ਵੇਲਜ਼ ਦੀ ਆਬਾਦੀ ਵਿਚ ਸੱਤ ਫੀਸਦੀ ਵਾਧਾ ਹੋਇਆ ਹੈ।

ਇਕੱਲੇ ਲੰਡਨ ਇਲਾਕੇ ਵਿਚ ਹੀ 37 ਫੀਸਦੀ ਰਹਿਣ ਵਾਲੇ ਲੋਕਾਂ ਦਾ ਜਨਮ ਵਿਦੇਸ਼ਾਂ ਵਿਚ ਹੋਇਆ ਤੇ 24 ਫੀਸਦੀ ਲੋਕ ਗੈਰ-ਬਰਤਾਨਵੀ ਹਨ। ਆਬਾਦੀ ਦੇ ਵਾਧੇ ਦਾ ਅੱਧਾ ਹਿੱਸਾ ਪਰਵਾਸ ਕਾਰਨ ਹੋਇਆ ਹੈ। ਧਰਮ ਦੇ ਹਿਸਾਬ ਨਾਲ 59 ਫੀਸਦੀ ਲੋਕਾਂ ਨੇ ਖੁਦ ਨੂੰ ਇਸਾਈ ਕਿਹਾ ਹੈ ਜੋ 2001 ਦੀ ਆਬਾਦੀ ਮੁਤਾਬਕ 13 ਫੀਸਦੀ ਘੱਟ ਹਨ ਜਦਕਿ ਮੁਸਲਿਮ ਭਾਈਚਾਰੇ ਦੀ ਗਿਣਤੀ 4.8 ਫੀਸਦੀ ਹੈ, ਹਿੰਦੂ 1.5 ਫੀਸਦੀ, ਸਿੱਖਾਂ ਦੀ ਗਿਣਤੀ 0.8 ਫੀਸਦੀ, ਜਿਊਸ 0.5 ਫੀਸਦੀ ਤੇ ਬੁੱਧ ਧਰਮ ਨੂੰ ਮੰਨਣ ਵਾਲੇ 0.4 ਫੀਸਦੀ ਹਨ।

## ਨਕਸ਼ਿਆਂ 'ਚ ਗੁਰੂ ਘਰਾਂ ਨੂੰ ਮੰਦਰ ਦਰਸਾਇਆ

**ਪਟਿਆਲਾ:** ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਕਸ਼ਿਆਂ ਵਿਚ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਦੀ ਥਾਂ 'ਤੇ ਮੰਦਰ ਦਰਸਾਇਆ ਗਿਆ ਹੈ ਜਿਸ ਨਾਲ ਸਿੱਖ ਹਲਕਿਆਂ ਵਿਚ ਰੋਸ ਹੈ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਇਸ ਮੁੱਦੇ ਬਾਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਪੱਤਰ ਲਿਖਣ ਤੇ ਇਸ ਮਸਲੇ ਨੂੰ ਪਾਰਲੀਮੈਂਟ ਵਿਚ ਵੀ ਉਠਾਉਣ ਦਾ ਐਲਾਨ ਕੀਤਾ ਹੈ।

ਸ. ਢੀਂਡਸਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੰਵਿਧਾਨ ਦੀ ਧਾਰਾ 25 ਤਹਿਤ ਸਿੱਖਾਂ ਦੀ ਪਛਾਣ ਮਨਫ਼ੀ ਕੀਤੀ ਗਈ ਹੈ ਜਦਕਿ ਹੁਣ ਜਿਸ ਤਰੀਕੇ ਸਰਕਾਰ ਵੱਲੋਂ ਨਕਸ਼ਿਆਂ ਵਿਚੋਂ ਗੁਰਦੁਆਰਿਆਂ ਦੀ ਥਾਂ ਮੰਦਰ ਦਰਸਾ ਕੇ ਸਿੱਖਾਂ ਦੀ ਹੋਂਦ ਨੂੰ ਭਾਰਤ ਦੇ ਨਕਸ਼ੇ ਤੋਂ ਹੀ ਲੋਪ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਨੰਦ ਮੈਰਿਜ ਐਕਟ ਦੀ ਸੋਧ ਮਗਰੋਂ ਹੁਣ ਧਾਰਾ 25 ਵਿਚ ਵੀ ਸੋਧ ਕਰਵਾ ਕੇ ਸਿੱਖਾਂ ਦੀ ਪਛਾਣ ਲਈ ਜੱਦੋਜਹਿਦ ਜਾਰੀ ਹੈ ਪਰ ਜੇ ਕੇਂਦਰ ਨੇ ਇਹ ਮੰਗ ਪਹਿਲਾਂ ਪ੍ਰਵਾਨ ਕਰ ਲਈ ਹੁੰਦੀ ਤਾਂ ਸਰਕਾਰ ਨੂੰ ਨਕਸ਼ਿਆਂ ਵਿਚ ਗੁਰਦੁਆਰਾ ਸਹਿਬਾਨਾਂ ਦੀ ਪਛਾਣ ਲੋਪ ਕਰਨ ਦਾ ਬਹਾਨਾ ਨਾ ਮਿਲਦਾ।

# ਆਤਮਦਾਹ ਲਈ ਉਕਸਾਉਣ ਵਾਲਾ ਮੰਨਿਆ ਜਾਵੇਗਾ ਕਾਤਲ

**ਪੇਇਚਿੰਗ:** ਚੀਨ ਵਿਚ ਹੁਣ ਜੇ ਕੋਈ ਆਤਮਦਾਹ ਕਰਨ ਵਾਲੇ ਦੀ ਸਹਾਇਤਾ ਕਰਦਾ ਫੜਿਆ ਗਿਆ ਤਾਂ ਉਸ ਨੂੰ ਕਾਤਲ ਮੰਨਿਆ ਜਾਵੇਗਾ।ਇਸ ਬਾਰੇ ਤਿੱਬਤ ਵਿਚ ਆਤਮਦਾਹ ਦੀਆਂ ਘਟਨਾਵਾਂ ਰੋਕਣ ਲਈ ਚੀਨ ਨੇ ਇਕ ਨਵਾਂ ਕਾਨੂੰਨ ਲਿਆਂਦਾ ਹੈ। ਇਸ ਤਹਿਤ ਅਧਿਕਾਰੀਆਂ ਨੂੰ ਉਮੀਦ ਹੈ ਕਿ ਇਸ ਕਾਨੂੰਨ ਨਾਲ ਆਤਮਦਾਹ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਮਦਦ ਮਿਲੇਗੀ।

'ਗਲੋਬਲ ਟਾਈਮਜ਼' ਦੀ ਰਿਪੋਰਟ ਮੁਤਾਬਕ ਇਹ ਨਵਾਂ ਕਾਨੂੰਨ ਹਾਲ ਹੀ ਵਿਚ ਜਨਤਕ ਸੁਰੱਖਿਆ ਦੇ ਮੰਤਰਾਲੇ ਤੇ ਨਿਆਂਇਕ ਸੰਸਥਾਵਾਂ ਨੇ ਤਿਆਰ ਕੀਤਾ ਹੈ। ਇਸ ਤਹਿਤ ਉਨ੍ਹਾਂ ਵਿਅਕਤੀਆਂ 'ਤੇ ਕਤਲ ਦਾ ਕੇਸ ਚਲਾਇਆ ਜਾਵੇਗਾ ਜੋ ਹੋਰਾਂ ਨੂੰ ਆਤਮਦਾਹ ਕਰਨ ਲਈ ਉਕਸਾਉਂਦੇ ਜਾਂ ਮਦਦ ਕਰਦੇ ਹਨ। ਇਸ ਤੋਂ ਇਲਾਵਾ ਜਿਹੜੇ ਲੋਕ ਆਤਮਦਾਹ ਕਰ ਰਹੇ ਵਿਅਕਤੀ ਨੂੰ ਵੇਖਣ ਲਈ ਇਕੱਠੇ ਹੋਣਗੇ ਤੇ ਉਸ ਨੂੰ ਰੋਕਣ ਦਾ ਯਤਨ ਨਹੀਂ ਕਰਨਗੇ, ਉਨ੍ਹਾਂ ਖ਼ਿਲਾਫ਼ ਵੀ ਫੌਜਦਾਰੀ ਕੇਸ ਦਰਜ ਕੀਤੇ ਜਾਣਗੇ।

ਸੂਤਰਾਂ ਮੁਤਾਬਕ ਤਿੱਬਤ ਨਾਲ ਲੱਗਦੇ ਸ਼ਿਸੂਆਂ ਸੂਬੇ ਵਿਚ ਅੱਠ ਵਿਅਕਤੀਆਂ ਨੂੰ ਆਤਮਦਾਹ ਲਈ ਉਕਸਾਉਣ ਦੇ ਦੋਸ਼ ਹੇਠ ਇਕ ਬੋਧੀ ਭਿਕਸ਼ੂ ਤੇ ਉਸ ਦੇ ਭਤੀਜੇ ਨੂੰ ਲੰਘੇ ਦਿਨ ਗ੍ਰਿਫਤਾਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਤਿੱਬਤ ਵਿਚ ਚੀਨ ਦੇ ਸ਼ਾਸਨ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਕੁਝ ਜਥੇਬੰਦੀਆਂ ਵੱਲੋਂ ਆਤਮਦਾਹ ਦਾ ਰਸਤਾ ਚੁਣਿਆ ਗਿਆ ਹੈ। ਇਹ ਜਥੇਬੰਦੀਆਂ ਦਲਾਈ ਲਾਮਾ ਦੀ ਵਾਪਸੀ ਦੀ ਮੰਗ ਵੀ ਕਰ ਰਹੀਆਂ ਹਨ। ਪਿਛਲੇ ਕੁਝ ਮਹੀਨਿਆਂ ਦੌਰਾਨ ਹੀ 92 ਵਿਅਕਤੀ ਆਤਮਦਾਹ ਕਰ ਚੁੱਕੇ ਹਨ। ਲੰਘੇ ਇਕ ਮਹੀਨੇ 'ਚ ਹੀ 23 ਵਿਅਕਤੀਆਂ ਨੇ ਆਤਮਦਾਹ ਕੀਤਾ ਸੀ ਤੇ ਇਸ ਮਹੀਨੇ ਹੀ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੀ 10 ਸਾਲਾਂ ਵਿਚ ਇਕ ਵਾਰ ਹੋਣ ਵਾਲੀ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿਚ ਸ਼ੀ ਚਿਨਪਿੰਗ ਨੂੰ ਨਵਾਂ ਆਗੂ ਚੁਣਿਆ ਗਿਆ ਸੀ। ਚੀਨ ਸਰਕਾਰ ਲੰਮੇ ਸਮੇਂ ਤੋਂ ਦਲਾਈ ਲਾਮਾ ਦੀ ਨਿੰਦਾ ਕਰਦੀ ਆ ਰਹੀ ਹੈ ਕਿ ਉਹ ਬੇਕਸੂਰ ਲੋਕਾਂ ਨੂੰ ਆਤਮਦਾਹ ਕਰਨ ਲਈ ਉਕਸਾ ਰਹੇ ਹਨ।

## Matrimonials

### ਕੰਨਿਆ ਦੀ ਲੋੜ ਹੈ

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੈਲ੍ਹੇ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖ਼ੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600

E-Mail Tigerjatt@gmail.com

### ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖ਼ੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਹਿਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

**Punjab Times**
*Ph: 847-359-0746*
*Visit us on the web:*
***punjabtimesusa.com***

# ਸੜਕ ਹਾਦਸੇ 'ਚ ਇਕੋ ਪਰਿਵਾਰ ਦੇ ਤਿੰਨ ਜੀਅ ਹਲਾਕ, ਇਕ ਜ਼ਖ਼ਮੀ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਇਥੇ ਰਹਿੰਦੇ ਅਮਰਜੀਤ ਸਿੰਘ ਮੁਲਤਾਨੀ ਦੇ ਪਰਿਵਾਰ ਉਪਰ ਉਸ ਸਮੇਂ ਕਹਿਰ ਵਹਿ ਪਿਆ ਜਦੋਂ ਲੰਘੇ ਸ਼ੁੱਕਰਵਾਰ 14 ਦਸੰਬਰ ਨੂੰ ਇੰਟਰ ਸਟੇਟ ਹਾਈਵੇ 280 ਉਤੇ ਰੈਡਵੁਡ ਸਿਟੀ ਨੇੜੇ ਇਸ ਪਰਿਵਾਰ ਦੇ ਤਿੰਨ ਜੀਅ ਇਕ ਸੜਕ ਹਾਦਸੇ ਵਿਚ ਮਾਰੇ ਗਏ ਅਤੇ ਖੁਦ ਅਮਰਜੀਤ ਸਿੰਘ ਮੁਲਤਾਨੀ ਗੰਭੀਰ ਰੂਪ ਵਿਚ



ਧੀ ਜਸਦੀਪ ਤੇ ਮਾਂ ਮਨਜੀਤ ਕੌਰ

ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿਚ ਸ. ਮੁਲਤਾਨੀ ਦੀ ਪਤਨੀ 48 ਸਾਲਾ ਮਨਜੀਤ ਕੌਰ, ਪੁੱਤਰ ਮਨਪ੍ਰੀਤ ਸਿੰਘ, ਉਮਰ 28 ਸਾਲ ਅਤੇ ਧੀ ਜਸਦੀਪ ਕੌਰ, ਉਮਰ 21 ਸਾਲ ਸ਼ਾਮਲ ਹਨ। ਸ. ਮੁਲਤਾਨੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਦੋਂਕਿ ਪਰਿਵਾਰ ਦੇ ਬਾਕੀ ਤਿੰਨੇ ਜੀਅ ਮੌਕੇ 'ਤੇ ਹੀ ਦਮ ਤੋੜ ਗਏ। ਸ. ਮੁਲਤਾਨੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਇਹ ਪਰਿਵਾਰ ਟੈਕਸਸ ਜਾਣ ਲਈ ਸੈਨ ਫਰਾਂਸਿਸਕੋ ਏਅਰਪੋਰਟ ਵੱਲ ਜਾ ਰਿਹਾ ਸੀ।

ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਹਾਈਵੇ ਉਪਰ ਟਾਇਰ ਪੈਂਚਰ ਹੋਣ ਕਰਕੇ ਵਿਚਕਾਰ ਵਾਲੇ ਸ਼ੋਲਡਰ ਉਪਰ ਖੜ੍ਹੀ ਉਨ੍ਹਾਂ ਦੀ ਗੱਡੀ ਵਿਚ ਇਕ ਵੋਕਸਵੈਗਨ ਐਸ ਯੂ ਵੀ ਆਣ ਵੱਜੀ। ਇਹ ਗੱਡੀ ਸੈਨ ਹੋਜ਼ੇ ਵਾਸੀ 82 ਸਾਲਾ ਜੀ ਏ ਸਮਿਥ ਨਾਂ ਦਾ ਵਿਅਕਤੀ ਚਲਾ ਰਿਹਾ ਸੀ। ਉਸ ਨੂੰ ਵੀ ਗੰਭੀਰ ਚੋਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ ਤੇ ਉਸ ਵਿਰੁਧ ਹਾਦਸੇ ਲਈ ਫੌਜਦਾਰੀ ਕੇਸ ਦਰਜ ਕੀਤੇ ਜਾਣ ਦੀ ਸੰਭਾਵਨਾ ਹੈ।

ਪਰਿਵਾਰ ਦਾ ਇਕੋ ਇਕ ਜੀਅ 26 ਸਾਲਾ ਜਰਨੈਲ ਸਿੰਘ ਉਸ ਵਕਤ ਨਾਲ ਨਹੀਂ ਸੀ ਅਤੇ ਇੰਜ ਉਸ ਦਾ ਬਚਾਅ ਹੋ ਗਿਆ। ਉਹ ਗੰਭੀਰ ਸਦਮੇ ਦੀ ਹਾਲਤ ਵਿਚ ਦੱਸਿਆ ਜਾਂਦਾ ਹੈ। ਇਹ ਪਰਿਵਾਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਦਸੂਹਾ ਨਜ਼ਦੀਕ ਪਿੰਡ ਕੈਰੋਂ ਭੁਸਾ ਤੋਂ ਹੈ। ਸ. ਅਮਰਜੀਤ ਸਿੰਘ ਟੈਕਸੀ ਚਲਾਉਣ ਦਾ ਕੰਮ ਕਰਦੇ ਸਨ।

ਸਸਕਾਰ ਦੇ ਖਰਚੇ ਅਤੇ ਮੈਡੀਕਲ ਬਿਲ ਅਦਾ ਕਰਨ ਵਿਚ ਪਰਿਵਾਰ ਦੀ ਮਦਦ ਲਈ ਇਕ ਭਲਾਈ ਫੰਡ ਕਾਇਮ ਕੀਤਾ ਗਿਆ ਹੈ। ਇਹ ਪੈਸਾ ਹਸਪਤਾਲ ਦੇ ਕਰੀਬ 18 ਹਜ਼ਾਰ ਡਾਲਰ ਦੇ ਬਿਲ ਚੁਕਤਾ ਕਰਨ ਅਤੇ 56 ਸਾਲਾ ਅਮਰਜੀਤ ਸਿੰਘ ਮੁਲਤਾਨੀ ਦੀ ਮਦਦ ਲਈ ਖਰਚਿਆ ਜਾਵੇਗਾ। ਇਸ ਖਾਤੇ ਵਿਚ ਮਦਦ ਲਈ ਪੈਸਾ ਵੈਲਸ ਫਾਰਗੋ ਬੈਂਕ ਦੇ ਖਾਤਾ ਨੰਬਰ 1831822091 ਵਿਚ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

ਮੁਲਤਾਨੀ ਪਰਿਵਾਰ ਦੇ ਵਿਛੜੇ ਜੀਆਂ ਦਾ ਸਸਕਾਰ ਹੇਵਰਡ ਦੇ ਚੈਪਲ ਆਫ ਚਾਈਮਜ਼ ਵਿਖੇ ਸੋਮਵਾਰ 24 ਦਸੰਬਰ ਨੂੰ ਸਵੇਰੇ 10 ਵਜੇ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 925-963-2285 ਜਾਂ 408-249-2394 ਰਾਹੀਂ ਕੀਤਾ ਜਾ ਸਕਦਾ ਹੈ।

## ਅਮੀਰਾਤ ਤੇ ਭਾਰਤ ਵਿਚਾਲੇ ਹਵਾਲਗੀ ਸੰਧੀ

**ਦੁਬਈ:** ਸੰਯੁਕਤ ਅਰਬ ਅਮੀਰਾਤ (ਯੂਏਈ) ਨੇ ਭਾਰਤ ਨਾਲ ਹਵਾਲਗੀ ਸੰਧੀ 'ਤੇ ਮੋਹਰ ਲਾ ਦਿੱਤੀ ਹੈ ਜਿਸ ਨਾਲ ਉਹ 1200 ਭਾਰਤੀ ਆਪਣੀ ਰਹਿੰਦੀ ਸਜ਼ਾ ਭਾਰਤ ਆ ਕੇ ਕੱਟ ਸਕਣਗੇ ਜੋ ਖਾੜੀ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਵੱਖ-ਵੱਖ ਜੁਰਮਾਂ ਤਹਿਤ ਬੰਦ ਹਨ। ਇਸ ਬਾਰੇ ਦੋਵਾਂ ਦੇਸ਼ਾਂ ਵਿਚ ਪਿਛਲੇ ਸਾਲ ਨਵੰਬਰ ਵਿਚ ਸਮਝੌਤਾ ਹੋਇਆ ਸੀ। ਇਸ ਸੰਧੀ 'ਤੇ ਲੰਘੇ ਦਿਨ ਕੈਬਨਿਟ ਨੇ ਮੋਹਰ ਲਾ ਦਿੱਤੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

**1816 Main Ave., Secramento CA, 95838**

# ਫਰਾਂਸ 'ਚ ਦਸਤਾਰ 'ਤੇ ਰੋਕ ਸੰਯੁਕਤ ਰਾਸ਼ਟਰ ਵੱਲੋਂ ਗਲਤ ਕਰਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਯੂਨਾਈਟਡ ਨੇਸ਼ਨਜ਼ ਹਿਊਮਨ ਰਾਈਟਸ ਕਮੇਟੀ ਵੱਲੋਂ ਦਸਤਾਰ ਬਾਰੇ ਫਰਾਂਸ ਸਰਕਾਰ ਵਿਰੁੱਧ ਦਿੱਤੇ ਫ਼ੈਸਲੇ ਨੂੰ ਸਿੱਖ ਭਾਈਚਾਰੇ ਲਈ ਵੱਡੀ ਰਾਹਤ ਕਰਾਰ ਦਿੱਤਾ ਹੈ। ਸਿੱਖ ਜਥੇਬੰਦੀ ਯੂਨਾਈਟਿਡ ਸਿੱਖਜ਼ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਕਮੇਟੀ ਨੇ ਫਰਾਂਸ ਸਰਕਾਰ ਵੱਲੋਂ ਸਿੱਖ ਬੱਚਿਆਂ ਦੇ ਸਕੂਲਾਂ ਵਿਚ ਦਸਤਾਰ ਸਜਾਉਣ ਦੀ ਲਾਈ ਗਈ ਰੋਕ ਨੂੰ ਗਲਤ ਕਰਾਰ ਦਿੱਤਾ ਹੈ।

ਇਸ ਬਾਰੇ ਫਰਾਂਸ ਵਾਸੀ ਬਿਕਰਮਜੀਤ ਸਿੰਘ ਵੱਲੋਂ 2008 ਵਿਚ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਕੋਲ ਸ਼ਿਕਾਇਤ ਦਰਜ ਕੀਤੀ ਗਈ ਸੀ। ਉਸ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਉਥੋਂ ਦੇ ਸਕੂਲ ਨੇ 2004 ਵਿਚ ਇਸ ਕਰਕੇ ਸਕੂਲ ਤੋਂ ਕੱਢ ਦਿੱਤਾ ਸੀ ਕਿਉਂਕਿ ਉਨ੍ਹਾਂ ਬਿਨਾਂ ਦਸਤਾਰ ਸਕੂਲ ਜਾਣ ਦੇ ਨਿਯਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਫਰਾਂਸ ਸਰਕਾਰ ਵੱਲੋਂ 2004 ਵਿਚ ਨਵਾਂ ਨਿਯਮ




ਲਾਗੂ ਕਰਕੇ ਸਕੂਲਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਰੋਕ ਲਾ ਦਿੱਤੀ ਸੀ।

ਇਸ ਨਿਯਮ ਤਹਿਤ ਸਿੱਖ ਬੱਚਿਆਂ ਨੂੰ ਸਕੂਲ ਵਿਚ ਦਸਤਾਰ ਸਜਾ ਕੇ ਆਉਣ ਤੋਂ ਰੋਕ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਫਰਾਂਸ ਵਸਦੇ ਸਿੱਖ ਭਾਈਚਾਰੇ ਨੂੰ ਦਸਤਾਰ ਸਮੇਤ ਸ਼ਨਾਖਤੀ ਕਾਰਡ ਬਣਾਉਣ ਦੀ ਵੀ ਪ੍ਰਵਾਨਗੀ ਨਹੀਂ ਸੀ। ਹੁਣ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ ਬਿਕਰਮਜੀਤ ਸਿੰਘ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਫਰਾਂਸ ਸਰਕਾਰ ਦੇ ਇਸ ਬਾਰੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਆਪਣੇ ਫੈਸਲੇ ਵਿਚ ਕਮੇਟੀ ਨੇ ਆਖਿਆ ਕਿ ਸਿੱਖਾਂ ਵੱਲੋਂ ਦਸਤਾਰ ਸਜਾਉਣੀ ਨਾ ਸਿਰਫ ਇਕ ਧਾਰਮਿਕ ਚਿੰਨ੍ਹ ਹੈ ਸਗੋਂ ਉਨ੍ਹਾਂ ਦੀ ਸ਼ਨਾਖਤ ਦਾ ਇਕ ਹਿੱਸਾ ਵੀ ਹੈ। ਇਸ 'ਤੇ ਰੋਕ ਲਾਉਣੀ ਜਾਇਜ਼ ਨਹੀਂ ਹੈ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਫਰਾਂਸ ਸਰਕਾਰ ਵੱਲੋਂ ਲਾਈ ਗਈ ਰੋਕ ਦੇ ਖਿਲਾਫ ਸ਼੍ਰੋਮਣੀ ਕਮੇਟੀ ਤੇ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਨੇ ਤਿੱਖਾ ਵਿਰੋਧ ਕੀਤਾ ਸੀ। ਸ਼੍ਰੋਮਣੀ ਕਮੇਟੀ ਨੇ ਫਰਾਂਸ ਸਰਕਾਰ ਦੇ ਇਸ ਫੈਸਲੇ ਨੂੰ ਮਾਨਵੀ ਕਦਰਾਂ ਕੀਮਤਾਂ ਦੇ ਉਲਟ ਦੱਸਦਿਆਂ ਉਸ ਵੇਲੇ ਵਿਸ਼ਵ ਪੱਧਰ 'ਤੇ ਇਸ ਖਿਲਾਫ ਆਵਾਜ਼ ਉਠਾਈ ਸੀ ਤੇ ਸਿੱਖਾਂ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਖਤਮ ਕਰਨ ਦੀ ਅਪੀਲ ਕੀਤੀ ਸੀ। ਇਸੇ ਅਧਾਰ 'ਤੇ ਹੀ ਵਿਦੇਸ਼ ਵਿਚ ਬੈਠੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਅਦਾਲਤਾਂ ਦਾ ਸਹਾਰਾ ਲਿਆ ਤੇ ਸਾਲ 2008 ਵਿਚ ਫਰਾਂਸ ਵਿਰੁੱਧ ਇਹ ਕੇਸ ਯੂਨਾਈਟਡ ਨੇਸ਼ਨਜ਼ ਹਿਊਮਨ ਰਾਈਟਸ ਕਮੇਟੀ ਪਾਸ ਲੈ ਗਏ ਜਿਸ ਨੇ ਇਸ ਕੇਸ ਨੂੰ ਗੰਭੀਰਤਾ ਨਾਲ ਵਿਚਾਰਿਆ ਤੇ ਇਹ ਸਵੀਕਾਰ ਕੀਤਾ ਕਿ ਫਰਾਂਸ ਸਰਕਾਰ ਦਾ ਪਗੜੀ ਵਿਰੁੱਧ ਫੈਸਲਾ ਸਿੱਖਾਂ ਦੇ ਧਾਰਮਿਕ ਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਯੂ.ਐਨ.ਐਚ.ਆਰ.ਸੀ. ਦੇ ਦਸਤਾਰ ਬਾਰੇ ਦਿੱਤੇ ਫੈਸਲੇ ਨਾਲ ਦੇਸ਼ ਤੇ ਵਿਦੇਸ਼ਾਂ ਵਿਚ ਬੈਠੇ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਫਰਾਂਸ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖਾਂ ਦੇ ਜਜ਼ਬਾਤਾਂ ਦੀ ਕਦਰ ਕਰਦਿਆਂ ਇਸ ਫੈਸਲੇ 'ਤੇ ਅਮਲ ਕਰੇ ਤੇ ਇਸ ਨੂੰ ਸੁਹਿਰਦਤਾ ਨਾਲ ਲਾਗੂ ਕਰੇ। ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਅਪੀਲ ਕੀਤੀ ਹੈ ਕਿ ਦਸਤਾਰ ਬਾਰੇ ਯੂ.ਐਨ.ਐਚ.ਆਰ.ਸੀ. ਵੱਲੋਂ ਦਿੱਤੇ ਫੈਸਲੇ ਨੂੰ ਲਾਗੂ ਕਰਾਉਣ ਲਈ ਫਰਾਂਸ ਸਰਕਾਰ ਤੇ ਕੂਟਨੀਤਕ ਦਬਾਅ ਪਾਵੇ।

## ਸ੍ਰੀ ਹਰਿਮੰਦਰ ਸਾਹਿਬ 'ਚ ਸੁਨਹਿਰੀ ਜੰਗਲੇ



**ਅੰਮ੍ਰਿਤਸਰ:** ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੀਆਂ ਸਿੱਖ ਸੰਗਤਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਕਈ ਧਾਤਾਂ ਦੇ ਮਿਸ਼ਰਣ ਨਾਲ ਤਿਆਰ ਕੀਤੇ ਗਏ ਖ਼ੂਬਸੂਰਤ ਸੁਨਿਹਰੀ ਜੰਗਲੇ ਲਗਾਉਣ ਦੀ ਸੇਵਾ ਕਰਵਾਈ ਗਈ ਹੈ। ਇਹ ਸੇਵਾ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਨੂੰ ਦੀਵਾਨ ਦੀ ਸਮਾਪਤੀ ਉਪਰੰਤ ਕੀਤੀ ਗਈ। ਇਹ ਜੰਗਲੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨਾਲ ਤਿਆਰ ਕੀਤੇ ਗਏ ਹਨ ਤੇ ਸੁਨਿਹਰੀ ਰੰਗ ਦੇ ਇਨ੍ਹਾਂ ਜੰਗਲਿਆਂ ਦਾ ਰੰਗ ਕਾਲਾ ਨਹੀਂ ਪਵੇਗਾ। 1250 ਕਿਲੋ ਵਜ਼ਨ ਦੇ ਇਹ ਜੰਗਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਗਲੇ ਹਿੱਸੇ ਵਿਚ ਲਗਾਏ ਗਏ ਹਨ ਜੋ ਹੁਣ ਪੱਕੇ ਤੌਰ 'ਤੇ ਇਥੇ ਲਾ ਦਿੱਤੇ ਗਏ ਹਨ। ਇੰਗਲੈਂਡ ਦੇ ਬਰਮਿੰਘਮ ਸ਼ਹਿਰ 'ਚ ਜੰਗਲਿਆਂ ਨੂੰ ਤਿਆਰ ਕਰਕੇ ਹਵਾਈ ਜਹਾਜ਼ ਰਾਹੀਂ ਇਥੇ ਲਿਆਂਦਾ ਗਿਆ ਹੈ। ਇਹ ਜੰਗਲੇ ਬਣਾਉਣ ਲਈ ਪਾਈਪ ਦੀ ਵਰਤੋਂ ਨਹੀਂ ਕੀਤੀ ਗਈ, ਬਲਕਿ ਨਿੱਗਰ ਪਿੱਤਲ ਨੂੰ ਲੈ ਕੇ ਉਸ ਨੂੰ ਗ੍ਰਾਇੰਡ ਕੀਤਾ ਗਿਆ ਹੈ। ਇਹ ਜੰਗਲੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਾਲਕੀ ਸਾਹਿਬ ਦੇ ਅਗਲੇ ਪਾਸੇ ਲਗਾਏ ਜਾਣ ਕਰਕੇ ਇਨ੍ਹਾਂ ਦਾ ਡਿਜ਼ਾਇਨ ਪਿਛਲੇ ਜੰਗਲਿਆਂ 'ਤੋਂ ਅਲੱਗ ਹੈ।

## ਸਿੱਖ ਭਾਈਚਾਰੇ ਨੂੰ ਇਰਾਨ ਵਿਚ ਕਾਰੋਬਾਰ ਲਈ ਸੱਦਾ

ਅੰਮ੍ਰਿਤਸਰ: ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆਏ ਇਰਾਨ ਦੇ ਖੇਡ ਮੰਤਰੀ ਡਾ. ਮੁਹੰਮਦ ਅਬਾਸੀ ਨੇ ਸਿੱਖ ਭਾਈਚਾਰੇ ਨੂੰ ਇਰਾਨ ਵਿਚ ਆਪਣੇ ਕਾਰੋਬਾਰ ਸਥਾਪਤ ਕਰਨ ਦਾ ਸੱਦਾ ਦਿੰਦਿਆਂ ਆਖਿਆ ਕਿ ਉਨ੍ਹਾਂ ਦੀ ਸਰਕਾਰ ਇਸ ਮਾਮਲੇ ਵਿਚ ਹਰ ਤਰ੍ਹਾਂ ਦਾ ਸਹਿਯੋਗ ਦੇਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨਾਲ ਗੱਲਬਾਤ ਦੌਰਾਨ ਡਾ. ਮੁਹੰਮਦ ਅੱਬਾਸੀ ਨੇ ਆਖਿਆ ਕਿ ਇਰਾਨ ਦੀ ਸਰਕਾਰ ਸਿੱਖ ਭਾਈਚਾਰੇ ਨੂੰ ਉਥੇ ਕਾਰੋਬਾਰ ਸਥਾਪਤ ਕਰਨ ਲਈ ਹਰ ਸੰਭਵ ਸਹਿਯੋਗ ਦੇਵੇਗੀ। ਪਹਿਲਾਂ ਵੀ ਸਿੱਖ ਭਾਈਚਾਰਾ ਉਥੇ ਵਸਿਆ ਹੋਇਆ ਹੈ ਤੇ ਵਧੇਰੇ ਸਿੱਖ ਆਪਣਾ ਕਾਰੋਬਾਰ ਕਰਦੇ ਹਨ। ਇਰਾਨ ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਆਪਣੀ ਫੌਜ ਵਿਚ ਭਰਤੀ ਕਰਨ ਲਈ ਵਿਸ਼ੇਸ਼ ਛੋਟ ਦਿੱਤੀ ਹੈ। ਡਾ. ਅੱਬਾਸੀ ਨਾਲ ਆਏ ਵਫ਼ਦ ਵਿਚ ਸ਼ਾਮਲ ਐਨ.ਆਰ.ਆਈ. ਪੀ.ਐਸ. ਚੰਡੋਕ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੱਸਿਆ ਕਿ ਇਰਾਨ ਵਿਚ ਰਹਿੰਦੇ ਸਿੱਖ ਜਦੋਂ ਭਾਰਤ ਆਉਂਦੇ ਹਨ ਤਾਂ ਉਨ੍ਹਾਂ ਨੂੰ ਭਾਰਤੀ ਵੀਜ਼ੇ ਬਾਰੇ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਅਜਿਹੀਆਂ ਮੁਸ਼ਕਲਾਂ ਨੂੰ ਸਰਕਾਰ ਰਾਹੀਂ ਹੱਲ ਕਰਵਾਇਆ ਜਾਵੇ। ਜਥੇਦਾਰ ਮੱਕੜ ਨੇ ਭਰੋਸਾ ਦਿੱਤਾ ਕਿ ਉਹ ਇਹ ਮਸਲਾ ਪੰਜਾਬ ਸਰਕਾਰ ਰਾਹੀਂ ਕੇਂਦਰ ਦੇ ਧਿਆਨ ਵਿਚ ਲਿਆਉਣਗੇ ਤੇ ਖ਼ੁਦ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਗੱਲਬਾਤ ਕਰਕੇ ਮਸਲਾ ਹੱਲ ਕਰਾਉਣ ਦਾ ਯਤਨ ਕਰਨਗੇ।

## ਉਤਰਾਖੰਡ ਸਰਕਾਰ ਵੱਲੋਂ ਗੁਰਦੁਆਰੇ ਲਈ ਜਗ੍ਹਾ ਦੇਣ ਦਾ ਭਰੋਸਾ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰਾ ਗਿਆਨ ਗੋਦੜੀ ਵਾਸਤੇ ਲੋੜੀਂਦੀ ਜਗ੍ਹਾ ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਹੀ ਦਿੱਤੀ ਜਾਵੇਗੀ। ਇਹ ਭਰੋਸਾ ਦੇਹਰਾਦੂਨ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਵਿਚ ਲੰਘੇ ਦਿਨੀਂ ਪਹੁੰਚੇ ਵਫ਼ਦ ਨੂੰ ਉੱਤਰਾਖੰਡ ਦੇ ਮੁੱਖ ਮੰਤਰੀ ਨੇ ਦਿੱਤਾ ਹੈ। ਇਸ ਮੁਲਾਕਾਤ ਦੌਰਾਨ ਉਨ੍ਹਾਂ ਗੁਰਦੁਆਰਾ ਗਿਆਨ ਗੋਦੜੀ ਵਾਸਤੇ ਹਰਿ ਕੀ ਪਉੜੀ 'ਤੇ ਲੋੜੀਂਦੀ ਜ਼ਮੀਨ ਦੇਣ ਬਾਰੇ ਗੱਲਬਾਤ ਕੀਤੀ। ਇਸ ਬਾਰੇ ਇਕ ਮੰਗ ਪੱਤਰ ਵੀ ਸੌਂਪਿਆ। ਜਥੇਦਾਰ ਅਵਤਾਰ ਸਿੰਘ ਮੁਤਾਬਕ ਉੱਤਰਾਖੰਡ ਦੇ ਮੁੱਖ ਮੰਤਰੀ ਨਾਲ ਗੱਲਬਾਤ ਬੜੇ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ। ਸਿੱਖ ਆਗੂਆਂ ਨੇ ਮੁੱਖ ਮੰਤਰੀ ਨੂੰ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪਉੜੀ ਬਾਰੇ ਵਿਸਥਾਰ ਨਾਲ ਦੱਸਿਆ ਹੈ ਕਿ ਚੌਥੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਗੰਗਾ ਕੰਢੇ ਹਰਿਦੁਆਰ ਆਏ ਸਨ। ਉਸ ਵੇਲੇ ਉਨ੍ਹਾਂ ਨੇ ਇਥੇ ਇਕੱਠੇ ਹੋਏ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਲਈ ਉਪਦੇਸ਼ ਦਿੱਤਾ ਸੀ।

ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਹਰਿ ਕੀ ਪਉੜੀ ਸਥਿਤ ਗੁਰਦੁਆਰੇ ਵਾਲੀ ਥਾਂ ਜਿਥੇ ਹੁਣ ਸਕਾਊਟਸ ਦਾ ਦਫ਼ਤਰ ਬਣਿਆ ਹੋਇਆ ਹੈ, ਉਹੀ ਥਾਂ ਸਿੱਖ ਭਾਈਚਾਰੇ ਨੂੰ ਸੌਂਪੀ ਜਾਵੇਗੀ। ਇੱਥੇ ਯਾਦਗਾਰ ਬਣਾਈ ਜਾਵੇਗੀ ਤੇ ਗੁਰਦੁਆਰੇ ਵਾਸਤੇ ਨੇੜੇ ਹੀ ਹੋਰ ਥਾਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਆਖਿਆ ਕਿ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਵੀ ਸਰਕਾਰ ਵੱਲੋਂ ਕਰਵਾ ਕੇ ਇਸ ਧਰਮ ਦੇ ਕੰਮ ਵਿਚ ਆਪਣਾ ਸਹਿਯੋਗ ਪਾਇਆ ਜਾਵੇਗਾ ਪਰ ਗੁਰਦੁਆਰੇ ਦੀ ਉਸਾਰੀ ਵੇਲੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਦਾ ਵੀ ਸਹਿਯੋਗ ਲਿਆ ਜਾਵੇਗਾ ਤਾਂ ਜੋ ਇਸ ਨੂੰ ਸਿੱਖ ਭਵਨ ਸ਼ੈਲੀ ਅਨੁਸਾਰ ਬਣਾਇਆ ਜਾ ਸਕੇ।

## ਹੋਂਦ ਚਿੱਲੜ ਕੇਸ ਦੀ ਸੁਣਵਾਈ 11 ਜਨਵਰੀ ਤੱਕ ਮੁਲਤਵੀ

**ਚੰਡੀਗੜ੍ਹ:** ਹੋਂਦ ਚਿਲੜ ਸਿੱਖ ਕਤਲੇਆਮ ਕੇਸ ਦੀ ਸੁਣਵਾਈ 11 ਜਨਵਰੀ ਤਕ ਮੁਲਤਵੀ ਕਰ ਦਿੱਤੀ ਗਈ ਹੈ। ਕੇਸ ਦੀ ਸੁਣਵਾਈ ਮੌਕੇ ਗਵਾਹ ਆਪਣੇ ਬਿਆਨ ਦੇਣ ਲਈ ਹਾਜ਼ਰ ਨਾ ਹੋ ਸਕੇ। ਹਾਸਲ ਜਾਣਕਾਰੀ ਮੁਤਾਬਕ ਛੇ ਗਵਾਹਾਂ ਨੂੰ ਬਿਆਨ ਦੇਣ ਲਈ ਸੰਮਨ ਕੀਤਾ ਗਿਆ ਸੀ ਪਰ ਉਨ੍ਹਾਂ ਦੇ ਗੈਰਹਾਜ਼ਰ ਰਹਿਣ ਕਾਰਨ ਸੁਣਵਾਈ ਬਗ਼ੈਰ ਕਾਰਵਾਈ ਤੋਂ ਮੁਲਤਵੀ ਕਰਨੀ ਪਈ। ਹੋਂਦ ਚਿਲੜ ਕੇਸ ਨਾਲ ਸਬੰਧਤ 69 ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਜਾ ਚੁੱਕੇ ਹਨ। ਕਮਿਸ਼ਨ ਵੱਲੋਂ ਗਵਾਹਾਂ ਨੂੰ ਦੁਬਾਰਾ ਤੋਂ ਸੰਮਨ ਕੀਤਾ ਜਾ ਰਿਹਾ ਹੈ।

## ਪੁਸਤਕ 'ਸਤਿ ਸਰੋਤ' ਦੇ ਲੇਖਕ ਖ਼ਿਲਾਫ਼ ਹੋਵੇਗਾ ਕੇਸ ਦਰਜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਪੁਸਤਕ 'ਸਤਿ ਸਰੋਤ' ਦੇ ਲੇਖਕ ਕੇਵਲ ਕ੍ਰਿਸ਼ਨ ਖ਼ਿਲਾਫ਼ ਗੁਰਬਾਣੀ ਦੀਆਂ ਪੰਕਤੀਆਂ ਤੇ ਅਰਦਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਮਾਮਲੇ ਵਿਚ ਪੁਲਿਸ ਕੇਸ ਦਰਜ ਕਰਵਾਉਣ ਦਾ ਫੈਸਲਾ ਲਿਆ ਹੈ। ਇਹ ਪੁਸਤਕ ਬਠਿੰਡਾ ਦੇ ਹੀਰਾ ਸਿੰਘ ਵਾਲਾ ਸਥਿਤ ਡੇਰਾ ਨਾਨਕ ਨਿਰਵਾਣ ਵੱਲੋਂ ਛਾਪੀ ਗਈ ਹੈ।


ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਿਸੇ ਵੀ ਡੇਰੇ ਜਾਂ ਸੰਸਥਾ ਦੇ ਲੇਖਕ ਨੂੰ ਗੁਰਬਾਣੀ ਦੀਆਂ ਪੰਕਤੀਆਂ, ਅਰਦਾਸ ਨੂੰ ਤੋੜ-ਮਰੋੜ ਕੇ ਆਪਣੇ ਨਿੱਜੀ ਹਿੱਤਾਂ ਲਈ ਅਰਥ ਕੱਢਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੁਸਤਕ 'ਸਤਿ ਸਰੋਤ' ਦੇ ਲੇਖਕ ਨੇ ਆਪਣੇ ਮੰਤਵ ਲਈ ਗੁਰਬਾਣੀ ਦੇ ਅਰਥ ਤੋੜ-ਮਰੋੜ ਕੇ ਆਪਣੇ ਡੇਰੇਦਾਰ ਨੂੰ ਖੁਸ਼ ਕਰਨ ਤੇ ਉੱਚਾ ਚੁੱਕਣ ਲਈ ਵਰਤੇ ਹਨ ਜੋ ਸੰਗਤ ਵਿਚ ਭਰਮ-ਭੁਲੇਖਾ ਪੈਦਾ ਕਰਨ ਦੀ ਕੋਸ਼ਿਸ਼ ਹੈ।

ਸ਼੍ਰੋਮਣੀ ਕਮੇਟੀ ਨੇ ਅਜਿਹੀ ਸੋਚ ਵਾਲੇ ਲੇਖਕ ਖ਼ਿਲਾਫ਼ ਕਾਨੂੰਨੀ ਕਾਰਵਾਈ ਲਈ ਸਕੱਤਰ, ਧਰਮ ਪ੍ਰਚਾਰ ਕਮੇਟੀ ਰਾਹੀਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਲਿਖਤੀ ਸ਼ਿਕਾਇਤ ਸੌਂਪੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਹਧਾਰੀ ਨੂੰ ਇਹ ਅਧਿਕਾਰ ਨਹੀਂ ਕਿ ਉਹ ਗੁਰੂ ਦੀ ਬਾਣੀ ਨਾਲ ਆਪਣੇ ਨਿੱਜੀ ਲਾਭ ਲਈ ਛੇੜਛਾੜ ਕਰੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਪਿਆਰਾ ਸਿੰਘ ਭਨਿਆਰੇ ਵਾਲੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਬਾਣੀ ਦੀਆਂ ਪੰਕਤੀਆਂ ਲੈ ਕੇ ਉਨ੍ਹਾਂ ਦਾ ਸਰੂਪ ਵਿਗਾੜ ਕੇ ਆਪਣਾ ਨਿੱਜੀ ਗ੍ਰੰਥ ਤਿਆਰ ਕੀਤਾ ਸੀ। ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਚੱਲ ਰਹੀ ਹੈ।

# ਹਰਿਮੰਦਰ ਸਾਹਿਬ ਵਿਚ ਪਿੰਨੀ ਪ੍ਰਸ਼ਾਦ ਸ਼ੁਰੂ

**ਅੰਮ੍ਰਿਤਸਰ:** ਦੇਸ਼ ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਂਦੇ ਸ਼ਰਧਾਲੂਆਂ ਦੀ ਮੰਗ 'ਤੇ ਪਿੰਨੀ ਪ੍ਰਸ਼ਾਦ ਸ਼ੁਰੂ ਕੀਤਾ ਗਿਆ ਹੈ। ਪਿੰਨੀ ਪ੍ਰਸ਼ਾਦ ਦੀ ਪੈਕਿੰਗ ਲਈ ਨਵੀਂ ਆਧੁਨਿਕ ਮਸ਼ੀਨ ਸਥਾਪਤ ਕੀਤੀ ਗਈ ਹੈ। ਇਹ ਮਸ਼ੀਨ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਰਾਹੀਂ ਭੇਟ ਕੀਤੀ ਗਈ ਹੈ ਜੋ ਕਿ ਤਕਰੀਬਨ ਇਕ ਲੱਖ ਰੁਪਏ ਦੀ ਲਾਗਤ ਦੀ ਹੈ। ਇਹ ਨਵੀਂ ਫੋਮ ਫੀਲ ਸੀਲ (ਐਫ.ਐਫ.ਐਸ.) ਮਸ਼ੀਨ ਪਿੰਨੀ ਪ੍ਰਸਾਦਿ ਵਾਲੇ ਕਾਊਂਟਰ ਨੇੜੇ ਹੀ ਸਥਾਪਤ ਕੀਤੀ ਗਈ ਹੈ।

ਇਹ ਮਸ਼ੀਨ ਭਾਰਤ ਇੰਡਸਟਰੀਜ਼ ਕੰਪਨੀ ਨੋਇਡਾ ਵੱਲੋਂ ਤਿਆਰ ਕੀਤੀ ਹੋਈ ਹੈ ਜੋ ਇਕ ਮਿੰਟ ਵਿਚ ਘੱਟੋ-ਘੱਟ 25 ਤੋਂ 30 ਪੈਕੇਟ ਪਿੰਨੀ ਪ੍ਰਸ਼ਾਦ ਦੀ ਪੈਕਿੰਗ ਦੀ ਸਮਰੱਥਾ ਰੱਖਦੀ ਹੈ। ਇਸ ਤੋਂ ਪਹਿਲਾਂ ਪਿੰਨੀ



ਪ੍ਰਸ਼ਾਦ ਦੀ ਪੈਕਿੰਗ ਦਾ ਕੰਮ ਹੱਥ ਰਾਹੀਂ ਹੀ ਕੀਤਾ ਜਾ ਰਿਹਾ ਸੀ। ਇਹ ਪਿੰਨੀ ਪ੍ਰਸ਼ਾਦ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਨਾਲ ਸ਼ਰਧਾਲੂਆਂ ਨੂੰ ਸਿਰੋਪਾਓ ਵੀ ਦਿੱਤਾ ਜਾਂਦਾ ਹੈ।

# ਚੁਰਾਸੀ ਕਤਲੇਆਮ: ਨੰਗਲੋਈ ਸਟੇਸ਼ਨ ‘ਤੇ 28 ਸਿੱਖ ਫ਼ੌਜੀ ਬਣੇ ਸ਼ਿਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 1984 ਦੇ ਸਿੱਖ ਕਤਲੇਆਮ ਦੌਰਾਨ 28 ਸਿੱਖ ਫੌਜੀ ਅਫਸਰਾਂ ਤੇ ਜਵਾਨਾਂ ਦਾ ਦਿੱਲੀ ਦੇ ਰੇਲਵੇ ਸਟੇਸ਼ਨ ਉਪਰ ਕਤਲੇਆਮ ਕੀਤਾ ਗਿਆ ਸੀ। ਇਸ ਦੁਖਾਂਤ ਦੇ 28 ਸਾਲਾਂ ਬਾਅਦ ਇਹ ਖੁਲਾਸਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਏਆਈਐਸਐਸਐਫ) ਵੱਲੋਂ ਕੀਤਾ ਗਿਆ ਹੈ। ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਹਿਲੀ ਨਵੰਬਰ 1984 ਨੂੰ ਦਿੱਲੀ ਦੇ ਤੁਗਲਕਾਬਾਦ ਨੰਗਲੋਈ ਰੇਲਵੇ ਸਟੇਸ਼ਨ ਉਪਰ ਸਿੱਖ ਵਿਰੋਧੀ ਦੰਗਾਕਾਰੀਆਂ ਨੇ 63 ਸਿੱਖਾਂ ਨੂੰ ਕਤਲ ਤੇ ਜ਼ਖਮੀ ਕੀਤਾ ਸੀ। ਇਨ੍ਹਾਂ ਵਿਚ 28 ਸਿੱਖ ਫੌਜੀ ਵੀ ਸ਼ਾਮਲ ਸਨ।

ਇਸ ਘਟਨਾ ਦੇ 28 ਸਾਲ ਪੁਰਾਣੇ ਹਾਸਲ ਕੀਤੇ ਦਸਤਾਵੇਜ਼ਾਂ ਅਨੁਸਾਰ ਇਸ ਕਤਲੇਆਮ ਦੀ ਬਕਾਇਦਾ ਪਹਿਲੀ ਨਵੰਬਰ 1984 ਨੂੰ ਰੇਲਵੇ ਪੁਲਿਸ (ਜੀਆਰਪੀ) ਦਿੱਲੀ ਵਲੋਂ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 147 ਤੇ 148 (ਦੰਗੇ ਕਰਨ), 201 (ਲਾਸ਼ ਖੁਰਦ-ਬੁਰਦ ਕਰਨ), 302 (ਕਤਲ) ਤੇ 295 (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਤਹਿਤ ਐਫਆਈਆਰ ਵੀ ਦਰਜ ਕੀਤੀ ਗਈ ਹੈ। ਜੀਆਰਪੀ ਦੀ ਹੁਣ ਤੱਕ ਦੀ ਪੜਤਾਲ




ਅਨੁਸਾਰ ਏਨਾ ਵੱਡਾ ਕਤਲੇਆਮ ਕਰਨ ਵਾਲੇ ਦੋਸ਼ੀਆਂ ਵਿਚੋਂ ਉਹ 28 ਸਾਲਾਂ ਬਾਅਦ ਕਿਸੇ ਇਕ ਵਿਅਕਤੀ ਨੂੰ ਵੀ ਪਛਾਣਨ ਤੋਂ ਅਸਮਰੱਥ ਰਹੀ ਹੈ ਤੇ ਇਸ ਆਧਾਰ ‘ਤੇ ਇਸ ਕਤਲੋਗਾਰਤ ਮਾਮਲੇ ਦੀ ਅਹਿਮ ਐਫਆਈਆਰ ਨੂੰ ਦਾਖਲ ਦਫਤਰ ਕੀਤਾ ਜਾ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਫੈਡਰੇਸ਼ਨ 1984 ਦੇ ਦੰਗਿਆਂ ਦੌਰਾਨ ਹੋਂਦ ਚਿੱਲੜ (ਹਰਿਆਣਾ), ਗੁੜਗਾਓਂ, ਪਟੌਦੀ, ਕਨੀਨਾ ਮੰਡੀ, ਰਿਵਾੜੀ, ਤਲਵਾੜਾ ਟਾਊਨਸ਼ਿਪ ਸਲਾਰ ਡੈਮ, ਰਿਆਸੀ ਜੰਮੂ, ਬੇਕਾਰੋ ਵਿਚ ਸਿੱਖਾਂ ਦੇ ਵਿਆਪਕ ਪੱਧਰ ‘ਤੇ ਹੋਏ ਕਤਲੇਆਮ ਦੇ ਖੁਲਾਸੇ ਕਰ ਚੁੱਕੀ ਹੈ।ਫੈਡਰੇਸ਼ਨ ਵੱਲੋਂ ਅੱਜ ਜਾਰੀ ਦਸਤਾਵੇਜ਼ਾਂ ਅਨੁਸਾਰ ਤੁਗਲਕਾਬਾਦ ਨੰਗਲੋਈ ਰੇਲਵੇ ਸਟੇਸ਼ਨ ਦਿੱਲੀ ਵਿਖੇ ਪਹਿਲੀ ਨਵੰਬਰ ਨੂੰ ਵਾਪਰੇ ਕਤਲੇਆਮ ਦੌਰਾਨ ਸ਼ਹੀਦ ਹੋਏ 28 ਸਿੱਖ ਫੌਜੀ ਅਫਸਰਾਂ ਤੇ ਜਵਾਨਾਂ ਵਿਚ ਲੈਫਟੀਨੈਂਟ ਕਰਨਲ ਏ ਐਸ ਆਨੰਦ (74 ਆਰਮਡ ਰੈਜੀਮੈਂਟ), ਫਲਾਈਟ ਲੈਫਟੀਨੈਂਟ ਹਰਿੰਦਰ ਸਿੰਘ, ਕੈਪਟਨ ਆਈ ਪੀ ਐਸ ਬਿੰਦਰਾ (63 ਕੈਵਲਰੀ), ਮੇਜਰ ਸੁਖਜਿੰਦਰ ਸਿੰਘ (150 ਫੀਲਡ ਰੈਜੀਮੈਂਟ), ਕੈਪਟਨ ਐਸ ਐਸ ਗਿੱਲ (89 ਆਰਮਡ ਰੈਜੀਮੈਂਟ), ਸੂਬੇਦਾਰ ਰਣਜੀਤ ਸਿੰਘ (22 ਸਿੱਖ ਬਟਾਲੀਅਨ), ਸੂਬੇਦਾਰ ਦਰਸ਼ਨ ਸਿੰਘ (ਇੰਟੈਲੀਜੈਂਸ ਕੋਰਪਸ), ਕੈਪਟਨ ਯੂ ਪੀ ਐਸ ਸੱਜਲ, ਸੂਬੇਦਾਰ ਅਨੂਪ ਸਿੰਘ (ਸਿਗਨਲ ਕੋਰਪਸ), ਨਾਇਬ ਸੂਬੇਦਾਰ ਸੁਰਜੀਤ ਸਿੰਘ (1 ਸਿੱਖ ਲਾਈਟ ਇਨਫੈਂਟਰੀ) ਫੌਜੀ ਅਧਿਕਾਰੀ ਤੇ ਜਵਾਨ ਸ਼ਾਮਲ ਸਨ।

ਇਨ੍ਹਾਂ ਦਸਤਾਵੇਜ਼ਾਂ ਅਨੁਸਾਰ 1 ਨਵੰਬਰ, 1984 ਨੂੰ ਇਸ ਰੇਲਵੇ ਸਟੇਸ਼ਨ ਉਪਰ ਕੁੱਲ 63 ਸਿੱਖਾਂ ਨੂੰ ਦੰਗਾਕਾਰੀਆਂ ਨੇ ਕਤਲ/ਜ਼ਖ਼ਮੀ ਕੀਤਾ ਸੀ। ਇਸ ਦੌਰਾਨ ਕਤਲ ਕੀਤੇ ਕਈ ਫੌਜੀਆਂ ਨੂੰ ਲਾਵਾਰਸ ਐਲਾਨ ਕੇ ਪੁਲਿਸ ਨੇ ਆਪਣੇ ਪੱਧਰ ‘ਤੇ ਹੀ ਸਸਕਾਰ ਕਰ ਦਿੱਤਾ ਸੀ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਇਸ ਕਤਲੇਆਮ ਦੀ ਹੁਣ ਤੱਕ ਹਾਸਲ ਜਾਣਕਾਰੀ ਅਨੁਸਾਰ ਤੁਗਲਕਾਬਾਦ ਨੰਗਲੋਈ ਰੇਲਵੇ ਸਟੇਸ਼ਨ ‘ਤੇ ਇਨ੍ਹਾਂ 63 ਪੀੜਤਾਂ ਵਿਚ 28 ਫੌਜੀ ਅਫਸਰ ਤੇ ਜਵਾਨ ਸਨ। ਇਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਹ ਘਟਨਾ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਵਾਪਰੀ ਸੀ। ਇਸ ਮੌਕੇ ਰੇਲਵੇ ਸਟੇਸ਼ਨ ਉਪਰ ਇਕੱਠੀ ਹੋਈ ਭੀੜ ਰੇਲ ਗੱਡੀਆਂ ਵਿਚੋਂ ਸਿੱਖਾਂ ਨੂੰ ਚੁਣ-ਚੁਣ ਕੇ ਮਾਰ ਰਹੀ ਸੀ।

ਉਨ੍ਹਾਂ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਮੰਗ ਕੀਤੀ ਕਿ ਇਨ੍ਹਾਂ ਫੌਜੀਆਂ ਦੇ ਕਾਤਲਾਂ ਦੀ ਭਾਲ ਲਈ ਵਿਸ਼ੇਸ਼ ਜੁਡੀਸ਼ੀਅਲ ਕਮਿਸ਼ਨ ਸਥਾਪਤ ਕੀਤਾ ਜਾਵੇ ਤੇ 28 ਸਾਲਾਂ ਬਾਅਦ ਵੀ 28 ਫੌਜੀਆਂ ਦੇ ਕਾਤਲਾਂ ਉਪਰ ਪਰਦਾ ਪਾਉਣ ਵਾਲੀਆਂ ਪੁਲਿਸ ਤੇ ਹੋਰ ਏਜੰਸੀਆਂ ਵੱਲੋਂ ਘੜੀ ਸਾਜ਼ਿਸ਼ ਦਾ ਪਤਾ ਲਾਇਆ ਜਾਵੇ। ਇਸ ਤੋਂ ਇਲਾਵਾ ਇਨ੍ਹਾਂ ਫੌਜੀਆਂ ਨੂੰ ਜੰਗੀ ਸ਼ਹੀਦ ਮੰਨ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਚ ਪੁਰਸਕਾਰਾਂ ਨਾਲ ਸਨਮਾਨਤ ਕਰਕੇ ਨੌਕਰੀਆਂ ਦਿੱਤੀਆਂ ਜਾਣ। ਇਸ ਗੰਭੀਰ ਮੁੱਦੇ ਉਪਰ ਚੱਲ ਰਹੇ ਲੋਕ ਸਭਾ ਦੇ ਸੈਸ਼ਨ ਦੌਰਾਨ ਸ਼ੋਕ ਮਤਾ ਪਾਸ ਕਰਨ ਦੀ ਮੰਗ ਵੀ ਕੀਤੀ ਗਈ ਹੈ।

# ਜਦੋਂ ਆਦੇਸ਼ ਪ੍ਰਤਾਪ ਨੇ ਵਿਖਾਇਆ ਜਲਵਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਲੰਘੇ ਦਿਨੀਂ ਮੰਡਰੀ ਮੰਡਲ ਦੀ ਮੀਟਿੰਗ ਵਿਚ ਆਪਣਾ ਖੂਬ ਜਲਵਾ ਵਿਖਾਇਆ। ਸ. ਕੈਰੋਂ ਨੇ ਮੰਤਰੀ ਮੰਡਲ ਦਾ ਏਜੰਡਾ ਵੇਲੇ ਸਿਰ ਨਾ ਦੇਣ ਕਾਰਨ ਕਾਫੀ ਨਾਰਾਜ਼ਗੀ ਪ੍ਰਗਟਾਈ ਤੇ ਮੀਟਿੰਗ ਦੌਰਾਨ ਕਈ ਮੱਦਾਂ ਮੁਲਤਵੀ ਕਰਾ ਦਿੱਤੀਆਂ। ਇਸ ਗੱਲ ਤੋਂ ਹੋਰ ਮੰਤਰੀ ਕਾਫੀ ਔਖੇ ਨਜ਼ਰ ਆਏ ਪਰ ਬੋਲਿਆ ਕੋਈ ਨਹੀਂ।

ਸ. ਕੈਰੋਂ ਨੇ ਕਹਿਣਾ ਸੀ ਕਿ ਏਜੰਡਾ ਵੇਲੇ ਸਿਰ ਨਾ ਮਿਲਣ ਕਾਰਨ ਪੜ੍ਹਿਆ ਨਹੀਂ ਜਾਂਦਾ ਤੇ ਮੀਟਿੰਗ ਦੌਰਾਨ ਖੁੱਲ੍ਹ ਕੇ ਵਿਚਾਰ ਚਰਚਾ ਨਹੀਂ ਕੀਤੀ ਜਾ ਸਕਦੀ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨੇ ਕੰਟਰੈਕਟ ਫਾਰਮਿੰਗ ਦੇ ਨਵੇਂ ਕਾਨੂੰਨ ਵਾਲੇ ਬਿੱਲ ਬਾਰੇ ਕਿਹਾ ਕਿ ਇਹ ਬਿੱਲ ਬਹੁਤ ਵੱਡਾ ਹੈ ਤੇ ਚੰਦ ਮਿੰਟਾਂ ਵਿਚ ਪੜ੍ਹਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਬਿੱਲ ਨੂੰ ਬਿਨਾਂ ਪੜ੍ਹੇ ਤੇ ਬਿਨਾਂ ਚਰਚਾ ਤੋਂ ਪਾਸ ਕਰਨਾ ਠੀਕ ਨਹੀਂ। ਇਸ ਲਈ ਮਾਮਲੇ ਨੂੰ ਅੱਗੇ ਪਾਇਆ ਜਾਵੇ।



ਇਸੇ ਤਰ੍ਹਾਂ ਦਾ ਰੁਖ਼ ਸ. ਕੈਰੋਂ ਨੇ ਕਿਸਾਨਾਂ ਨੂੰ ਜਿਣਸਾਂ ਦੀ ਅਦਾਇਗੀ ਸਿੱਧੀ ਜਾਂ ਆੜ੍ਹਤੀਆਂ ਰਾਹੀਂ ਕਰਨ ਲਈ ਵਿਚਾਰ ਕੀਤੇ ਜਾਣ ‘ਤੇ ਅਪਣਾਇਆ। ਸੂਤਰਾਂ ਮੁਤਾਬਕ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚਲਦੇ ਮਾਮਲੇ ਦੇ ਮੱਦੇਨਜ਼ਰ ਸਰਕਾਰ ਕਿਸਾਨਾਂ ਨੂੰ ਜਿਣਸਾਂ ਦੀ ਅਦਾਇਗੀ ਬਾਰੇ ਕੋਈ ਸਪਸ਼ਟ ਫੈਸਲਾ ਕਰਨਾ ਚਾਹੁੰਦੀ ਹੈ। ਸ. ਕੈਰੋਂ ਨੇ ਕਿਹਾ ਕਿ ਹੈ ਕਿ ਜਿਣਸਾਂ ਦੀ ਖਰੀਦ ਦਾ ਕੰਮ ਉਨ੍ਹਾਂ ਦਾ ਵਿਭਾਗ ਕਰਦਾ ਹੈ ਪਰ ਇਸ ਮਾਮਲੇ ਬਾਰੇ ਉਨ੍ਹਾਂ ਨੂੰ ਹੀ ਪੂਰੀ ਜਾਣਕਾਰੀ ਨਹੀਂ ਤਾਂ ਮੱਦ ਨੂੰ ਕਿਵੇਂ ਪਾਸ ਕਰ ਦਿੱਤਾ ਜਾਵੇ।

ਹੋਰ ਤਾਂ ਹੋਰ ਟ੍ਰਾਈਸਿਟੀ ਮੈਟਰੋ ਦੇ ਮਾਮਲੇ ਵਿਚ ਵੀ ਸ. ਕੈਰੋਂ ਨੇ ਕਈ ਇਤਰਾਜ਼ ਲਾਏ। ਉਨ੍ਹਾਂ ਕਿਹਾ ਕਿ ਪੰਜਾਬ ਵੱਲੋਂ ਮੁਹਾਲੀ ਵਿਚ ਮੈਟਰੋ ਚਲਾਉਣ ਲਈ ਜੋ ਫੈਸਲੇ ਲਏ ਜਾ ਰਹੇ ਹਨ, ਉਹ ਤਰਕਸੰਗਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਮੁਹਾਲੀ ਤੇ ਮੁੱਲਾਂਪੁਰ ਗਰੀਬਦਾਸ ਇਲਾਕੇ ਵਿਚ 7.9 ਕਿਲੋਮੀਟਰ ਤੋਂ ਬਾਅਦ ਜਦੋਂ ਪੰਜਾਬ ਨੇ ਖੁ਼ਦ ਹੀ ਮੈਟਰੋ ਚਲਾਉਣ ‘ਤੇ ਖਰਚ ਕਰਨ ਦਾ ਫੈਸਲਾ ਲੈਣਾ ਹੈ ਤਾਂ ਟ੍ਰਾਈਸਿਟੀ ਪ੍ਰਾਜੈਕਟ ਵਿਚ ਭਾਈਵਾਲ ਬਣਨ ਦੀ ਕੋਈ ਜ਼ਰੂਰਤ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਫਿਲਹਾਲ ਵਿਚਾਰ ਲਿਆ ਜਾਵੇ। ਸ. ਕੈਰੋਂ ਦੀਆਂ ਟਿੱਪਣੀਆਂ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਖ਼ਲ ਦਿੰਦਿਆਂ ਕਿਹਾ ਕਿ ਟ੍ਰਾਈਸਿਟੀ ਮੈਟਰੋ ਵਿਚ ਭਾਈਵਾਲ ਬਣਨ ਲਈ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਰਾਜਪਾਲ ਸ਼ਿਵਰਾਜ ਪਾਟਿਲ ਨਾਲ ਹੋਈ ਮੀਟਿੰਗ ਦੌਰਾਨ ਭਰੋਸਾ ਦਿੱਤਾ ਜਾ ਚੁੱਕਾ ਹੈ। ਇਸ ਲਈ ਮੈਟਰੋ ਪ੍ਰਾਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਜਾਵੇ ਬਾਕੀ ਮਾਮਲੇ ਫਿਰ ਦੇਖ ਲਿਆ ਜਾਵੇਗਾ।

# ਕਾਂਗਰਸੀ ਵਿਧਾਇਕ ਸਿੱਧੂ ਖਿਲਾਫ ਕਤਲ ਦਾ ਮੁਕੱਦਮਾ

**ਚੰਡੀਗੜ੍ਹ:** ਬਹੁ ਚਰਚਿਤ ਬਰਿਆਲੀ ਕਤਲ ਕਾਂਡ ਮਾਮਲੇ ਵਿਚ ਸੀ.ਬੀ.ਆਈ ਨੇ ਮੁਹਾਲੀ ਤੋਂ ਕਾਂਗਰਸੀ ਵਿਧਾਇਕ ਬਲਬੀਰ ਸਿੰਘ ਸਿੱਧੂ, ਉਸ ਦੇ ਭਰਾ ਅਮਰਜੀਤ ਸਿੰਘ ਸਿੱਧੂ, ਬਰਿਆਲੀ ਦੇ ਸਾਬਕਾ ਸਰਪੰਚ ਕੁਲਵੰਤ ਸਿੰਘ, ਉਸ ਦੇ ਭਰਾ ਦਿਲਾਵਰ ਸਿੰਘ ਤੇ ਹੋਰਾਂ ਵਿਰੁੱਧ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਮਾਮਲਾ ਦਰਜ ਕੀਤਾ ਹੈ। ਸੀ.ਬੀ.ਆਈ ਦੇ ਡੀ.ਆਈ.ਜੀ. ਮਹੇਸ਼ ਅਗਰਵਾਲ ਮੁਤਾਬਕ ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮ ‘ਤੇ ਦਰਜ ਕੀਤਾ ਗਿਆ ਹੈ ਕਿਉਂਕਿ ਇਸ ਕਤਲ ਵਿਚ ਮਾਰੇ ਗਏ ਬਰਿਆਲੀ ਦੇ ਰਤਨ ਸਿੰਘ ਦੇ ਬੇਟੇ ਹਰਜਿੰਦਰ ਸਿੰਘ ਵੱਲੋਂ ਪਾਈ ਪਟੀਸ਼ਨ ‘ਤੇ ਅਦਾਲਤ ਨੇ 14 ਅਕਤੂਬਰ ਨੂੰ ਮਾਮਲਾ ਪੰਜਾਬ ਪੁਲਿਸ ਤੋਂ ਲੈ ਕੇ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ। ਸੀ.ਬੀ.ਆਈ. ਵੱਲੋਂ ਹਾਈ ਕੋਰਟ ਨੂੰ ਸੌਂਪੀ ਜਾਂਚ ਰਿਪੋਰਟ ਉਪਰੰਤ ਹਾਈ ਕੋਰਟ ਨੇ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ ਸਨ। ਜ਼ਿਕਰਯੋਗ ਹੈ ਕਿ 18 ਦਸੰਬਰ 2010 ਨੂੰ ਜ਼ਿਲ੍ਹਾ ਮੁਹਾਲੀ ਦੇ ਪਿੰਡ ਬਰਿਆਲੀ ਵਿਖੇ ਇਹ ਕਾਂਡ ਵਾਪਰਿਆ ਸੀ ਜਿਸ ਵਿਚ ਪੁਲਿਸ ਨੇ ਮਾਮਲਾ ਦਰਜ ਕੀਤਾ ਸੀ ਕਿ ਬਰਿਆਲੀ ਦੇ ਚੁਣੇ ਗਏ ਨਵੇਂ ਸਰਪੰਚ ਕੁਲਵੰਤ ਸਿੰਘ ਦੀ ਆਪਣੇ ਗੁਆਂਢੀ ਰਤਨ ਸਿੰਘ ਨਾਲ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਪੁਰਾਣੀ ਰੰਜ਼ਿਸ਼ ਚੱਲੀ ਆ ਰਹੀ ਸੀ ਤੇ ਕੁਲਵੰਤ ਸਿੰਘ ਦੀ ਸਰਪੰਚੀ ਦੀ ਚੋਣ ਨੂੰ ਰਤਨ ਸਿੰਘ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਸੀ।



ਇਸ ਤੋਂ ਬਾਅਦ ਪਿੰਡ ਵਿਚ ਗੋਲੀਬਾਰੀ ਦੀ ਘਟਨਾ ਨਾਲ ਰਤਨ ਸਿੰਘ ਦੀ ਮੌਤ ਹੋ ਗਈ ਸੀ, ਜਦਕਿ ਉਸ ਦੇ ਬੇਟੇ ਹਰਜਿੰਦਰ ਸਿੰਘ ਸਮੇਤ ਚਾਰ ਜਣੇ ਗੋਲੀਆਂ ਵੱਜਣ ਨਾਲ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਵਿਚ ਪੁਲਿਸ ਨੇ ਵਿਧਾਇਕ ਬਲਬੀਰ ਸਿੰਘ ਸਿੱਧੂ ਦੇ ਭਰਾ ਅਮਰਜੀਤ ਸਿੰਘ ਉਪਰ ਤਾਂ ਕਤਲ ‘ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਗਿਆ ਸੀ ਜਦਕਿ ਬਲਬੀਰ ਸਿੰਘ ਸਿੱਧੂ ‘ਤੇ ਸਾਜ਼ਿਸ਼ ‘ਚ ਸ਼ਾਮਲ ਹੋਣ ਦਾ ਦੋਸ਼ ਲਾ ਕੇ ਪਰਚਾ ਦਰਜ ਕੀਤਾ ਸੀ।

# ਸਿੰਘ ਸਾਹਿਬਾਨ ਵੱਲੋਂ ਹਰਿਆਣਾ ਸਰਕਾਰ ਨੂੰ ਤਾੜਨਾ

**ਅੰਮ੍ਰਿਤਸਰ:** ਹਰਿਆਣਾ ਸਰਕਾਰ ਨੂੰ ਤਾੜਨਾ ਕਰਦੇ ਹੋਏ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਡੇਰਾ ਪ੍ਰੇਮੀਆਂ ਵੱਲੋਂ ਕੀਤੀ ਹਿੰਸਾ ਦੇ ਮਾਮਲੇ ਵਿਚ ਜਿਨ੍ਹਾਂ ਖ਼ਿਲਾਫ਼ ਪੁਲਿਸ ਕੇਸ ਦਰਜ ਕੀਤਾ ਗਿਆ ਹੈ, ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਅਜਿਹਾ ਨਾ ਕੀਤੇ ਜਾਣ ‘ਤੇ ਸਿੱਖ ਕੌਮ ਨੂੰ ਕੋਈ ਸਖ਼ਤ ਫੈਸਲਾ ਲੈਣ ਲਈ ਮੁੜ ਵਿਚਾਰ ਕਰਨਾ ਪਵੇਗਾ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਕੇਸ ਦਰਜ ਹੋਣ ਦੇ ਬਾਵਜੂਦ ਦਬਾਅਦ ਹੇਠ ਦੋਸ਼ੀ ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਦੇ ਸਮਰਥਕਾਂ ਵੱਲੋਂ ਪਿਛਲੇ ਦਿਨੀਂ ਸਿਰਸਾ ਤੇ ਉੱਥੋਂ ਦੇ ਜੀਵਨ ਨਗਰ ਵਿਚ ਭੰਨਤੋੜ ਤੇ ਕੁੱਟਮਾਰ ਕੀਤੀ ਗਈ ਸੀ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਕੱਤਰਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦਾ ਸਸਕਾਰ ਕੀਤੇ ਜਾਣ ਦਾ ਮਾਮਲਾ ਵੀ ਵਿਚਾਰਿਆ ਗਿਆ ਹੈ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸ਼ਰਧਾਲੂਆਂ ਨੂੰ ਭੇਟ ਕਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਨੂੰ ਮੁੱਖ ਰੱਖਿਆ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਮੌਕੇ ਕਈ ਪੰਥਕ ਮਸਲਿਆਂ ‘ਤੇ ਆਏ ਸੁਝਾਵਾਂ ਬਾਰੇ ਵਿਚਾਰ ਕੀਤਾ ਗਿਆ।


ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ‘ਚ ਕੁਝ ਸੁਝਾਅ ਦੇਣ ਵਾਲੇ ਪਰਵਾਸੀ ਸਿੱਖ ਵਫ਼ਦ ਦੇ ਆਗੂ ਜਸਵਿੰਦਰ ਸਿੰਘ ਆਸਟਰੇਲੀਆ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਸੰਸਾ ਪੱਤਰ ਨਾਲ ਨਿਵਾਜਿਆ ਗਿਆ। ਗਿਆਨੀ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਸ਼ਿਰਕਤ ਕੀਤੀ।

# ਸ਼ਾਦਮਾਨ ਚੌਕ ਦਾ ਮਾਮਲਾ ਹੋਰ ਉਲਝਿਆ

**ਲਾਹੌਰ:** ਪਾਕਿਸਤਾਨੀ ਵਿਚ ਇਤਿਹਾਸਕ ਥਾਂਵਾਂ ਦੇ ਨਾਂ ਬਦਲਣ ਵਾਲੀ ਕਮੇਟੀ ਵਿਚ ਮਤਭੇਦ ਪੈਦਾ ਹੋ ਗਏ ਹਨ ਤੇ ਇਸ ਦੇ ਕੁਝ ਮੈਂਬਰ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਮਹਾਨ ਆਜ਼ਾਦੀ ਘੁਲਾਟੀਏ ਭਗਤ ਸਿੰਘ ਦੇ ਨਾਂ ‘ਤੇ ਰੱਖਣ ਦੇ ਫ਼ੈਸਲੇ ਦੀ ਹਮਾਇਤ ਨਹੀਂ ਕਰ ਰਹੇ। ਇਸ ਮੌਕੇ ਇਹ ਵੀ ਮੰਗ ਉੱਠੀ ਕਿ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਕਵੀ ਹਬੀਬ ਜਾਲਿਬ ਦੇ ਨਾਂ ‘ਤੇ ਰੱਖਿਆ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਕਮੇਟੀ ਨੇ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ ‘ਤੇ ਰੱਖਣ ਦੀ ਲਾਹੌਰ ਸਿਟੀ ਜਿਲ੍ਹਾ ਸਰਕਾਰ ਦੀ ਤਜਵੀਜ਼ ਦੀ ਹਮਾਇਤ ਕੀਤੀ ਸੀ ਕਿਉਂਕਿ 23 ਮਾਰਚ 1931 ਨੂੰ ਭਗਤ ਸਿੰਘ ਨੂੰ ਇਸੇ ਥਾਂ ‘ਤੇ ਫਾਂਸੀ ਦਿੱਤੀ ਗਈ ਸੀ। ਦਿਲਕਸ਼ ਲਾਹੌਰ ਕਮੇਟੀ ਦੇ ਉਪ ਪ੍ਰਧਾਨ ਐਜਾਜ਼ ਅਨਵਰ ਮੁਤਾਬਕ ਕਮੇਟੀ ਦੇ ਕੁਝ ਮੈਂਬਰ ਜਮਾਤ-ਉਦ-ਦਵਾ ਦੇ ਦਬਾਅ ਅੱਗੇ ਝੁਕ ਗਏ ਹਨ ਤੇ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਦੀ ਤਜਵੀਜ਼ ਨੂੰ ਵਾਪਸ ਲੈਣ ਦਾ ਸੁਝਾਅ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਕਮੇਟੀ ਨੇ ਸਿਧਾਂਤਕ



ਰੂਪ ਵਿਚ ਕਿਸੇ ਵੀ ਸੰਗਠਨ ਦੇ ਦਬਾਅ ਹੇਠ ਨਾ ਝੁਕਣ ਦਾ ਫ਼ੈਸਲਾ ਕੀਤਾ ਹੈ ਤੇ ਸਰਕਾਰ ਅਦਾਲਤ ਵਿਚ ਲੜਾਈ ਲੜੇਗੀ।

ਸਥਾਨਕ ਵਪਾਰੀਆਂ ਤੇ ਜਮਾਤ-ਉਦ-ਦਵਾ ਦੇ ਸੰਗਠਨ ਤਹਿਰੀਕ-ਏ-ਹੁਰਮਤ-ਏ-ਰਸੂਲ ਦੇ ਵਿਰੋਧ ਕਾਰਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ ‘ਤੇ ਰੱਖਣ ਦੀ ਤਜਵੀਜ਼ ਹੁਣ ਤੱਕ ਸਿਰੇ ਨਹੀਂ ਚੜ੍ਹ ਸਕੀ। ਤਹਿਰੀਕ ਨੇ ਇਸ ਤਜਵੀਜ਼ ਵਿਰੁੱਧ ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਪੰਜਾਬ ਸਰਕਾਰ ਨੇ ਲਾਹੌਰ ਦਿਲਕਸ਼ ਕਮੇਟੀ ਨੂੰ ਇਤਿਹਾਸਕ ਸ਼ਖਸੀਅਤਾਂ ਦੇ ਨਾਂ ‘ਤੇ ਲਾਹੌਰ ਦੀਆਂ ਸੜਕਾਂ ਤੇ ਚੌਕਾਂ ਦਾ ਨਾਂ ਰੱਖਣ ਬਾਰੇ ਸੁਝਾਅ ਦੇਣ ਦਾ ਕੰਮ ਸੌਂਪਿਆ ਸੀ।

# ਕੈਨੇਡਾ ਪੁਲਿਸ ਵੱਲੋਂ ਪਰਵਾਸੀ ਪੰਜਾਬੀ ਦੀ ਕੁੱਟਮਾਰ

**ਚੰਡੀਗੜ੍ਹ:** ਕੈਨੇਡਾ ਦੇ ਬਰੈਂਪਟਨ ਵਿਚ ਓਂਟਾਰੀਓ ਪੁਲਿਸ ਵੱਲੋਂ ਸਿਵਲ ਵਰਦੀ ਵਿਚ ਆ ਕੇ ਸਿੱਖ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਣ ਦੀ ਚਰਚਾ ਹੈ। ਪੁਲਿਸ ਵੱਲੋਂ ਇਹ ਕਾਰਵਾਈ ਰਾਤ ਨੂੰ 11 ਵਜੇ ਦੇ ਕਰੀਬ ਉਸ ਵੇਲੇ ਕੀਤੀ ਗਈ ਜਦੋਂ ਸੁਖਮੰਦਰ ਸਿੰਘ ਨਾਂ ਦਾ ਇਹ ਨੌਜਵਾਨ ਆਪਣੇ ਪਰਿਵਾਰ ਸਮੇਤ ਸੁੱਤਾ ਪਿਆ ਸੀ। ਉਸ ਦੀਆਂ ਦੋ ਛੋਟੀਆਂ ਚਾਰ ਤੇ ਨੌਂ ਸਾਲ ਦੀਆਂ ਬੱਚੀਆਂ ਵੀ ਪੁਲਿਸ ਦੇ ਕਹਿਰ ਤੋਂ ਨਹੀਂ ਬਚ ਸਕੀਆਂ ਜਦਕਿ ਉਸ ਦੇ ਪੁੱਤਰ ਤੇ ਉਸ ਦੀ ਪਤਨੀ ਨੂੰ ਵੀ ਕਾਫੀ ਸਮੇਂ ਤੱਕ ਮੁਜਰਮਾਂ ਵਾਂਗ ਕੁੱਟਿਆ ਜਾਂਦਾ ਰਿਹਾ।

ਉਸ ਦੀ ਪਤਨੀ ਨੇ ਦੋਸ਼ ਲਾਇਆ ਕਿ ਉਨ੍ਹਾਂ ਨਾਲ ਇਹ ਸਭ ਸਿਰਫ ਸਿੱਖ ਹੋਣ ਕਰਕੇ ਹੀ ਕੀਤਾ ਗਿਆ ਹੈ ਤੇ ਇਹ ਨਸਲੀ ਵਿਤਕਰੇ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਸੁਖਮੰਦਰ ਸਿੰਘ ਦੀ ਪਤਨੀ ਨੇ ਦੱਸਿਆ ਕਿ ਇਹ ਘਟਨਾ ਤਿੰਨ ਦਸੰਬਰ ਨੂੰ ਵਾਪਰੀ ਜਦੋਂ ਓਂਟਾਰੀਓ ਦੀ ਪੁਲਿਸ ਸਿਵਲ ਡਰੈੱਸ ਵਿਚ ਧੱਕੇ ਨਾਲ ਉਨ੍ਹਾਂ ਦੇ ਘਰ ਆ ਵੜੀ। ਉਸ ਨੇ ਕਿਹਾ ਕਿ ਸਿਵਲ ਵਰਦੀ ਵਿਚ ਹੋਣ ਕਾਰਨ ਉਨ੍ਹਾਂ ਨੂੰ ਇਹ ਯਕੀਨ ਹੀ ਨਹੀਂ ਸੀ ਕਿ ਇਹ ਪੁਲਿਸ ਹੈ ਕਿਉਂਕਿ ਉਹ ਇਨ੍ਹਾਂ ਨੂੰ ਲੁਟੇਰੇ ਸਮਝ ਰਹੇ ਸਨ।

## ਧੱਕੇ ਨਾਲ ਘਰ ‘ਚ ਵੜ ਕੇ ਬੱਚਿਆਂ ਨੂੰ ਧਮਕਾਇਆ




ਉਸ ਨੇ ਕਿਹਾ ਕਿ ਪੁਲਿਸ ਦੇ ਇਹ ਮੁਲਾਜ਼ਮ ਜੋ ਗਿਣਤੀ ਵਿਚ ਅੱਧੀ ਦਰਜਨ ਤੋਂ ਵੀ ਵਧੇਰੇ ਸਨ, ਉੱਚੀ-ਉੱਚੀ ਕਹਿ ਰਹੇ ਸਨ ਕਿ ਸੁਖਮੰਦਰ ਸਿੰਘ ਡਰੱਗਜ਼ ਦੀ ਸਮੱਗਲਿੰਗ ਕਰਦਾ ਹੈ ਤੇ ਉਸ ਨੇ ਆਪਣੀ ਕਿਰਪਾਨ ਨਾਲ ਪੁਲਿਸ ‘ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੁਖਮੰਦਰ ਸਿੰਘ ਦੀ ਪਤਨੀ ਨੇ ਦਾਅਵਾ ਕੀਤਾ ਕਿ ਉਸ ਦਾ ਪਤੀ ਗਾਤਰੇ ਵਿਚ ਕਿਰਪਾਨ ਨਹੀਂ ਪਹਿਨਦਾ ਤੇ ਆਪਣੇ ਗਲੇ ਵਿਚ ਹੀ ਛੋਟੀ ਜਿਹੀ ਕ੍ਰਿਪਾਨ ਧਾਰਨ ਕਰਦਾ ਹੈ। ਉਸ ਨੇ ਦੱਸਿਆ ਕਿ ਪੁਲਿਸ ਦੇ ਇਹ ਮੁਲਾਜ਼ਮ ਉਨ੍ਹਾਂ ਨੂੰ ਕੋਈ ਸਰਚ ਵਾਰੰਟ ਨਹੀਂ ਦਿਖਾ ਸਕੇ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਸਾਰੇ ਘਰ ਦੀ ਤਲਾਸ਼ੀ ਲਈ।

ਸ਼ੋਰ ਸੁਣ ਕੇ ਉਸ ਦੀਆਂ ਚਾਰ ਤੇ ਨੌਂ ਸਾਲ ਦੀਆਂ ਛੋਟੀਆਂ ਬੱਚੀਆਂ ਜੋ ਉੱਪਰਲੇ ਕਮਰੇ ਵਿਚ ਸੌਂ ਰਹੀਆਂ ਸਨ, ਉਹ ਵੀ ਉੱਠ ਖੜ੍ਹੀਆਂ ਤੇ ਉਨ੍ਹਾਂ ਨੇ ਇਹ ਵਹਿਸ਼ੀਪੁਣਾ ਆਪਣੇ ਅੱਖੀਂ ਦੇਖਿਆ। ਇਹ ਲੜਕੀਆਂ ਇੰਨੀਆਂ ਜ਼ਿਆਦਾ ਸਦਮੇ ਵਿਚ ਆ ਗਈਆਂ ਕਿ ਕਈ ਘੰਟੇ ਤੱਕ ਬੋਲਣ ਦੀ ਹਾਲਤ ਵਿਚ ਨਹੀਂ ਰਹੀਆਂ। ਉਸ ਨੇ ਦੱਸਿਆ ਕਿ ਇਨ੍ਹਾਂ ਨਾਲ ਆਈ ਇਕ ਮਹਿਲਾ ਪੁਲਿਸ ਮੁਲਾਜ਼ਮ ਉਸ ਦੀ ਨੌਂ ਸਾਲ ਦੀ ਬੇਟੀ ਨੂੰ ਧੂਹ ਕੇ ਹੇਠਾਂ ਲੈ ਕੇ ਆਈ ਤੇ ਉਸ ਦੀ ਮਾਰਕੁਟਾਈ ਕੀਤੀ। ਪੁਲਿਸ ਵਾਲਿਆਂ ਨੇ ਉਸ ਦੇ ਪੁੱਤਰ ਦੀ ਵੀ ਬੁਰੀ ਤਰ੍ਹਾਂ ਮਾਰਕੁਟਾਈ ਕੀਤੀ।

ਜਦੋਂ ਉਸ ਦੇ ਪਤੀ ਨੇ ਪੁਲਿਸ ਨੂੰ ਫੋਨ ਕਰਨ ਲਈ ਆਪਣਾ ਮੋਬਾਈਲ ਫੋਨ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਇਹ ਕਹਿੰਦਿਆਂ ਉਸ ਨੂੰ ਫੇਰ ਢਾਹ ਲਿਆ ਕਿ ਉਹ ਪੁਲਿਸ ਨੂੰ ਨੁਕਸਾਨ ਪਹੁੰਚਾਉਣ ਲਈ ਕੋਈ ਹਥਿਆਰ ਲੱਭ ਰਿਹਾ ਸੀ। ਉਸ ਨੇ ਕਿਹਾ ਕਿ ਜਦੋਂ ਪੁਲਿਸ ਕੋਲੋਂ ਸਰਚ ਵਾਰੰਟ ਦੀ ਮੰਗ ਕੀਤੀ ਗਈ ਕਿ ਤਾਂ ਆਪਣੇ-ਆਪ ਨੂੰ ਪੁਲਿਸ ਪਾਰਟੀ ਦਾ ਚੀਫ ਆਖਣ ਵਾਲੇ ਵਿਅਕਤੀ ਨੇ ਕਿਹਾ ਕਿ ਸਰਚ ਵਾਰੰਟ ਉਸ ਦੀ ਗੱਡੀ ਵਿੱਚ ਪਿਆ ਹੈ, ਉਹ ਜਾਂਦਾ ਹੋਇਆ ਦਿਖਾ ਦੇਵੇਗਾ।

ਉਸ ਨੇ ਕਿਹਾ ਕਿ ਉਨ੍ਹਾਂ ਨੇ ਪੁਲਿਸ ਕੋਲੋਂ ਜਦੋਂ ਇਹ ਮੰਗ ਕੀਤੀ ਕਿ ਉਹ ਉਨ੍ਹਾਂ ਕੋਲੋਂ ਬਰਾਮਦ ਕੀਤੀ ਹੋਈ ਡਰੱਗ ਦਿਖਾਉਣ ਤਾਂ ਪੁਲਿਸ ਅਜਿਹਾ ਨਹੀਂ ਕਰ ਸਕਦੀ ਪਰ ਉਸ ਦੇ ਪੁੱਤਰ ‘ਤੇ 10 ਗ੍ਰਾਮ ਹੈਰੋਇਨ ਦਾ ਕੇਸ ਜ਼ਰੂਰ ਬਣਾ ਦਿੱਤਾ। ਉਸ ਨੇ ਦੱਸਿਆ ਕਿ ਉਹ ਸਾਰੇ ਹੀ ਕੈਨੇਡਾ ਦੇ ਪੱਕੇ ਵਸਨੀਕ ਹਨ ਪਰ ਹੁਣ ਉਨ੍ਹਾਂ ਨੂੰ ਆਪਣੇ ਕੈਨੇਡੀਅਨ ਹੋਣ ‘ਤੇ ਬਹੁਤ ਸ਼ਰਮ ਮਹਿਸੂਸ ਹੋ ਰਹੀ ਹੈ। ਉਸ ਨੇ ਦੱਸਿਆ ਕਿ ਜਾਂਦੇ ਸਮੇਂ ਪੁਲਿਸ ਨੇ ਉਸ ਨੂੰ ਧਰਤੀ ‘ਤੇ ਸੁੱਟ ਦਿੱਤਾ ਤੇ ਆਪਣਾ ਗੋਡਾ ਉਸ ਦੀ ਪਿੱਠ ‘ਤੇ ਰੱਖ ਕੇ ਸਿਰ ‘ਤੇ ਬੰਦੂਕ ਤਾਣ ਲਈ ਤੇ ਮੂੰਹ ਬੰਦ ਰੱਖਣ ਦੀ ਧਮਕੀ ਦਿੱਤੀ। ਉਸ ਨੇ ਇਸ ਮਾਮਲੇ ਵਿਚ ਅਦਾਲਤ ਵਿਚ ਜਾਣ ਦੀ ਗੱਲ ਆਖੀ ਹੈ ਤੇ ਭਾਰਤ ਦੇ ਲੋਕਾਂ ਤੋਂ ਵੀ ਮੰਗ ਕੀਤੀ ਹੈ ਕਿ ਉਸ ਦੇ ਹੱਕ ਵਿਚ ਆਵਾਜ਼ ਉਠਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਇਨਸਾਫ ਮਿਲ ਸਕੇ।

## ਓਬਾਮਾ ਦੀ ਜਿੱਤ ਵਿਚ ਏਸ਼ੀਅਨਾਂ ਦਾ ਵੱਡਾ ਹੱਥ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿਚ ਰਿਪਬਲਿਕਨ ਉਮੀਦਵਾਰ ਮਿਟ ਰੋਮਨੀ ਨੂੰ ਹਰਾਉਣ ਵਾਲੇ ਡੈਮੋਕ੍ਰੇਟ ਉਮੀਦਵਾਰ ਤੇ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਏਸ਼ੀਆਈ ਮੂਲ ਦੇ ਨਾਗਰਿਕਾਂ ਦੀਆਂ 71 ਫੀਸਦੀ ਵੋਟਾਂ ਮਿਲੀਆਂ ਜਦੋਂਕਿ ਰੋਮਨੀ ਨੂੰ ਸਿਰਫ 28 ਫੀਸਦੀ ਵੋਟਾਂ ਮਿਲੀਆਂ। ਇਕ ਨਵੇਂ ਸਰਵੇਖਣ ਅਨੁਸਾਰ ਓਬਾਮਾ ਨੂੰ ਏਸ਼ੀਆਈ ਮੂਲ ਦੇ 23 ਲੱਖ ਨਾਗਰਿਕਾਂ ਤੇ ਰੋਮਨੀ ਨੂੰ ਨੌਂ ਲੱਖ ਲੋਕਾਂ ਦੀਆਂ ਵੋਟਾਂ ਪ੍ਰਾਪਤ ਹੋਈਆਂ। ਏਸ਼ੀਅਨ ਅਮਰੀਕਾ ਜਸਟਿਸ ਸੈਂਟਰ, ਏਸ਼ੀਅਨ ਐਂਡ ਪੈਸੀਫਿਕ ਇਜ਼ਲੈਂਡਰ ਅਮਰੀਕਨ ਵੋਟ ਤੇ ਨੈਸ਼ਨਲ ਏਸ਼ੀਅਨ ਅਮਰੀਕਾ ਸਰਵੇ ਵੱਲੋਂ ਕਰਵਾਏ ਗਏ ਸਰਵੇਖਣ ਦੀ ਰਿਪੋਰਟ ਵਿਚ ਹਾਲਾਂਕਿ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਤੇਜ਼ੀ ਨਾਲ ਵਧ ਰਹੇ ਇਸ ਭਾਈਚਾਰੇ ਦਾ ਹਾਲਾਂ ਕਿ ਕਿਸੇ ਵੀ ਪਾਰਟੀ ਨਾਲ ਕੋਈ ਸਥਾਈ ਸਬੰਧ ਨਹੀਂ ਹੈ। ਸਰਵੇਖਣ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਾਲ 2016 ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਵੀ ਏਸ਼ੀਆਈ ਅਮਰੀਕੀ ਵੋਟਰਾਂ ਦੀ ਗਿਣਤੀ ਵਿਚ ਇਸੇ ਤਰ੍ਹਾਂ ਦਾ ਵਾਧਾ ਹੋਣ ਦੀ ਉਮੀਦ ਹੈ।

## ਫੌਜਾ ਸਿੰਘ ਦਾ ਮਖ਼ੌਲ ਉਡਾਉਣ ਦੇ ਕੇਸ ਦੀ ਸੁਣਵਾਈ 24 ਨੂੰ

**ਬਠਿੰਡਾ:** ਪੰਜਾਬੀ ਗੀਤਕਾਰ ਅਮਰਦੀਪ ਸਿੰਘ ਗਿੱਲ ਵੱਲੋਂ ਹਿੰਦੀ ਟੀ.ਵੀ.ਚੈਨਲ ਦੇ ਸੰਚਾਲਕਾਂ ਵਿਰੁੱਧ ਦਾਇਰ ਕੀਤੇ ਕੇਸ ਦੀ ਸੁਣਵਾਈ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਹਰਜੀਤ ਸਿੰਘ ਦੀ ਅਦਾਲਤ ਵਿਚ ਹੁਣ 24 ਜਨਵਰੀ, 2013 ਨੂੰ ਹੋਵੇਗੀ। ਸ਼ਿਕਾਇਤ ਕਰਤਾ ਅਮਰਦੀਪ ਗਿੱਲ ਨੇ ਦੱਸਿਆ ਕਿ ਉਕਤ ਹਿੰਦੀ ਟੀ.ਵੀ.ਚੈਨਲ ਨੇ ਆਪਣੇ ਆਨ ਲਾਈਨ ਸ਼ੋਅ ਵਿਚ 101 ਸਾਲ ਦੀ ਉਮਰ ਵਿਚ ਮੈਰਾਥਨ ਜਿੱਤ ਕੇ ਵਿਸ਼ਵ ਰਿਕਾਰਡ ਧਾਰਕ ਸਾਬਤ ਸੂਰਤ ਸਿੱਖ਼ ਵੈਟਰਨ ਦੌੜਾਕ ਫੌਜਾ ਸਿੰਘ ਨੂੰ ਸਿੱਖੀ ਦਾ ਨਿਰਾਦਰ ਕਰਨ ਵਾਲੇ ਵੱਖ-ਵੱਖ ਕਿਰਦਾਰਾਂ ਵਿਚ ਪੇਸ਼ ਕਰਕੇ ਉਨ੍ਹਾਂ ਦਾ ਮਖ਼ੌਲ ਹੀ ਨਹੀਂ ਉਡਾਇਆ ਸੀ, ਬਲਕਿ ਸਿੱਖ ਧਰਮ ਬਾਰੇ ਵੀ ਕਈ ਪ੍ਰਕਾਰ ਦੀਆਂ ਦੀਆਂ ਟਿੱਪਣੀਆਂ ਕੀਤੀਆਂ ਸਨ। ਸ਼ਿਕਾਇਤਕਰਤਾ ਅਮਰਦੀਪ ਸਿੰਘ ਗਿੱਲ ਦੇ ਵਕੀਲ, ਸੀਨੀਅਰ ਐਡਵੋਕੇਟ ਸ੍ਰੀ ਜਤਿੰਦਰ ਰਾਏ ਖੱਟੜ ਨੇ ਦੱਸਿਆ ਕਿ ਉਕਤ ਮਾਮਲੇ ਵਿਚ ਉਕਤ ਆਨ ਲਾਈਨ ਟੀ.ਵੀ.ਚੈਨਲ, ਸੀ.ਈ.ਓ, ਅਦਾਕਾਰ ਖਿਲਾਫ਼ ਧਾਰਾ 295-ਏ, 500, 501 ਤਹਿਤ ਫੌਜ਼ਦਾਰੀ ਸ਼ਿਕਾਇਤ ਅਦਾਲਤ ਨੂੰ ਦਿੱਤੀ ਸੀ।

## ਮਿਸ਼ੇਲ ਓਕ ਕਰੀਕ ਦੇ ਪੀੜਤ ਪਰਿਵਾਰਾਂ ਨੂੰ ਮਿਲੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਨੇ ਪਿਛਲੇ ਹਫਤੇ ਵ੍ਹਾਈਟ ਹਾਊਸ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਮੌਕੇ ਕਰਵਾਏ ਸਮਾਗਮ ਦੌਰਾਨ ਓਕ ਕਰੀਕ ਗੁਰਦੁਆਰਾ ਗੋਲੀ ਕਾਂਡ ਦੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਓਕ ਕਰੀਕ ਗੁਰਦੁਆਰੇ ਦੇ ਪ੍ਰਧਾਨ ਹਰਚਰਨ ਸਿੰਘ ਗਿੱਲ ਨੇ ਦੱਸਿਆ ਕਿ ਅਮਰੀਕਾ ਦੀ ਪ੍ਰਥਮ ਮਹਿਲਾ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਤੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਪ੍ਰਾਰਥਨਾ ਕੀਤੀ ਕਿ ਪਰਮਾਤਮਾ ਪੀੜਤ ਪਰਿਵਾਰਾਂ ਨੂੰ ਇਸ ਦੁੱਖ ਦੀ ਘੜੀ ਵਿਚ ਬਲ ਬਖਸ਼ੇ। ਉਨ੍ਹਾਂ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਵਿਚ ਪਹੁੰਚ ਕੇ ਪੰਜਾਬੀ ਭਾਈਚਾਰੇ ਦਾ ਸਵਾਗਤ ਵੀ ਕੀਤਾ।

## ਕੈਨੇਡਾ ਲਵੇਗਾ ਸਿਰਫ 3000 ਅਰਜ਼ੀਆਂ

**ਜਲੰਧਰ:** ਕੈਨੇਡਾ ਸਰਕਾਰ ਦਾ ਇਮੀਗ੍ਰੇਸ਼ਨ ਵਿਭਾਗ ਜਨਵਰੀ 2013 ਤੋਂ ਨਵਾਂ ਪ੍ਰੋਗਰਾਮ ਫੈਡਰਲ ਟਰੈਡ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਹੈ। ਇਸ ਪ੍ਰੋਗਰਾਮ ਰਾਹੀਂ ਵੱਖਰੇ-ਵੱਖਰੇ ਟਰੈਂਡ ਵਿਚ ਮੁਹਾਰਤ ਰੱਖਣ ਵਾਲੇ ਕਾਮੇ ਕੈਨੇਡਾ ਦੀ ਕਾਮਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਸਕਣਗੇ। ਇਸ ਪ੍ਰੋਗਰਾਮ ਦਾ ਟੀਚਾ ਕੈਨੇਡਾ ਦੇ ਕੁਝ ਰਾਜਾਂ ਵਿਚ ਕਾਮਿਆਂ ਦੀ ਕਮੀ ਨੂੰ ਪੂਰਾ ਕਰਨਾ ਹੈ। ਇਮੀਗ੍ਰੇਸ਼ਨ ਮੰਤਰੀ ਜੈਸਨ ਕੈਨੀ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਨਿਸ਼ਾਨਾ ਇਮੀਗ੍ਰੇਸ਼ਨ ਸਿਸਟਮ ਵਿਚ ਵੱਡੀਆਂ ਤਬਦੀਲੀਆਂ ਕਰਨਾ ਹੈ। ਪ੍ਰੋਗਰਾਮ ਤਹਿਤ ਉਹ ਲੋਕ ਅਪਲਾਈ ਕਰ ਸਕਣਗੇ ਜਿਨ੍ਹਾਂ ਕੋਲ ਨੌਕਰੀ ਦਾ ਪ੍ਰਸਤਾਵ ਪੱਤਰ ਹੋਵੇਗਾ ਜਾਂ ਉਨ੍ਹਾਂ ਕੋਲ ਕੈਨੇਡਾ ਦੀ ਪੜ੍ਹਾਈ ਦੀ ਡਿਗਰੀ, ਡਿਪਲੋਮਾ ਹੋਵੇਗਾ ਤੇ ਉਹ ਕਾਮੇ ਅੰਗਰੇਜ਼ੀ ਦੀ ਮੁਹਾਰਤ ਦਾ ਘੱਟੋ-ਘੱਟ ਪੈਮਾਨਾ ਪੂਰਾ ਕਰਦੇ ਹੋਣਗੇ ਤੇ ਉਨ੍ਹਾਂ ਕੋਲ ਆਪਣੀ ਟਰੇਡ ਦਾ ਘੱਟ ਤੋਂ ਘੱਟ ਦੋ ਸਾਲਾਂ ਦਾ ਤਜਰਬਾ ਹੋਵੇਗਾ। ਇਨ੍ਹਾਂ ਕਿੱਤਿਆਂ ਵਿਚ ਇਲੈਕਟ੍ਰੀਸ਼ੀਅਨ, ਵੈਲਡਰ, ਹੈਵੀ ਡਿਊਟੀ ਮਕੈਨਿਕ, ਪਾਈਪ ਫਿਟਰ ਕਾਮੇ ਹੋਣਗੇ ਪਰ ਵੱਖ-ਵੱਖ ਟਰੇਡ ਦੀ ਆਖਰੀ ਸੂਚੀ ਜਨਵਰੀ 2013 ਤੋਂ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਪਹਿਲਾਂ ਐਲਾਨੀ ਜਾਵੇਗੀ।

## ਸਿੱਖਾਂ ‘ਤੇ ਹਮਲਿਆਂ ਖ਼ਿਲਾਫ਼ ਅਮਰੀਕਾ ਵਿਚ ਨਿੰਦਾ ਮਤਾ ਪਾਸ

**ਵਾਸ਼ਿੰਗਟਨ:** ਸਿੱਖਾਂ ਉੱਪਰ ਹਮਲਿਆਂ ਖ਼ਿਲਾਫ਼ ਨਿੰਦਾ ਮਤਾ ਅਮਰੀਕਾ ਦੇ ਇਲਿਨੋਇਸ ਸਦਨ ਵਿਚ ਪਾਸ ਕਰ ਦਿੱਤਾ ਗਿਆ। ਇਹ ਮਤਾ ਮੁੱਖ ਤੌਰ ‘ਤੇ ਅਗਸਤ ਵਿਚ ਵਿਸਕਾਨਸਿਨ ਗੁਰਦੁਆਰੇ ਵਿਚ ਹੋਈ ਗੋਲੀਬਾਰੀ ਦੀ ਘਟਨਾ ਨਾਲ ਸਬੰਧਤ ਸੀ। ਇਸ ਘਟਨਾ ਵਿਚ ਛੇ ਸਿੱਖ ਸ਼ਰਧਾਲੂ ਮਾਰੇ ਗਏ ਸਨ।

ਅਮਰੀਕਾ ਦੇ ਪ੍ਰਤੀ ਅਮਰੀਕੀ ਸਿੱਖ ਭਾਈਚਾਰੇ ਦੀ ਵਿਆਪਕ ਪ੍ਰਤੀਬੱਧਤਾ ਨੂੰ ਮਾਨਤਾ ਦਿੰਦਿਆਂ ਇਸ ਮਤੇ ਵਿਚ ਕਿਹਾ ਗਿਆ ਹੈ ਕਿ ਵਿਸਕਾਨਸਿਨ ਕਤਲ ਕਾਂਡ ਤੇ ਨਸਲੀ ਭਾਵਨਾਵਾਂ ਤੋਂ ਪ੍ਰੇਰਿਤ ਹੋਰ ਹਮਲਿਆਂ ਨੇ ਸਿੱਖਾਂ ਤੇ ਹੋਰ ਭਾਈਚਾਰਿਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ।

ਇਸ ਮਤੇ ਵਿਚ ਨਫ਼ਰਤ ਨਹੀਂ ਹਿੰਸਾ ਦੀ ਨਿੰਦਾ ਕਰਦਿਆਂ ਪਰਵਾਸੀ ਤੇ ਘੱਟ ਗਿਣਤੀ ਭਾਈਚਾਰਿਆਂ ਦੀ ਹਿੱਸੇਦਾਰੀ ਤੇ ਨਾਗਰਿਕਾਂ ਵਿਚਲੇ ਤਾਲਮੇਲ ਨੂੰ ਉਤਸ਼ਾਹਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਆਮ ਜਨਤਾ ਵਿਚਾਲੇ ਸਿੱਖਾਂ ਤੇ ਘੱਟ ਗਿਣਤੀਆਂ ਬਾਰੇ ਹੋਰ ਜਾਗਰੂਕਤਾ ਲਿਆਉਣ ‘ਤੇ ਜ਼ੋਰ ਦਿੱਤਾ ਗਿਆ। ਯੂਨਾਈਟਿਡ ਸਿੱਖਸ ਦੀ ਇਕ ਆਗੂ ਨੇ ਕਿਹਾ, “ਇਹ ਮਤਾ ਨਸਲੀ ਭਾਵਨਾਵਾਂ ਤੋਂ ਪ੍ਰੇਰਿਤ ਹਮਲਿਆਂ ਨਾਲ ਸਬੰਧਤ ਹੈ।”

## ਅੰਮ੍ਰਿਤਸਰ ਵਿਚ ਵੀ ਬਣੇਗਾ ਐਨ.ਆਰ.ਆਈ. ਥਾਣਾ

**ਅੰਮ੍ਰਿਤਸਰ:** ਪਰਵਾਸੀ ਭਾਰਤੀਆਂ ਦੇ ਜ਼ਮੀਨਾਂ ਸਬੰਧੀ ਮਾਮਲੇ ਹੱਲ ਕਰਨ ਲਈ ਅੰਮ੍ਰਿਤਸਰ ਵਿਚ ਵਿਸ਼ੇਸ਼ ਐਨ.ਆਰ.ਆਈ. ਪੁਲਿਸ ਥਾਣਾ ਬਣਾਉਣ ਦੀ ਯੋਜਨਾ ਨੂੰ ਸਰਕਾਰ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਜਲੰਧਰ, ਨਵਾਂਸ਼ਹਿਰ, ਮੋਗਾ, ਹੁਸ਼ਿਆਰਪੁਰ, ਲੁਧਿਆਣਾ ਤੇ ਕਪੂਰਥਲਾ ਵਿਚ ਛੇ ਐਨ.ਆਰ.ਆਈ. ਪੁਲਿਸ ਥਾਣੇ ਬਣਾਏ ਜਾ ਚੁੱਕੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅੰਮ੍ਰਿਤਸਰ ਵਿਚ ਇਹ ਵਿਸ਼ੇਸ਼ ਥਾਣਾ ਕਾਇਮ ਹੋਵੇਗਾ।

ਇਸ ਤੋਂ ਇਲਾਵਾ ਪਰਵਾਸੀ ਭਾਰਤੀਆਂ ਦੀਆਂ ਜ਼ਮੀਨਾਂ ‘ਤੇ ਨਾਜਾਇਜ਼ ਕਬਜ਼ਿਆਂ ਨੂੰ ਰੋਕਣ ਲਈ ਉਨ੍ਹਾਂ ਦੀ ਜਾਇਦਾਦ ਦੀ ਰਜਿਸਟ੍ਰੇਸ਼ਨ ਮੁਹਿੰਮ ਵੀ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਤਹਿਤ ਰਜਿਸਟਰੀ ਦੇ ਨਾਲ ਇਹ ਵੀ ਦਰਜ ਕੀਤਾ ਜਾਵੇਗਾ ਕਿ ਇਹ ਜਾਇਦਾਦ ਪਰਵਾਸੀ ਭਾਰਤੀ ਦੀ ਹੈ ਤਾਂ ਕਿ ਉਸ ਤੋਂ ਬਿਨਾਂ ਕੋਈ ਹੋਰ ਉਸ ਦੀ ਜਾਇਦਾਦ ਦੀ ਰਜਿਸਟਰੀ ਨਾ ਕਰਾ ਸਕੇ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੀ ਸਹੀ ਗਿਣਤੀ ਪਤਾ ਕਰਨ ਲਈ ਪਿੰਡ ਪੱਧਰ ‘ਤੇ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਤਹਿਤ ਉਨ੍ਹਾਂ ਦੇ ਪਿੰਡ, ਜਾਇਦਾਦ ਬਾਰੇ ਸਾਰੇ ਵੇਰਵੇ ਇਕੱਤਰ ਕੀਤੇ ਜਾਣਗੇ। ਇਸੇ ਤਰ੍ਹਾਂ ਪਰਵਾਸੀ ਭਾਰਤੀਆਂ ਦੇ ਜ਼ਮੀਨ ਬਾਰੇ ਸਾਰੇ ਮਾਮਲਿਆਂ ਦੇ ਜਲਦ ਨਿਬੇੜੇ ਲਈ ਸਬੰਧਤ ਜ਼ਿਲ੍ਹਾ ਮਾਲ ਅਫ਼ਸਰਾਂ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਹੱਲ ਲਈ ਫਾਸਟ ਟਰੈਕ ਅਦਾਲਤ ਜਲੰਧਰ ਵਿਚ ਬਣਾਈ ਗਈ ਹੈ ਤੇ ਇਸ ਤਰ੍ਹਾਂ ਦੀਆਂ ਅਦਾਲਤਾਂ ਹਰ ਜ਼ਿਲ੍ਹੇ ਵਿਚ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਐਨ.ਆਰ.ਆਈ. ਵਿਭਾਗ ਦੀ ਵੈਬਸਾਈਟ ਤਿਆਰ ਕੀਤੀ ਜਾ ਰਹੀ ਹੈ ਜਿਸ ਤਹਿਤ ਐਨ.ਆਰ.ਆਈ. ਆਪਣੀ ਜ਼ਮੀਨ ਤੇ ਜਾਇਦਾਦ, ਪੁਲਿਸ ਕੇਸਾਂ ਜਾਂ ਕਿਸੇ ਵੀ ਹੋਰ ਤਰ੍ਹਾਂ ਦੀ ਸਮੱਸਿਆ ਬਾਰੇ ਸ਼ਿਕਾਇਤ ਆਨਲਾਈਨ ਹੀ ਦਰਜ ਕਰਵਾ ਸਕਦੇ ਹਨ।

## ਮਨੁੱਖੀ ਤਸਕਰੀ ਨਾਲ ਨਜਿੱਠਣ ਲਈ ਬਿਲ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਰਾਜ ਤੋਂ ਵਿਦੇਸ਼ਾਂ ਨੂੰ ਹੁੰਦੀ ਮਨੁੱਖੀ ਤਸਕਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਪ੍ਰੀਵੈਂਸ਼ਨ ਆਫ਼ ਹਿਊਮਨ ਸਮਗਲਿੰਗ ਬਿੱਲ 2012 ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦਾ ਮੰਤਵ ਟਰੈਵਲ ਏਜੰਟਾਂ ਦੇ ਕੰਮ ਨੂੰ ਨਿਯਮਤ ਕਰਨਾ ਤੇ ਗੈਰ ਕਾਨੂੰਨੀ ਢੰਗ ਤੇ ਧੋਖੇ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਨਾਂ ‘ਤੇ ਲੁੱਟਣ ਦੀਆਂ ਕਾਰਵਾਈਆਂ ਨੂੰ ਸ਼ਖ਼ਤ ਕਾਨੂੰਨੀ ਸ਼ਿਕੰਜੇ ਵਿਚ ਲਿਆਉਣਾ ਹੈ।




ਇਸ ਕਾਨੂੰਨ ਅਨੁਸਾਰ ਗੈਰ-ਕਾਨੂੰਨੀ ਜਾਂ ਗਲਤ ਢੰਗ ਨਾਲ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਨ ਵਾਲੇ ਏਜੰਟਾਂ ਨੂੰ ਘੱਟੋ ਘੱਟ ਤਿੰਨ ਸਾਲ ਤੇ ਵੱਧ ਤੋਂ ਵੱਧ ਸੱਤ ਸਾਲ ਦੀ ਸਜ਼ਾ ਤੇ ਜੁਰਮਾਨਾ ਹੋ ਸਕੇਗਾ ਤੇ ਕਿਸੇ ਵੀ ਦੋਸ਼ੀ ਵੱਲੋਂ ਜਿੰਨੀ ਵਾਰ ਮੁੜ ਅਜਿਹੀ ਕੋਈ ਕਾਰਵਾਈ ਕੀਤੀ ਜਾਵੇਗੀ, ਹਰ ਵਾਰ ਉਸ ਦੀ ਸਜ਼ਾ ਤੇ ਜੁਰਮਾਨਾ ਮਗਰਲੀ ਵਾਰ ਨਾਲੋਂ ਘੱਟੋ-ਘੱਟ ਦੁਗਣਾ ਹੋ ਜਾਵੇਗਾ। ਇਸ ਕਾਨੂੰਨ ਅਨੁਸਾਰ ਐਸ.ਡੀ.ਐਮ. ਤੇ ਡੀ.ਐਸ.ਪੀ. ਪੱਧਰ ਦੇ ਅਧਿਕਾਰੀਆਂ ਨੂੰ ਦੋਸ਼ੀਆਂ ਦੇ ਅਦਾਰਿਆਂ ਦੀ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਨਾਲ ਤਲਾਸ਼ੀਆਂ ਲੈਣ ਦਾ ਅਧਿਕਾਰ ਵੀ ਦਿੱਤਾ ਗਿਆ ਹੈ ਜਦੋਂਕਿ ਰਾਜ ਸਰਕਾਰ ਟਰੈਵਲ ਏਜੰਟਾਂ ਦਾ ਕੰਮ ਕਰਨ ਲਈ ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਦਾ ਕਾਨੂੰਨ ਪਹਿਲਾਂ ਹੀ ਬਣਾ ਚੁੱਕੀ ਹੈ।

ਇਸ ਤੋਂ ਇਲਾਵਾ ਪਰਵਾਸੀ ਭਾਰਤੀਆਂ ਵੱਲੋਂ ਕੀਤੇ ਜਾਂਦੇ ਨਕਲੀ ਵਿਆਹ ਤੇ ਵਿਆਹਾਂ ਦੇ ਨਾਵਾਂ ‘ਤੇ ਧੋਖਿਆਂ ਨੂੰ ਖ਼ਤਮ ਕਰਨ ਲਈ ਵਿਆਹਾਂ ਦੀ ਰਜਿਸ਼ਟਰੇਸ਼ਨ ਨੂੰ ਲਾਜ਼ਮੀ ਬਣਾਉਣ ਲਈ ਮੰਤਰੀ ਮੰਡਲ ਵੱਲੋਂ ਪੰਜਾਬ ਕੰਪਲਸਰੀ ਰਜਿਸਟਰੇਸ਼ਨ ਆਫ ਮੈਰਿਜ਼ ਬਿੱਲ 2012 ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਕਾਨੂੰਨ ਅਨੁਸਾਰ ਸਾਰੇ ਧਰਮਾਂ, ਜਾਤਾਂ ਤੇ ਕੌਮੀਅਤਾਂ ਤੋਂ ਇਲਾਵਾ ਪਰਵਾਸੀ ਭਾਰਤੀਆਂ ਲਈ ਵੀ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਬਣ ਜਾਵੇਗੀ। ਉਕਤ ਦੋਵਾਂ ਬਿੱਲਾਂ ਨੂੰ ਵਿਧਾਨ ਸਭਾ ਦੇ ਚੱਲ ਰਹੇ ਇਜਲਾਸ ਵਿਚ ਪ੍ਰਵਾਨਗੀ ਦਿੱਤੀ ਜਾਵੇਗੀ। ਰਾਜ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸੀ ਕਿ 3 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਪ੍ਰਵਾਸੀ ਭਾਰਤੀ ਸੰਮੇਲਨ ਤੋਂ ਪਹਿਲਾਂ ਰਾਜ ਸਰਕਾਰ ਉਕਤ ਦੋਨਾਂ ਕਾਨੂੰਨਾਂ ਨੂੰ ਅਮਲ ਹੇਠ ਲੈ ਆਵੇਗੀ।

# ਜੰਗੀ ਫੌਜੀਆਂ ਬਾਰੇ ਪਾਕਿਸਤਾਨ ਦਾ ਵਤੀਰਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455


*ਹੁਣ ਜਦੋਂ ਭਾਰਤੀ ਪਾਰਲੀਮੈਂਟ ਵਿਚ ਲਿਖਤੀ ਰੂਪ ਵਿਚ ਮੰਨਿਆ ਜਾ ਚੁੱਕਾ ਹੈ ਕਿ 1965 ਤੇ 9171 ਦੀਆਂ ਜੰਗਾਂ ਦੇ ਚਰਵੰਜਾ ਭਾਰਤੀ ਫੌਜੀਆਂ ਦੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹੋਣ ਦੀ ਗੱਲ ਸੱਚੀ ਹੋ ਸਕਦੀ ਹੈ ਤਾਂ ਭਾਰਤ ਸਰਕਾਰ ਨੂੰ ਇਹ ਕੇਸ ਸੰਸਾਰ ਅਦਾਲਤ ਵਿਚ ਲਿਜਾਣਾ ਚਾਹੀਦਾ ਹੈ ਤੇ ਯੂ ਐਨ ਜਨਰਲ ਅਸੈਂਬਲੀ ਵਿਚ ਵੀ। ਉਸ ਨੂੰ ਉਸ ਪਾਕਿਸਤਾਨ ਸਰਕਾਰ ਦੇ ਕਹੇ ਉਤੇ ਭਰੋਸਾ ਬਿਲਕੁਲ ਨਹੀਂ ਕਰਨਾ ਚਾਹੀਦਾ, ਜਿਸ ਨੂੰ ਉਸ ਮੁਲਕ ਦੇ ਲੋਕ ਵੀ ਭਰੋਸੇ ਦੇ ਕਾਬਲ ਨਹੀਂ ਜਾਣਦੇ। ਕੈਪਟਨ ਸੌਰਭ ਕਾਲੀਆ ਦਾ ਕੇਸ ਇੱਕ ਮਜ਼ਬੂਤ ਆਧਾਰ ਹੈ। ਇਸ ਦੀ ਤਹਿ ਵਿਚ ਜਾਣ ਦਾ ਭਾਰਤ ਸਰਕਾਰ ਦਾ ਹੱਕ ਵੀ ਹੈ ਤੇ ਫਰਜ਼ ਵੀ।*

ਸਵਾਲ ਭਾਰਤ ਦੀ ਪਾਰਲੀਮੈਂਟ ਵਿਚ ਪੁੱਛਿਆ ਗਿਆ, ਜਵਾਬ ਵੀ ਭਾਰਤ ਦੇ ਰੱਖਿਆ ਮੰਤਰੀ ਨੇ ਦਿੱਤਾ ਪਰ ਇਸ ਦੀ ਹਕੀਕਤ ਦੀ ਪੁਸ਼ਟੀ ਪਾਕਿਸਤਾਨ ਦੀ ਸਰਕਾਰ ਨੇ ਕਰਨੀ ਹੈ, ਜਿਹੜੀ ਕਦੇ ਨਹੀਂ ਕਰੇਗੀ। ਇਸ ਸਵਾਲ ਦਾ ਸਬੰਧ ਉਨ੍ਹਾਂ ਭਾਰਤੀ ਫੌਜੀਆਂ ਨਾਲ ਹੈ, ਜਿਹੜੇ 1971 ਅਤੇ ਉਸ ਤੋਂ ਛੇ ਸਾਲ ਪਹਿਲਾਂ 1965 ਦੀ ਜੰਗ ਦੌਰਾਨ ਗੁੰਮ ਹੋ ਗਏ ਸਨ ਤੇ ਹੁਣ ਤੱਕ ਲੱਭੇ ਨਹੀਂ। ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਜ਼ਿੰਦਾ ਮੰਨਦੇ ਹਨ। ਜ਼ਿੰਦਾ ਮੰਨਣ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਕਦੇ-ਕਦਾਈਂ ਉਨ੍ਹਾਂ ਦੇ ਘਰ ਦੇ ਉਸ ਫੌਜੀ ਜੀਅ ਦੀ ਚਿੱਠੀ ਆ ਜਾਂਦੀ ਹੈ, ਜਿਸ ਨੂੰ ਭਾਰਤ ਸਰਕਾਰ ਤੇ ਭਾਰਤੀ ਫੌਜ ਸਵਰਗ ਸਿਧਾਰ ਗਿਆ ਜਾਂ ਜੰਗ ਦੇ ਲੇਖੇ ਲੱਗ ਗਿਆ ਮੰਨ ਚੁੱਕੀ ਹੁੰਦੀ ਹੈ। ਚਿੱਠੀ ਵਿਚ ਉਸ ਫੌਜੀ ਨੇ ਦਾਅਵਾ ਕੀਤਾ ਹੁੰਦਾ ਹੈ ਕਿ ਉਹ ਪਾਕਿਸਤਾਨ ਦੀ ਫਲਾਣੀ ਜੇਲ੍ਹ ਵਿਚ ਹੈ। ਹਰ ਵਾਰੀ ਜੇਲ੍ਹ ਦਾ ਨਾਂ ਬਦਲ ਜਾਂਦਾ ਹੈ, ਜਿਸ ਦਾ ਭਾਵ ਇਹ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਹੋ ਜਿਹੇ ਕੈਦੀਆਂ ਨੂੰ ਇੱਕੋ ਥਾਂ ਰੱਖਣ ਦੀ ਬਜਾਏ ਉਥੋਂ ਦੀ ਫੌਜ ਜਾਂ ਕਿਸੇ ਹੋਰ ਏਜੰਸੀ ਦੇ ਅਧਿਕਾਰੀ ਲਗਾਤਾਰ ਥਾਂਵਾਂ ਬਦਲ ਦੇਂਦੇ ਹਨ। ਹੁਣ ਇਹੋ ਜਿਹੀ ਇੱਕ ਚਿੱਠੀ ਖਾੜੀ ਦੇ ਦੇਸ਼ ਓਮਾਨ ਤੋਂ ਆ ਗਈ ਹੈ ਕਿ 41 ਸਾਲ ਪਹਿਲਾਂ ਜੰਗ ਵਿਚ ਗੁੰਮ ਹੋਇਆ ਫੌਜੀ ਉਥੋਂ ਦੀ ਜੇਲ੍ਹ ਵਿਚ ਹੈ।

ਸਾਡੀ ਪਾਰਲੀਮੈਂਟ ਵਿਚ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਭਾਰਤ ਦੇ ਰੱਖਿਆ ਮੰਤਰੀ ਨੇ ਹੈਰਾਨ ਕਰਨ ਵਾਲਾ ਇਹ ਜਵਾਬ ਦਿੱਤਾ ਕਿ ਇੱਕ ਨਹੀਂ, 54 ਇਹੋ ਜਿਹੇ ਜੰਗੀ ਕੈਦੀ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ 54 ਦੇ ਅੰਕੜੇ ਪਿੱਛੇ ਜ਼ਰੂਰ ਕੋਈ ਨਾ ਕੋਈ ਆਧਾਰ ਹੋਵੇਗਾ। ਇਹ ਜਵਾਬ ਸਾਡੇ ਰੱਖਿਆ ਮੰਤਰੀ ਨੇ ਜ਼ਬਾਨੀ ਨਹੀਂ, ਲਿਖਤੀ ਰੂਪ ਵਿਚ ਦਿੱਤਾ ਹੈ। ਇਹ ਵੀ ਦੱਸਿਆ ਹੈ ਕਿ ਓਮਾਨ ਦੀ ਸਰਕਾਰ ਨੂੰ ਭਾਰਤੀ ਦੂਤ ਘਰ ਦੇ ਅਧਿਕਾਰੀਆਂ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਜੇ ਉਹ ਵਿਅਕਤੀ ਉਥੇ ਕੈਦ ਹੈ ਤਾਂ ਉਸ ਨੂੰ ਰਿਹਾ ਕੀਤਾ ਜਾਵੇ। ਉਧਰ ਦੇ ਜਵਾਬ ਦੀ ਉਡੀਕ ਹੈ। ਜਿੱਥੋਂ ਤੱਕ ਪਾਕਿਸਤਾਨ ਵਿਚ ਕੈਦੀਆਂ ਦੇ ਹੋਣ ਦਾ ਸਬੰਧ ਹੈ, ਉਸ ਦੇਸ਼ ਨੇ ਇਸ ਦਾ ਕੋਈ ਸਿੱਧਾ ਜਵਾਬ ਨਹੀਂ ਦੇਣਾ, ਕਿਉਂਕਿ ਓਹਲੇ ਰੱਖ ਕੇ ਹਾਲਾਤ ਨੂੰ ਗੇੜੇ ਦੇਣੇ ਉਸ ਦੇਸ਼ ਦੀ ਉਸ ਨੀਤੀ ਦਾ ਅੰਗ ਬਣ ਚੁੱਕਾ ਹੈ, ਜਿਹੜੀ ਖੁਫੀਆ ਏਜੰਸੀ ਅਤੇ ਫੌਜ ਚਲਾਉਂਦੀ ਹੈ।

ਪਾਕਿਸਤਾਨ ਦੀ ਸਰਕਾਰ ਹੁਣ ਇੱਕ ਕੱਠਪੁਤਲੀ ਤੋਂ ਵੱਧ ਕੁਝ ਨਹੀਂ ਤੇ ਉਸ ਦਾ ਹਰ ਬਿਆਨ ਫੌਜੀ ਕਮਾਂਡ ਤੋਂ ਪ੍ਰਵਾਨਗੀ ਲੈ ਕੇ ਜਾਂ ਉਸ ਦੀ ਨੀਤੀ ਦਾ ਖਿਆਲ ਰੱਖ ਕੇ ਜਾਰੀ ਕੀਤਾ ਹੁੰਦਾ ਹੈ। ਇਸ ਦੀ ਪੁਸ਼ਟੀ ਮੁੰਬਈ ਦੇ ਉਸ ਦਹਿਸ਼ਤਗਰਦ ਹਮਲੇ ਦੇ ਘਟਨਾਕ੍ਰਮ ਤੋਂ ਹੁੰਦੀ ਹੈ, ਜਿਸ ਵਿਚ ਇੱਕ ਗੁਨਾਹਗਾਰ ਜ਼ਖਮੀ ਹੋਣ ਪਿੱਛੋਂ ਜ਼ਿੰਦਾ ਕਾਬੂ ਆ ਗਿਆ ਸੀ ਅਤੇ ਪਿਛਲੇ ਮਹੀਨੇ ਫਾਂਸੀ ਲਾਇਆ ਗਿਆ ਹੈ। ਉਸ ਦਾ ਨਾਂ ਅਜਮਲ ਆਮਿਰ ਕਸਾਬ ਸੀ। ਜਿਸ ਪਿੰਡ ਦਾ ਉਹ ਜੰਮਿਆ-ਜਾਇਆ ਸੀ, ਉਸ ਪਿੰਡ ਦੇ ਲੋਕਾਂ ਨੇ ਉਸੇ ਸ਼ਾਮ ਟੀ ਵੀ ਸਕਰੀਨਾਂ ਉਤੇ ਸ਼ਕਲ ਪਛਾਣ ਕੇ ਕਹਿ ਦਿੱਤਾ ਸੀ ਕਿ ਇਹ ਉਹੋ ਹੈ, ਪਰ ਪਾਕਿਸਤਾਨ ਸਰਕਾਰ ਨੇ ਇਹ ਗੱਲ ਨਹੀਂ ਸੀ ਮੰਨੀ। ਇਸ ਦੀ ਥਾਂ ਉਹ ਇਹੋ ਕਹਿੰਦੀ ਰਹੀ ਕਿ ਉਸ ਨੂੰ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ ਪਰ ਦੋ ਮਹੀਨੇ ਬਾਅਦ ਇਹ ਮੰਨਣਾ ਪੈ ਗਿਆ ਸੀ ਕਿ ਕਸਾਬ ਪਾਕਿਸਤਾਨ ਦਾ ਨਾਗਰਿਕ ਹੈ। ਇਸ ਛੜੱਪੇਬਾਜ਼ੀ ਨਾਲ ਉਸ ਦੀ ਭਰੋਸੇਯੋਗਤਾ ਖਤਮ ਹੋ ਗਈ ਸੀ।

ਸਾਨੂੰ ਕਾਰਗਿਲ ਦੀ ਜੰਗ ਦੇ ਹਾਲਾਤ ਵੀ ਯਾਦ ਰੱਖਣੇ ਪੈਣਗੇ। ਉਸ ਜੰਗ ਵੇਲੇ ਪਾਕਿਸਤਾਨ ਦੀ ਸਰਕਾਰ ਵੀ ਤੇ ਫੌਜ ਵੀ ਇਹ ਕਹਿੰਦੀ ਰਹੀ ਕਿ ਪਹਾੜਾਂ ਤੋਂ ਤੋਪਾਂ ਚਲਾ ਰਹੇ ਲੜਾਕੇ ਤਾਂ ਜਹਾਦ ਕਰਨ ਵਾਲੇ ਹਨ, ਫੌਜ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ। ਜਿਹੜੇ ਪਾਕਿਸਤਾਨੀ ਫੌਜੀ ਉਥੇ ਮਾਰੇ ਗਏ, ਉਨ੍ਹਾਂ ਦੀਆਂ ਲਾਸ਼ਾਂ ਵੀ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਸਾਡੇ ਬੰਦੇ ਨਹੀਂ, ਜਦ ਕਿ ਉਨ੍ਹਾਂ ਦੀਆਂ ਜੇਬਾਂ ਵਿਚੋਂ ਉਨ੍ਹਾਂ ਦੇ ਪਛਾਣ ਕਾਰਡ ਨਿਕਲ ਰਹੇ ਸਨ। ਭਾਰਤੀ ਪ੍ਰਸ਼ਾਸਨ ਨੇ ਇਸਲਾਮੀ ਰੀਤ ਮੁਤਾਬਕ ਉਨ੍ਹਾਂ ਨੂੰ ਦਫਨਾ ਦਿੱਤਾ। ਕੁਝ ਮਹੀਨੇ ਲੰਘਾ ਕੇ ਜਦੋਂ ਚੌਦਾਂ ਅਗਸਤ ਆਈ ਤੇ ਪਾਕਿਸਤਾਨ ਦਾ ਆਜ਼ਾਦੀ ਦਿਨ ਮਨਾਇਆ ਗਿਆ, ਉਨ੍ਹਾਂ ਫੌਜੀਆਂ ਲਈ ਪਾਕਿਸਤਾਨ ਸਰਕਾਰ ਨੇ ਬਹਾਦਰੀ ਦੇ ਵੱਡੇ ਐਵਾਰਡ ਇਹ ਕਹਿ ਕੇ ਐਲਾਨ ਕਰ ਦਿੱਤੇ ਕਿ ਇਹ ਕਾਰਗਿਲ ਜੰਗ ਵਿਚ 'ਸ਼ਹੀਦ' ਹੋਏ ਹਨ। ਸ਼ਾਇਦ ਅਜਿਹਾ ਇਸ ਲਈ ਕੀਤਾ ਗਿਆ ਕਿ ਉਹ ਸਾਰੇ ਨਾਰਦਰਨ ਲਾਈਟ ਇਨਫੈਂਟਰੀ ਨਾਲ ਸਬੰਧ ਰੱਖਦੇ ਸਨ, ਜਿਹੜੀ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰੀ ਖੇਤਰ ਦੇ ਲੋਕਾਂ ਵਿਚੋਂ ਭਰਤੀ ਕੀਤੇ ਜਾਂਦੇ ਉਨ੍ਹਾਂ ਜਵਾਨਾਂ ਨਾਲ ਭਰੀ ਪਈ ਹੈ, ਜਿਨ੍ਹਾਂ ਨੂੰ ਸਿਰਫ ਤੋਪਾਂ ਦਾ ਖਾਜਾ ਬਣਨ ਲਈ ਰੱਖਿਆ ਗਿਆ ਹੈ।



*ਕਾਰਗਿਲ ਦੀ ਜੰਗ ਵਿਚ ਲੜ ਰਹੇ ਭਾਰਤੀ ਫੌਜੀ*

ਇਸੇ ਜੰਗ ਨਾਲ ਕੁਝ ਬਦਤਮੀਜ਼ੀ ਦੇ ਉਹ ਕਿੱਸੇ ਵੀ ਜੁੜਦੇ ਹਨ, ਜਿਨ੍ਹਾਂ ਦੀ ਪੀੜ ਭਾਰਤੀ ਫੌਜ ਦੇ ਜਵਾਨਾਂ ਤੇ ਅਫਸਰਾਂ ਨੇ ਹੰਢਾਈ ਅਤੇ ਭੁਗਤੀ ਹੈ। ਉਦੋਂ ਉਸ ਖੇਤਰ ਵਿਚ ਗਏ ਭਾਰਤੀ ਏਅਰ ਫੋਰਸ ਦੇ ਦੋ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਏ। ਇੱਕ ਪਾਇਲਟ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਤਸੀਹੇ ਦੇਣ ਪਿੱਛੋਂ ਸੰਸਾਰ ਭਰ ਵਿਚ ਰੌਲਾ ਪੈਣ ਦੇ ਬਾਅਦ ਰਿਹਾ ਕਰ ਦਿੱਤਾ, ਪਰ ਦੂਸਰੇ ਦੀ ਲਾਸ਼ ਇਸ ਹਾਲਤ ਵਿਚ ਮਿਲੀ ਕਿ ਉਸ ਦਾ ਸਰੀਰ ਬਹੁਤ ਬੁਰੀ ਤਰ੍ਹਾਂ ਵੱਢਿਆ-ਟੁੱਕਿਆ ਪਿਆ ਸੀ। ਜੰਗ ਦੌਰਾਨ ਫੜੇ ਗਏ ਦੁਸ਼ਮਣ ਦੇ ਕਿਸੇ ਵੀ ਫੌਜੀ ਨਾਲ ਬਦਸਲੂਕੀ ਕਰਨ ਦੀ ਸੰਸਾਰ ਭਰ ਵਿਚ ਮਨਾਹੀ ਹੈ ਪਰ ਪਾਕਿਸਤਾਨ ਸਰਕਾਰ ਨੇ ਇਹ ਬਦਸਲੂਕੀ ਵੀ ਕਰ ਛੱਡੀ।

ਅੱਜ-ਕੱਲ੍ਹ ਇੱਕ ਹੋਰ ਕਿੱਸਾ ਚਰਚਾ ਵਿਚ ਹੈ। ਕੈਪਟਨ ਸੌਰਭ ਕਾਲੀਆ ਦੇ ਮਾਂ-ਬਾਪ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿਚ ਕੇਸ ਕਰਨ ਲੱਗੇ ਹਨ। ਉਨ੍ਹਾਂ ਦਾ ਤੇਈ ਕੁ ਸਾਲਾਂ ਦਾ ਪੁੱਤਰ ਕਾਰਗਿਲ ਦੀ ਜੰਗ ਦੇ ਸ਼ੁਰੂ ਹੋਣ ਦੀ ਘੜੀ ਉਸ ਖੇਤਰ ਵਿਚ ਲਾਪਤਾ ਹੋ ਗਿਆ। ਫਿਰ ਪਾਕਿਸਤਾਨ ਦੇ ਇੱਕ ਰੇਡੀਓ ਸਟੇਸ਼ਨ ਤੋਂ ਐਲਾਨ ਆਇਆ ਕਿ ਉਸ ਨੂੰ ਪਾਕਿਸਤਾਨੀ ਫੌਜ ਨੇ ਫੜਿਆ ਹੈ। ਕਰੀਬ ਤਿੰਨ ਹਫਤੇ ਪਿੱਛੋਂ ਉਸ ਦੀ ਲਾਸ਼ ਪਾਕਿਸਤਾਨੀ ਫੌਜ ਨੇ ਭਾਰਤੀ ਫੌਜੀ ਅਧਿਕਾਰੀਆਂ ਦੇ ਹਵਾਲੇ ਕੀਤੀ ਤਾਂ ਉਸ ਦੀਆਂ ਅੱਖਾਂ ਗਾਇਬ ਸਨ। ਪੋਸਟ ਮਾਰਟਮ ਤੋਂ ਇਹ ਪਤਾ ਲੱਗਾ ਕਿ ਉਸ ਦਾ ਸਰੀਰ ਗਰਮ ਸਿਗਰਟਾਂ ਨਾਲ ਦਾਗਿਆ ਗਿਆ ਸੀ, ਕੰਨਾਂ ਵਿਚ ਗਰਮ ਲੋਹੇ ਦੇ ਸਰੀਏ ਪਾ ਕੇ ਤਸੀਹੇ ਦਿੱਤੇ ਗਏ ਸਨ, ਅੱਧੇ ਤੋਂ ਵੱਧ ਦੰਦ ਤੋੜ ਦਿੱਤੇ ਗਏ ਤੇ ਅੱਖਾਂ ਕੱਢੀਆਂ ਹੋਈਆਂ ਸਨ। ਦੂਜੀ ਸੰਸਾਰ ਜੰਗ ਵਿਚ ਹਿਟਲਰ ਦੇ ਫਾਸ਼ੀਆਂ ਤੋਂ ਬਾਅਦ ਸ਼ਾਇਦ ਕੋਈ ਵੀ ਫੌਜ ਏਦਾਂ ਕਰਦੀ ਨਹੀਂ ਸੁਣੀ ਗਈ, ਜਿਹੜਾ ਕਹਿਰ ਪਾਕਿਸਤਾਨ ਦੀ ਫੌਜ ਨੇ ਕਮਾਇਆ ਸੀ। ਭਾਰਤ ਦੀ ਉਦੋਂ ਦੀ ਵਾਜਪਾਈ ਸਰਕਾਰ ਮੱਠਾ ਜਿਹਾ ਰੋਸ ਕਰ ਕੇ ਖਾਮੋਸ਼ ਹੋ ਗਈ।

ਅੱਜ ਜਦੋਂ ਉਸ ਕੈਪਟਨ ਦੇ ਮਾਪੇ ਇਹ ਕੇਸ ਸੰਸਾਰ ਅਦਾਲਤ ਵਿਚ ਲੈ ਜਾਣ ਲੱਗੇ ਹਨ ਤਾਂ ਭਾਰਤ ਦਾ ਦੌਰਾ ਕਰ ਰਿਹਾ ਪਾਕਿਸਤਾਨ ਦਾ ਗ੍ਰਹਿ ਮੰਤਰੀ ਰਹਿਮਾਨ ਮਲਿਕ ਇਹ ਕਹਿ ਰਿਹਾ ਹੈ ਕਿ ਸੌਰਭ ਕਾਲੀਆ ਦੀ ਮੌਤ ਸ਼ਾਇਦ ਮਾੜੇ ਮੌਸਮ ਕਾਰਨ ਹੋਈ ਸੀ। ਉਹ ਇਹ ਨਹੀਂ ਦੱਸ ਰਿਹਾ ਕਿ ਅੱਖਾਂ ਉਸ ਦੀਆਂ ਮੌਸਮ ਨੇ ਕਿਵੇਂ ਕੱਢੀਆਂ ਤੇ ਸਰੀਰ ਉਤੇ ਗਰਮ ਚੀਜ਼ਾਂ ਦੇ ਨਿਸ਼ਾਨ ਕਿਸ ਨੇ ਬਣਾਏ ਸਨ? ਇਹ ਗੱਲ ਪਾਕਿਸਤਾਨ ਦਾ ਉਹ ਗ੍ਰਹਿ ਮੰਤਰੀ ਕਹਿੰਦਾ ਹੈ, ਜਿਸ ਦੀ ਕਿਸੇ ਗੱਲ ਦਾ ਪਾਕਿਸਤਾਨ ਦੇ ਲੋਕ ਵੀ ਇਤਬਾਰ ਨਹੀਂ ਕਰਦੇ ਅਤੇ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਉਸ ਦੀ ਮੈਂਬਰੀ ਇਸ ਲਈ ਖਾਰਜ ਕੀਤੀ ਹੋਈ ਹੈ ਕਿ ਉਹ ਨਾਗਰਿਕ ਕਿਸੇ ਹੋਰ ਦੇਸ਼ ਦਾ ਹੈ, ਪਾਕਿਸਤਾਨ ਦਾ ਨਾਗਰਿਕ ਹੀ ਨਹੀਂ, ਧੋਖੇ ਨਾਲ ਕੌਮੀ ਅਸੈਂਬਲੀ ਦਾ ਮੈਂਬਰ ਬਣ ਗਿਆ ਸੀ। ਜਿਸ ਮੁਲਕ ਵਿਚ ਗ੍ਰਹਿ ਮੰਤਰੀ ਵੀ ਉਹ ਬੰਦਾ ਬਣ ਸਕਦਾ ਹੈ, ਜਿਹੜਾ ਉਸ ਦੇਸ਼ ਦਾ ਸਿਟੀਜ਼ਨ ਨਹੀਂ, ਉਸ ਮੁਲਕ ਦੀ ਕਿਸੇ ਵੀ ਗੱਲ ਉਤੇ ਇਤਬਾਰ ਕਿਵੇਂ ਕੀਤਾ ਜਾ ਸਕਦਾ ਹੈ? ਇਹ ਉਸ ਦੀ ਭਰੋਸੇਯੋਗਤਾ ਦਾ ਨੈਗੇਟਿਵ ਸਬੂਤ ਨਹੀਂ ਤਾਂ ਹੋਰ ਕੀ ਹੈ?

ਤਾਜ਼ਾ ਮਾਮਲਾ ਇਸ ਹਫਤੇ ਉਸ ਦੇਸ਼ ਵਿਚ ਚੱਲ ਰਹੇ ਮੁੰਬਈ ਦੇ ਦਹਿਸ਼ਤਗਰਦ ਹਮਲੇ ਵਾਲੇ ਕੇਸ ਦੌਰਾਨ ਸਾਹਮਣੇ ਆ ਗਿਆ ਹੈ। ਉਸ ਹਮਲੇ ਵਿਚ ਕਸਾਬ ਨੂੰ ਪਾਕਿਸਤਾਨ ਸਰਕਾਰ ਨੇ ਪਹਿਲਾਂ ਆਪਣਾ ਨਾਗਰਿਕ ਨਹੀਂ ਸੀ ਮੰਨਿਆ, ਪਿੱਛੋਂ ਮੰਨਣਾ ਪੈ ਗਿਆ। ਭਾਰਤ ਨੇ ਕਿਹਾ ਸੀ ਕਿ ਕਸਾਬ ਵਾਲੀ ਕਾਤਲ ਟੋਲੀ ਦੇ ਪਿੱਛੇ ਸਾਜ਼ਿਸ਼ ਦੇ ਅਸਲ ਮੋਹਰੇ ਹਾਫਿਜ਼ ਸਈਦ ਅਤੇ ਜ਼ਕੀ-ਉਰ-ਰਹਿਮਾਨ ਹਨ, ਇਹ ਭਾਰਤ ਦੇ ਹਵਾਲੇ ਕਰ ਕੇ ਜਿਹੜੇ ਦਹਿਸ਼ਤਗਰਦੀ ਦੇ ਟਰੇਨਿੰਗ ਕੈਂਪ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਹਨ, ਉਹ ਬੰਦ ਕੀਤੇ ਜਾਣੇ ਚਾਹੀਦੇ ਹਨ। ਪਾਕਿਸਤਾਨ ਸਰਕਾਰ ਨੇ ਇਹ ਮੰਨਣ ਤੋਂ ਮੂਲੋਂ ਹੀ ਨਾਂਹ ਕਰ ਦਿੱਤੀ ਕਿ ਹਾਫਿਜ਼ ਸਈਦ ਅਤੇ ਜ਼ਕੀ-ਉਰ-ਰਹਿਮਾਨ ਦਾ ਮੁੰਬਈ ਦੀ ਦਹਿਸ਼ਤਗਰਦ ਵਾਰਦਾਤ ਨਾਲ ਕੋਈ ਸਬੰਧ ਸੀ ਅਤੇ ਦਹਿਸ਼ਤਗਰਦਾਂ ਦੇ ਟਰੇਨਿੰਗ ਕੈਂਪਾਂ ਦੀ ਗੱਲ ਵੀ ਉਸ ਨੇ ਫੋਕੀ ਊਜ ਕਹਿ ਕੇ ਰੱਦ ਕਰ ਦਿੱਤੀ ਸੀ। ਬਾਅਦ ਵਿਚ ਹਾਫਿਜ਼ ਸਈਦ ਅਤੇ ਜ਼ਕੀ-ਉਰ-ਰਹਿਮਾਨ ਫੜਨੇ ਵੀ ਪਏ ਤੇ ਕੇਸ ਵੀ ਉਨ੍ਹਾਂ ਦੇ ਖਿਲਾਫ ਚਲਾਉਣਾ ਪੈ ਗਿਆ। ਹੁਣ ਜਿਹੜਾ ਹਫਤਾ ਚੱਲ ਰਿਹਾ ਹੈ, ਇਸ ਦੌਰਾਨ ਪਾਕਿਸਤਾਨ ਸਰਕਾਰ ਦੇ ਸੀਨੀਅਰ ਵਕੀਲ ਨੇ ਅਦਾਲਤ ਵਿਚ ਇਹ ਸਬੂਤ ਪੇਸ਼ ਕਰ ਦਿੱਤੇ ਹਨ ਕਿ ਦੋਵਾਂ ਜਣਿਆਂ ਦਾ ਮੁੰਬਈ ਦੇ ਦਹਿਸ਼ਤਗਰਦ ਹਮਲੇ ਨਾਲ ਹਰ ਸਬੰਧ ਨਿਕਲ ਰਿਹਾ ਹੈ। ਉਸ ਨੇ ਅਦਾਲਤ ਵਿਚ ਕਿਹਾ ਕਿ ਇਨ੍ਹਾਂ ਦੋਵਾਂ ਦੀ ਨਿਗਰਾਨੀ ਹੇਠ ਮੁੰਬਈ ਭੇਜੇ ਗਏ ਦਹਿਸ਼ਤਗਰਦਾਂ ਨੂੰ ਜ਼ਮੀਨੀ ਟਰੇਨਿੰਗ ਦੇਣ ਪਿੱਛੋਂ ਸਮੁੰਦਰ ਵਿਚ ਮੋਟਰ ਬੋਟ ਚਲਾਉਣ ਦੀ ਟਰੇਨਿੰਗ ਦਿੱਤੀ ਗਈ ਸੀ ਤਾਂ ਕਿ ਉਹ ਮੁੰਬਈ ਪਹੁੰਚ ਸਕਣ। ਮੁੰਬਈ ਵਿਚ ਜ਼ਿੰਦਾ ਫੜੇ ਗਏ ਅਜਮਲ ਕਸਾਬ ਦੀ ਜੈਕੇਟ ਅਤੇ ਉਸ ਦੇ ਰੈਕਸਿਨ ਦੇ ਬੈਗ ਵਿਚੋਂ ਜਿਹੜੀ ਫੋਮ ਮਿਲੀ ਸੀ, ਉਹੋ ਫੋਮ ਸੁਰੱਖਿਆ ਫੋਰਸਾਂ ਦੇ ਹੱਥੋਂ ਮਾਰੇ ਗਏ ਉਸ ਦੇ ਨਾਲ ਦੇ ਦਹਿਸ਼ਤਗਰਦਾਂ ਦੀਆਂ ਜੈਕੇਟਾਂ ਅਤੇ ਰੈਕਸਿਨ ਦੇ ਬੈਗਾਂ ਵਿਚੋਂ ਮਿਲੀ ਸੀ। ਕਮਾਲ ਦੀ ਗੱਲ ਸੀ ਕਿ ਜਦੋਂ ਸੰਸਾਰ ਦੇ ਦਬਾਅ ਹੇਠ ਪਾਕਿਸਤਾਨੀ ਸੁਰੱਖਿਆ ਫੋਰਸਾਂ ਨੇ ਹਾਫਿਜ਼ ਸਈਦ ਅਤੇ ਜ਼ਕੀ-ਉਰ-ਰਹਿਮਾਨ ਵਾਲੇ ਕੈਂਪਾਂ ਵਿਚ ਛਾਪਾ ਮਾਰਿਆ ਤਾਂ ਇਹੋ ਫੋਮ ਉਥੋਂ ਵੀ ਕਈ ਚੀਜ਼ਾਂ ਵਿਚ ਮਿਲੀ। ਨਾਲ ਦੀ ਨਾਲ ਸਰਕਾਰੀ ਵਕੀਲ ਨੇ ਉਨ੍ਹਾਂ ਟਰੇਨਿੰਗ ਕੈਂਪਾਂ ਦੀਆਂ ਉਹ ਫੋਟੋਆਂ ਪੇਸ਼ ਕਰ ਦਿੱਤੀਆਂ, ਜਿਹੜੀਆਂ ਭਾਰਤ ਨੇ ਨਹੀਂ ਦਿੱਤੀਆਂ, ਪਾਕਿਸਤਾਨ ਦੇ ਪੁਲਿਸ ਅਧਿਕਾਰੀਆਂ ਨੇ ਆਪ ਜਾ ਕੇ ਲਈਆਂ ਸਨ ਤੇ ਸਾਬਤ ਕਰਦੀਆਂ ਸਨ ਕਿ ਭਾਰਤ ਦਾ ਲਾਇਆ ਦੋਸ਼ ਸਹੀ ਹੈ।

ਕਹਾਣੀ ਲੰਮੀ ਹੋ ਜਾਵੇਗੀ, ਪਰ ਭਾਰਤ ਦੇ ਜੰਗੀ ਫੌਜੀ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹਨ ਜਾਂ ਨਹੀਂ, ਇਸ ਦੀ ਆਖਰੀ ਤੰਦ ਛੱਡੀ ਨਹੀਂ ਜਾ ਸਕਦੀ। ਇਹ ਤੰਦ ਵੀ ਕਾਰਗਿਲ ਦੀ ਜੰਗ ਨਾਲ ਜੁੜੀ ਹੈ। ਉਸ ਜੰਗ ਵਿਚ ਦੋ ਫੌਜੀ ਲਾਪਤਾ ਹੋ ਗਏ ਸਨ। ਪਾਕਿਸਤਾਨ ਸਰਕਾਰ ਨੇ ਕਿਹਾ ਸੀ ਕਿ ਉਸ ਦੇ ਕੋਲ ਨਹੀਂ ਹਨ। ਭਾਰਤੀ ਫੌਜ ਨੇ ਉਹ ਜੰਗ ਦੇ ਲੇਖੇ ਲੱਗੇ ਮੰਨ ਲਏ ਸਨ। ਦੋ ਸਾਲ ਤੋਂ ਵੱਧ ਸਮਾਂ ਲੰਘਾ ਕੇ ਇੱਕ ਦਿਨ ਇਹ ਭੇਦ ਖੁੱਲ੍ਹ ਗਿਆ ਕਿ ਉਹ ਪਾਕਿਸਤਾਨੀ ਫੌਜ ਦੇ ਕਬਜ਼ੇ ਵਿਚ ਹਨ ਤੇ ਫਿਰ ਉਹ ਭਾਰਤ ਨੂੰ ਸੌਂਪਣੇ ਪੈ ਗਏ। ਜਦੋਂ ਉਹ ਵਾਪਸ ਆਏ, ਉਦੋਂ ਤੱਕ ਉਨ੍ਹਾਂ ਲਈ ਘਰ-ਪਰਿਵਾਰ ਦੇ ਹਾਲਾਤ ਮੂਲੋਂ ਹੀ ਬਦਲ ਚੁੱਕੇ ਸਨ। ਇੱਕ ਫੌਜੀ ਦੀ ਘਰ ਵਾਲੀ ਨੂੰ 'ਵਿਧਵਾ' ਦਾ ਠੱਪਾ ਲੱਗ ਜਾਣ ਪਿੱਛੋਂ ਉਸ ਦਾ ਸਹੁਰੇ ਪਰਿਵਾਰ ਨਾਲ ਨਿਭਾ ਨਾ ਹੋਇਆ ਤੇ ਪੇਕੇ ਚਲੀ ਗਈ ਸੀ। ਜਦੋਂ ਫੌਜੀ ਜਵਾਨ ਆਇਆ ਤਾਂ ਰੇੜਕਾ ਪੈ ਗਿਆ ਤੇ ਉਸ ਨੇ ਵਾਪਸ ਸੱਦਣ ਤੋਂ ਨਾਂਹ ਕਰ ਦਿੱਤੀ। ਦੂਸਰੇ ਫੌਜੀ ਦਾ ਇੱਕ ਬੱਚਾ ਵੀ ਸੀ, ਪਰ ਉਸ ਦੀ ਪਤਨੀ ਨੂੰ 'ਵਿਧਵਾ' ਮੰਨੇ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਨੇ ਉਸ ਦਾ ਇਸਲਾਮ ਦੀ ਰੀਤ ਅਨੁਸਾਰ ਕਿਸੇ ਹੋਰ ਨੌਜਵਾਨ ਦੇ ਨਾਲ ਨਿਕਾਹ ਕਰਵਾ ਦਿੱਤਾ ਸੀ, ਜਿੱਥੇ ਜਾ ਕੇ ਉਸ ਦੇ ਇੱਕ ਹੋਰ ਬੱਚਾ ਹੋ ਗਿਆ। ਉਸ ਵਿਚਾਰੀ ਦੇ ਦੋ 'ਪਤੀ' ਹੋ ਗਏ ਤੇ ਦੋਵੇਂ ਉਸ ਭਲੀ ਔਰਤ ਨੂੰ ਨਾਲ ਰੱਖਣ ਨੂੰ ਤਿਆਰ ਸਨ, ਪਰ ਇਹ ਫੈਸਲਾ ਕਰਨਾ ਔਖਾ ਸੀ ਕਿ ਕਿਸ ਦੀ ਪਤਨੀ ਮੰਨੀ ਜਾਵੇ? ਕਈ ਦਿਨਾਂ ਦੀ ਕਾਨੂੰਨੀ ਤੇ ਪ੍ਰਸ਼ਾਸਨਕ ਜੰਗ ਮਗਰੋਂ ਇੱਕ ਦਿਨ ਇੱਕ ਮੀਡੀਆ ਬਹਿਸ ਵਿਚ ਉਸੇ ਨੂੰ ਪੁੱਛ ਲਿਆ ਗਿਆ ਕਿ ਉਹ ਕੀ ਚਾਹੁੰਦੀ ਹੈ? ਉਹ ਔਰਤ ਫਿਰ ਭਲੀ ਨਿਕਲੀ ਤੇ ਸਾਫ ਕਹਿ ਗਈ ਕਿ ਦੋਵਾਂ ਵਿਚੋਂ ਕੋਈ ਵੀ ਬੁਰਾ ਨਹੀਂ, ਪਰ ਪਹਿਲੇ ਦੇ ਜਿਊਂਦੇ ਹੁੰਦਿਆਂ ਕਿਸੇ ਉਲਝਣ ਦੇ ਕਾਰਨ ਦੂਸਰੇ ਦੀ ਪਤਨੀ ਬਣ ਜਾਣਾ ਗਲਤ ਲੱਗਦਾ ਹੈ, ਇਸ ਲਈ ਪਹਿਲੇ ਨਾਲ ਜਾਣਾ ਚਾਹੁੰਦੀ ਹੈ, ਸਿਰਫ ਇੱਕ ਸ਼ਰਤ ਹੈ ਕਿ ਮਾਂ ਨੂੰ ਦੋਵਾਂ ਦੇ ਬੱਚੇ ਇੱਕੋ ਜਿੰਨੇ ਪਿਆਰੇ ਹਨ, ਪਹਿਲੇ ਪਤੀ ਨੂੰ ਦੂਸਰੇ ਤੋਂ ਪੈਦਾ ਹੋਇਆ ਬੱਚਾ ਬਰਾਬਰ ਸਮਝਣਾ ਪਵੇਗਾ। ਅੱਗੋਂ ਉਹ ਵੀ ਭਲਾ ਨਿਕਲਿਆ ਤੇ ਭਰੇ ਇਕੱਠ ਵਿਚ ਉਸ ਦੀ ਸ਼ਰਤ ਮੰਨ ਕੇ ਲੈ ਗਿਆ। ਜਿਹੜੀ ਵੱਡੀ ਗੁੰਝਲ ਲੋਕਾਂ ਵਿਚ ਜਾ ਕੇ ਉਨ੍ਹਾਂ ਨੇ ਏਨੇ ਸਹਿਜ ਭਾਵ ਨਾਲ ਮਨ ਸਾਫ ਹੋਣ ਕਰ ਕੇ ਸੁਲਝਾ ਲਈ, ਉਸ ਦੀ ਜੜ੍ਹ ਪਾਕਿਸਤਾਨ ਨੇ ਲਾਈ ਸੀ, ਜਿਸ ਨੇ ਭਾਰਤੀ ਫੌਜ ਦੇ ਜਵਾਨਾਂ ਨੂੰ ਜ਼ਿੰਦਾ ਫੜ ਕੇ ਇਹ ਗੱਲ ਲੁਕਾ ਕੇ ਰੱਖੀ ਕਿ ਉਸ ਦੇ ਕੋਲ ਹਨ। ਜੇ ਉਸ ਨੇ ਪਹਿਲੇ ਦਿਨ ਹੀ ਉਨ੍ਹਾਂ ਦੋਵਾਂ ਦਾ ਕੈਦੀ ਹੋਣਾ ਮੰਨ ਲਿਆ ਹੁੰਦਾ, ਇਹ ਝਗੜਾ ਹੀ ਕਦੇ ਨਾ ਪੈਂਦਾ।

ਹੁਣ ਜਦੋਂ ਭਾਰਤੀ ਪਾਰਲੀਮੈਂਟ ਵਿਚ ਲਿਖਤੀ ਰੂਪ ਵਿਚ ਮੰਨਿਆ ਜਾ ਚੁੱਕਾ ਹੈ ਕਿ 1965 ਤੇ 9171 ਦੀਆਂ ਜੰਗਾਂ ਦੇ ਚਰਵੰਜਾ ਭਾਰਤੀ ਫੌਜੀਆਂ ਦੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹੋਣ ਦੀ ਗੱਲ ਸੱਚੀ ਹੋ ਸਕਦੀ ਹੈ ਤਾਂ ਭਾਰਤ ਸਰਕਾਰ ਨੂੰ ਇਹ ਕੇਸ ਸੰਸਾਰ ਅਦਾਲਤ ਵਿਚ ਲਿਜਾਣਾ ਚਾਹੀਦਾ ਹੈ ਤੇ ਯੂ ਐਨ ਜਨਰਲ ਅਸੈਂਬਲੀ ਵਿਚ ਵੀ। ਉਸ ਨੂੰ ਉਸ ਪਾਕਿਸਤਾਨ ਸਰਕਾਰ ਦੇ ਕਹੇ ਉਤੇ ਭਰੋਸਾ ਬਿਲਕੁਲ ਨਹੀਂ ਕਰਨਾ ਚਾਹੀਦਾ, ਜਿਸ ਨੂੰ ਉਸ ਮੁਲਕ ਦੇ ਲੋਕ ਵੀ ਭਰੋਸੇ ਦੇ ਕਾਬਲ ਨਹੀਂ ਜਾਣਦੇ। ਕੈਪਟਨ ਸੌਰਭ ਕਾਲੀਆ ਦਾ ਕੇਸ ਇੱਕ ਮਜ਼ਬੂਤ ਆਧਾਰ ਹੈ। ਇਸ ਦੀ ਤਹਿ ਵਿਚ ਜਾਣ ਦਾ ਭਾਰਤ ਸਰਕਾਰ ਦਾ ਹੱਕ ਵੀ ਹੈ ਤੇ ਫਰਜ਼ ਵੀ। ਪਹਿਲੀ ਗਲਤੀ ਵਾਜਪਾਈ ਸਰਕਾਰ ਦੀ ਸੀ, ਜਿਸ ਨੇ ਇਸ ਕੇਸ ਨੂੰ ਚੁੱਕਣ ਤੋਂ ਪਰਹੇਜ਼ ਕੀਤਾ ਸੀ ਤੇ ਦੂਸਰੀ ਮਨਮੋਹਨ ਸਿੰਘ ਸਰਕਾਰ ਦੀ, ਜਿਸ ਨੇ ਇਸ ਦੀ ਫਾਈਲ ਹੀ ਹੁਣ ਤੱਕ ਨਹੀਂ ਫੋਲੀ। ਦੇਰੀ ਨਾਲ ਹੀ ਸਹੀ, ਇਹ ਦਰੁਸਤ ਕਦਮ ਹੁਣ ਚੁੱਕਣਾ ਹੀ ਚਾਹੀਦਾ ਹੈ।

## ਜੇਲ੍ਹਾਂ 'ਚ ਰੁਲਦੇ ਮਨੁੱਖਾਂ ਦੀ ਸਾਰ ਲਓ

**ਅਜੋਕੀ ਗੱਲ**

ਪਰਦੇਸਾਂ ਵਿਚ ਜੇਲ੍ਹਾਂ ਦੀ ਕੈਦ ਵਿਚ ਬੈਠੇ ਪੰਜਾਬੀਆਂ ਤੇ ਭਾਰਤੀਆਂ ਬਾਰੇ ਅਕਸਰ ਖਬਰਾਂ ਪੜ੍ਹਦੇ ਸੁਣਦੇ ਰਹਿੰਦੇ ਹਾਂ ਪਰ ਖੁਦ ਸਾਡੇ ਆਪਣੇ ਹੀ ਦੇਸ਼ ਅੰਦਰ ਬਿਨਾ ਕਿਸੇ ਦੋਸ਼ ਤੋਂ ਦੋਸ਼ੀ ਬਣ ਕੇ ਸੈਂਕੜੇ ਲੋਕ ਜੇਲ੍ਹ ਦੀ ਨਰਕ ਭੋਗ ਰਹੇ ਹਨ। 1971 ਦੀ ਭਾਰਤ-ਪਾਕਿਸਤਾਨ ਜੰਗ ਅਤੇ ਇਸ ਤੋਂ ਵੀ ਪਹਿਲਾਂ ਦੇ ਕੁਝ ਜੰਗੀ ਕੈਦੀ ਜੇਲ੍ਹਾਂ ਵਿਚ ਬੈਠੇ ਹਨ। ਇਸ ਤੋਂ ਇਲਾਵਾ ਪਾਕਿਸਤਾਨ, ਮਲੇਸ਼ੀਆ, ਗੁਆਟੇਮਾਲਾ, ਮੈਕਸੀਕੋ, ਆਸਟਰੇਲੀਆ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਸਜ਼ਾ ਭੁਗਤ ਰਹੇ ਹਨ, ਉਨ੍ਹਾਂ ਦੀ ਕੋਈ ਸਾਰ ਨਹੀਂ ਲੈ ਰਿਹਾ।

ਹਾਲ ਹੀ ਵਿਚ ਪਤਾ ਲੱਗਾ ਹੈ ਕਿ ਜਸਪਾਲ ਸਿੰਘ ਨਾਂ ਦਾ ਇਕ ਕੈਦੀ ਓਮਾਨ ਦੀ ਜੇਲ੍ਹ ਵਿਚ ਪਿਛਲੇ 39 ਸਾਲ ਤੋਂ ਬੰਦ ਹੈ ਅਤੇ ਨਰਕ ਦੀ ਜ਼ਿੰਦਗੀ ਭੋਗ ਰਿਹਾ ਹੈ। ਫੌਜ ਦੀ ਨੌਕਰੀ ਦੌਰਾਨ ਉਸ ਨੂੰ ਪਾਕਿਸਤਾਨ ਨੇ ਕੈਦੀ ਬਣਾ ਕੇ ਓਮਾਨ ਭੇਜਿਆ ਸੀ। ਉਸ ਦੇ ਪਰਿਵਾਰ ਨੂੰ ਵੀ ਹੁਣੇ ਹੀ ਉਸ ਦੇ ਬਾਰੇ ਪਤਾ ਲੱਗਾ ਹੈ ਜਦੋਂਕਿ ਭਾਰਤ ਸਰਕਾਰ ਉਸ ਨੂੰ ਜੰਗੀ ਸ਼ਹੀਦ ਕਰਾਰ ਦੇ ਚੁਕੀ ਹੈ। ਪਤਾ ਨਹੀਂ ਜੱਜ ਇੰਨਾ ਲੰਮਾ ਸਮਾਂ ਕਿਸੇ ਕੇਸ ਦਾ ਨਿਬੇੜਾ ਕਿਉਂ ਨਹੀਂ ਕਰਦੇ। ਸ਼ਾਇਦ ਉਹ ਇਨਸਾਨੀਅਤ ਹੀ ਭੁੱਲ ਗਏ ਹਨ।

ਭਾਰਤ ਸਰਕਾਰ ਨੂੰ ਕੋਈ ਅਜਿਹਾ ਵਿਭਾਗ ਜਾਂ ਸੰਸਥਾ ਬਣਾਉਣੀ ਚਾਹੀਦੀ ਹੈ ਜੋ ਸਰਕਾਰੀ ਖਰਚੇ ਉਤੇ ਭਾਰਤ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਕੈਦੀ ਬੈਠੇ ਭਾਰਤੀਆਂ ਦੀ ਸਾਰ ਲਵੇ। ਵਿਦੇਸ਼ਾਂ ਵਿਚ ਜਿੱਥੇ ਸਾਡੇ ਭਾਰਤੀ ਵੱਡੀਆਂ ਵੱਡੀਆਂ ਸੰਸਥਾਵਾਂ ਬਣਾ ਕੇ ਸਿਰਫ ਆਪਣੀ ਹਉਮੈ ਨੂੰ ਹੀ ਪੱਠੇ ਪਾਉਂਦੇ ਹਨ, ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਵਿਦੇਸ਼ਾਂ ਵਿਚ ਕੈਦ ਭੁਗਤ ਰਹੇ ਇਨ੍ਹਾਂ ਲੋਕਾਂ ਦੀ ਸਾਰ ਲੈਣ। ਉਨ੍ਹਾਂ ਨੂੰ ਇਕ ਅਜਿਹੀ ਸੰਸਥਾ ਬਣਾਉਣੀ ਚਾਹੀਦੀ ਹੈ ਜੋ ਸਿਰਫ ਇਸ ਕਾਰਜ ਨੂੰ ਹੀ ਸਮਰਪਿਤ ਹੋਵੇ।

*-ਬਲਬੀਰ ਕਾਲੇਕਾ*
*ਫੋਨ: 916-856-6545*

ਪੰਜਾਬ ਟਾਈਮਜ਼

*ਸਨਿਚਰਵਾਰ, 22 ਦਸੰਬਰ 2012*

# ਬਾਰੂਦ ਦੇ ਵਪਾਰੀ ਤੇ ਜ਼ਿੰਦਗੀ ਦੀ ਜੱਦੋਜਹਿਦ

ਸ਼ੁੱਕਰਵਾਰ 14 ਦਸੰਬਰ ਦੀ ਭਿਆਨਕ ਵਾਰਦਾਤ ਨਾਲ ਇਕੋ ਝਟਕੇ ਵਿਚ ਮਹਿਕਦੇ ਫੁੱਲਾਂ ਦੀਆਂ ਪੰਖੜੀਆਂ ਜਿਹੀਆਂ 20 ਨਾਜ਼ੁਕ ਜ਼ਿੰਦੜੀਆਂ ਤੋਂ ਇਲਾਵਾ 8 ਹੋਰ ਜਾਨਾਂ ਵੀ ਚਲੀਆਂ ਗਈਆਂ। ਇਹ ਸ਼ਾਇਦ ਹੁਣ ਕਦੇ ਪਤਾ ਨਾ ਲੱਗੇ ਕਿ 20 ਸਾਲਾ ਨੌਜਵਾਨ ਐਡਮ ਲਾਂਜ਼ਾ ਦੇ ਜ਼ਿਹਨ ਵਿਚ ਉਹ ਕਿਹੜੀ ਗੰਢ ਪਈ ਹੋਈ ਸੀ ਜਿਸ ਕਾਰਨ ਉਸ ਨੇ ਅੱਖ ਦੇ ਫੋਰ ਵਿਚ ਇੰਨੀਆਂ ਜ਼ਿੰਦਗਾਨੀਆਂ ਨੂੰ ਲਾਸ਼ਾਂ ਵਿਚ ਬਦਲ ਦਿੱਤਾ। ਇਸ ਕੋਣ ਤੋਂ ਹੁਣ ਮਾਨਸਿਕ ਸਿਹਤ ਬਾਰੇ ਵੀ ਗੱਲਾਂ ਹੋਣਗੀਆਂ। ਉਂਜ, ਗੰਭੀਰਤਾ ਨਾਲ ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਕੁਝ ਕੁ ਵਕਫੇ ਦੇ ਟਿਕ-ਟਿਕਾ ਤੋਂ ਬਾਅਦ ਦੇਸ਼ ਵਿਚ ਅਜਿਹੀਆਂ ਵਾਰਦਾਤਾਂ ਲਗਾਤਾਰ ਵਾਪਰ ਰਹੀਆਂ ਹਨ। ਇਨ੍ਹਾਂ ਦਾ ਪੈਟਰਨ ਵੀ ਤਕਰੀਬਨ ਇਕੋ ਹੈ। ਕੋਈ ਸਿਰਫਿਰਿਆ, ਅਚਾਨਕ ਬਾਰੂਦ ਦੀ ਵਾਛੜ ਕਰ ਕੇ ਜ਼ਿੰਦਗੀ ਨੂੰ ਮੌਤ ਵਿਚ ਬਦਲ ਦਿੰਦਾ ਹੈ। ਨਿਊ ਟਾਊਨ ਵਾਲੀ ਇਸ ਵਾਰਦਾਤ ਨੇ ਇਕ ਹੋਰ ਨੁਕਤਾ ਕੇਂਦਰ ਵਿਚ ਲਿਆਂਦਾ ਹੈ ਕਿ ਸੰਸਾਰ ਦੇ ਹੋਰ ਬਥੇਰੇ ਵਿਕਸਿਤ ਦੇਸ਼ ਹਨ, ਪਰ ਅਜਿਹੀਆਂ ਵਾਰਦਾਤਾਂ ਅਮਰੀਕਾ ਵਿਚ ਹੀ ਵੱਧ ਕਿਉਂ? ਇਸ ਦੇ ਨਾਲ ਹੀ ਇਥੇ ਹਥਿਆਰਾਂ ਤੇ ਅਸਲੇ ਬਾਰੇ ਬਹਿਸ ਛਿੜ ਗਈ ਹੈ। ਅਜਿਹੀ ਵਾਰਦਾਤ ਤੋਂ ਬਾਅਦ ਹਰ ਵਾਰ ਅਜਿਹਾ ਹੀ ਹੁੰਦਾ ਹੈ, ਪਰ ਇਹ ਬਹਿਸ ਪਹਿਲਾਂ ਹਰ ਵਾਰ ਬਿਨਾਂ ਕਿਸੇ ਨਤੀਜੇ ਦੇ ਖਤਮ ਹੁੰਦੀ ਰਹੀ ਹੈ।

ਅਸਲ 'ਚ ਹਥਿਆਰ ਬਣਾਉਣ ਤੇ ਵੇਚਣ ਵਾਲੀ ਲੌਬੀ ਹੈ ਹੀ ਇੰਨੀ ਮੂੰਹਜ਼ੋਰ ਕਿ ਕੋਈ ਵੀ ਪ੍ਰਸ਼ਾਸਨ ਅਜੇ ਤੱਕ ਕੁਝ ਨਹੀਂ ਕਰ ਸਕਿਆ। ਪਿਛਲੇ ਸਾਲ ਨੈਸ਼ਨਲ ਰਾਈਫਲ ਐਸੋਸੀਏਸ਼ਨ ਨੇ ਇਸ ਮੁੱਦੇ ਬਾਰੇ ਵਿਚਾਰ-ਵਟਾਂਦਰੇ ਲਈ ਰਾਸ਼ਟਰਪਤੀ ਬਰਾਕ ਓਬਾਮਾ ਦਾ ਸੱਦਾ ਹੀ ਪ੍ਰਵਾਨ ਨਹੀਂ ਸੀ ਕੀਤਾ। ਉਂਜ ਇਸ ਵਾਰ ਲੋਕਾਂ ਵਿਚ ਹਥਿਆਰਾਂ ਖਿਲਾਫ ਰੋਸ ਪਹਿਲਾਂ ਨਾਲੋਂ ਕਿਤੇ ਵੱਧ ਹੈ; ਐਤਕੀਂ ਇਹ ਆਵਾਜ਼ ਵੀ ਬਹੁਤ ਉਚੀ ਉਠੀ ਹੈ ਕਿ ਹੁਣ ਸਾਨੂੰ ਸਿਰਫ ਸੋਗ ਹੀ ਨਹੀਂ, ਸਗੋਂ ਗੁੱਸਾ ਵੀ ਜ਼ਾਹਿਰ ਕਰਨਾ ਚਾਹੀਦਾ ਹੈ। ਉਦਾਸੀ ਦੇ ਆਲਮ 'ਚੋਂ ਗੁਜ਼ਰ ਰਹੇ ਰਾਸ਼ਟਰਪਤੀ ਓਬਾਮਾ ਨੇ ਵੀ ਕਿਹਾ ਹੈ ਕਿ ਹੁਣ ਸਾਨੂੰ ਸਿਆਸੀ ਫਾਇਦਿਆਂ ਤੋਂ ਪਾਰ ਜਾ ਕੇ ਕੁਝ ਕਰਨਾ ਪਵੇਗਾ ਕਿਉਂਕਿ ਹੁਣ ਮਸਲਾ ਬੱਚਿਆਂ ਦੀ ਹਿਫਾਜ਼ਤ ਦਾ ਹੈ। ਇਕ ਗੱਲ ਤਾਂ ਐਨ ਸਪਸ਼ਟ ਹੈ ਕਿ ਦੇਸ਼ ਵਿਚ ਪਿਸਤੌਲ/ਬੰਦੂਕਾਂ ਬਹੁਤ ਅਸਾਨੀ ਨਾਲ, ਬੇਰੋਕ-ਟੋਕ ਮਿਲ ਰਹੀਆਂ ਹਨ। ਤੇ ਹਥਿਆਰਾਂ ਬਾਰੇ ਇਹ ਤਾਂ ਸਭ ਨੂੰ ਪਤਾ ਹੈ ਕਿ ਵੇਚੇ ਅਤੇ ਖਰੀਦੇ ਗਏ ਹਥਿਆਰ ਆਖਰਕਾਰ ਚੱਲਣੇ ਹੀ ਹੁੰਦੇ ਹਨ। ਕਿਤੇ ਦੂਰ ਜਾਣ ਦੀ ਲੋੜ ਨਹੀਂ, ਅਮਰੀਕਾ ਤੋਂ ਮੈਕਸੀਕੋ ਜਾਂਦੇ ਹਥਿਆਰ ਉਥੇ ਕਹਿਰ ਢਾਹ ਰਹੇ ਹਨ। ਉਥੇ 2005 ਤੋਂ ਲੈ ਕੇ ਹੁਣ ਤੱਕ ਮਾਫੀਆ ਹਿੰਸਾ ਵਿਚ 30 ਹਜ਼ਾਰ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਜਿਹੜੇ 10 ਗੈਰਕਾਨੂੰਨੀ ਹਥਿਆਰ ਮੈਕਸੀਕੋ ਪੁੱਜਦੇ ਹਨ, ਉਨ੍ਹਾਂ ਵਿਚੋਂ 9 ਅਮਰੀਕਾ ਤੋਂ ਜਾਂਦੇ ਹਨ।

ਦੇਸ਼ ਵਿਚ ਹਥਿਆਰਾਂ ਦੀ ਇਸ ਅੰਨ੍ਹੀ ਦੌੜ ਬਾਰੇ ਨਿੱਠ ਕੇ ਵਿਚਾਰ ਕਰਨਾ ਅਤੇ ਇਸ ਵਿਚਾਰ-ਚਰਚਾ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕਰਨਾ ਸਮੇਂ ਦੀ ਲੋੜ ਹੈ। ਹਥਿਆਰਾਂ ਦੀ ਲੌਬੀ ਤਾਂ ਇੰਨੇ ਸਾਲਾਂ-ਦਹਾਕਿਆਂ ਤੋਂ ਆਪਣਾ ਕੰਮ ਕਰ ਹੀ ਰਹੀ ਹੈ, ਹੁਣ ਇਸ ਲੌਬੀ ਖਿਲਾਫ ਲਾਮਬੰਦੀ ਕਰਨ ਵਾਲਿਆਂ ਲਈ ਵੀ ਕੁਝ ਸਵਾਲ ਖੜ੍ਹੇ ਕਰਨੇ ਜ਼ਰੂਰੀ ਹਨ। ਨੈਸ਼ਨਲ ਰਾਈਫਲ ਐਸੋਸੀਏਸ਼ਨ ਤਾਂ ਆਪਣੇ ਮਿਸ਼ਨ ਨੂੰ ਇੰਨੀ ਸਮਰਪਿਤ ਹੈ ਕਿ ਇਸ ਨੇ 2009 ਤੋਂ ਹੁਣ ਤੱਕ ਵੱਖ ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਹਥਿਆਰਾਂ ਦੇ ਹੱਕ ਵਿਚ ਇੱਕਾ-ਦੁੱਕਾ ਨਹੀਂ, ਬਲਕਿ 99 ਬਿੱਲ ਪੇਸ਼ ਕਰਵਾਏ ਹਨ। ਲਾਇਸੈਂਸਾਂ ਤੋਂ ਬਗੈਰ ਜਿੰਨੀਆਂ ਫਾਇਰਿੰਗ ਰੇਂਜਾਂ ਚੱਲ ਰਹੀਆਂ ਹਨ, ਉਸ ਵੱਲ ਤਾਂ ਸ਼ਾਇਦ ਕਿਸੇ ਨੇ ਗੌਰ ਵੀ ਨਹੀਂ ਕੀਤਾ ਹੋਣਾ। ਇਸ ਮਾਮਲੇ ਵਿਚ ਪ੍ਰਗਤੀਸ਼ੀਲ/ਤਰੱਕੀਪਸੰਦ ਤਬਕਾ ਅਤੇ ਜਥੇਬੰਦੀਆਂ ਵੀ ਬਹੁਤ ਪਿਛੇ ਰਹਿ ਗਈਆਂ ਹਨ। ਪ੍ਰਗਤੀਸ਼ੀਲਾਂ ਨੇ ਇਹ ਅੰਕੜੇ ਤਾਂ ਬਥੇਰੇ ਇਕੱਠੇ ਕਰ ਲਏ ਹਨ ਕਿ ਦੇਸ਼ ਨੂੰ ਹੁਣ ਬੈਂਕ ਤੇ ਵਾਲਸਟਰੀਟ ਹੀ ਚਲਾ ਰਹੇ ਹਨ ਅਤੇ ਇਨ੍ਹਾਂ ਅੰਕੜਿਆਂ ਰਾਹੀਂ ਇਹ ਗੱਲ ਪੜ੍ਹੇ-ਲਿਖੇ ਤਬਕੇ ਨੂੰ ਜਚਾ ਵੀ ਦਿੱਤੀ ਹੈ ਪਰ ਹਥਿਆਰ ਬਣਾਉਣ ਤੇ ਵੇਚਣ ਵਾਲੀ ਲੌਬੀ ਸਰਕਾਰ 'ਤੇ ਕਿਸ ਕਦਰ ਅਸਰ-ਅੰਦਾਜ਼ ਹੈ, ਇਸ ਬਾਰੇ ਇਸ ਨੇ ਕਦੀ ਗੱਲ ਤੱਕ ਨਹੀਂ ਚਲਾਈ।

ਸ਼ੁਕਰ ਹੈ ਅਤੇ ਸੁੱਖ ਵਾਲੀ ਖਬਰ ਹੈ ਕਿ ਰਾਸ਼ਟਰਪਤੀ ਓਬਾਮਾ ਨੇ ਹੁਣ ਇਸ ਮਾਮਲੇ ਵਿਚ ਪਹਿਲਕਦਮੀ ਕੀਤੀ ਹੈ। ਦੁੱਖ ਅਤੇ ਦਰਦ ਦੀ ਇਸ ਘੜੀ ਵਿਚ ਉਨ੍ਹਾਂ ਦਾ ਇਹ ਕਹਿਣਾ ਹੀ ਬਹੁਤ ਹੈ ਕਿ 'ਹੁਣ ਸਾਨੂੰ ਬਦਲਣਾ ਪਵੇਗਾ' ਅਤੇ 'ਸਿਆਸੀ ਮੁਫਾਦ ਦੀ ਪ੍ਰਵਾਹ ਕੀਤੇ ਬਗੈਰ ਹੁਣ ਕੁਝ ਕਰਨਾ ਪਵੇਗਾ।' ਠੀਕ ਵੀ ਇਹੀ ਹੈ; ਅਜਿਹੇ ਹਾਦਸੇ ਤੋਂ ਬਾਅਦ ਸਿਰ ਧੁਣਖਿਆਂ ਕੁਝ ਨਹੀਂ ਬਣਨਾ, ਹੁਣ ਹਥਿਆਰਾਂ ਦੀ ਹਿੰਸਾ ਨਾਲ ਕਰਾਰੇ ਹੱਥੀਂ ਸਿੱਝਣਾ ਪਵੇਗਾ। ਮਾਨਸਿਕ ਸਿਹਤ ਵਿਚ ਸੁਧਾਰ ਵੀ ਵੱਡਾ ਮਸਲਾ ਹੈ ਪਰ ਹਥਿਆਰਾਂ ਦੀ ਹਿੰਸਾ, ਬਿਨਾਂ ਸ਼ੱਕ ਵੱਧ ਘਾਤਕ ਹੈ ਅਤੇ ਨਵੀਂ ਪੀੜ੍ਹੀ ਵਿਚ ਇਸ ਦਾ ਸੁਨੇਹਾ ਹੋਰ ਵੀ ਘਾਤਕ ਰੂਪ ਅਖਤਿਆਰ ਕਰ ਕੇ ਪੁੱਜਦਾ ਹੈ। ਹਥਿਆਰਾਂ ਨੇ ਜਿਥੇ ਕਿਤੇ ਵੀ ਕਹਿਰ ਢਾਹਿਆ ਹੈ, ਉਥੇ ਦਹਾਕਿਆਂ ਤੱਕ ਜ਼ਿੰਦਗੀ ਲੀਹ ਉਤੇ ਨਹੀਂ ਪਈ। ਇਹ ਭਾਵੇਂ ਅਮਰੀਕਾ ਹੈ, ਪੰਜਾਬ ਹੈ ਤੇ ਭਾਵੇਂ ਇਰਾਕ, ਜਾਂ ਅਫਗਾਨਿਸਤਾਨ ਹੈ ਤੇ ਜਾਂ ਸੰਸਾਰ ਦਾ ਕੋਈ ਹੋਰ ਖਿੱਤਾ ਹੈ; ਇਸ ਹਿੰਸਾ ਨੇ ਤਬਾਹੀ ਮਚਾਈ ਹੈ। ਇਸੇ ਸਾਲ ਪੰਜ ਅਗਸਤ ਨੂੰ ਵਿਸਕਾਨਸਿਨ ਵਿਚ ਗੁਰਦੁਆਰਾ ਓਕ ਕਰੀਕ ਵਿਚ ਛੇ ਸਿੱਖ ਸ਼ਰਧਾਲੂਆਂ ਦੀ ਮੌਤ ਦਾ ਦਰਦ ਅਜੇ ਤੱਕ ਸਿੱਖ ਭਾਈਚਾਰੇ ਦੇ ਵਿਹੜਿਆਂ ਵਿਚ ਸੋਗ ਵਰਤਾ ਰਿਹਾ ਹੈ। ਇਸ ਸੋਗ ਵਿਚੋਂ ਨਿਕਲਣ ਦਾ ਸਿਰਫ ਇਕ ਹੀ ਢੰਗ ਹੈ ਕਿ ਹਥਿਆਰਾਂ ਨੂੰ ਅਲਵਿਦਾ ਆਖ ਕੇ ਇਸ ਦੁਨੀਆਂ ਨੂੰ ਹੋਰ ਖੂਬਸੂਰਤ ਬਣਾਉਣ ਲਈ ਕੋਸ਼ਿਸ਼ ਕੀਤੀ ਜਾਵੇ। ਸਾਡੇ ਸ਼ਬਦ-ਗੁਰੂ ਦਾ ਵੀ ਇਹੀ ਸੰਦੇਸ਼ ਹੈ। ਇਹ ਸੰਦੇਸ਼ ਦੂਰ ਦੂਰ ਤੱਕ ਪੁੱਜਦਾ ਕਰਨ ਲਈ ਸਭ ਨੂੰ ਲੱਕ ਬੰਨ੍ਹਣਾ ਚਾਹੀਦਾ ਹੈ; ਜਿਸ ਤਰ੍ਹਾਂ ਰਾਸ਼ਟਰਪਤੀ ਓਬਾਮਾ ਨੇ ਜਾਪਦਾ ਹੈ, ਆਪਣਾ ਲੱਕ ਬੰਨ੍ਹ ਲਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਡਰਨ ਮਿਰਜ਼ੇ!*

ਮਾਪੇ ਧੀਆਂ ਦੇ ਹੋਏ ਭੈਅ-ਭੀਤ ਫਿਰਦੇ 'ਪਹੁੰਚ' ਦੇਖ ਕੇ ਭੂਤਰੇ ਸੰਢਿਆਂ ਦੀ।
ਗੁੱਝੀ ਹੁੰਦੀ ਏ ਲੋਕ ਸਭ ਜਾਣਦੇ ਨੇ ਮਿਲੀ ਭੁਗਤ ਸਿਆਸੀ ਹਥ-ਕੰਡਿਆਂ ਦੀ।
ਆਵੇ ਰਤਾ ਵੀ ਸ਼ਰਮ ਨਾ ਫੁਕਰਿਆਂ ਨੂੰ ਲੰਡੀ ਜੀਪ 'ਤੇ ਛਾਪੇ ਹੋਏ 'ਖੰਡਿਆਂ' ਦੀ।
ਗਾਂਢਾ ਸਾਂਢਾ ਜਦ ਮੰਤਰੀ ਨਾਲ ਹੋਵੇ ਕੀ ਔਕਾਤ ਫਿਰ ਪੁਲਿਸ ਦੇ ਡੰਡਿਆਂ ਦੀ।
ਹਾਕਮ ਅਤੇ ਮੁੰਡ੍ਹੀਰ ਨੇ ਢੀਠ ਹੋਏ ਹਾਨੀ ਮੰਨਦੇ ਭੋਰਾ ਨਾ ਭੰਡਿਆਂ ਦੀ।
ਮਿਰਜ਼ਾ 'ਕੱਲਾ ਨੀ ਜਾਂਦਾ ਹੁਣ ਲੈਣ ਸਾਹਿਬਾਂ ਧਾੜ ਹੁੰਦੀ ਏ ਨਾਲ ਮੁਸ਼ਟੰਡਿਆਂ ਦੀ!

# ਧੁੰਆਂਖ ਰਿਹੈ ਭਾਰਤ ਦੇ ਮੱਥੇ ਦਾ ਸੁਨਹਿਰੀ ਟਿੱਕਾ

*ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਮੁੱਢੋਂ-ਸੁੱਢੋਂ ਤਬਦੀਲੀ ਦਾ ਦੌਰ ਚੱਲ ਰਿਹਾ ਹੈ। ਸਿਆਸਤ ਵੀ ਇਸ ਤਬਦੀਲੀ ਤੋਂ ਅਭਿੱਜ ਨਹੀਂ ਹੈ ਪਰ ਫਿਕਰ ਵਾਲੀ ਗੱਲ ਇਹ ਹੈ ਕਿ ਸਿਆਸਤ ਦਾ ਖੇਤਰ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਹੋਈਆਂ ਕੁਝ ਵਾਰਦਾਤਾਂ ਨੇ ਪੰਜਾਬ ਲਈ ਸੰਜੀਦਗੀ ਨਾਲ ਸੋਚਣ ਵਾਲਿਆਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਅਮਨਦੀਪ ਹਾਂਸ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਫਿਕਰਾਂ ਦੀ ਹੀ ਗੱਲ ਕੀਤੀ ਹੈ ਅਤੇ ਨਾਲ ਹੀ ਪੰਜਾਬ ਦੇ ਇਉਂ ਹੌਲੀ ਹੌਲੀ ਲੀਹ ਤੋਂ ਲਹਿ ਜਾਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖ ਦੇ ਅਖੀਰ ਵਿਚ ਉਸ ਨੇ ਆਪਣੀ ਗੱਲ ਜਿਸ ਤਨਜ਼ ਅਤੇ ਦਰਦ ਨਾਲ ਆਖੀ ਹੈ, ਉਸ ਤੋਂ ਪੰਜਾਬੀਆਂ ਦੇ ਸਬਰ ਦੇ ਭਰ ਰਹੇ ਪਿਆਲੇ ਦੀ ਸੋਅ ਵੀ ਮਿਲਦੀ ਹੈ। ਲੇਖਕਾ ਇਸ ਇਕ ਸਤਰ ਵਿਚ ਪੰਜਾਬ ਨਾਲ ਬੀਤ ਰਹੀ ਕਹਾਣੀ ਅਤੇ ਪੰਜਾਬੀਆਂ ਦੇ ਜ਼ਿਹਨ ਵਿਚ ਚੱਲ ਰਹੀ ਉਥਲ-ਪੁਥਲ ਦੀ ਕਥਾ ਕਰ ਗਈ ਹੈ। -ਸੰਪਾਦਕ*

ਇੱਜ਼ਤ ਅਣਖ ਖ਼ਾਤਰ ਪੰਜਾਬੀ ਮਰ ਮਿਟ ਜਾਂਦੇ ਨੇ ਤੇ ਸ਼ਾਇਦ ਇਸੇ ਕਰ ਕੇ ਹੀ ਪੰਜਾਬੀਆਂ ਨੂੰ ਹਰ ਥਾਂ ਸਨੇਹ ਤੇ ਸਤਿਕਾਰ ਭਰੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਪੰਜਾਬ ਨੇ ਆਪਣੇ ਪਿੰਡੇ 'ਤੇ ਅਥਾਹ ਫੱਟ ਝੱਲੇ, ਫਿਰ ਵੀ ਇਸ ਦਾ ਮਾਣਮੱਤਾ ਸਿਰ ਉਚਾ ਹੀ ਰਿਹਾ ਹੈ। ਭਾਰਤ ਦੇ ਚੰਨ ਮੱਥੇ ਦਾ ਸੁਨਹਿਰੀ ਟਿੱਕਾ ਪੰਜਾਬ ਪੂਰੇ ਦੇਸ਼ ਲਈ ਮਾਣ ਸਾਬਤ ਹੁੰਦਾ ਆਇਆ ਹੈ। ਇਸ ਸੁਨਹਿਰੇ ਟਿੱਕੇ ਦੀ



ਅਮਨਦੀਪ ਹਾਂਸ

ਜਦ ਵੀ ਕਦੀ ਭਾਅ ਧੁੰਦਲੀ ਪੈਣ ਲਗਦੀ ਹੈ, ਵਿਸ਼ਵ ਭਰ 'ਚ ਬੈਠੇ ਫਿਕਰਮੰਦ ਪੰਜਾਬੀਆਂ ਦਾ ਧਿਆਨ ਉਸ ਦੇ ਕਾਰਨ ਟੋਲਣ 'ਤੇ ਲੱਗ ਜਾਂਦਾ ਹੈ।

ਅੱਜ ਫਿਰ ਪੰਜਾਬ ਦੇ ਫਿਰਕਮੰਦ ਸੀਨਿਆਂ 'ਚ ਕੁਝ ਉਬਲ ਰਿਹਾ ਹੈ, ਚੇਤੰਨ ਦਿਮਾਗ਼ਾਂ 'ਚ ਗੰਭੀਰ ਵਿਚਾਰ ਕੀੜੀਆਂ ਬਣ ਦੌੜ ਰਹੇ ਹਨ। ਹਾਲਾਤ ਹੀ ਕੁਝ ਅਜਿਹੇ ਹਨ। ਜਿਸ ਪੰਜਾਬ ਦੀਆਂ ਅਮੀਰ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਛਣਕਣੇ ਖੜਕਾ ਕੇ ਕੁਝ ਵਿਅਕਤੀ ਵਿਸ਼ੇਸ਼ ਉਮਰ ਭਰ ਦੀਆਂ ਰੋਟੀਆਂ ਤੋੜਨ 'ਚ ਲੱਗੇ ਹੋਏ ਨੇ, ਉਨ੍ਹਾਂ ਦੇ ਹਲਕ 'ਚੋਂ ਬੁਰਕੀ ਖੋਹੀ ਜਾ ਸਕਦੀ ਹੈ, ਇਹ ਸੁਆਲ ਕਰਕੇ ਕਿ ਜਿਸ ਪੰਜਾਬ 'ਚ ਔਰਤ ਨਾ ਘਰ ਸੁਰੱਖਿਅਤ ਹੈ ਨਾ ਘਰੋਂ ਬਾਹਰ, ਉਥੇ ਕਿਹੜੀਆਂ ਕਦਰਾਂ-ਕੀਮਤਾਂ ਦੀ ਵਡਿਆਈ ਕੀਤੀ ਜਾ ਰਹੀ ਹੈ? ਪਹਿਲਾਂ ਫਰੀਦਕੋਟ ਦੀ ਬੱਚੀ ਸ਼ਰੂਤੀ ਨੂੰ ਸਿਆਸੀ ਸ਼ਹਿ ਹਾਸਲ ਗੁੰਡੇ ਨੇ ਸ਼ਰ੍ਹੇਆਮ ਉਸੇ ਦੇ ਘਰੋਂ ਚੁੱਕ ਲਿਆ ਸੀ। ਇਹ ਕਹਾਣੀ ਚਿੱਥੀ ਜਾ ਚੁੱਕੀ ਹੈ-ਮੀਡੀਆ ਵਲੋਂ ਵੀ, ਸਿਆਸਤਦਾਨਾਂ ਵਲੋਂ ਵੀ। ਹੁਣ ਇਕ ਹੋਰ ਘਟਨਾ ਨੇ ਸਭ ਦਾ ਧਿਆਨ ਮੱਲ ਲਿਆ ਹੈ। ਇਹ ਨਿਰੀ ਘਟਨਾ ਨਹੀਂ, ਪੰਜਾਬ ਦੀ ਅਜੋਕੀ ਸਥਿਤੀ ਨੂੰ ਬਿਆਨਦਾ ਦੁਖਦ ਅਤੇ ਗੰਭੀਰ ਵਰਤਾਰਾ ਹੈ ਜੋ ਹਰ ਪਲ ਵਾਪਰ ਰਿਹਾ ਹੈ, ਕਦੇ ਦ੍ਰਿਸ਼ ਤੇ ਕਦੇ ਅਦ੍ਰਿਸ਼।

ਅੱਜ ਦੀ ਘੜੀ ਥਾਣੇਦਾਰ ਰਵਿੰਦਰਪਾਲ ਸਿੰਘ (ਮਰਹੂਮ) ਦੀ ਚਰਚਾ ਹੈ ਜੋ ਸਿਆਸੀ 'ਗੁੰਡੇ' ਹੱਥੋਂ ਆਪਣੀ ਧੀ ਦੀ ਪੱਤ ਬਚਾਉਂਦਾ ਸਰੇਬਜ਼ਾਰ ਮਾਰਿਆ ਗਿਆ। ਪੀੜਤ ਪਰਿਵਾਰ ਦੇ ਜ਼ਖ਼ਮ ਉਮਰਾਂ ਤੀਕ ਹਰੇ ਰਹਿਣਗੇ, ਦੋਸ਼ੀਆਂ ਨੂੰ ਸਜ਼ਾ ਮਿਲ ਵੀ ਸਕਦੀ ਹੈ, ਨਹੀਂ ਵੀ; ਕੁਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ। ਵਿਰੋਧੀ ਧਿਰਾਂ ਹਾਕਮ ਧਿਰਾਂ ਸਿਰ ਦੋਸ਼ ਮੜ੍ਹ ਰਹੀਆਂ ਹਨ ਤੇ ਆਪਣੀ ਖਲੜੀ ਬਚਾਉਣ ਲਈ ਹਾਕਮ ਧਿਰ ਦੇ ਕਈ ਮੰਤਰੀ 'ਅਫਸਰਸ਼ਾਹੀ' ਦੀ ਡਿਊਟੀ ਇਸ ਕੰਮ 'ਤੇ ਲਾ ਰਹੇ ਨੇ ਕਿ ਪੰਜਾਬ ਅਤੇ ਪੰਜਾਬ ਨਾਲ ਲਗਦੇ ਸੂਬਿਆਂ 'ਚ ਕਾਂਗਰਸੀ ਲੀਡਰਾਂ ਦੀਆਂ 'ਕਰਤੂਤਾਂ' ਦੀ ਸੂਚੀ ਬਣਾ ਕੇ ਦਿਓ ਤਾਂ ਜੋ ਭਾਜੀ ਮੋੜੀ ਜਾ ਸਕੇ।

ਲੰਘੀ 7 ਦਸੰਬਰ ਦੀ ਸ਼ਾਮ ਮੇਰੇ ਕਿਸੇ ਜਾਣੂ ਨੇ ਦੱਸਿਆ ਕਿ ਕੁਝ ਅਫਸਰਾਂ ਨੇ ਕੇਤੀਆ-ਕੋਟਲੀ ਕਾਂਡ, ਭੰਵਰੀ ਦੇਵੀ ਕਾਂਡ, ਮਨੂ ਸ਼ਰਮਾ ਕਾਂਡ ਆਦਿ ਦੀ ਲਿਸਟ 'ਮੰਤਰੀ ਸਾਹਿਬ' ਨੂੰ ਭੇਜੀ ਹੈ। ਸਪੱਸ਼ਟ ਸੀ ਕਿ 'ਮੰਤਰੀ ਸਾਹਿਬ' ਇਸੇ ਲਿਸਟ 'ਚੋਂ ਚੋਣਵੇਂ ਕਿੱਸੇ ਕੱਢ ਕੇ ਪ੍ਰੈਸ ਬਿਆਨ ਜਾਰੀ ਕਰਨਗੇ ਤਾਂ ਜੋ ਵਿਰੋਧੀ ਧਿਰ ਨੂੰ ਉਸ ਦਾ ਝੱਗਾ ਚੁੱਕ ਕੇ ਨੰਗਾ ਢਿੱਡ ਦਿਖਾ ਸਕਣ। ਅਗਲੀ ਸਵੇਰ ਪੰਜਾਬ ਤੋਂ ਛਪਦੀਆਂ ਹਿੰਦੀ, ਪੰਜਾਬੀ ਅਖ਼ਬਾਰਾਂ 'ਚ ਬਿਆਨ ਛਪਿਆ-'ਕਾਂਗਰਸ ਅਪਰਾਧੀਆਂ ਦੀ ਸਭ ਤੋਂ ਵੱਡੀ ਅਰਾਮਗਾਹ-ਮਜੀਠੀਆ' ਇਸ ਬਿਆਨ 'ਚ ਉਕਤ ਸਰਕਾਰੀ ਅਫਸਰਾਂ ਵੱਲੋਂ ਭੇਜੀ ਗਈ ਸੂਚੀ 'ਚੋਂ ਮਨਪਸੰਦ ਕਿੱਸੇ ਟੋਲ਼ ਕੇ ਮੰਤਰੀ ਸਾਹਿਬ ਨੇ ਕਾਂਗਰਸ ਨੂੰ ਚੇਤੇ ਕਰਵਾਏ ਸਨ।

ਸਿਆਸੀ ਧਿਰਾਂ ਇਕ ਦੂਜੇ ਦੇ ਪੋਤੜੇ ਫਰੋਲਣ ਲੱਗੀਆਂ ਹੋਈਆਂ ਹਨ। ਹੱਥੋਂ ਨਿਕਲਦੀ ਜਾ ਰਹੀ ਹਾਲਤ ਬਾਰੇ ਮੀਡੀਆ ਦੇ ਕੁਝ ਹਿੱਸੇ ਨੇ ਗੰਭੀਰ ਤੱਥ ਕੱਢ ਕੇ ਲਿਆਂਦੇ ਨੇ। ਇਸ ਸਥਿਤੀ ਨਾਲ ਕਿਵੇਂ ਨਜਿੱਠਣਾ ਹੈ, ਇਸ ਵੱਲ ਕਿਸੇ ਦਾ ਧਿਆਨ ਨਹੀਂ। ਹਾਕਮੀ ਧਿਰ ਵੱਲੋਂ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਬਿਆਨਾਂ ਦੀ ਝੜੀ ਲੱਗ ਰਹੀ ਹੈ ਕਿ ਖਾਸ ਕਰ ਕੇ ਔਰਤਾਂ ਨਾਲ ਛੇੜਛਾੜ ਦੇ ਮਾਮਲੇ 24 ਘੰਟਿਆਂ 'ਚ ਨਜਿੱਠਾਂਗੇ। ਇਹ ਉਹੀ ਪੁਲਿਸ ਪ੍ਰਸ਼ਾਸਨ ਹੈ, ਜਿਹੜਾ 'ਸਿਆਸੀ ਲਛਮਣ ਰੇਖਾ' ਪਾਰ ਕਰ ਕੇ 10 ਗਜ਼ ਦੀ ਦੂਰੀ 'ਤੇ ਤੜਫ ਰਹੇ ਥਾਣੇਦਾਰ ਰਵਿੰਦਰਪਾਲ ਸਿੰਘ ਦੀ ਮਦਦ ਨਹੀਂ ਕਰਨ ਜਾ ਸਕਿਆ। ਸੋਚ ਕੇ ਦਿਲ ਨੂੰ ਘੇਰ ਪੈਂਦੀ ਹੈ ਕਿ ਕਿੰਨਾ ਦਬਾਅ ਹੋਵੇਗਾ ਉਸ ਥਾਣੇ ਦੇ ਸਟਾਫ 'ਤੇ? ਇਹ ਦਬਾਅ ਕਿਸੇ ਵਿਸ਼ੇਸ਼ ਹੁਕਮ ਜਾਂ ਹਦਾਇਤਾਂ ਨਾਲ ਨਹੀਂ ਪੈਂਦਾ, ਇਹ ਮਾਨਸਿਕ ਦਬਾਅ ਹੈ ਜੋ ਕੋਹਲੂ ਜੁੜੇ ਬਲਦ ਨੂੰ ਪਏ ਕੰਨ੍ਹ ਵਾਂਗ ਪੁਲਿਸ ਪ੍ਰਸ਼ਾਸਨ ਨੂੰ ਵੀ ਪੈ ਗਿਆ ਹੈ। ਨਾ ਇਹ ਇਕ ਦਿਨ 'ਚ ਪਿਆ ਹੈ ਤੇ ਨਾ ਹੀ ਇਹ ਇਕ ਦਿਨ 'ਚ ਮੁੱਕਣਾ ਹੈ।

ਪੰਜਾਬ ਬਾਰੇ ਭਾਰਤ ਸਰਕਾਰ ਤੇ ਕੇਂਦਰੀ ਗ੍ਰਹਿ ਮੰਤਰਾਲੇ ਬੜਾ ਫਿਕਰ ਜਤਾਉਂਦੇ ਨੇ ਕਿ ਖੁਫੀਆ ਰਿਪੋਰਟਾਂ ਦੱਸਦੀਆਂ ਨੇ-ਇੱਥੇ ਅਤਿਵਾਦ ਦਾ ਖ਼ਤਰਾ ਹੈ। ਕੋਈ ਇਹ ਕਿਉਂ ਨਹੀਂ ਮੰਨ ਰਿਹਾ ਕਿ ਪੰਜਾਬ ਨੂੰ ਅਤਿਵਾਦ ਦਾ ਖਤਰਾ ਹੀ ਨਹੀਂ, ਸਗੋਂ ਇਹ ਤਾਂ ਅਤਿਵਾਦ ਦੀ ਲਪੇਟ 'ਚ ਆ ਚੁੱਕਾ ਹੈ। ਇਹ ਅਤਿਵਾਦ ਕੋਈ ਵਿਚਾਰਧਾਰਕ ਹਥਿਆਰਬੰਦ ਅਤਿਵਾਦ ਨਹੀਂ, ਇਹ ਹੈ ਸਿਆਸਤਦਾਨ+ਅਫਸਰਸ਼ਾਹੀ+ਅਪਰਾਧੀਆਂ ਦੇ ਗੱਠਜੋੜ ਦਾ ਅਤਿਵਾਦ। ਇਹ ਅਤਿਵਾਦ ਕਦੋਂ ਸ਼ੁਰੂ ਹੋਇਆ, ਇਸ ਬਾਰੇ ਪੰਜ ਕੁ ਦਹਾਕੇ ਪਿਛਾਂਹ ਪਰਤ ਕੇ ਵੇਖਣਾ ਪਵੇਗਾ। ਆਜ਼ਾਦੀ ਮਗਰੋਂ 1962 ਤੱਕ ਪੰਜਾਬ ਚੋਣ ਹਿੰਸਾ ਤੋਂ ਬਚਿਆ ਰਿਹਾ। ਦਾਅਵਾ ਕੀਤਾ ਜਾਂਦਾ ਹੈ ਕਿ 1962 'ਚ ਪਹਿਲੀ ਵਾਰ ਪ੍ਰਤਾਪ ਸਿੰਘ ਕੈਰੋਂ 'ਤੇ ਚੋਣਾਂ 'ਚ ਹਿੰਸਾ ਕਰਨ-ਕਰਾਉਣ ਦੇ ਇਲਜ਼ਾਮ ਲੱਗੇ, ਇਸ ਦੌਰਾਨ ਅਫਸਰਾਂ ਨੇ ਵੀ ਸਿਆਸਤਦਾਨਾਂ ਤੇ ਮੁਜਰਮਾਂ ਦਾ ਖ਼ੂਬ ਸਾਥ ਦਿੱਤਾ। ਤੇ ਇੱਥੋਂ ਹੀ ਮੁੱਢ ਬੱਝ ਗਿਆ ਸੀ, ਸਿਆਸਤਦਾਨ+ ਅਫਸ਼ਰਸ਼ਾਹੀ+ ਅਪਰਾਧੀਆਂ ਦੇ ਗੱਠਜੋੜ ਵਾਲੇ ਅਤਿਵਾਦ ਦਾ। ਉਹ ਦਿਨ ਤੇ ਆਹ ਦਿਨ...। ਕੀ ਮਾਝਾ ਤੇ ਕੀ ਦੁਆਬਾ, ਪੰਜਾਬ ਦੀ ਕੋਈ ਕੰਨੀ ਨਹੀਂ ਬਚੀ ਇਸ ਅਤਿਵਾਦ ਤੋਂ। ਇਸ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਹੈ। ਇਸ ਗੱਠਜੋੜ ਨੇ ਪੰਜ ਦਹਾਕਿਆਂ 'ਚ ਪੰਜਾਬ ਦੇ ਕੂਲ਼ੇ ਪਿੰਡੇ ਨੂੰ ਕਿੰਨੀਆਂ ਹੀ ਜ਼ਹਿਰੀਲੀਆਂ ਸੂਲ਼ਾਂ ਨਾਲ ਵਿੰਨ੍ਹ ਸੁੱਟਿਆ ਹੈ। ਨਸ਼ਿਆਂ ਦੀ ਖਪਤ ਸਭ ਤੋਂ ਵੱਧ ਪੰਜਾਬ 'ਚ, ਹਥਿਆਰਾਂ ਦੀ ਤਸਕਰੀ, ਹਥਿਆਰਾਂ ਦੀ ਜਾਇਜ਼-ਨਾਜਾਇਜ਼ ਵਰਤੋਂ, ਨਾਜਾਇਜ਼ ਕਬਜ਼ੇ, ਗੁੰਡਾਗਰਦੀ, ਬਲਾਤਕਾਰ, ਉਧਾਲ਼ੇ, ਕਤਲ ਪਤਾ ਨਹੀਂ ਕੀ-ਕੀ...। ਪੰਜਾਬ ਦੇ ਪਿੰਡੇ 'ਤੇ ਜਿੱਥੇ ਵੀ ਹੱਥ ਰੱਖੋਗੇ, ਚਸਕਾਂ ਪੈਂਦੀਆਂ ਹੀ ਮਹਿਸੂਸ ਹੋਣਗੀਆਂ। ਇਨ੍ਹਾਂ ਨੇ ਪੰਜਾਬ ਨੂੰ ਬੌਂਦਲਾ ਕੇ ਰੱਖ ਦਿੱਤਾ ਹੈ। ਇਸ ਵੇਲੇ ਵੀ ਪੰਜਾਬ ਦੀ ਸਿਆਸੀ ਕਰੀਮੀ ਲੇਅਰ ਬਾਰੇ ਉਨ੍ਹਾਂ ਦੇ ਹੀ ਹਲਕਿਆਂ 'ਚੋਂ ਜਾਣਕਾਰੀ ਲਈ ਜਾਵੇ ਤਾਂ ਹਨੇਰੇ 'ਚ ਬੈਠਿਆਂ ਨੂੰ ਚਾਨਣ ਹੋ ਜਾਣਾ ਹੈ ਕਿ ਕਿੰਨੇ ਸਮਗਲਰ, ਕਿੰਨੇ ਅਪਰਾਧੀ ਇਸ ਦਾ ਹਿੱਸਾ ਹਨ। ਕੁਝ ਨਾਂ ਤਾਂ ਮੇਰਾ ਵੀ ਲੈਣ ਨੂੰ ਮਨ ਅਹੁਲਦਾ ਹੈ, ਪਰ ਇੱਕ ਕੌੜਾ ਸੱਚ ਹੈ ਕਿ ਹਰ ਸ਼ਖ਼ਸ ਅੰਦਰ ਦੱਬੂ ਸ਼ਖ਼ਸ ਵੀ ਬੈਠਾ ਹੁੰਦਾ ਹੈ, ਬਿਲਕੁਲ ਉਸੇ ਤਰ੍ਹਾਂ ਮੇਰੇ ਅੰਦਰਲਾ ਦੱਬੂ ਸ਼ਖ਼ਸ ਵੀ ਮੇਰੀ ਕਲਮ ਦਾ ਨੱਕਾ ਮੋੜ ਗਿਆ ਹੈ।

ਤਾਜ਼ਾ ਘਟਨਾ ਬੇਲਗਾਮ ਹੋਏ ਹਥਿਆਰਾਂ ਤੇ ਗੰਧਲ਼ੀ ਮਾਨਸਿਕਤਾ ਨਾਲ ਜੁੜੀ ਹੈ ਜਿਸ ਨੂੰ ਸਿਆਸੀ ਥਾਪੜਾ ਹਾਸਲ ਹੈ। ਪੰਜਾਬ 'ਚ ਸਰਕਾਰੀ ਰਿਕਾਰਡ ਮੁਤਾਬਕ ਸਵਾ ਤਿੰਨ ਲੱਖ ਲਾਇਸੰਸੀ ਹਥਿਆਰ ਹਨ। ਸਭ ਤੋਂ ਵੱਧ ਮਲਵਈਆਂ ਕੋਲ 2 ਲੱਖ 70 ਹਜ਼ਾਰ। ਔਰਤਾਂ ਦੇ ਨਾਂ ਵੀ ਹਥਿਆਰ ਰੱਖਣ ਲਈ ਲਾਇਸੰਸ ਹਨ। ਸੂਬੇ 'ਚ 387 ਅਸਲਾ ਡੀਲਰ ਹਨ ਜਿਨ੍ਹਾਂ 'ਚੋਂ 287 ਮਾਲਵੇ 'ਚ ਕਾਰੋਬਾਰ ਕਰ ਰਹੇ ਨੇ ਤੇ 100 ਡੀਲਰ ਮਾਝੇ ਅਤੇ ਦੁਆਬੇ 'ਚ। ਜਿਨ੍ਹਾਂ ਲੋਕਾਂ ਨੂੰ ਕੋਈ ਖ਼ਤਰਾ ਨਹੀਂ, ਉਨ੍ਹਾਂ ਨੇ ਵੀ ਟੌਅਰ-ਟੱਪੇ ਲਈ ਹਥਿਆਰ ਰੱਖੇ ਹੋਏ ਹਨ। ਆਪਣੇ ਸੂਬਾ

## ਹਾਲ-ਏ-ਪੰਜਾਬ

ਵਾਸੀਆਂ ਨੂੰ ਤਾਂ ਲਾਇਸੰਸ ਹੀ ਦੇਣੇ ਹਨ, ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਹੋਰ ਸੂਬਿਆਂ ਦੇ ਮੂੰਹ ਮੁਲਾਹਜ਼ਾ ਰੱਖਦੇ ਵਿਸ਼ੇਸ਼ ਵਿਅਕਤੀਆਂ 'ਤੇ ਵੀ ਪੂਰੇ ਦਿਆਲ ਹਨ। ਪੌਂਟੀ ਚੱਢਾ ਤੇ ਹਰਦੀਪ ਚੱਢਾ ਕਤਲ ਕਾਂਡ ਦੇ ਮੁੱਖ ਸਾਜ਼ਿਸ਼ੀ ਸੁਖਦੇਵ ਸਿੰਘ ਨਾਮਧਾਰੀ ਨੇ ਜਿਹੜਾ ਹਥਿਆਰ ਵਾਰਦਾਤ ਵੇਲੇ ਵਰਤਿਆ, ਉਹ ਵੀ ਪੰਜਾਬ ਦੇ ਲਾਇਸੰਸ 'ਤੇ ਹੀ ਚੜ੍ਹਿਆ ਹੋਇਆ ਸੀ। ਸਪੱਸ਼ਟ ਹੈ, ਪੰਜਾਬ 'ਚ ਸਰਗਰਮ ਤਿੰਨ ਧਿਰੀ ਗੱਠਜੋੜ ਵਾਲਾ ਅਤਿਵਾਦ ਆਪਣੇ ਪੈਰ ਹੋਰ ਸੂਬਿਆਂ 'ਚ ਵੀ ਪਸਾਰ ਚੁੱਕਾ ਹੈ। ਜਦੋਂ ਹਥਿਆਰ ਰੱਖਣ ਲਈ ਲਾਇਸੰਸ ਜਾਰੀ ਕਰਨ ਤੇ ਹਥਿਆਰ ਵੇਚਣ 'ਤੇ ਕੋਈ ਕੰਟਰੋਲ ਨਹੀਂ ਤਾਂ ਫਿਰ ਇਨ੍ਹਾਂ ਦੀ ਨਾਜਾਇਜ਼ ਵਰਤੋਂ ਨੂੰ ਸਿਸਟਮ ਕਿਵੇਂ ਕੰਟਰੋਲ ਕਰ ਸਕਦਾ ਹੈ?

ਪਿਛਲੇ ਕੁਝ ਕੁ ਵਰ੍ਹਿਆਂ 'ਚ ਪੰਜਾਬ 'ਚ ਬਾਕੀ ਜੁਰਮਾਂ ਵਾਂਗ ਔਰਤਾਂ ਤੇ ਬੱਚਿਆਂ (ਨਿੱਕੇ ਮੁੰਡਿਆਂ) ਨਾਲ ਬਦਫੈਲੀਆਂ ਦੇ ਮਾਮਲਿਆਂ 'ਚ ਕਈ ਗੁਣਾ ਵਾਧਾ ਹੋਇਆ ਹੈ। ਬਲਾਤਕਾਰ ਤੇ ਛੇੜਛਾੜ ਦੇ ਮਾਮਲੇ ਹਜ਼ਾਰਾਂ ਦੀ ਗਿਣਤੀ 'ਚ ਹਰ ਸਾਲ ਵਾਪਰ ਰਹੇ ਹਨ। ਕਈ ਮਾਮਲੇ ਸਮਾਜ ਦੀ ਸ਼ਰਮ ਦੇ ਪਰਦੇ ਹੇਠ ਛੁਪਨ ਹਨ। ਮੀਡੀਆ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ, ਘਟਨਾ ਦਾ ਵੇਰਵਾ ਦਿੰਦਿਆਂ ਬਲਾਤਕਾਰ ਪੀੜਤਾਂ ਦੀ ਫੋਟੋ ਤਾਂ ਛਾਪ ਦਿੱਤੀ ਜਾਂਦੀ ਹੈ, ਪਰ ਖ਼ਬਰ ਲਿਖਦਿਆਂ 'ਕਾਲਪਨਿਕ ਨਾਂ' ਵਰਤ ਲਿਆ ਜਾਂਦਾ ਹੈ। ਸੋਝੀ ਗਾਇਬ ਹੈ।

ਧਾਰਮਿਕ ਅਸਥਾਨਾਂ, ਸੱਭਿਆਚਾਰਕ ਮੇਲਿਆਂ, ਜਨਤਕ ਥਾਂਵਾਂ, ਸਰਕਾਰੀ ਜਾਂ ਨਿੱਜੀ ਕੰਮ ਵਾਲੀਆਂ ਥਾਂਵਾਂ, ਵਿੱਦਿਅਕ ਅਦਾਰੇ, ਸੜਕਾਂ, ਗਲੀ-ਮੁਹੱਲਿਆਂ, ਇੱਥੋਂ ਤੱਕ ਕਿ ਕਈ ਵਾਰ ਤਾਂ ਆਪਣੇ ਹੀ ਘਰਾਂ 'ਚ ਕੁੜੀਆਂ ਲਈ ਸੁਰੱਖਿਅਤ ਮਾਹੌਲ ਨਹੀਂ ਹੈ। ਖੰਨੇ ਦੀ ਇਕ ਘਟਨਾ ਦਾ ਜ਼ਿਕਰ ਕਰਨਾ ਚਾਹਾਂਗੀ, ਜਿੱਥੇ ਪਿਓ ਆਪਣੀ ਧੀ ਨਾਲ 4 ਸਾਲ ਕੁਕਰਮ ਕਰਦਾ ਰਿਹਾ। ਇੱਕ ਹੋਰ ਘਟਨਾ ਬਠਿੰਡੇ 'ਚ ਵਾਪਰੀ ਜਿੱਥੇ ਦਾਦੇ ਸਹੁਰੇ ਨੇ ਆਪਣੀ ਬਿਮਾਰ ਪੋਤ ਨੂੰਹ ਨਾਲ ਬਲਾਤਕਾਰ ਕੀਤਾ। ਰਿਸ਼ਤਿਆਂ ਨੂੰ ਬਦਨਾਮ ਕਰਨ ਦੀ ਮੇਰੀ ਕੋਈ ਮਨਸ਼ਾ ਨਹੀਂ ਹੈ। ਸਿਰਫ ਇਹ ਕਹਿਣ ਦੀ ਕੋਸ਼ਿਸ਼ 'ਚ ਹਾਂ ਕਿ ਸਾਡੇ ਲੋਕਾਂ ਦੀ ਮਾਨਸਿਕਤਾ ਕਿਸ ਹੱਦ ਤੱਕ ਨਿਘਰ ਚੁੱਕੀ ਹੈ। ਆਲੇ-ਦੁਆਲੇ ਦਾ ਮਾਹੌਲ ਸਾਡੀ ਮਾਨਸਿਕਤਾ ਨੂੰ ਪ੍ਰਭਾਵਤ ਕਰਦਾ ਹੈ। ਫੁੱਲਾਂ ਦੇ ਬਗੀਚੇ 'ਚ ਬੈਠਾਂਗੇ ਤਾਂ ਫੁੱਲਾਂ-ਖ਼ੁਸ਼ਬੂਆਂ ਬਾਰੇ ਸੋਚਾਂਗੇ, ਗੰਦਗੀ ਦੇ ਢੇਰ 'ਤੇ ਬੈਠ ਕੇ ਮਲੀਨ ਵਿਚਾਰ ਹੀ ਮਨ 'ਚ ਆਉਣਗੇ। ਇੰਨੀ ਗੰਦਗੀ ਸਾਡੇ ਆਲੇ ਦੁਆਲੇ ਫੈਲੀ ਹੈ ਕਿ ਚਾਹ ਕੇ ਵੀ ਖੁਦ ਨੂੰ ਬਚਾਅ ਨਹੀਂ ਸਕਦੇ। ਚਿੱਕੜ 'ਚੋਂ ਲੰਘਦਿਆਂ ਜਿੰਨਾ ਮਰਜ਼ੀ ਬਚੋ, ਕੋਈ ਨਾ ਕੋਈ ਛਿੱਟ ਪੈ ਹੀ ਜਾਂਦੀ ਹੈ।

ਥਾਣੇਦਾਰ ਰਵਿੰਦਰਪਾਲ ਸਿੰਘ ਵਾਲੇ ਕਾਂਡ ਤੋਂ ਬਾਅਦ ਬੁਖਲਾਈ ਬਾਦਲ ਸਰਕਾਰ ਨੇ ਬੀਬੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਲਈ 'ਬੜਾ ਵਧੀਆ' ਐਲਾਨ ਕੀਤਾ ਹੈ ਕਿ ਸਰਕਾਰੀ ਦਫਤਰਾਂ 'ਚ ਮਹਿਲਾ ਮੁਲਾਜ਼ਮ ਛੁੱਟੀ ਤੋਂ ਬਾਅਦ ਨਹੀਂ ਰੁਕਣਗੀਆਂ, ਸਕੂਲਾਂ 'ਚ ਇਕੱਲੀ ਅਧਿਆਪਕਾ ਤਾਇਨਾਤ ਨਹੀਂ ਹੋਵੇਗੀ, ਘੱਟੋ-ਘੱਟ ਦੋ ਹੋਣਗੀਆਂ, ਦੂਰ-ਦੁਰਾਡੇ ਕਿਸੇ ਔਰਤ ਮੁਲਾਜ਼ਮ ਨੂੰ ਤਾਇਨਾਤ ਨਹੀਂ ਕੀਤਾ ਜਾਵੇਗਾ।

ਇਸ ਸਰਕਾਰੀ ਐਲਾਨ ਦੀ ਬਹੁਤ ਸਾਰੇ ਲੋਕਾਂ ਨੇ ਸਰਾਹਨਾ ਕੀਤੀ ਹੈ। ਮੈਂ ਇਸ 'ਬੜੇ ਵਧੀਆ' ਐਲਾਨ ਨੂੰ ਥੋੜ੍ਹਾ ਹੋਰ 'ਵਧੀਆ' ਬਣਾਉਣ ਲਈ ਮੁਫਤ 'ਚ ਮਸ਼ਵਰਾ ਦੇ ਰਹੀ ਹਾਂ।...ਸਰਕਾਰ ਜੀ, ਸਾਨੂੰ ਭੋਰੇ ਪੁੱਟ ਦਿਓ!

ਖੇਡ ਤੇ ਖਿਡਾਰੀ

# ਕਬੱਡੀ ਵਿਸ਼ਵ ਕੱਪ ਦੀ ਧੂੜ ਬੈਠ ਜਾਣ ਪਿੱਛੋਂ

ਤੀਜਾ ਕਬੱਡੀ ਵਿਸ਼ਵ ਕੱਪ ਸੁੱਖੀਂ ਸਾਂਦੀਂ ਨੇਪਰੇ ਚੜ੍ਹ ਗਿਆ। ਭਾਰਤ ਦੀਆਂ ਮੁਟਿਆਰਾਂ ਤੇ ਜੁਆਨਾਂ ਨੇ ਫਿਰ ਕਬੱਡੀ ਕੱਪ ਜਿੱਤ ਲਏ ਤੇ ਨਾਲ ਹੀ ਲੱਖਾਂ ਕਰੋੜਾਂ ਦੇ ਇਨਾਮ। ਦੋ ਹਫ਼ਤੇ ਕਬੱਡੀ ਕਬੱਡੀ ਹੁੰਦੀ ਰਹੀ। ਦੇਸ਼-ਵਿਦੇਸ਼ ਦੇ ਲੱਖਾਂ ਪੰਜਾਬੀਆਂ ਨੇ ਕਬੱਡੀ ਦਾ ਅਨੰਦ ਸਟੇਡੀਅਮਾਂ ਵਿਚ ਤੇ ਟੀ. ਵੀ. ਸਕਰੀਨਾਂ ਮੂਹਰੇ ਬਹਿ ਕੇ ਮਾਣਿਆ। ਕਬੱਡੀ ਦਾ ਦਾਇਰਾ ਹੋਰ ਖੁੱਲ੍ਹਾ ਹੋਇਆ ਤੇ ਕਬੱਡੀ ਗਲੋਬਲ ਪੱਧਰ 'ਤੇ ਪੰਜਾਬੀਆਂ ਦੀ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਪਛਾਣ ਬਣੀ। ਕਬੱਡੀ ਕੱਪ ਦੀ ਸੰਪੂਰਨਤਾ ਉਤੇ ਕੱਪ ਦੇ ਪ੍ਰਬੰਧਕਾਂ ਨੂੰ ਢੇਰ ਸਾਰੀਆਂ ਮੁਬਾਰਕਾਂ!

ਕੱਪ ਦੌਰਾਨ ਸ. ਸੁਖਬੀਰ ਸਿੰਘ ਬਾਦਲ ਦੀ ਬੜੀ ਬੱਲੇ-ਬੱਲੇ ਹੋਈ। ਉਹ ਕਬੱਡੀ ਦਾ ਵਿਸ਼ਵ ਕੱਪ ਸ਼ੁਰੂ ਕਰਨ ਵਾਲਾ ਪੰਜਾਬ ਦਾ ਉਪ ਮੁੱਖ ਮੰਤਰੀ ਤੇ ਖੇਡ ਮੰਤਰੀ ਜੁ ਹੋਇਆ, ਅਕਾਲੀ ਦਲ ਦਾ ਪ੍ਰਧਾਨ। ਪੰਜਾਬ ਵਿਚ ਹੁਣ ਉਸੇ ਦਾ ਹੁਕਮ ਚਲਦੈ। ਕੱਪ ਦੌਰਾਨ ਉਸ ਦੇ ਜ਼ੋਰਦਾਰ ਭਾਸ਼ਣ ਹੁੰਦੇ ਰਹੇ ਜਿਨ੍ਹਾਂ ਵਿਚ ਵਾਰ ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਜਾਂਦਾ ਰਿਹਾ ਕਿ ਪੰਜਾਬ ਤਰੱਕੀ ਦੀਆਂ ਮੰਜ਼ਲਾਂ ਮਾਰ ਰਿਹੈ ਤੇ ਅਗਲੇ ਦੋ ਤਿੰਨ ਸਾਲਾਂ ਵਿਚ ਏਨੀ ਤਰੱਕੀ ਕਰ ਜਾਵੇਗਾ ਕਿ ਲੋਕ ਹੈਰਾਨ ਹੋਣਗੇ! ਸੜਕਾਂ ਵਧੀਆ ਬਣ ਜਾਣਗੀਆਂ ਤੇ ਬਿਜਲੀ ਵਾਧੂ ਹੋਵੇਗੀ। ਕਬੱਡੀ ਓਲੰਪਿਕ ਖੇਡਾਂ ਵਿਚ ਦਿਸੇਗੀ ਤੇ ਪੰਜਾਬ ਦੇ ਖਿਡਾਰੀ ਓਲੰਪਿਕ ਮੈਡਲ ਜਿੱਤਣਗੇ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਅੰਤਰਰਾਸ਼ਟਰੀ ਪੱਧਰ ਦੇ ਲਾਈਟਾਂ ਵਾਲੇ ਸਟੇਡੀਅਮ ਬਣਾਏ ਜਾਣਗੇ ਜਿਥੇ ਰਾਤਾਂ ਨੂੰ ਮੈਚ ਹੋਇਆ ਕਰਨਗੇ। ਉਸ ਦੇ ਭਾਸ਼ਣ ਸੁਣ ਕੇ ਦਰਸ਼ਕਾਂ ਵਿਚ ਦਿਲਚਸਪ ਗੱਲਾਂ ਵੀ ਹੁੰਦੀਆਂ ਰਹੀਆਂ ਜੋ ਸੁਭਾਵਿਕ ਸਨ।

ਹੁਣ ਜਦੋਂ ਕਬੱਡੀ ਕੱਪ ਦੀ ਉਡਾਈ ਧੂੜ ਬੈਠ ਚੁੱਕੀ ਹੈ ਤਾਂ ਖੇਡ ਪ੍ਰੇਮੀਆਂ ਨੂੰ ਸਿਰ ਜੋੜ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਨੂੰ ਭਾਰਤ ਦੀਆਂ ਖੇਡਾਂ ਵਿਚ ਪਹਿਲਾਂ ਵਾਂਗ ਮੋਹਰੀ ਸੂਬਾ ਕਿਵੇਂ ਬਣਾਇਆ ਜਾਵੇ? ਪੰਜਾਬ ਦੇ ਖਿਡਾਰੀ ਕੌਮੀ, ਸੈਫ, ਏਸ਼ਿਆਈ, ਕਾਮਨਵੈਲਥ, ਓਲੰਪਿਕ ਅਥਵਾ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਕਿਵੇਂ ਵਧੇਰੇ ਗਿਣਤੀ 'ਚ ਜਾਣ, ਕਿਵੇਂ ਉਹ ਜਿੱਤ-ਮੰਚਾਂ ਉਤੇ ਚੜ੍ਹਨ ਜੋਗੇ ਹੋਣ ਤੇ ਕਿਵੇਂ ਪੰਜਾਬ ਦਾ ਨਾਂ ਖੇਡਾਂ ਦੀ ਦੁਨੀਆਂ ਵਿਚ ਰੌਸ਼ਨ ਕਰਨ? ਕਬੱਡੀ ਦੀ ਬੱਲੇ-ਬੱਲੇ ਨਾਲ ਹੋਰਨਾਂ ਖੇਡਾਂ ਦੀ ਬੱਲੇ-ਬੱਲੇ ਕਿਵੇਂ ਹੋਵੇ? ਪੰਜਾਬ ਵਿਚ ਕਿਹੋ ਜਿਹਾ ਖੇਡ ਸਭਿਆਚਾਰ ਸਿਰਜਿਆ ਜਾਵੇ?

ਭਾਰਤ ਦੇ ਆਜ਼ਾਦ ਹੋਣ ਵੇਲੇ ਤੋਂ ਲੈ ਕੇ ਪੱਚੀ ਤੀਹ ਸਾਲ ਤਕ ਪੰਜਾਬੀ ਖਿਡਾਰੀ ਭਾਰਤੀ ਖੇਡਾਂ ਉਤੇ ਛਾਏ ਹੋਏ ਸਨ। ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਜਿੰਨੇ ਵੀ ਮੈਡਲ ਜਿੱਤਦਾ ਸੀ ਉਨ੍ਹਾਂ 'ਚ ਅੱਧਿਓਂ ਵੱਧ ਪੰਜਾਬੀ ਖਿਡਾਰੀ ਜਿੱਤਦੇ। ਦੂਜੀਆਂ ਤੇ ਤੀਜੀਆਂ ਏਸ਼ਿਆਈ ਖੇਡਾਂ 'ਚੋਂ ਤਾਂ ਜਿੰਨੇ ਗੋਲਡ ਮੈਡਲ ਭਾਰਤ ਦੇ ਖਿਡਾਰੀਆਂ ਨੇ ਜਿੱਤੇ ਉਹ ਸਭ ਜੂੜਿਆਂ ਵਾਲੇ ਖਿਡਾਰੀਆਂ ਰਾਹੀਂ ਹੀ ਜਿੱਤੇ। 1966 ਵਿਚ ਭਾਰਤੀ ਹਾਕੀ ਟੀਮ ਨੇ ਏਸ਼ਿਆਈ ਖੇਡਾਂ ਵਿਚ ਪਹਿਲੀ ਵਾਰ ਹਾਕੀ ਦਾ ਗੋਲਡ ਮੈਡਲ ਜਿੱਤਿਆ ਤਾਂ ਭਾਰਤੀ ਟੀਮ ਵਿਚ ਦਸ ਖਿਡਾਰੀ ਜੂੜਿਆਂ ਉਤੇ ਰੁਮਾਲ ਬੰਨ੍ਹ ਕੇ ਖੇਡ ਰਹੇ ਸਨ। ਉਨ੍ਹਾਂ ਦਿਨਾਂ ਵਿਚ ਪੰਜਾਬੀ ਖਿਡਾਰੀਆਂ ਦੀ ਝੰਡੀ ਹੁੰਦੀ ਸੀ। ਹੌਲੀ-ਹੌਲੀ ਪੰਜਾਬੀ ਖਿਡਾਰੀ ਕੌਮੀ ਤੇ ਕੌਮਾਂਤਰੀ ਜਿੱਤ-ਮੰਚਾਂ 'ਤੇ ਚੜ੍ਹਨੋਂ ਘਟਦੇ ਗਏ ਅਤੇ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਤੇ ਲੰਡਨ ਦੀਆਂ ਓਲੰਪਿਕ ਖੇਡਾਂ ਤਕ ਪਹੁੰਚਦਿਆਂ ਉਹ ਪਛੜੇ ਸੂਬੇ ਹਰਿਆਣੇ ਤੋਂ ਵੀ ਪਛੜ ਗਏ। ਹੁਣ ਇਹ ਹਾਲ ਹੈ ਕਿ ਕੌਮੀ ਖੇਡਾਂ ਵਿਚ ਹੀ ਪੰਜਾਬ ਕਈ ਸੂਬਿਆਂ ਤੋਂ ਪਿੱਛੇ ਹੈ। ਖੇਡ ਮਾਹਿਰਾਂ ਨੂੰ ਪੰਜਾਬ ਦੇ ਖੇਡਾਂ ਵਿਚ ਪਛੜ ਜਾਣ ਦੇ ਕਾਰਨ ਲੱਭਣੇ ਤੇ ਹੱਲ ਵਿਚਾਰਨੇ ਚਾਹੀਦੇ ਹਨ। 'ਕੱਲੇ ਕਬੱਡੀ ਕੱਪਾਂ ਨਾਲ ਪੰਜਾਬ ਨੇ ਖੇਡਾਂ ਵਿਚ ਮੂਹਰੇ ਨਹੀਂ ਆ ਜਾਣਾ।

2010, 11 ਤੇ 12 ਵਿਚ ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਵਿਚ ਕਬੱਡੀ ਦੇ ਤਿੰਨ ਵਿਸ਼ਵ ਕੱਪ ਹੋ ਚੁੱਕੇ ਹਨ। ਪਹਿਲੇ ਕਬੱਡੀ ਵਿਸ਼ਵ ਕੱਪ ਦਾ ਬਜਟ 7 ਕਰੋੜ, ਦੂਜੇ ਦਾ 17 ਕਰੋੜ ਤੇ ਤੀਜੇ ਦਾ 20 ਕਰੋੜ ਦੱਸਿਆ ਜਾ ਰਿਹੈ। ਕਬੱਡੀ ਦੇ ਟੂਰਨਾਮੈਂਟਾਂ ਉਤੇ ਪਰਵਾਸੀ ਪੰਜਾਬੀ ਵੀ ਕਰੋੜਾਂ ਰੁਪਏ ਖਰਚ ਰਹੇ ਹਨ। ਇਕ ਅਨੁਮਾਨ ਅਨੁਸਾਰ ਦੇਸ਼-ਵਿਦੇਸ਼ ਦੇ ਕਬੱਡੀ ਟੂਰਨਾਮੈਂਟਾਂ ਉਤੇ 100 ਕਰੋੜ ਰੁਪਏ ਦੀ ਪੂੰਜੀ ਲਾਈ ਜਾ ਰਹੀ ਹੈ। ਕਬੱਡੀ ਵਿਚ ਵਧੇਰੇ ਪੈਸਾ ਆ ਜਾਣ ਤੇ ਦੂਜੀਆਂ ਖੇਡਾਂ ਵਿਚ ਨਾਂਮਾਤਰ ਹੋਣ ਕਾਰਨ ਪੰਜਾਬ ਦੇ ਵਧੇਰੇ ਨੌਜੁਆਨ ਕਬੱਡੀ ਵੱਲ ਹੀ ਉਲਰ ਗਏ ਹਨ ਅਤੇ ਕੌਮੀ ਤੇ ਕੌਮਾਂਤਰੀ ਖੇਡਾਂ ਵੱਲੋਂ ਮੂੰਹ ਮੋੜ ਰਹੇ ਹਨ। ਕਈ ਇਹ ਜਾਣ ਕੇ ਹੈਰਾਨ ਹੋਣਗੇ ਕਿ 2011 ਵਿਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਖੇਡਣ ਲਈ ਪੰਜਾਬ ਦੇ 1000 ਤੋਂ ਵੱਧ ਖਿਡਾਰੀ ਹਵਾਈ ਜਹਾਜ਼ਾਂ 'ਤੇ ਚੜ੍ਹੇ ਸਨ। ਪੰਜਾਬ ਦੇ ਵਧੇਰੇ ਖਿਡਾਰੀ ਵਿਦੇਸ਼ ਜਾਣ ਦੇ ਵੀਜ਼ਿਆਂ ਨੂੰ ਹੀ ਗੋਲਡ ਮੈਡਲ ਸਮਝਣ ਲੱਗ ਪਏ ਹਨ!

ਕਈਆਂ ਨੂੰ ਲਗਦਾ ਹੋਵੇਗਾ ਜਿਵੇਂ ਵਿਦੇਸ਼ਾਂ ਵਿਚ ਕਬੱਡੀ ਦਾ ਹੜ੍ਹ ਆਇਆ ਹੋਵੇ ਪਰ ਅਜਿਹਾ ਨਹੀਂ। ਮੈਂ ਦੇਸ਼ ਵਿਦੇਸ਼ ਦੇ ਅਨੇਕਾਂ ਕਬੱਡੀ ਟੂਰਨਾਮੈਂਟ ਆਪਣੀ ਅੱਖੀਂ ਵੇਖੇ ਹਨ ਅਤੇ 'ਕਬੱਡੀ ਕਬੱਡੀ ਕਬੱਡੀ', 'ਮੇਲੇ ਕਬੱਡੀ ਦੇ' ਤੇ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਆਦਿ ਕਿਤਾਬਾਂ ਵੀ ਲਿਖੀਆਂ ਹਨ। ਵਿਦੇਸ਼ਾਂ ਵਿਚ 90 ਫੀਸਦੀ ਤੋਂ ਵੱਧ ਖਿਡਾਰੀ ਪੰਜਾਬ ਦੇ ਹੀ ਕਬੱਡੀ ਖੇਡਦੇ ਹਨ ਜਦ ਕਿ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੇ ਬੱਚੇ ਬੜੀ ਘੱਟ ਗਿਣਤੀ ਵਿਚ ਕਬੱਡੀ ਅਪਨਾਉਂਦੇ ਹਨ। ਕਬੱਡੀ ਦੇ ਸਿਰ 'ਤੇ ਪਰਵਾਸੀ ਬਣੇ ਸੈਂਕੜੇ ਪੰਜਾਬੀਆਂ ਦੇ ਆਪਣੇ ਬੱਚੇ ਵੀ ਕਬੱਡੀ ਦੇ ਨੇੜੇ ਨਹੀਂ ਜਾਂਦੇ। ਜਿਹੜੇ ਜਾਂਦੇ ਹਨ ਉਨ੍ਹਾਂ ਨੂੰ ਪੰਜਾਬ ਤੋਂ ਮੰਗਾਏ ਖਿਡਾਰੀ ਦੱਬ ਲੈਂਦੇ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਆਪੋ ਆਪਣੇ ਮੁਲਕਾਂ ਦੀਆਂ ਕਬੱਡੀ ਟੀਮਾਂ ਬਣਾਉਣ ਲਈ ਪੰਜਾਬ ਤੋਂ ਮੰਗਾਏ ਕਬੱਡੀ ਖਿਡਾਰੀਆਂ 'ਤੇ ਹੀ ਟੇਕ ਰੱਖਣੀ ਪੈਂਦੀ ਹੈ।

1973 ਵਿਚ ਪੰਜਾਬ ਪਹੁੰਚੀ ਇੰਗਲੈਂਡ ਦੀ ਕਬੱਡੀ ਟੀਮ ਭਾਰਤੀ ਟੀਮ ਦੇ ਬਰਾਬਰ ਦੀ ਸੀ। ਉਸ ਨੇ ਕਈ ਮੈਚਾਂ ਵਿਚ ਭਾਰਤੀ ਟੀਮ ਨੂੰ ਹਰਾਇਆ ਵੀ ਸੀ ਪਰ ਇੰਗਲੈਂਡੀਆਂ ਨੇ ਆਪਣੇ ਬੱਚਿਆਂ ਨੂੰ ਓਨੀ ਕਬੱਡੀ ਨਹੀਂ ਖਿਡਾਈ ਜਿੰਨੀ ਪੰਜਾਬ ਤੋਂ ਮੰਗਵੇਂ ਖਿਡਾਰੀਆਂ ਨੂੰ ਖਿਡਾਉਂਦੇ ਰਹੇ। ਇੰਗਲੈਂਡ ਕੀ, ਕੈਨੇਡਾ ਤੇ ਹੋਰ ਮੁਲਕ ਵੀ ਅਜਿਹਾ ਹੀ ਕਰਦੇ ਰਹੇ। ਸਿੱਟਾ ਸਾਹਮਣੇ ਹੈ ਕਿ ਹੁਣ ਇੰਗਲੈਂਡ ਤੇ ਪੰਜਾਬੀ ਵਸੋਂ ਨਾਲ ਭਰਪੂਰ ਬਹੁਤ ਸਾਰੇ ਮੁਲਕਾਂ ਦੀਆਂ ਕਬੱਡੀ ਟੀਮਾਂ ਨਿਸਬਤਨ ਕਮਜ਼ੋਰ ਹਨ। ਪੰਜਾਬ ਦੇ ਖਿਡਾਰੀਆਂ ਬਿਨਾਂ ਉਹ



ਆਪਣੀਆਂ ਟੀਮਾਂ ਨੂੰ ਅਧੂਰੀਆਂ ਸਮਝ ਰਹੀਆਂ ਹਨ। ਵਿਸ਼ਵ ਕੱਪਾਂ ਵਿਚ ਖੇਡੇ ਖਿਡਾਰੀਆਂ ਵਿਚ ਵਿਦੇਸ਼ਾਂ ਦੇ ਜੰਮਪਲ ਬੜੇ ਘੱਟ ਹਨ। ਵਿਦੇਸ਼ਾਂ 'ਚ ਕਬੱਡੀ ਦੀਆਂ ਜੜ੍ਹਾਂ ਤਦ ਹੀ ਲੱਗਣਗੀਆਂ ਜਦੋਂ ਉਥੋਂ ਦੇ ਜੰਮਪਲ ਬੱਚੇ ਕਬੱਡੀ ਖੇਡਣ ਲੱਗਣਗੇ।

ਤੀਜੇ ਵਿਸ਼ਵ ਕਬੱਡੀ ਕੱਪ ਵਿਚ ਗਿਣਤੀ ਪੱਖੋਂ ਤਾਂ 15 ਦੇਸ਼ਾਂ ਦੇ ਮਰਦਾਂ ਦੀਆਂ ਤੇ 7 ਦੇਸ਼ਾਂ ਤੋਂ ਔਰਤਾਂ ਦੀਆਂ ਕਬੱਡੀ ਟੀਮਾਂ ਸ਼ਾਮਲ ਹੋਈਆਂ ਪਰ ਤਕੜੀਆਂ ਮਿਆਰੀ ਟੀਮਾਂ 8 ਵੀ ਨਹੀਂ ਸਨ। ਮੈਚ ਬੇਸ਼ੱਕ 38 ਖੇਡੇ ਗਏ ਪਰ ਮੁਕਾਬਲੇ ਦੇ ਫਸਵੇਂ ਮੈਚ 8 ਵੀ ਨਹੀਂ ਹੋਏ। ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਦੇ ਮੁਕਾਬਲੇ ਬਾਕੀ ਦੇਸ਼ਾਂ ਦੀਆਂ ਟੀਮਾਂ ਪਾ ਪਾਸਕੂੰ ਵੀ ਨਹੀਂ ਸਨ। ਪਾਕਿਸਤਾਨ ਦੀ ਟੀਮ ਨੂੰ ਵੀ ਭਾਰਤ ਦੀ ਟੀਮ ਨੇ 59-22 ਅੰਕਾਂ ਦੇ ਫਰਕ ਨਾਲ ਰੋਲ ਦਿੱਤਾ! ਸੁਖਬੀਰ ਸਿੰਘ ਬਾਦਲ ਵੱਲੋਂ ਕਿਹਾ ਜਾ ਰਿਹੈ ਕਿ ਅਗਲੇ ਕਬੱਡੀ ਵਿਸ਼ਵ ਕੱਪ ਵਿਚ 25 ਮੁਲਕਾਂ ਦੀਆਂ ਟੀਮਾਂ ਖਿਡਾਈਆਂ ਜਾਣਗੀਆਂ। ਕਿਸੇ ਦੇਸ਼ ਦੇ ਚੌਦਾਂ ਪੰਦਰਾਂ ਖਿਡਾਰੀਆਂ ਨੂੰ ਮਹੀਨਾ ਦੋ ਮਹੀਨੇ ਕਬੱਡੀ ਸਿਖਾ ਕੇ ਦੇਸ਼ ਦੀ ਕਬੱਡੀ ਟੀਮ ਬਣਾ ਲਿਆਉਣ ਨਾਲ ਦਰਸ਼ਕਾਂ ਦੀਆਂ ਅੱਖਾਂ ਵਿਚ ਘੱਟਾ ਤਾਂ ਪਾਇਆ ਜਾ ਸਕਦੈ ਪਰ ਇੰਜ ਕਬੱਡੀ ਸੱਚੀਮੁੱਚੀ ਓਲੰਪਿਕ ਖੇਡਾਂ ਵਿਚ ਨਹੀਂ ਜਾ ਸਕਦੀ।

ਦਾਇਰੇ ਵਾਲੀ ਕਬੱਡੀ ਨੂੰ ਕੌਮੀ, ਏਸ਼ਿਆਈ, ਕਾਮਨਵੈਲਥ ਤੇ ਓਲੰਪਿਕ ਖੇਡਾਂ ਵਿਚ ਪੁਚਾਉਣ ਲਈ ਜ਼ਰੂਰੀ ਹੈ ਕਿ ਇਸ ਦੀ ਅਮਲੀ ਤੌਰ 'ਤੇ ਆਲ ਇੰਡੀਆ ਐਮੇਚਿਓਰ ਸਰਕਲ ਸਟਾਈਲ ਕਬੱਡੀ ਫੈਡਰੇਸ਼ਨ, ਏਸ਼ੀਆ ਕਬੱਡੀ ਫੈਡਰੇਸ਼ਨ ਤੇ ਅੰਤਰਰਾਸ਼ਟਰੀ ਕਬੱਡੀ ਫੈਡਰੇਸ਼ਨ ਬਣੇ ਜੋ ਭਾਰਤੀ ਓਲੰਪਿਕ ਐਸੋਸੀਏਸ਼ਨ, ਓਲੰਪਿਕ ਕੌਂਸਲ ਆਫ ਏਸ਼ੀਆ ਤੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਤੋਂ ਮਾਨਤਾ ਪ੍ਰਾਪਤ ਕਰੇ। ਦਾਇਰੇ ਵਾਲੀ ਕਬੱਡੀ ਅਜੇ ਤਕ ਸਥਾਨਕ ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਤੋਂ ਅੱਗੇ ਨਹੀਂ ਵਧ ਸਕੀ। ਪੰਜਾਬ ਪੱਧਰ 'ਤੇ ਹੀ ਕਬੱਡੀ ਦੀਆਂ ਤਿੰਨ ਫੈਡਰੇਸ਼ਨਾਂ ਅਜੇ ਇਕ ਨਹੀਂ ਹੋਈਆਂ। ਇਹੋ ਹਾਲ ਕੈਨੇਡਾ, ਅਮਰੀਕਾ ਤੇ ਹੋਰਨਾਂ ਮੁਲਕਾਂ ਦੀਆਂ ਕਬੱਡੀ ਫੈਡਰੇਸ਼ਨਾਂ ਦਾ ਹੈ।

ਕਿਸੇ ਵੀ ਖੇਡ ਦੇ ਓਲੰਪਿਕ ਖੇਡਾਂ ਵਿਚ ਜਾਣ ਲਈ ਜ਼ਰੂਰੀ ਹੈ ਕਿ ਉਹ ਘੱਟੋਘੱਟ 50 ਮੁਲਕਾਂ ਦੀ ਮਾਨਤਾ ਪ੍ਰਾਪਤ ਖੇਡ ਹੋਵੇ ਯਾਨਿ 50 ਮੁਲਕਾਂ ਦੀਆਂ ਨੈਸ਼ਨਲ ਓਲੰਪਿਕ ਕਮੇਟੀਆਂ ਨੇ ਮਾਨਤਾ ਦਿੱਤੀ ਹੋਵੇ। ਉਸ ਦੀਆਂ ਬਾਕਾਇਦਾ ਕੌਮੀ ਤੇ ਕੌਮਾਂਤਰੀ ਚੈਂਪੀਅਨਸ਼ਿਪਾਂ ਹੁੰਦੀਆਂ ਹੋਣ। ਖਿਡਾਰੀ ਡੋਪ ਟੈਸਟ ਦੇ ਪਾਬੰਦ ਹੋਣ ਤੇ ਉਸ ਖੇਡ ਦੀ ਕੌਮਾਂਤਰੀ ਫੈਡਰੇਸ਼ਨ ਦੀ ਨਿਗਰਾਨੀ ਹੇਠ ਵਿਸ਼ਵ ਚੈਂਪੀਅਨਸ਼ਿਪ ਹੁੰਦੀ ਹੋਵੇ। ਤਦ ਹੀ ਓਲੰਪਿਕ ਚਾਰਟਰ ਦੇ ਨਿਯਮ 26 ਅਧੀਨ ਉਸ ਖੇਡ ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਵੱਲੋਂ ਮਾਨਤਾ ਦੇਣ ਲਈ ਵਿਚਾਰਿਆ ਜਾ ਸਕਦੈ। 115 ਮੈਂਬਰੀ ਕਮੇਟੀ ਦੇ ਜੇ ਅੱਧਿਓਂ ਵੱਧ ਮੈਂਬਰ ਉਸ ਖੇਡ ਦੇ ਹੱਕ ਵਿਚ ਭੁਗਤਣ ਤਾਂ ਉਹ ਖੇਡ ਮਾਨਤਾ ਹਾਸਲ ਕਰ ਸਕਦੀ ਹੈ। ਫਿਰ ਵੀ ਜ਼ਰੂਰੀ ਨਹੀਂ ਕਿ ਉਸ ਖੇਡ ਨੂੰ ਓਲੰਪਿਕ ਖੇਡਾਂ ਦੇ ਸਪੋਰਟਸ ਪ੍ਰੋਗਰਾਮ ਵਿਚ ਥਾਂ ਮਿਲ ਸਕੇ।

ਦਾਇਰੇ ਵਾਲੀ ਕਬੱਡੀ ਨੂੰ ਤਾਂ ਅਜੇ ਤਕ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਵੀ ਮਾਨਤਾ ਨਹੀਂ ਦਿੱਤੀ ਹੋਈ। ਕਬੱਡੀ ਨੂੰ ਜਿਹੜੀ ਮਾਨਤਾ ਮਿਲੀ ਹੋਈ ਹੈ ਉਹ ਵਰਗਾਕਾਰ ਕਬੱਡੀ ਦੀ ਹੈ ਜੋ 1990 ਤੋਂ ਏਸ਼ਿਆਈ ਖੇਡਾਂ ਵਿਚ ਵੀ ਖੇਡੀ ਜਾਂਦੀ ਹੈ। ਉਸ ਦੀਆਂ ਕੌਮੀ, ਏਸ਼ਿਆਈ ਤੇ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਾਂ ਦਾ ਪ੍ਰਧਾਨ ਜਨਾਰਧਨ ਸਿੰਘ ਗਹਿਲੋਤ ਹੈ। ਉਸ ਦੀ ਪ੍ਰਧਾਨਗੀ ਵਾਲੀ ਭਾਰਤੀ ਤੇ ਏਸ਼ੀਅਨ ਕਬੱਡੀ ਫੈਡਰੇਸ਼ਨ ਨੂੰ ਤਾਂ ਮਾਨਤਾ ਮਿਲੀ ਹੋਈ ਹੈ ਪਰ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨ ਨੂੰ ਹਾਲੇ ਤਕ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੀ ਮਾਨਤਾ ਨਹੀਂ ਮਿਲੀ। ਇਹ ਹੈ ਨੈਸ਼ਨਲ ਸਟਾਈਲ ਤੇ ਦਾਇਰੇ ਵਾਲੀ ਕਬੱਡੀ ਦੀ ਅਸਲੀ ਸਥਿਤੀ। ਇਸ ਸਥਿਤੀ ਵਿਚ ਸਰਕਲ ਸਟਾਈਲ ਕਬੱਡੀ ਨੂੰ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਵਾਉਣਾ ਹਾਲੇ ਦੂਰ ਦੀ ਗੱਲ ਹੈ। ਜੇਕਰ ਇਸ ਨੂੰ ਕੌਮੀ ਖੇਡਾਂ, ਸੈਫ ਖੇਡਾਂ, ਏਸ਼ਿਆਈ ਖੇਡਾਂ, ਯੂਰਪੀਨ, ਪੈਨ-ਅਮੈਰਿਕਨ ਤੇ ਕਾਮਨਵੈਲਥ ਖੇਡਾਂ ਵਿਚ ਹੀ ਸ਼ਾਮਲ ਕਰਵਾ ਲਿਆ ਜਾਵੇ ਤਾਂ ਵੀ ਇਹ ਵੱਡੀ ਪ੍ਰਾਪਤੀ ਗਿਣੀ ਜਾਵੇਗੀ।

ਇਹ ਚੰਗੀ ਗੱਲ ਹੈ ਕਿ ਪੰਜਾਬ ਸਰਕਾਰ ਪੰਜਾਬ ਦੀ ਦੇਸੀ ਖੇਡ ਕਬੱਡੀ ਨੂੰ ਉਤਸ਼ਾਹਤ ਕਰ ਰਹੀ ਹੈ। ਕਬੱਡੀ ਦੀ ਤਰਜ਼ 'ਤੇ ਕੁਸ਼ਤੀ ਤੇ ਰੱਸਾਕਸ਼ੀ ਦੀਆਂ ਖੇਡਾਂ ਕਰਾਉਣ ਬਾਰੇ ਵੀ ਐਲਾਨ ਕੀਤਾ ਗਿਆ ਹੈ। ਹੋਰ ਸਰਕਾਰਾਂ ਵੀ ਆਪੋ ਆਪਣੀਆਂ ਖੇਤਰੀ ਖੇਡਾਂ ਦਾ ਵਿਕਾਸ ਕਰਦੀਆਂ ਹਨ ਜਿਵੇਂ ਜਪਾਨ ਨੇ ਆਪਣੀ ਦੇਸੀ ਖੇਡ ਸੂਮੋ ਦਾ ਕੀਤਾ ਹੈ। ਪੰਜਾਬੀਆਂ ਦੀਆਂ ਦੇਸੀ ਖੇਡਾਂ ਦਾ ਵਿਕਾਸ ਕਰਨਾ ਪੰਜਾਬੀ ਸਭਿਆਚਾਰ ਦਾ ਵਿਕਾਸ ਕਰਨਾ ਹੈ ਜਿਸ ਨਾਲ ਪੰਜਾਬੀਆਂ ਦੀ ਪਛਾਣ ਦਾ ਮਸਲਾ ਜੁੜਿਆ ਹੋਇਆ ਹੈ। ਪਰ ਆਪਣੀਆਂ ਦੇਸੀ ਖੇਡਾਂ ਨਾਲ ਕੌਮੀ ਤੇ ਕੌਮਾਂਤਰੀ ਖੇਡਾਂ ਦਾ ਵਿਕਾਸ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਹਾਕੀ ਭਾਵੇਂ ਪੰਜਾਬ ਦੀ ਦੇਸੀ ਖੇਡ ਨਹੀਂ ਸੀ। ਦੇਸੀ ਖੇਡ ਖਿੱਦੋ ਖੂੰਡੀ ਸੀ ਜਿਸ ਦੀ ਥਾਂ ਹਾਕੀ ਨੇ ਲਈ। ਪਰ ਹਾਕੀ ਵਿਚ ਪੰਜਾਬੀਆਂ ਨੇ ਓਲੰਪਿਕ ਖੇਡਾਂ ਖੇਡਦਿਆਂ ਜੋ ਮੱਲਾਂ ਮਾਰੀਆਂ ਉਸ ਨੇ ਪੰਜਾਬੀਆਂ ਦਾ ਨਾਂ ਕੁਲ ਦੁਨੀਆਂ ਵਿਚ ਰੌਸ਼ਨ ਕੀਤਾ।

ਬਲਬੀਰ ਸਿੰਘ ਤੇ ਊਧਮ ਸਿੰਘ ਹੋਰਾਂ ਨੇ ਹਾਕੀ ਵਿਚ, ਮਿਲਖਾ ਸਿੰਘ ਤੇ ਗੁਰਬਚਨ ਸਿੰਘ ਹੋਰਾਂ ਨੇ ਅਥਲੈਟਿਕਸ ਵਿਚ, ਜਰਨੈਲ ਸਿੰਘ ਤੇ ਇੰਦਰ ਸਿੰਘ ਹੋਰਾਂ ਨੇ ਫੁਟਬਾਲ ਵਿਚ, ਅਭਿਨਵ ਬਿੰਦਰਾ ਤੇ ਰੰਜਨ ਸੋਢੀ ਨੇ ਨਿਸ਼ਾਨੇਬਾਜ਼ੀ ਵਿਚ ਤੇ ਇੰਜ ਹੀ ਹੋਰ ਕਈ ਖਿਡਾਰੀਆਂ ਨੇ ਹੋਰਨਾਂ ਖੇਡਾਂ ਵਿਚ ਪੰਜਾਬ ਦਾ ਮਾਣ ਵਧਾਇਆ ਹੈ। ਪੰਜਾਬੀਆਂ ਦੀ ਨਵੀਂ ਪੀੜ੍ਹੀ ਨੂੰ ਕਬੱਡੀ ਦੇ ਨਾਲ ਹੋਰ ਖੇਡਾਂ ਵਿਚ ਵੀ ਅੱਗੇ ਵਧਾਉਣ ਦੀ ਲੋੜ ਹੈ। 'ਕੱਲੇ ਲਾਈਟਾਂ ਵਾਲੇ ਸਟੇਡੀਅਮ ਬਣਾਉਣ ਨਾਲ ਕੌਮਾਂਤਰੀ ਖੇਡਾਂ ਦੇ ਜੇਤੂ ਨਹੀਂ ਬਣਿਆ ਜਾਣਾ। ਇਹਦੇ ਲਈ ਸਕੂਲਾਂ, ਕਾਲਜਾਂ ਤੇ ਪੇਂਡੂ ਖੇਡ ਮੈਦਾਨਾਂ ਤਕ ਪਹੁੰਚ ਕਰਨ ਤੇ ਕੋਚ ਭੇਜਣ ਦੀ ਲੋੜ ਹੈ ਜਿਨ੍ਹਾਂ ਦੀ ਥਾਂ ਪਰ ਥਾਂ ਘਾਟ ਹੈ। ਕੋਚਾਂ ਤੇ ਖਿਡਾਰੀਆਂ ਬਿਨਾਂ ਖੇਡ ਸਟੇਡੀਅਮ ਕਿਸ ਕੰਮ? ਜਿਨ੍ਹਾਂ ਸਟੇਡੀਅਮਾਂ ਨੇ ਸਾਲ ਛਿਮਾਹੀਂ ਹੀ ਭਰਨਾ ਹੈ ਉਨ੍ਹਾਂ ਨੂੰ ਤਾਂ ਸਫੈਦ ਹਾਥੀ ਹੀ ਸਮਝੋ। ਖੇਡ ਮਾਹਿਰ ਸਰਕਾਰ ਨੂੰ ਸੁਚੱਜੀ ਖੇਡ ਨੀਤੀ 'ਤੇ ਅਮਲ ਕਰਨ ਦੀ ਸਲਾਹ ਦੇ ਸਕਦੇ ਹਨ। ਕਬੱਡੀ ਦੀ ਬੱਲੇ-ਬੱਲੇ ਨਾਲ ਵੱਡੇ 'ਕੱਠ ਕਰ ਕੇ ਪੰਜਾਬ ਦੀ ਤਰੱਕੀ ਦਾ ਲੋੜੋਂ ਵੱਧ ਪ੍ਰਚਾਰ ਕਰਨ ਨਾਲੋਂ ਜ਼ਰੂਰੀ ਹੈ ਕਿ ਅਜਿਹੀ ਖੇਡ ਨੀਤੀ 'ਤੇ ਅਮਲ ਕੀਤਾ ਜਾਵੇ ਜਿਸ ਨਾਲ ਪੰਜਾਬ ਫਿਰ ਖੇਡਾਂ ਵਿਚ ਭਾਰਤ ਦਾ ਅੱਵਲ ਨੰਬਰ ਸੂਬਾ ਬਣ ਸਕੇ।

# ਕੁੜੀਆਂ ਦੀ ਕਬੱਡੀ ਟੀਮ ਨਾਲ ਬੇਇਨਸਾਫੀ ਕਿਉਂ?

ਹੁਣ ਜਦੋਂ ਔਰਤਾਂ ਕਾਰਖਾਨਿਆਂ, ਦਫਤਰਾਂ ਅਤੇ ਖੇਡ ਦੇ ਮੈਦਾਨਾਂ ਅੰਦਰ ਮਰਦਾਂ ਦੇ ਬਰਾਬਰ ਮੱਲਾਂ ਮਾਰ ਰਹੀਆਂ ਹਨ ਤਾਂ ਫਿਰ ਪੰਜਾਬ ਵਿਚ ਹੋ ਕੇ ਹਟੇ ਕਬੱਡੀ ਕੱਪ ਵਿਚ ਕੁੜੀਆਂ ਦੀ ਟੀਮ ਨੂੰ ਮੁੰਡਿਆਂ ਨਾਲੋਂ ਇਨਾਮ ਰਾਸ਼ੀ ਘੱਟ ਕਿਉਂ ਦਿੱਤੀ ਗਈ ਹੈ? ਸਿਰਫ ਇਸ ਕਰ ਕੇ, ਕਿ ਉਹ

ਨਛੱਤਰ ਸਿੰਘ, ਨਿਊ ਜਰਸੀ

ਕੁੜੀਆਂ ਹਨ? ਇਹ ਤਾਂ ਉਹੀ ਗੱਲ ਹੋਈ, ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਏ, ਕੁੜੀਆਂ ਤਾਂ ਚਿੜੀਆਂ ਨੇ, ਚਿੜੀਆਂ ਦਾ ਕੀ ਏ। ਯਾਨਿ ਇਹ ਤਾਂ ਨਿਤਾਣੀਆਂ ਤੇ ਕਮਜ਼ੋਰ ਹੀ ਹਨ...।

ਮੇਰੇ ਖਿਆਲ ਅਨੁਸਾਰ ਕੁੜੀਆਂ ਦੀ ਟੀਮ ਨੂੰ ਮੁੰਡਿਆਂ ਦੀ ਟੀਮ ਤੋਂ ਵੱਧ ਇਨਾਮ ਮਿਲਣਾ ਚਾਹੀਦਾ ਹੈ ਕਿਉਂਕਿ ਕੁੜੀਆਂ ਨੂੰ ਹਰ ਮੁਕਾਮ 'ਤੇ ਪੁੱਜਣ ਲਈ ਮੁੰਡਿਆਂ ਨਾਲੋਂ ਵੱਧ ਸੰਘਰਸ਼ ਵਿਚੋਂ ਲੰਘਣਾ ਪੈਂਦਾ ਹੈ। ਕੁੜੀਆਂ ਨੂੰ ਪੈਰ ਪੈਰ ਉਤੇ ਮਾਂ ਬਾਪ ਦਾ ਵਿਰੋਧ, ਪਤੀ ਦਾ ਗੁੱਸਾ, ਸੱਸ ਸਹੁਰੇ ਦੀ ਕਰੋਪੀ, ਭੈਣਾਂ-ਭਰਾਵਾਂ ਦੀ ਈਰਖਾ ਦਾ ਸਾਹਮਣਾ ਕਰ ਕੇ ਮੈਦਾਨ ਤੱਕ ਜਾਣਾ ਪੈਂਦਾ ਹੈ। ਸੈਂਕੜੇ ਬਦਮਾਸ਼, ਦਾਜ ਦੇ ਲੋਭੀ, ਅਗਵਾ ਕਰਨ ਵਾਲੇ, ਭੈੜੇ ਸ਼ਬਦਾਂ ਦੇ ਤੀਰ ਕੱਸਣ ਵਾਲੇ ਮੁਸ਼ਟੰਡੇ ਥਾਂ ਥਾਂ ਉਤੇ ਉਨ੍ਹਾਂ ਦਾ ਰਾਹ ਰੋਕਣ ਲਈ ਖੜ੍ਹੇ ਹੁੰਦੇ ਹਨ। ਇਨ੍ਹਾਂ ਸਭ ਦਾ ਮੁਕਾਬਲਾ ਕਰਨ ਤੋਂ ਬਾਅਦ ਕਿਤੇ ਜਾ ਕੇ ਉਹ ਮੈਚ ਖੇਡਦੀਆਂ ਹਨ। ਜਦੋਂ ਉਨ੍ਹਾਂ ਨੂੰ ਲੜਕਿਆਂ ਦੇ ਬਰਾਬਰ ਹੀ ਖੇਡਣਾ ਪੈਂਦਾ ਹੈ, ਲੜਕਿਆਂ ਜਿੰਨਾ ਹੀ ਸਮਾਂ ਉਨ੍ਹਾਂ ਨੂੰ ਮਿਲਦਾ ਹੈ, ਲੜਕਿਆਂ ਵਾਂਗ ਹੀ ਉਨ੍ਹਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ; ਫਿਰ ਮੁੰਡਿਆਂ ਨੂੰ ਦੋ ਕਰੋੜ, ਇਕ ਕਰੋੜ ਤੇ ਇਕਵੰਜਾ ਲੱਖ ਰੁਪਏ ਦੇ ਇਨਾਮ ਅਤੇ ਕੁੜੀਆਂ ਨੂੰ ਇਕਵੰਜਾ ਲੱਖ, ਇਕੱਤੀ ਲੱਖ, ਇੱਕੀ ਲੱਖ ਕਿਉਂ?

ਉਂਜ ਤਾਂ ਪੰਜਾਬ ਸਰਕਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇਣ ਦਾ ਰੌਲਾ ਪਾਉਂਦੀ ਹੈ; ਔਰਤਾਂ ਦੀ ਸੁਰੱਖਿਆ ਦੀ ਗੱਲ ਵੀ ਕਰਦੀ ਹੈ; ਅੱਠ ਮਾਰਚ ਨੂੰ ਕੌਮਾਂਤਰੀ ਇਸਤਰੀ ਦਿਵਸ ਮੌਕੇ ਆਗੂ ਵੱਡੇ ਵੱਡੇ ਭਾਸ਼ਣ ਕਰਦੇ ਹਨ; ਸੂਬੇ ਵਿਚ ਔਰਤਾਂ ਦੇ ਹੱਕਾਂ ਬਾਰੇ ਸੈਮੀਨਾਰ, ਕਨਵੈਨਸ਼ਨਾਂ ਕਰਵਾਈਆਂ ਜਾਂਦੀਆਂ ਹਨ; ਪਰ ਨਾਲ ਹੀ ਔਰਤਾਂ ਨਾਲ ਧੱਕਾ ਕੀਤਾ



ਜਾਂਦਾ ਹੈ। ਔਰਤਾਂ ਦੀ ਟੀਮ ਨਾਲ ਹੋ ਰਹੇ ਇਸ ਧੱਕੇ ਖਿਲਾਫ ਸਾਰੀਆਂ ਔਰਤ ਜਥੇਬੰਦੀਆਂ ਅਤੇ ਇਨਸਾਫਪਸੰਦ ਲੋਕਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ।

ਸਭ ਜਾਣਦੇ ਹਨ ਕਿ ਸਦੀਆਂ ਤੋਂ ਔਰਤ ਗੁਲਾਮੀ ਭਰਿਆ ਤਰਸਯੋਗ ਜੀਵਨ ਗੁਜ਼ਾਰਦੀ ਰਹੀ ਹੈ। ਹੱਥਾਂ ਦੀਆਂ ਚੂੜੀਆਂ, ਕੰਨਾਂ ਦੀਆਂ ਵਾਲੀਆਂ ਅਤੇ ਨੱਕ ਵਿਚ ਨੱਥ, ਇਸ ਦੀ ਗੁਲਾਮੀ ਦੇ ਚਿੰਨ੍ਹ ਹਨ। ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਕੇਵਲ ਕੱਪੜੇ ਧੋਣ ਵਾਲੀ ਮਸ਼ੀਨ, ਖਾਣਾ ਪਕਾਉਣ ਵਾਲੀ ਜਾਂ ਫਿਰ ਦਿਲ ਪਰਚਾਉਣ ਦਾ ਸਾਧਨ ਹੀ ਮੰਨਿਆ ਜਾਂਦਾ ਹੈ। ਪੰਦਰਵੀਂ ਸਦੀ ਤੱਕ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਕਈ ਭਾਰਤੀ ਕਬੀਲੇ ਜੰਮਦੇ ਸਾਰ ਕੁੜੀ ਨੂੰ ਟੋਕਰੀ ਵਿਚ ਪਾ ਦਿੰਦੇ, ਕੋਲ ਥੋੜ੍ਹੀ ਰੂੰ ਅਤੇ ਗੁੜ ਰੱਖ ਕੇ ਦਰਿਆ ਵਿਚ ਰੋੜ੍ਹ ਦਿੰਦੇ ਜਿਸ ਦਾ ਅਰਥ ਸੀ ਕਿ 'ਗੁੜ ਖਾਈਂ, ਪੂਣੀ ਕੱਤੀਂ, ਆਪ ਨਾ ਆਈਂ, ਵੀਰੇ ਨੂੰ ਘੱਤੀਂ।' ਜੰਮਣ ਤੋਂ ਲੈ ਕੇ ਕੋਈ ਵੀ ਸਮਾਜਕ ਹੱਕ ਉਸ ਨੂੰ ਨਹੀਂ ਮਿਲਦਾ। ਇਸਲਾਮੀ ਮੁਲਕਾਂ ਵਿਚ ਤਾਂ ਅਜੇ ਵੀ ਔਰਤਾਂ ਦੇ ਵਿੱਦਿਆ ਹਾਸਲ ਕਰਨ ਉਤੇ ਪਾਬੰਦੀ ਹੈ। ਬੁਰਕਾ ਪਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਕਈ ਇਤਿਹਾਸਕਾਰਾਂ ਤੇ ਗੀਤਕਾਰਾਂ ਨੇ ਵੀ ਇਸਤਰੀ ਨੂੰ ਬਹੁਤ ਭੰਡਿਆ ਹੈ ਅਤੇ ਪੈਰ ਦੀ ਜੁੱਤੀ ਕਿਹਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ॥' ਮਾਤਾ ਸਾਹਿਬ ਕੌਰ, ਮਹਾਰਾਣੀ ਜਿੰਦਾਂ, ਝਾਂਸੀ ਦੀ ਰਾਣੀ, ਮਾਈ ਭਾਗੋ ਆਦਿ ਹਜ਼ਾਰਾਂ ਇਸਤਰੀਆਂ ਨੇ ਇਤਿਹਾਸ ਸਿਰਜਿਆ ਹੈ।

ਹੁਣ ਔਰਤਾਂ ਪੜ੍ਹ ਲਿਖ ਰਹੀਆਂ ਹਨ, ਡਾਕਟਰ, ਇੰਜੀਨੀਅਰ, ਮੰਤਰੀ ਬਣ ਰਹੀਆਂ ਹਨ। ਪੁਲਿਸ ਅਤੇ ਫੌਜ ਵਿਚ ਭਰਤੀ ਹੋ ਰਹੀਆਂ ਹਨ, ਪਾਇਲਟ ਬਣੀਆਂ ਹਨ। ਕਲਪਨਾ ਚਾਵਲਾ, ਸੁਨੀਤਾ ਵਿਲੀਅਮ ਜਿਹੀਆਂ ਮੁਟਿਆਰਾਂ ਨੇ ਉਪ ਗ੍ਰਹਿਆਂ ਵਿਚ ਉਡਾਣਾਂ ਭਰੀਆਂ ਹਨ। ਪਾਕਿਸਤਾਨ ਦੀ ਕੁੜੀ ਮਲਾਲਾ ਨੇ ਤਾਲਿਬਾਨ ਖਿਲਾਫ ਜੰਗ ਛੇੜੀ ਹੈ।

ਹੁਣ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕੁੜੀਆਂ ਨਾਲ ਖੇਡ ਦੇ ਮੈਦਾਨ ਵਿਚ ਇਨਸਾਫ ਕਰੇ ਅਤੇ ਉਨ੍ਹਾਂ ਨੂੰ ਮੁੰਡਿਆਂ ਤੋਂ ਵੀ ਵੱਧ ਇਨਾਮ ਦੇਵੇ। ਇਸ ਨਾਲ ਕੁੜੀਆਂ ਦਾ ਮਾਣ ਤਾਂ ਵਧੇਗਾ ਹੀ, ਸਰਕਾਰ ਦੀ ਭੱਲ ਵੀ ਬਣੇਗੀ।

# ਟਿੱਬੀ ਦੀਆਂ ਦੇਵੀਆਂ ਦੀ ਦਾਸਤਾਂ

*ਇਹ ਆਦਰਸ਼ਵਾਦੀ ਕਹਾਣੀ ਸਵਰਗੀ ਮਾਸਟਰ ਜੀਵਣ ਸਿੰਘ ਦੀ ਲਿਖੀ ਹੋਈ ਹੈ। ਸੰਨ 1911 ਵਿਚ ਸਰਗੋਧਾ (ਹੁਣ ਪਾਕਿਸਤਾਨ) ਵਿਖੇ ਜਨਮੇ ਸ. ਜੀਵਣ ਸਿੰਘ ਵਿੱਦਿਆ ਪ੍ਰਾਪਤੀ ਤੋਂ ਬਾਅਦ ਉਥੇ ਹੀ ਅਧਿਆਪਨ ਕਿੱਤੇ ਨਾਲ ਜੁੜ ਗਏ। ਵੰਡ ਸਮੇਂ ਉਹ ਨਵਾਂ ਸ਼ਹਿਰ ਆ ਵੱਸੇ। ਉਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਲੰਮਾ ਅਰਸਾ ਪੜ੍ਹਾਉਂਦੇ ਰਹੇ। ਸੱਚਾਈ, ਸਹਿਜ, ਸਾਦਗੀ ਅਤੇ ਅਸੂਲਪ੍ਰਸਤੀ ਦੇ ਮੁਜੱਸਮੇ ਮਾਸਟਰ ਜੀ ਨੇ 78 ਸਾਲ ਦੀ ਉਮਰ ਤੱਕ ਹਜ਼ਾਰਾਂ ਵਿਦਿਆਰਥੀਆਂ ਨੂੰ ਵਿੱਦਿਆ ਦਾਨ ਦੇ ਨਾਲ ਨਾਲ ਨੈਤਿਕ ਅਤੇ ਸਦਾਚਾਰਕ ਗੁਣਾਂ ਨਾਲ ਮਾਲਾ ਮਾਲ ਕੀਤਾ। ਉਨ੍ਹਾਂ ਕਵਿਤਾਵਾਂ ਦੀਆਂ ਦੋ ਕਿਤਾਬਾਂ 'ਕਰਨੀ' ਅਤੇ 'ਕਥਨੀ' ਲਿਖੀਆਂ। ਪਹਿਲੀ ਦਾ ਮੁੱਖਬੰਧ ਉਨ੍ਹਾਂ ਦੇ ਪਰਮ ਮਿੱਤਰ ਸ੍ਰੀ ਈਸ਼ਵਰ ਦਾਸ ਸ਼ਾਸਤਰੀ (ਜਲੰਧਰ) ਨੇ ਲਿਖਿਆ। ਉਨ੍ਹਾਂ ਕੁਝ ਕਹਾਣੀਆਂ ਵੀ ਲਿਖੀਆਂ। 'ਟਿੱਬੀ ਦੀਆਂ ਦੇਵੀਆਂ ਦੀ ਦਾਸਤਾਂ' ਨਾਂ ਦੀ ਕਹਾਣੀ ਮਾਸਟਰ ਜੀਵਣ ਸਿੰਘ ਦੀ ਨਿਊ ਯਾਰਕ ਰਹਿੰਦੀ ਧੀ ਬੀਬਾ ਕੰਵਲਜੀਤ ਕੌਰ (ਰਾਹੋਂ) ਨੇ ਸਾਡੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰੀ ਰਾਹੀਂ 'ਪੰਜਾਬ ਟਾਈਮਜ਼' ਨੂੰ ਬੜੇ ਮੋਹ ਨਾਲ ਭੇਜੀ ਹੈ। ਦੁਪਾਲਪੁਰੀ ਹੁਰਾਂ ਵੱਲੋਂ ਕੀਤੀ ਲੋੜੀਂਦੀ ਕਾਂਟ-ਛਾਂਟ ਤੋਂ ਬਾਅਦ ਇਹ ਕਹਾਣੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

### ਮਾਸਟਰ ਜੀਵਣ ਸਿੰਘ

ਨਾਜ਼ਮਪੁਰ ਦੀ ਵਸੋਂ ਤੀਹ ਪੈਂਤੀ ਹਜ਼ਾਰ ਦੇ ਕਰੀਬ ਹੈ। ਹਿੰਦੂ, ਮੁਸਲਿਮ, ਸਿੱਖ, ਇਸਾਈ-ਸਾਰੇ ਧਰਮਾਂ ਦੇ ਲੋਕ ਪਰਸਪਰ ਪ੍ਰੇਮ ਪਿਆਰ ਨਾਲ ਰਹਿ ਰਹੇ ਹਨ। ਕੁੜੀਆਂ ਤੇ ਮੁੰਡਿਆਂ ਲਈ ਦੋ ਅਲੱਗ ਅਲੱਗ ਸਕੂਲ ਹਨ। ਇਕ ਸਰਕਾਰੀ ਹਸਪਤਾਲ ਵੀ ਹੈ ਜਿਥੇ ਮਰੀਜ਼ਾਂ ਦੀ ਦੇਖ ਭਾਲ ਚੰਗੀ ਤਰ੍ਹਾਂ ਕੀਤੀ ਜਾਂਦੀ ਹੈ। ਸ਼ਹਿਰ ਦੇ ਇਕ ਪਾਸੇ ਬੱਸਾਂ ਦਾ ਅੱਡਾ ਹੈ। ਇਥੋਂ ਦੀ ਮਿਉਂਸਪਲ ਕਮੇਟੀ ਚੰਗੇ ਢੰਗ ਨਾਲ ਸ਼ਹਿਰ ਦੀ ਸਾਫ-ਸਫਾਈ ਦਾ ਪ੍ਰਬੰਧ ਕਰ ਰਹੀ ਹੈ। ਕਮੇਟੀ ਦਾ ਪ੍ਰਧਾਨ ਚੰਗਾ ਸੁਲਝਿਆ ਹੋਇਆ ਇਨਸਾਨ ਹੈ। ਇਥੇ 'ਸਮਾਜ ਸੁਧਾਰ ਸਭਾ' ਵੀ ਬਣੀ ਹੋਈ ਹੈ ਜੋ ਗਾਹੇ-ਬਗਾਹੇ ਸਮਾਜਕ ਕੁਰੀਤੀਆਂ ਵਿਰੁਧ ਸ਼ਹਿਰੀਆਂ ਨੂੰ ਜਾਗਰੂਕ ਕਰਦੀ ਰਹਿੰਦੀ ਹੈ।

ਸਭ ਕੁਝ ਠੀਕ ਠਾਕ ਚੱਲ ਰਿਹਾ ਹੈ ਪਰ ਇਕ ਦਿਨ ਸਮਾਜ ਸੁਧਾਰ ਸਭਾ ਦੀ ਮੀਟਿੰਗ ਵਿਚ ਇਹ ਸਵਾਲ ਉਠਿਆ ਕਿ ਸ਼ਹਿਰ ਦੇ ਵਿਚਕਾਰ ਕੁਝ ਵੇਸਵਾਵਾਂ ਦੇ ਜੋ ਪੱਕੇ ਘਰ ਬਣੇ ਹੋਏ ਹਨ, ਉਹ ਇਸ ਸ਼ਹਿਰ ਦੇ ਮੱਥੇ 'ਤੇ ਕਲੰਕ ਹਨ। ਸਾਰਿਆਂ ਨੇ ਇਕਸੁਰ ਹੋ ਕੇ ਆਖਿਆ ਕਿ ਇਨ੍ਹਾਂ ਵੇਸਵਾਵਾਂ ਨੂੰ ਸ਼ਹਿਰ 'ਚੋਂ ਕੱਢਿਆ ਜਾਵੇ, ਪਰ ਇਸੇ ਸਭਾ ਦਾ ਇਕ ਬਜ਼ੁਰਗ ਮੈਂਬਰ ਸਭ ਦੇ ਉਲਟ ਬੋਲਿਆ, "ਭਰਾਵੋ, ਇਨ੍ਹਾਂ ਅਬਲਾ ਤੇ ਬੇਆਸਰੀਆਂ ਦਾ ਵੀ ਤਾਂ ਇਸ ਧਰਤੀ 'ਤੇ ਪੂਰਾ ਹੱਕ ਹੈ। ਇਹ ਕਿੱਥੇ ਚਲੀਆਂ ਜਾਣ?"

ਸਾਰੀ ਸਭਾ ਬੁੱਢੇ ਮੈਂਬਰ ਨੂੰ ਟਿੱਚਰਾਂ ਕਰਨ ਲੱਗੀ, "ਬਾਬਾ ਤਾਂ ਕੁਝ ਠਰਕੀ ਲਗਦਾ ਹੈ।"


ਗੱਲ ਕੀ, ਬਜ਼ੁਰਗ ਦੇ ਕਹੇ ਨੂੰ ਅਣਗੌਲਿਆਂ ਕਰ ਕੇ ਸੁਧਾਰ ਸਭਾ ਨੇ ਵੇਸਵਾਵਾਂ ਖ਼ਿਲਾਫ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ। ਇਸ਼ਤਿਹਾਰਾਂ, ਭਾਸ਼ਣਾਂ ਅਤੇ ਮੁਨਿਆਦੀ ਰਾਹੀਂ ਪ੍ਰਚਾਰ ਕੀਤਾ ਗਿਆ ਕਿ ਸਾਡੀਆਂ ਧੀਆਂ ਭੈਣਾਂ ਲਈ ਸ਼ਹਿਰ 'ਚੋਂ ਲੰਘਣਾ ਬਹੁਤ ਔਖਾ ਹੋਇਆ ਪਿਆ ਹੈ। ਇਨ੍ਹਾਂ ਦੇ ਘਰਾਂ ਮੋਹਰੇ ਮੁਸ਼ਟੰਡੇ ਤੁਰੇ ਫਿਰਦੇ ਰਹਿੰਦੇ ਹਨ। ਵਿਆਹ ਸ਼ਾਦੀਆਂ 'ਤੇ ਮੁਜਰੇ ਦਾ ਭੈੜਾ ਰਿਵਾਜ਼ ਵਧ ਰਿਹਾ ਹੈ। ਅੱਧੀ ਅੱਧੀ ਰਾਤ ਤੱਕ ਤਬਲੇ ਸਾਰੰਗੀਆਂ ਦੀਆਂ ਆਵਾਜ਼ਾਂ ਸੌਣ ਨਹੀਂ ਦਿੰਦੀਆਂ। ਭਲੇ ਲੋਕਾਂ ਦਾ ਸ਼ਹਿਰ 'ਚ ਵਸਣਾ ਦੁੱਭਰ ਹੋ ਗਿਆ ਹੈ। ਇਸ ਕਰ ਕੇ ਇਨ੍ਹਾਂ ਵੇਸਵਾਵਾਂ ਨੂੰ ਫੌਰਨ ਇੱਥੋਂ ਕੱਢਿਆ ਜਾਵੇ।

ਜੇ ਉਹ ਬੁੱਢਾ ਮੈਂਬਰ ਵੇਸਵਾਵਾਂ ਬਾਰੇ ਕੋਈ ਹੋਰ ਉਪਰਾਲਾ ਸੋਚਣ ਦੀ ਗੱਲ ਕਰਦਾ ਤਾਂ ਬਾਕੀ ਸਾਰੇ ਮੈਂਬਰ ਟੁੱਟ ਕੇ ਪੈ ਜਾਂਦੇ, "ਐਨੀ ਹਮਦਰਦੀ ਹੈ ਤਾਂ ਇਨ੍ਹਾਂ ਗੰਦੀਆਂ ਨੂੰ ਆਪਣੇ ਘਰ ਲੈ ਜਾ!!"

ਆਖਰ, ਸਭਾ ਵੱਲੋਂ ਰੋਜ਼ ਦੀਆਂ ਹੜਤਾਲਾਂ, ਧਰਨਿਆਂ ਤੇ ਚਿਤਾਵਨੀਆਂ ਤੋਂ ਤੰਗ ਆ ਕੇ ਮਿਉਂਸਪਲ ਕਮੇਟੀ ਦੇ ਪ੍ਰਧਾਨ ਨੇ ਹੁਕਮ ਕਰ ਦਿੱਤਾ ਕਿ ਸਭ ਵੇਸਵਾਵਾਂ ਇਥੋਂ 24 ਘੰਟੇ ਦੇ ਅੰਦਰ ਅੰਦਰ ਨਿਕਲ ਜਾਣ; ਨਹੀਂ ਤਾਂ ਪੁਲਿਸ ਰਾਹੀਂ ਕੱਢੀਆਂ ਜਾਣਗੀਆਂ। ਬਜ਼ੁਰਗ ਮੈਂਬਰ ਨੇ ਜਦੋਂ ਕਿਹਾ ਕਿ ਉਹ ਆਪਣੇ ਮਕਾਨਾਂ ਦੀਆਂ ਮਾਲਕ ਹਨ, ਤਾਂ ਅੱਗਿਓਂ ਜਵਾਬ ਮਿਲਿਆ ਕਿ ਇਹ ਉਨ੍ਹਾਂ ਦੇ ਪਿਉ ਦੀ ਕਮਾਈ ਨਾਲ ਨਹੀਂ ਬਣੇ ਹੋਏ। ਸ਼ਹਿਰੀਆਂ ਦੀ 'ਕਮਾਈ' ਨਾਲ ਹੀ ਬਣੇ ਹੋਏ ਹਨ।

ਵੇਸਵਾਵਾਂ ਦੀ ਕਿਸੇ ਇਕ ਨਾ ਸੁਣੀ। ਉਹ ਰੋਂਦੀਆਂ-ਕੁਰਲਾਉਂਦੀਆਂ ਪ੍ਰਧਾਨ ਕੋਲ ਗਈਆਂ ਕਿ ਕਿਥੇ ਜਾਈਏ? ਹੁਕਮ ਹੋਇਆ ਕਿ ਇਸ ਸ਼ਹਿਰ ਤੋਂ ਦੋ ਚਾਰ ਮੀਲ ਦੂਰ ਉਜਾੜ ਵਿਚ ਰੇਤ ਦਾ ਟਿੱਬਾ ਹੈ, ਉਥੇ ਜਾ ਕੇ ਆਪਣਾ ਬੰਦੋਬਸਤ ਕਰੋ।

ਮਾੜਾ ਮੋਟਾ ਜ਼ਰੂਰੀ ਸਾਮਾਨ ਟਰੰਕਾਂ ਵਿਚ ਪਾ ਕੇ ਰੋਂਦੀਆਂ ਧੋਂਦੀਆਂ ਉਧਰ ਨੂੰ ਤੁਰ ਪਈਆਂ। 4-5 ਸਾਜਿੰਦੇ ਅਤੇ ਕੁਝ ਬੁੱਢੀਆਂ ਦਲਾਲਣਾਂ ਵੀ ਇਨ੍ਹਾਂ ਦੇ ਨਾਲੇ ਤੁਰ ਪਈਆਂ, ਕਿਉਂਕਿ ਇਨ੍ਹਾਂ ਦੀ ਰੋਟੀ ਇਨ੍ਹਾਂ ਅਭਾਗਣਾਂ ਦੇ ਸਿਰ 'ਤੇ ਈ ਚੱਲਦੀ ਸੀ। ਉਨ੍ਹਾਂ ਟਿੱਬੇ 'ਤੇ ਪਹੁੰਚ ਆਲੇ-ਦੁਆਲੇ ਦੀ ਸਫਾਈ ਕਰ ਕੇ ਰੈਣ ਬਸੇਰਾ ਕਰਨ ਲਈ ਇਕ



ਮਾਸਟਰ ਜੀਵਣ ਸਿੰਘ

ਦੋ ਝੌਂਪੜੀਆਂ ਬਣਾ ਲਈਆਂ। ਰਾਤ ਨੂੰ ਇਕੱਠੀਆਂ ਬਹਿ ਕੇ ਗਾਉਂਦਿਆਂ ਰੱਬ ਨੂੰ ਉਲਾਂਭੇ ਦੇਣ ਲੱਗੀਆਂ,

"ਰੱਬਾ ਮੇਰਿਆ ਦੁੱਖਾਂ ਨੇ ਘੇਰਿਆ,
ਕਿਹੇ ਸਾਡੇ ਲੇਖ ਲਿਖੇ ਤੂੰ।"

ਉਧਰ ਸ਼ਹਿਰ ਵਿਚ ਵੇਸਵਾਵਾਂ ਦੇ ਖਾਲੀ ਹੋਏ ਮਕਾਨਾਂ ਵਿਚੋਂ ਸੁਧਾਰ ਸਭਾ ਦੇ ਮੈਂਬਰਾਂ ਦੇ ਮੁੰਡਿਆਂ ਨੇ ਬਚਿਆ ਸਾਮਾਨ ਚੁੱਕ ਲਿਆ। ਪਲੰਘ, ਪੀੜ੍ਹੇ, ਕੁਰਸੀਆਂ, ਸ਼ੀਸ਼ੇ ਕੰਘੀਆਂ, ਰੁਮਾਲ ਤੇ ਇਤਰ ਫੁਲੇਲ ਦੀਆਂ ਸ਼ੀਸ਼ੀਆਂ ਆਦਿ ਸਾਰਾ ਕੁਝ ਉਨ੍ਹਾਂ ਆਪਣੇ ਘਰਾਂ ਨੂੰ ਢੋ ਲਿਆ। ਪੁਜਾਰੀਆਂ ਨੂੰ ਸੱਦਿਆ ਗਿਆ। ਧੂਫ ਬੱਤੀ ਹਵਨ ਕਰਾ ਕੇ ਜਗ੍ਹਾ ਨੂੰ ਪਵਿੱਤਰ ਬਣਾਇਆ ਗਿਆ। ਸਮਾਜ ਸੁਧਾਰ ਸਭਾ ਤੇ ਸ਼ਹਿਰੀਆਂ ਨੇ ਸੁੱਖ ਦਾ ਸਾਹ ਲਿਆ ਅਤੇ ਕਮੇਟੀ ਪ੍ਰਧਾਨ ਦੀ ਇਸ ਮਹਾਨ ਕਾਰਜ ਬਦਲੇ ਭਾਰੀ ਸ਼ਲਾਘਾ ਕੀਤੀ।

ਹੁਣ ਇਨ੍ਹਾਂ 'ਪਵਿੱਤਰ ਹੋ ਚੁੱਕੇ' ਮਕਾਨਾਂ ਦੇ ਆਲੇ-ਦੁਆਲੇ ਦੇ ਛੋਟੇ ਵੱਡੇ ਦੁਕਾਨਦਾਰ ਸਭ ਬੇਕਾਰ ਹੋ ਗਏ, ਕਿਉਂਕਿ ਇਨ੍ਹਾਂ ਦੀ ਰੋਟੀ ਰੋਜ਼ੀ ਵੇਸਵਾਵਾਂ ਦੇ ਕਾਰਨ ਹੀ ਚਲਦੀ ਸੀ। ਕਰਿਆਨੇ ਵਾਲੇ, ਤੰਦੂਰ ਵਾਲੇ, ਮੱਛੀ ਦੇ ਪਕੌੜਿਆਂ ਵਾਲੇ, ਪਾਨ ਬੀੜੀ ਸਿਗਰਟ ਵਾਲੇ, ਹਾਰ ਤੇ ਫੁੱਲ ਵਿਕਰੇਤਾ, ਅਸਲੀ ਨਕਲੀ ਗਹਿਣਿਆਂ ਦੇ ਵਪਾਰੀ ਅਤੇ ਰਿਕਸ਼ਿਆਂ ਟਾਂਗਿਆਂ ਵਾਲੇ ਸਭ ਵਿਹਲੇ ਹੋ ਗਏ, ਜਿਥੇ ਅੱਗੇ ਅੱਠੇ ਪਹਿਰ ਰੌਣਕ ਮੇਲਾ ਲੱਗਾ ਰਹਿੰਦਾ ਸੀ, ਹੁਣ ਉਥੇ ਸੁੰਨ-ਮਸਾਨ ਹੋਈ ਪਈ ਸੀ। ਮੁਜਰਾ ਮਨੋਰੰਜਨ ਸਭ ਖ਼ਤਮ।

ਉਧਰ ਜਿਥੇ ਜਾ ਕੇ ਵੇਸਵਾਵਾਂ ਨੇ ਆਪਣੀਆਂ ਝੌਂਪੜੀਆਂ ਬਣਾਈਆਂ, ਉਥੇ ਪਹਿਲੋਂ ਪਹਿਲ ਤਾਂ ਕਰਿਆਨੇ ਵਾਲੇ ਆਪਣੇ 'ਬਕਾਏ ਲੈਣ' ਦੇ ਬਹਾਨੇ ਦੇਖਣ ਪਾਖਣ ਗਏ, ਫਿਰ ਦੂਜੇ ਦੁਕਾਨਾਂ ਵਾਲੇ ਉਧਰ ਵੱਲ ਆਨੇ ਬਹਾਨੇ ਗੇੜੇ ਮਾਰਨ ਲੱਗ ਪਏ। ਛੇਤੀ ਹੀ ਉਸ ਜਗ੍ਹਾ ਦਾ ਨਾਂ 'ਟਿੱਬੀ' ਪੈ ਗਿਆ ਤੇ ਦੁਕਾਨਦਾਰਾਂ ਦੇ ਆਉਣ ਜਾਣ ਸਦਕਾ ਉਧਰ ਨੂੰ ਪਗਡੰਡੀ ਵੀ ਬਣ ਗਈ। ਕੁਝ ਦੁਕਾਨਦਾਰਾਂ ਨੇ ਜਕਦਿਆਂ ਜਕਦਿਆਂ ਉਥੇ ਆਪਣੇ ਖੋਖੇ ਜਾ ਰੱਖੇ। ਹੌਲੀ ਹੌਲੀ ਉਹ ਸਾਰੇ ਦੁਕਾਨਦਾਰ ਟਿੱਬੀ ਜਾ ਪਹੁੰਚੇ ਜੋ ਸ਼ਹਿਰ ਵਿਚ ਬੇਕਾਰੀ ਦੀ ਮਾਰ ਹੇਠ ਆਏ ਹੋਏ ਸਨ। ਦੇਖਦਿਆਂ ਦੇਖਦਿਆਂ ਟਿੱਬੀ 'ਤੇ ਕੁਝ ਹੋਰ ਲੋਕ ਵੀ ਜਾ ਵਸੇ। ਪਗਡੰਡੀ ਦੀ ਥਾਂ ਪਹਿਲਾਂ ਕੱਚੀ ਫਿਰਨੀ, ਫਿਰ ਹੌਲੀ ਹੌਲੀ ਸੜਕ ਬਣ ਗਈ। ਟਾਂਗੇ ਤੇ ਰਿਕਸ਼ੇ ਵੀ ਟਿੱਬੀ ਵੱਲ 'ਸਵਾਰੀਆਂ' ਢੋਣ ਲੱਗ ਪਏ।

ਕਰਨੀ ਰੱਬ ਦੀ, ਨਾਜ਼ਮਪੁਰ ਉਜੜਦਾ ਗਿਆ ਤੇ ਟਿੱਬੀ ਵਾਲੀ ਥਾਂ ਰਸਦੀ ਵਸਦੀ ਨਗਰੀ ਹੋਂਦ ਵਿਚ ਆ ਗਈ। ਕੁਝ ਸਮਾਂ ਪਾ ਕੇ 'ਟਿੱਬੀ' ਨਾਂ ਦਾ ਨਗਰ ਆਲੇ-ਦੁਆਲੇ ਮਸ਼ਹੂਰ ਹੋ ਗਿਆ। ਨਾਜ਼ਮਪੁਰ ਬੇਚਰਾਗ ਪਿੰਡ ਬਣ ਗਿਆ, ਜਿਵੇਂ ਭਗਵਾਨ ਰਾਮ ਵੇਲੇ ਦਾ ਪ੍ਰਾਚੀਨ ਸ਼ਹਿਰ ਰਾਹੋਂ, ਨਵਾਂ ਸ਼ਹਿਰ ਨੇ ਖੰਡਰ ਬਣਾ ਦਿੱਤਾ ਸੀ। ਹੁਣ ਨਾਜ਼ਮਪੁਰ ਦੀ ਥਾਂ ਟਿੱਬੀ ਦੀ ਮਿਉਂਸਪਲ ਕਮੇਟੀ ਬਣ ਚੁੱਕੀ ਸੀ। ਤੀਹ ਪੈਂਤੀ ਹਜ਼ਾਰ ਦੀ ਵਸੋਂ ਹੋ ਚੁੱਕੀ ਸੀ। ਨਾਜ਼ਮਪੁਰ ਵਾਲੀ ਸਮੱਸਿਆ ਹੁਣ ਇਥੇ ਵੀ ਆ ਖੜ੍ਹੀ ਹੋਈ, ਕਿਉਂਕਿ ਟਿੱਬੀ ਦੇ ਮੇਨ ਬਜ਼ਾਰ ਵਿਚ ਵੇਸਵਾਵਾਂ ਦੇ ਕੋਠੇ ਸਨ ਜੋ ਟਿੱਬੀ ਦੇ ਸਭਿਅਕ ਲੋਕਾਂ ਦੀਆਂ ਅੱਖਾਂ ਵਿਚ ਵੀ ਰੜਕਣ ਲੱਗੇ, ਉਥੇ ਵੀ ਸਮਾਜ ਸੁਧਾਰ ਦਾ ਬੀੜਾ ਚੁੱਕਣ ਵਾਲਿਆਂ ਨੇ ਵੇਸਵਾਵਾਂ ਨੂੰ ਉਥੋਂ ਕੱਢਣ ਦੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ, ਪਰ ਇਕ ਸਿਆਣੇ ਮੈਂਬਰ ਨੇ ਸਵਾਲ ਖੜ੍ਹਾ ਕੀਤਾ ਕਿ ਪਹਿਲਾਂ ਮਾਲ ਮਹਿਕਮੇ ਦੇ ਕਾਗਜ਼ਾਤ ਫਰੋਲ ਕੇ ਪਤਾ ਕਰੋ ਕਿ ਉਹ ਕਿਹੜੇ ਹਾਲਾਤ ਸਨ ਕਿ ਇਹ ਧੰਦਾ ਕਰਨ ਵਾਲੀਆਂ ਟਿੱਬੀ ਨਗਰ ਦੇ ਐਨ ਵਿਚਕਾਰ ਆਣ ਵਸੀਆਂ?

ਇਹ ਪੁਣ-ਛਾਣ ਇਕ ਬਿਰਧ ਪਟਵਾਰੀ ਨੇ ਕੀਤੀ। ਜਦੋਂ ਪੁਰਾਣੇ ਰਿਕਾਰਡ ਤੋਂ ਪਤਾ ਕਰ ਕੇ ਪਟਵਾਰੀ ਨੇ ਨਾਜ਼ਮਪੁਰ ਦੇ ਉਜਾੜੇ ਅਤੇ ਟਿੱਬੀ ਦੇ ਵਸਣ ਦੀ ਗਾਥਾ ਖੋਲ੍ਹ ਕੇ ਸੁਣਾਈ ਤਾਂ ਸੁਧਾਰ ਸਭਾ ਵਾਲਿਆਂ ਦੇ ਦੰਦ ਜੁੜ ਗਏ। ਇਸ ਸਭਾ ਵਿਚ ਸ਼ਾਮਲ ਇਕ ਸੂਝਵਾਨ ਮੈਂਬਰ ਨੇ ਸਾਰਿਆਂ ਨੂੰ ਸਵਾਲ ਕੀਤਾ ਕਿ ਹੁਣ ਤੁਸੀਂ ਦੱਸੋ ਕਿ ਪੁਰਾਣਾ ਇਤਿਹਾਸ ਦੁਹਰਾ ਕੇ ਇਕ ਨਵੀਂ ਟਿੱਬੀ ਹੋਂਦ 'ਚ ਲਿਆਉਣੀ ਹੈ, ਯਾ ਅਸਲ ਅਰਥਾਂ ਵਿਚ 'ਸਮਾਜ ਸੁਧਾਰ' ਕਰਨਾ ਹੈ? ਧਨੀ ਰਾਮ ਨਾਂ ਦੇ ਇਸ ਸੂਝਵਾਨ ਸਮਾਜ ਸੁਧਾਰਕ ਦੀ ਹਾਮੀ ਸਾਰੀ ਸਭਾ ਨੇ ਭਰੀ। ਸਾਰਿਆਂ ਯੱਕ-ਜ਼ੁਬਾਂ ਉਸ ਨੂੰ ਅੱਗੇ ਹੋ ਕੇ ਸਾਰੀ ਵਾਗਡੋਰ ਸੰਭਾਲਣ ਦੀ ਬੇਨਤੀ ਕੀਤੀ।

ਧਨੀ ਰਾਮ ਦੀ ਅਗਵਾਈ ਅਧੀਨ ਸੁਧਾਰ ਸਭਾ ਨੇ ਸਾਰੀਆਂ ਵੇਸਵਾਵਾਂ ਨਾਲ ਇਕ ਗੰਭੀਰ ਮੀਟਿੰਗ ਕੀਤੀ। ਧਨੀ ਰਾਮ ਨੇ ਉਨ੍ਹਾਂ ਨੂੰ ਆਪਣੀਆਂ ਧੀਆਂ-ਭੈਣਾਂ ਆਖਦਿਆਂ ਉਨ੍ਹਾਂ ਦੇ ਸਮਾਜਕ ਰੁਤਬੇ ਦੀ ਸ਼ਾਨ ਬਣਾਉਣ ਦੀ ਗੱਲ ਤੋਰੀ। ਉਹ ਸਾਰੀਆਂ ਐਸੀਆਂ ਪਸੀਜੀਆਂ ਕਿ ਉਨ੍ਹਾਂ ਨੇ ਧਨੀ ਰਾਮ ਮੁਖੀਏ ਨੂੰ ਆਪਣਾ ਬਾਪ ਅਤੇ ਦੂਜੇ ਮੈਂਬਰਾਂ ਨੂੰ ਆਪਣੇ ਭਰਾ ਸਮਝ ਕੇ ਆਪੋ ਆਪਣੀ ਵਿਥਿਆ ਖੋਲ੍ਹ ਸੁਣਾਈ ਕਿ ਕਿਵੇਂ ਉਹ ਇਸ ਗਲੀਜ਼ ਧੰਦੇ ਵਿਚ ਮਜਬੂਰਨ ਫਸੀਆਂ। ਉਨ੍ਹਾਂ ਦੇ ਕਿੱਸੇ ਸੁਣ ਸੁਣ ਕੇ ਸਾਰੀ ਸੁਧਾਰ ਸਭਾ ਸੁੰਨ ਰਹਿ ਗਈ, ਕਿਉਂਕਿ ਕਿਸੇ ਨਾ ਕਿਸੇ ਰੂਪ ਵਿਚ ਉਹ ਮਰਦ ਜਾਤ ਦੀਆਂ ਸਤਾਈਆਂ ਹੋਈਆਂ ਹੀ ਇਸ ਨਰਕ ਵਿਚ ਧਸੀਆਂ ਸਨ। ਸਾਰੀਆਂ ਦੇ ਪਿਛੋਕੜ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਸਨ।

ਮੁਖੀਆ ਧਨੀ ਰਾਮ ਵੱਡਾ ਜ਼ਿੰਮੀਦਾਰ ਸੀ। ਉਸ ਨੇ ਆਪਣੀ 90 ਏਕੜ ਜ਼ਮੀਨ ਵਿਚੋਂ 40 ਏਕੜ ਇਨ੍ਹਾਂ ਵੇਸਵਾਵਾਂ ਦੇ ਨਾਂ ਲਵਾ ਦਿੱਤੀ। ਬਾਕੀ ਦੇ ਕਈ ਕਮੇਟੀ ਮੈਂਬਰਾਂ ਨੇ ਆਪਣੇ ਪਾਸੋਂ ਸੌ ਸੌ ਰੁਪਏ ਮਹੀਨਾਵਾਰ ਮਦਦ ਦੇਣ ਦਾ ਇਕਰਾਰ ਕਰਿਆ। ਸਾਰਿਆਂ ਨੇ ਇਨ੍ਹਾਂ ਵੇਸਵਾਵਾਂ ਨੂੰ ਧੀਆਂ-ਭੈਣਾਂ ਸਮਝ ਕੇ ਇਨ੍ਹਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਨ ਦਾ ਪ੍ਰਣ ਕੀਤਾ। ਉਨ੍ਹਾਂ ਨੂੰ ਪਿੰਗਲਾਂ ਅਤੇ ਗਨਕਾਂ ਦੀਆਂ ਮਿਥਿਹਾਸਕ ਸਾਖੀਆਂ ਸੁਣਾ ਕੇ ਪ੍ਰੇਰਿਆ ਕਿ ਉਹ ਵੇਸਵਾ-ਬ੍ਰਿਤੀ ਦਾ ਤਿਆਗ ਕਰ ਕੇ, ਮਾਣ ਇੱਜ਼ਤ ਵਾਲੀ ਜ਼ਿੰਦਗੀ ਜਿਉਣ ਲਈ ਤਿਆਰ ਹੋਣ। ਚੰਗੇ ਭਾਗਾਂ ਨੂੰ ਉਹ ਸਾਰੀਆਂ ਧੰਦਾ ਤਿਆਗਣ ਲਈ ਤਿਆਰ ਹੋ ਗਈਆਂ। ਸੁਧਾਰ ਸਭਾ ਵਾਲਿਆਂ ਨੇ ਇਕ ਹੋਰ ਨੇਕ ਉਦਮ ਇਹ ਕੀਤਾ ਕਿ ਉਨ੍ਹਾਂ ਦੀ ਰਜ਼ਾਮੰਦੀ ਨਾਲ ਸ਼ਹਿਰ 'ਚੋਂ ਲੋੜਵੰਦ ਮਰਦ ਲੱਭ ਕੇ, ਉਨ੍ਹਾਂ ਦੇ ਗ੍ਰਹਿਸਥੀ ਜੋੜੇ ਬਣਾ ਦਿੱਤੇ। ਕੁਲ ਦੀਆਂ ਕੁਲ, ਘਰ-ਬਾਰੀ ਸੁਆਣੀਆਂ ਬਣ ਕੇ ਪ੍ਰਸੰਨਤਾ ਨਾਲ ਜੀਵਨ ਗੁਜ਼ਾਰਨ ਲੱਗੀਆਂ।

ਹੁਣ ਸੁਧਾਰ ਸਭਾ ਅੱਗੇ ਵੇਸਵਾਵਾਂ ਦੇ ਸਾਜਿੰਦਿਆਂ ਦੇ ਪੁਨਰਵਾਸ ਦੀ ਸਮੱਸਿਆ ਆਣ ਖੜ੍ਹੀ ਹੋਈ। ਤੀਖਣ ਬੁੱਧੀ ਵਾਲੇ ਧਨੀ ਰਾਮ ਨੇ ਵੇਸਵਾਵਾਂ ਦੇ ਪੁਰਾਣੇ ਕੋਠਿਆਂ ਵਿਚੋਂ ਇਕ ਦੀ ਸਾਫ਼-ਸਫਾਈ ਕਰਵਾ ਕੇ ਉਥੇ ਦੇਵੀ ਦੇਵਤਿਆਂ ਦੀਆਂ ਕੁਝ ਮੂਰਤੀਆਂ ਰਖਵਾ ਦਿੱਤੀਆਂ। ਟੱਲ, ਸੰਖ ਰੱਖ ਕੇ ਧੂਫ ਬੱਤੀ ਅਤੇ ਜੋਤਿ ਜਗਾ ਦਿੱਤੀ। ਨਵੇਂ ਬਣਾਏ ਗਏ ਇਸ ਸ਼ਿਵਾਲੇ ਵਿਚ ਸਾਜਿੰਦਿਆਂ ਦੀ ਭਜਨ ਮੰਡਲੀ ਬਣਾ ਦਿੱਤੀ ਗਈ। ਗ੍ਰਹਿਸਥ ਆਸ਼ਰਮ ਗ੍ਰਹਿਣ ਕਰ ਚੁੱਕੀਆਂ ਕੱਲ੍ਹ ਦੀਆਂ ਵੇਸਵਾਵਾਂ ਮਧੁਰ ਕੰਠ ਭਜਨ ਗਾਉਣ ਲੱਗ ਪਈਆਂ।

ਵਾਸਨਾ ਦੀ ਪੂਰਤੀ ਦੇ ਗਿੱਝੇ ਕਈ ਮਰਦ ਜਦ ਇਸ ਪਾਸੇ ਗੇੜਾ ਮਾਰਦੇ ਤਾਂ ਟਿੱਬੀ ਦੀ ਫਿਜ਼ਾ ਵਿਚ ਗੂੰਜਦੇ ਮੀਰਾਂ ਬਾਈ ਦੇ ਭਜਨ ਅਤੇ ਵੱਜਦੇ ਤਾਨਪੁਰੇ ਖੜਤਾਲਾਂ ਸੁਣ ਕੇ ਉਹ ਹੱਕੇ ਬੱਕੇ ਰਹਿ ਜਾਂਦੇ। ਟਿੱਬੀ ਦੇ ਸ਼ਿਵਾਲੇ 'ਚ ਭਜਨ ਗਾਉਣ ਵਾਲੀਆਂ ਨੂੰ ਆਲੇ-ਦੁਆਲੇ ਇਲਾਕੇ ਦੇ ਲੋਕ ਆਪਣੇ ਵਿਆਹ-ਸ਼ਾਦੀਆਂ 'ਤੇ ਕੀਰਤਨ ਲਈ ਬੁਲਾਉਣ ਲੱਗ ਪਏ। ਹੌਲੇ ਹੌਲੇ ਉਹ ਟਿੱਬੀਆਂ ਦੀਆਂ ਦੇਵੀਆਂ ਕਹਾਉਣ ਲੱਗ ਪਈਆਂ। ਇਨ੍ਹਾਂ ਦੀ ਬਦੌਲਤ ਹੁਣ ਟਿੱਬੀ ਦਾ ਪੂਰਾ ਨਾਮ 'ਦੇਵੀਆਂ ਦੀ ਟਿੱਬੀ' ਵੱਜਦਾ ਹੈ।

### ਸਸਤੇ ਬੋਲ

ਸਸਤੇ ਬੋਲ, ਕੁਚੱਜੀਆਂ ਹਰਕਤਾਂ ਨੂੰ
ਅਸੀਂ ਗੀਤ-ਸੰਗੀਤ ਨਹੀਂ ਕਹਿ ਸਕਦੇ।
ਦੱਸੋ ਉਸ ਮਨੋਰੰਜਨ ਦਾ ਕੀ ਫਾਇਦਾ,
ਭੈਣ-ਭਾਈ ਇਕ ਜਗ੍ਹਾ ਨਹੀਂ ਬਹਿ ਸਕਦੇ।
ਹੱਦ ਹੁੰਦੀ ਏ ਹਰ ਇਕ ਗੱਲ ਦੀ,
ਹੱਦ ਲੰਘੀਏ ਲੋਕ ਨਹੀਂ ਸਹਿ ਸਕਦੇ।
ਕੋਈ ਕਹੇ ਤੁਹਾਨੂੰ ਨਾ ਕਹੇ ਬੇਸ਼ੱਕ,
ਅਸੀਂ ਆਖੇ ਬਗੈਰ ਨਹੀਂ ਰਹਿ ਸਕਦੇ।

---

### ਨੁਸਖਾ

ਲੁੱਟਮਾਰ ਦਾ ਮਾਲ ਜੇ ਹਜ਼ਮ ਕਰਨੈ,
ਰੱਬ ਦੇ ਨਾਂ 'ਤੇ ਲਓ ਕੁਝ ਕੁਝ।
ਚੌਧਰ ਧਰਮ ਅਸਥਾਨ ਦੀ ਮੱਲ ਬੈਠੋ,
ਸੋਹਿਲੇ ਪਰਵਰਦਗਾਰ ਦੇ ਗਾਓ ਕੁਝ ਕੁਝ।
ਗਊਸ਼ਾਲਾ ਦੇ ਨਾਮ 'ਤੇ ਫੰਡ ਰੋਲੋ,
ਵਿਚੋਂ ਗਊ ਦੇ ਮੂੰਹ ਵਿਚ ਪਾਓ ਕੁਝ ਕੁਝ।
ਸੱਚੇ ਪਾਤਸ਼ਾਹ ਰੱਖ ਲੈ ਲਾਜ ਸਾਡੀ,
ਭਾਗੀਦਾਰ ਭਗਵਾਨ ਬਣਾਓ ਕੁਝ ਕੁਝ।

*-ਨਵਰਾਹੀ ਘੁਗਿਆਣਵੀ*


**Quick Stop 40, Oklahoma**

**Help Wanted**

ਟਰੱਕ ਸਟਾਪ ਲਈ ਕੈਸ਼ੀਅਰ ਅਤੇ ਮੈਨੇਜਰ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 27 ਜਨਵਰੀ ਨੂੰ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਗੁਰਦੁਆਰਾ ਚੋਣਾਂ ਵਿਚ ਹੋਰ ਮੋਹਲਤ ਦੇਣ ਤੋਂ ਨਾਂਹ ਕਰਨ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਚੋਣ ਪ੍ਰੋਗਰਾਮ ਤੈਅ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਇਹ ਚੋਣਾਂ 27 ਜਨਵਰੀ 2013 ਨੂੰ ਹੋਣਗੀਆਂ। ਚੋਣ ਪ੍ਰੋਗਰਾਮ ਮੁਤਾਬਕ 31 ਦਸੰਬਰ, 2012 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ, ਨਾਮਜ਼ਦਗੀ ਪੱਤਰ 7 ਜਨਵਰੀ, 2013 ਤਕ ਦਾਖਲ ਕਰਵਾਏ ਜਾਣਗੇ ਜਦਕਿ ਨਾਂ ਵਾਪਸ ਲੈਣ ਦੀ ਆਖਰੀ ਤਾਰੀਖ਼ 10 ਜਨਵਰੀ ਹੋਵੇਗੀ।

ਵੋਟਾਂ ਦੀ ਗਿਣਤੀ 30 ਜਨਵਰੀ ਨੂੰ ਹੋਵੇਗੀ ਤੇ ਚੋਣ ਪ੍ਰਕਿਰਿਆ 31 ਜਨਵਰੀ ਨੂੰ ਮੁਕੰਮਲ ਹੋ ਜਾਵੇਗੀ। ਦਿੱਲੀ ਗੁਰਦੁਆਰਾ ਚੋਣ ਮਾਮਲਿਆਂ ਦੇ ਮਾਹਿਰ ਇੰਦਰਮੋਹਨ ਸਿੰਘ ਨੇ ਇਸ ਬਾਰੇ ਦਾਅਵਾ ਕੀਤਾ ਹੈ ਕਿ 7 ਜਨਵਰੀ ਤੱਕ ਦਿੱਲੀ ਦਾ ਵਸਨੀਕ 18 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਸਿੱਖ ਆਪਣੀ ਵੋਟ ਬਣਵਾ ਸਕਦਾ ਹੈ, ਗਲਤ ਵੋਟ ਨੂੰ ਕਟਵਾ ਸਕਦਾ ਹੈ ਜਾਂ ਆਪਣੀ ਵੋਟ ਵਿਚ ਕੋਈ ਸੋਧ ਕਰਵਾ ਸਕਦਾ ਹੈ।

ਇਹ ਚੋਣਾਂ ਪਹਿਲਾਂ 11 ਮਾਰਚ 2012 ਲਈ ਮਿਥੀਆਂ ਗਈਆਂ ਸਨ ਪਰ ਨਕਲੀ ਵੋਟਾਂ ਤੇ ਵਾਰਡਾਂ ਦੀ ਹੱਦਬੰਦੀ ਦੇ ਮਾਮਲੇ ਨੂੰ ਲੈ ਕੇ ਕੁਝ ਪਾਰਟੀਆਂ ਵੱਲੋਂ ਅਦਾਲਤ ਵਿਚ ਜਾਣ ਕਾਰਨ ਉਦੋਂ ਚੋਣਾਂ ਨਹੀਂ ਹੋ ਸਕੀਆਂ ਸਨ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਮਿਆਦ 'ਚ ਛੇ ਮਹੀਨੇ ਦਾ ਵਾਧਾ ਕਰਨ ਦੀ ਅਪੀਲ ਖਾਰਜ ਕਰ ਦਿੱਤੀ ਸੀ। ਪ੍ਰਬੰਧਕ ਕਮੇਟੀ ਨੇ ਚੋਣ ਅਮਲ ਪੂਰਾ ਕਰਨ ਲਈ 30 ਜੂਨ ਤੱਕ ਮੋਹਲਤ ਦੇਣ ਦੀ ਅਪੀਲ ਕੀਤੀ ਸੀ ਜਦਕਿ ਦਿੱਲੀ ਸਰਕਾਰ ਨੇ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਚਾਰ ਸਾਲਾਂ ਦਾ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਕਾਨੂੰਨ (97) ਵਿਚ ਸੋਧ ਕਰਨ ਦਾ ਫੈਸਲਾ ਕੀਤਾ ਹੋਇਆ ਹੈ।

# ਸੁਰਿੰਦਰ ਸੰਘਾ ਪੀ ਸੀ ਐਸ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ. ਸੁਰਿੰਦਰ ਸਿੰਘ ਸੰਘਾ ਸਥਾਨਕ ਪੰਜਾਬੀ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ (ਪੀ ਸੀ ਐਸ) ਦੇ ਸਾਲ 2013 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਇਹ ਜਾਣਕਾਰੀ ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਸ. ਸੰਘਾ ਸੰਸਥਾ ਦੇ ਮੀਤ ਪ੍ਰਧਾਨ ਸਨ।



*ਸੁਰਿੰਦਰ ਸਿੰਘ ਸੰਘਾ*

ਸ. ਸੰਘਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਬੀ ਐਸ ਸੀ ਪਾਸ ਹਨ ਅਤੇ ਸ਼ਿਕਾਗੋ ਆਉਣ ਉਪਰੰਤ ਉਨ੍ਹਾਂ ਯੂਨੀਵਰਸਿਟੀ ਆਫ ਇਡਾਹੋ ਤੋਂ ਇਲੈਕਟਰੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ। ਇਸ ਪਿਛੋਂ ਉਨ੍ਹਾਂ ਨੇ ਵੈਬਸਟਰ ਯੂਨੀਵਰਸਿਟੀ ਤੋਂ ਐਮ ਬੀ ਏ ਦੀ ਡਿਗਰੀ ਵੀ ਹਾਸਲ ਕੀਤੀ। ਉਹ ਪਿਛਲੇ 27 ਸਾਲਾਂ ਤੋਂ ਫੈਡਰਲ ਸਰਕਾਰ ਦੀ ਇੰਜੀਨੀਅਰਿੰਗ ਖੇਤਰ ਵਿਚ ਵੱਖ ਵੱਖ ਅਹੁਦਿਆਂ 'ਤੇ ਨੌਕਰੀ ਕਰਦੇ ਆ ਰਹੇ ਹਨ। ਉਹ ਹਰਵਿੰਦਰ ਸੰਘਾ ਨਾਲ ਵਿਆਹੇ ਹੋਏ ਹਨ ਤੇ ਉਨ੍ਹਾਂ ਦੇ ਦੋ ਬੱਚੇ ਹਨ। ਪੀ ਸੀ ਐਸ ਨਾਲ ਵੀ ਉਨ੍ਹਾਂ ਦਾ ਸ਼ੁਰੂ ਤੋਂ ਹੀ ਡੂੰਘਾ ਨਾਤਾ ਰਿਹਾ ਹੈ ਤੇ ਪਿਛਲੇ ਸੱਤ ਸਾਲ ਤੋਂ ਉਹ ਇਸ ਸੰਸਥਾ ਦੇ ਡਾਇਰੈਕਟਰਾਂ ਵਿਚ ਸ਼ਾਮਲ ਹਨ।

ਸੰਸਥਾ ਦੇ ਹੋਰ ਅਹੁਦੇਦਾਰਾਂ ਵਿਚ ਪਰਦੀਪ ਸਿੰਘ ਦਿਓਲ ਮੀਤ ਪ੍ਰਧਾਨ, ਬਲਵਿੰਦਰ ਸਿੰਘ ਗਿਰਨ ਕਾਰਜਕਾਰੀ ਸਕੱਤਰ, ਵਿਕ ਸਿੰਘ ਵਿੱਤ ਸਕੱਤਰ, ਅਜੇ ਸਿੰਘ ਭੰਗੂ ਯੁਵਾ ਮਾਮਲੇ ਡਾਇਰੈਕਟਰ, ਗੁਰਮੀਤ ਸਿੰਘ ਢਿੱਲੋਂ ਸਪੋਰਟਸ ਡਾਇਰੈਕਟਰ ਅਤੇ ਹਰਪ੍ਰੀਤ ਸਿੰਘ ਗਰੇਵਾਲ ਇੰਟਰ ਕਮਿਊਨਿਟੀ ਡਾਇਰੈਕਟਰ ਬਣਾਏ ਗਏ ਹਨ।




# ਸ. ਹਰਦੀਪ ਸਿੰਘ ਗੋਲਡੀ ਹੁਣ ਪੰਜਾਬ 'ਚ ਵੀ ਸਰਗਰਮ



ਜਲੰਧਰ, (ਸ਼ੰਜੇ ਸ਼ਰਮਾ)-ਗੁਰਦੁਆਰਾ ਨੌਵੀ ਪਾਤਸ਼ਾਹੀ ਦੁੱਖ ਨਿਵਾਰਨ ਸਾਹਿਬ ਵਿਖੇ ਗੱਤਕਾ ਖੇਡ ਮੁਕਾਬਲਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਜਗਜੀਤ ਸਿੰਘ ਗਾਬਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਵਿਚ ਬੱਚਿਆਂ ਤੇ ਨੌਜਵਾਨਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਹ ਲਗਭਗ 4 ਘੰਟੇ ਤੱਕ ਚੱਲਿਆ। ਇਸ ਵਿਚ ਹੁਨਰਮੰਦ ਬੱਚਿਆਂ ਅਤੇ ਨੌਜਵਾਨਾਂ ਨੇ ਆਪਣੀ ਕਲਾ ਦਾ ਪ੍ਰਦਸ਼ਨ ਦਿਖਾਇਆ। ਮੁਕਾਬਲੇ ਦੀ ਜੇਤੂ ਟੀਮ ਨੂੰ ਨਗਦ ਇਨਾਮ ਵੀ ਦਿੱਤੇ ਗਏ। ਹਿੰਦ ਸਮਾਚਾਰ ਗਰੁੱਪ ਦੇ ਸੰਪਾਦਕ ਸ਼੍ਰੀ ਅਵਿਨਾਸ਼ ਚੋਪੜਾ ਨੇ ਇਨਾਮ ਦੀ ਵੰਡ ਕੀਤੀ। ਸ. ਹਰਦੀਪ ਸਿੰਘ ਗੋਲਡੀ ਅਕਾਲੀ ਦਲ ਨਿਊਜਰਸੀ ਦੇ ਪ੍ਰਧਾਨ ਤੇ ਸ੍ਰੀ ਅਵਿਨਾਸ਼ ਚੋਪੜਾ ਨੂੰ ਗੁਰਦੁਆਰਾ ਪ੍ਰਬੰਧਕ ਦੇ ਕਮੇਟੀ ਵੱਲੋਂ ਸਨਮਾਨਿਤ ਕੀਤਾ।



ਸ੍ਰੀ ਇੰਦਰ ਕੁਮਾਰ ਗੁਜਰਾਲ ਦੀ ਮੌਤ 'ਤੇ ਸ. ਹਰਦੀਪ ਸਿੰਘ ਗੋਲਡੀ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਗੁਜਰਾਲ ਸਾਹਿਬ ਦੇ ਬਾਰੇ ਕੁਝ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਦੱਸਿਆ ਕਿ ਜਦੋਂ ਜਲੰਧਰ ਤੋਂ ਪਹਿਲੀਵਾਰ ਗੁਜਰਾਲ ਸਾਹਿਬ ਚੋਣ ਜਿੱਤੇ ਸਨ ਤਾਂ ਇਹ ਜਿੱਤ ਉਨ੍ਹਾਂ ਦੀ ਅਕਾਲੀ ਸਰਕਾਰ ਦੀ ਮਦਦ ਨਾਲ ਹੋਈ ਸੀ। ਉਸ ਵੇਲੇ ਉਨ੍ਹਾਂ ਦੀ ਮਾਤਾ ਪੁਸ਼ਪਾ ਗੁਜਰਾਲ ਮਿਊਂਸਪਲ ਕਮਿਸ਼ਨਰ ਸਨ। ਇਸ ਜਿੱਤ ਨੇ ਉਨ੍ਹਾਂ ਨੂੰ ਬੀਪੀ ਸਿੰਘ ਸਰਕਾਰ 'ਚ ਫਾਇਨੈਂਸ ਮੰਤਰੀ ਬਣਾਇਆ ਸੀ। ਇਸ ਤੋਂ ਬਾਅਦ ਉਹ ਪ੍ਰਧਾਨ ਮੰਤਰੀ ਬਣੇ। ਜਦੋਂ ਉਹ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਪੰਜਾਬ ਦੀ ਆਰਥਿਕ ਪੱਖੋਂ ਹਰ ਤਰ੍ਹਾਂ ਨਾਲ ਮਦਦ ਕੀਤੀ।






ਗੁਰਦੁਆਰਾ ਛੇਵੀਂ ਬਸਤੀ ਸ਼ੇਖ ਜਲੰਧਰ ਵਿਖੇ ਪ੍ਰਧਾਨ ਅਕਾਲੀ ਦਲ ਨਿਊਜਰਸੀ ਸ. ਹਰਦੀਪ ਸਿੰਘ ਗੋਲਡੀ ਨੇ ਕਵੀਆਂ ਨੂੰ 55, 000 ਰੁਪਏ ਨਾਲ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੀ ਕਮੇਟੀ ਨੂੰ 21000 ਰੁਪਏ ਭੇਟ ਕੀਤੇ।

## ਸ. ਹਰਦੀਪ ਸਿੰਘ ਗੋਲਡੀ ਨੇ ਦੋ ਲੱਖ 21 ਹਜਾਰ ਰੁਪਏ ਗੁਰੂ ਤੇਗ ਬਹਾਦਰ ਚੈਰੀਟੇਬਲ ਟਰੱਸਟ ਨੂੰ ਦਿੱਤੇ

ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਦੀ ਪ੍ਰਬੰਧਕ ਕਮੇਟੀ ਵੱਲੋਂ ਰਾਜ ਨਗਰ ਬਸਤੀ ਬਾਵਾ ਖੇਲ ਵਿਚ ਗੌਰਮਿੰਟ ਹਾਈ ਸਕੂਲ ਵਿਚ ਫਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿਚ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਰੋਗੀਆਂ ਦੀ ਜਾਂਚ ਪੜਤਾਲ ਮਾਹਿਰ ਡਾਕਟਰ ਵੱਲੋਂ ਕੀਤੀ ਗਈ ਤੇ ਚੈਕਅੱਪ ਤੋਂ ਬਾਅਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਇਸ ਕੈਂਪ ਵਿਚ ਲਗਭਗ 250 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਨਿਊਜਰਸੀ ਸਟੇਟ ਅਮਰੀਕਾ ਦੇ ਪ੍ਰਧਾਨ ਸ. ਹਰਦੀਪ ਸਿੰਘ ਗੋਲਡੀ ਜੀ ਨੇ ਕੀਤਾ ਅਤੇ ਉਦਘਾਟਨ ਦੇ ਬਾਅਦ ਸ. ਹਰਦੀਪ ਸਿੰਘ ਗੋਲਡੀ ਜੀ ਨੇ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਕਮੇਟੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਕਮੇਟੀ ਤਕਰੀਬਨ 20 ਸਾਲਾਂ ਤੋਂ ਪੱਛੜੇ ਹੋਏ ਇਲਾਕਿਆਂ ਵਿਚ ਫਰੀ ਕੈਂਪ ਲਗਾ ਕੇ ਸਮਾਜ ਦੀ ਸੇਵਾ ਕਰ ਰਹੀ ਹੈ। ਇਹ ਕੰਮ ਸਰਕਾਰਾਂ ਦੇ ਹਨ, ਪ੍ਰੰਤੂ ਸਰਕਾਰਾਂ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦੇ ਰਹੀਆਂ, ਬਲਕਿ ਇਹ ਸਮਾਜ ਸੇਵੀ ਸੰਸਥਾਵਾਂ ਸਰਕਾਰ ਦੀ ਡਿਊਟੀ ਨਿਭਾ ਰਹੀਆਂ ਹਨ ਅਤੇ ਸ. ਹਰਦੀਪ ਸਿੰਘ ਗੋਲਡੀ ਜੀ ਨੇ ਕਿਹਾ ਕਿ ਉਹ ਆਪ ਵੀ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਦੀ ਸੇਵਾ ਤਨ, ਮਨ, ਧੰਨ ਨਾਲ ਕਰਨਗੇ। ਜੱਥੇਦਾਰ ਜਗਜੀਤ ਸਿੰਘ ਗਾਬਾ ਪ੍ਰਧਾਨ ਨੇ ਸ. ਹਰਦੀਪ ਸਿੰਘ ਗੋਲਡੀ ਜੀ, ਬਲਬੀਰ ਸਿੰਘ ਚੀਮਾ ਅਤੇ ਆਏ ਹੋਏ ਸਾਰੇ ਹੀ ਪ੍ਰਬੰਧਕਾਂ ਨੂੰ ਜੀ ਆਇਆ ਨੂੰ ਕਿਹਾ ਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਾਲ ਵੀ ਸ. ਹਰਦੀਪ ਸਿੰਘ ਗੋਲਡੀ ਨੇ ਗੁਰੂ ਤੇਗ ਬਹਾਦਰ ਦੋ ਲੱਖ 21000/- ਰੁਪਏ ਦਿੱਤੇ। ਇਸ ਕੈਂਪ ਵਿਚ ਡਾ. ਸਤਿੰਦਰਪਾਲ ਸਿੰਘ (ਅੱਖਾਂ ਦੇ ਮਾਹਰ), ਡਾ. ਬਲਦੇਵ ਮਾਨ (ਮੈਡੀਕਲ ਵਿਭਾਗ), ਡਾ. ਬਲਜਿੰਦਰ ਸਿੰਘ (ਐਮ.ਓ.), ਜਥੇਦਾਰ ਜਗਜੀਤ ਸਿੰਘ ਗਾਬਾ, ਬਲਬੀਰ ਸਿੰਘ ਚੀਮਾ, ਕੁਲਦੀਪ ਸਿੰਘ ਰਾਜਨਗਰ, ਕੰਵਲਜੀਤ ਸਿੰਘ ਓਬਰਾਏ, ਮਨਜੀਤ ਸਿੰਘ ਠੁਕਰਾਲ ਆਦਿ ਸ਼ਾਮ ਹੋਏ।

# ਕਬੱਡੀ: ਭਾਰਤ ਤੀਜੀ ਵਾਰ ਚੈਂਪੀਅਨ

**ਲੁਧਿਆਣਾ:** ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਖੇਡੇ ਗਏ ਤੀਸਰੇ ਪਰਲਜ਼ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੁਕਾਬਲਿਆਂ ਵਿਚ ਭਾਰਤ ਦੇ ਗੱਭਰੂਆਂ ਤੇ ਮੁਟਿਆਰਾਂ ਨੇ ਖਿਤਾਬੀ ਮੁਕਾਬਲੇ ਜਿੱਤ ਕੇ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਭਾਰਤ ਨੇ ਪਾਕਿਸਤਾਨ ਨੂੰ 59-22 ਦੇ ਵੱਡੇ ਫਰਕ ਨਾਲ ਹਰਾਇਆ । ਭਾਰਤੀ ਟੀਮ ਨੇ ਜਿੱਥੇ ਲਗਾਤਾਰ ਤੀਸਰੀ ਵਾਰ ਵਿਸ਼ਪ ਕੱਪ ਜਿੱਤ ਕੇ ਹੈਟਰਿਕ ਲਾਈ ਹੈ ਤੇ ਭਾਰਤੀ ਲੜਕੀਆਂ ਨੇ ਮਲੇਸ਼ੀਆ ਨੂੰ ਹਰਾ ਕੇ ਲਗਾਤਾਰ ਦੂਸਰੀ ਵਾਰ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਭਾਰਤ ਨੇ ਪਹਿਲੇ ਸਥਾਨ ਨਾਲ ਦੋ ਕਰੋੜ ਦਾ ਇਨਾਮ ਜਿੱਤਿਆ।

ਪਾਕਿਸਤਾਨ ਨੂੰ ਦੂਜੇ ਸਥਾਨ 'ਤੇ ਆਉਣ ਲਈ ਇਕ ਕਰੋੜ ਰੁਪਏ ਦੇ ਇਨਾਮ ਨਾਲ ਨਿਵਾਜਿਆ ਗਿਆ। ਤੀਜੇ ਨੰਬਰ 'ਤੇ ਰਹੀ ਕੈਨੇਡਾ ਦੀ ਟੀਮ ਨੂੰ 51 ਲੱਖ ਰੁਪਏ ਇਨਾਮ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਜੇਤੂ ਰਹੀ ਭਾਰਤੀ ਕੁੜੀਆਂ ਦੀ ਟੀਮ ਨੂੰ 51 ਲੱਖ ਰੁਪਏ ਦਾ ਇਨਾਮ ਦਿੱਤਾ। ਦੂਜੇ ਨੰਬਰ 'ਤੇ ਆਏ ਮਲੇਸ਼ੀਆ ਦੀ ਟੀਮ ਨੂੰ 31 ਲੱਖ ਰੁਪਏ ਦਿੱਤੇ ਗਏ।


ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਚੌਥੇ ਕਬੱਡੀ ਕੱਪ ਲਈ ਕੁੜੀਆਂ ਦੀ ਜੇਤੂ ਟੀਮ ਦੀ ਇਨਾਮ ਦੀ ਰਾਸ਼ੀ ਦੁੱਗਣੀ ਕਰ ਦਿੱਤੀ ਜਾਵੇਗੀ। ਭਾਰਤ ਦੇ ਗਗਨਦੀਪ ਗੱਗੀ ਖੀਰਾਂਵਾਲੀ ਨੂੰ ਬਿਹਤਰੀਨ ਰੇਡਰ ਅਤੇ ਏਕਮ ਹਠੂਰ ਨੂੰ ਬਿਹਤਰੀਨ ਜਾਫ਼ੀ ਐਲਾਨਿਆ ਗਿਆ। ਦੋਵਾਂ ਨੂੰ ਇਨਾਮ ਵਜੋਂ ਪ੍ਰੀਤ ਟਰੈਕਟਰ ਮਿਲੇ। ਕੁੜੀਆਂ ਦੇ ਵਰਗ ਵਿਚ ਬੈਸਟ ਰੇਡਰ ਪ੍ਰਿਯੰਕਾ ਦੇਵੀ ਅਤੇ ਬਿਹਤਰੀਨ ਜਾਫ਼ੀ ਜਤਿੰਦਰ ਕੌਰ ਨੂੰ ਇਕ-ਇਕ ਹੌਂਡਾ ਮੋਟਰਸਾਈਕਲ ਇਨਾਮ ਵਜੋਂ ਮਿਲਿਆ।

ਫਾਈਨਲ ਮੈਚ ਨੂੰ ਭਾਰਤੀ ਟੀਮ ਦੇ ਕਪਤਾਨ ਸੁਖਬੀਰ ਸਿੰਘ ਸਰਾਵਾਂ ਨੇ ਪਹਿਲੀ ਕਬੱਡੀ ਪਾ ਕੇ ਸ਼ੁਰੂ ਕੀਤਾ ਤੇ ਪਹਿਲਾ ਅੰਕ ਪ੍ਰਾਪਤ ਕਰਕੇ ਖਾਤਾ ਖੋਲ੍ਹਿਆ। ਮੁੱਢ ਤੋਂ ਹੀ ਭਾਰਤ ਨੇ ਮੈਚ ਵਿਚ ਆਪਣਾ ਦਬਦਬਾ ਬਣਾਉਂਦੇ ਹੋਏ ਵੱਡੀ ਲੀਡ ਲੈ ਲਈ। ਜਦੋਂ ਪਾਕਿਸਤਾਨ ਨੇ ਅੰਕਾਂ ਦਾ ਖਾਤਾ ਖੋਲ੍ਹਿਆ, ਉਦੋਂ ਤੱਕ ਭਾਰਤ 14-0 ਦੀ ਲੀਡ ਬਣਾ ਚੁੱਕਾ ਸੀ।

ਭਾਰਤ ਦੇ ਤੇਜ਼-ਤਰਾਰ ਖਿਡਾਰੀਆਂ ਸੁਖਬੀਰ ਸਰਾਵਾਂ, ਨਰਿੰਦਰ ਬਿੱਟੂ, ਏਕਮ ਹਠੂਰ, ਗੁਰਲਾਲ ਤੇ ਬਲਵੀਰ ਸਿੰਘ ਪਾਲਾ ਨੇ ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਜਦੋਂਕਿ ਪਾਕਿਸਤਾਨ ਦੇ ਖਿਡਾਰੀ ਭਾਰਤੀਆਂ ਨੂੰ ਜੱਫਾ ਪਾਉਣ ਵਿਚ ਨਾਕਾਮਯਾਬ ਰਹੇ। ਪਾਕਿਸਤਾਨ ਵੱਲੋਂ ਇਰਫਾਨ ਮਾਨਾ, ਲਾਲ ਓਵਾਇਦਉਲਾ ਤੇ ਸਦੀਕ ਬੱਟ ਨੇ ਕੋਸ਼ਿਸ਼ ਕਰਦੇ ਹੋਏ ਆਪਣੀ ਟੀਮ ਲਈ ਕੁਝ ਅੰਕ ਜੋੜੇ। ਸ਼ੁਰੂਆਤੀ ਦੌਰ ਦੌਰਾਨ ਦੋਵਾਂ ਟੀਮਾਂ ਦੇ ਖਿਡਾਰੀਆਂ ਵਿਚ ਨੋਕਝੋਕ ਹੁੰਦੀ ਵੀ ਦੇਖੀ ਗਈ ਤੇ ਟੈਕਨੀਕਲ ਕਮੇਟੀ ਨੇ ਆਪਣੀ ਸੂਝਬੂਝ ਦਿਖਾਂਦੇ ਹੋਏ ਵਾਰ-ਵਾਰ ਰੀਪਲੇਅ ਦੇ ਕੇ ਨਤੀਜੇ ਦਿੱਤੇ। ਪਹਿਲੇ ਹਾਫ ਦੀ ਖੇਡ ਖਤਮ ਹੋਣ 'ਤੇ ਭਾਰਤ 33-9 ਨਾਲ ਅੱਗੇ ਸੀ।

ਇਸ ਮੌਕੇ ਪਾਕਿਸਤਾਨ ਦੇ ਕਾਨੂੰਨ ਮੰਤਰੀ ਸਨਾਉਲਾ ਖਾਨ ਤੇ ਡਿਪਟੀ ਸਪੀਕਰ ਰਾਣਾ ਮਸੂਦ ਅਹਿਮਦ ਨੇ ਵੀ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ। ਇਨ੍ਹਾਂ ਆਗੂਆਂ ਨੇ ਕਬੱਡੀ ਖੇਡ ਨੂੰ ਹੋਰ ਵੀ ਸ਼ਾਨਦਾਰ ਬਣਾਉਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਕਬੱਡੀ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ ਵਿਚ ਸ਼ਾਮਲ ਕਰਵਾਇਆ ਜਾਵੇਗਾ। ਦੂਜੇ ਅੱਧ ਦੀ ਖੇਡ ਸ਼ੁਰੂ ਹੋਣ ਤੋਂ ਬਾਅਦ ਫਿਰ ਭਾਰਤੀ ਦਬਦਬਾ ਕਾਇਮ ਰਿਹਾ। ਪਾਕਿਸਤਾਨ ਖਿਡਾਰੀਆਂ ਨੇ ਕੋਸ਼ਿਸ਼ ਤਾਂ ਚੰਗੀ ਕੀਤੀ ਪਰ ਉਹ ਲੀਡ ਨਾ ਤੋੜ ਸਕੇ। ਇਹ ਲਗਾਤਾਰ ਤੀਜੀ ਵਾਰ ਹੈ ਜਦੋਂ ਭਾਰਤ ਵਿਸ਼ਵ ਕਬੱਡੀ ਕੱਪ ਚੈਂਪੀਅਨ ਬਣਿਆ ਹੈ। ਉਸ ਨੂੰ ਦੋ ਕਰੋੜ ਰੁਪਏ ਦਾ ਪਹਿਲਾ ਇਨਾਮ ਮਿਲਿਆ। ਇਸ ਤੋਂ ਬਾਅਦ ਭਾਰਤ ਤੇ ਪੰਜਾਬ ਦਾ ਮਾਣ ਉੱਚਾ ਕਰਨ ਵਾਲੇ ਓਲੰਪੀਅਨ ਤੇ ਅਰਜੁਨ ਐਵਾਰਡੀਆਂ ਜਿਨ੍ਹਾਂ ਵਿਚ ਵਰਿੰਦਰ ਸਿੰਘ, ਪਲਵਿੰਦਰ ਚੀਮਾ, ਪਰਗਟ ਸਿੰਘ ਸ਼ਾਮਲ ਸਨ, ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਨਮਾਨ ਕੀਤਾ।





## ਕੈਟਰੀਨਾ ਕੈਫ ਨੇ ਕੀਤਾ ਕਮਾਲ

**ਲੁਧਿਆਣਾ:** ਫਿਲਮ ਅਦਾਕਾਰਾ ਕੈਟਰੀਨਾ ਕੈਫ ਦੀ 15 ਮਿੰਟਾਂ ਦੀ ਦਿਲਕਸ਼ ਪੇਸ਼ਕਾਰੀ ਨੇ ਪੰਜਾਬੀਆਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡੀ। ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਫਾਈਨਲ ਮੁਕਾਬਲਾ ਦੇਖਣ ਲਈ ਪੁੱਜੇ ਦਰਸ਼ਕਾਂ ਨੂੰ ਰਾਜਾ ਬਾਠ, ਇੰਦਰਜੀਤ ਨਿੱਕੂ, ਰਿਮਜ਼ ਜੇ ਅਤੇ ਨਿਸ਼ਾਨ ਭੁੱਲਰ ਨੇ ਗੀਤਾਂ 'ਤੇ ਨਚਾਇਆ। ਇਸ ਦੇ ਨਾਲ ਹੀ ਆਤਿਸ਼ਬਾਜ਼ੀ ਨਾਲ ਲੁਧਿਆਣਾ ਜਗਮਗਾ ਉਠਿਆ। ਗਾਇਕ ਸੁਖਵਿੰਦਰ ਅਤੇ ਦਿਲਜੀਤ ਦੋਸਾਂਝ ਨੇ ਆਪਣੇ ਚੋਣਵੇਂ ਗੀਤ ਪੇਸ਼ ਕੀਤੇ। ਕਵੀ ਸੁਰਜੀਤ ਪਾਤਰ ਨੇ ਆਪਣਾ ਗੀਤ 'ਕਹੇ ਸਤਲੁਜ ਦਾ ਪਾਣੀ' ਗੁਣਗੁਣਾਉਣਾ ਸ਼ੁਰੂ ਕੀਤਾ ਤਾਂ ਵੱਡੀ ਸਕਰੀਨ 'ਤੇ ਬਰਤਾਨਵੀ ਰਾਜਕਾਲ ਦੌਰਾਨ ਦੇ ਪੰਜਾਬ ਪ੍ਰਾਂਤ ਨੂੰ ਦਿਖਾਉਂਦਿਆਂ ਭਾਰਤ ਅਤੇ ਪਾਕਿਸਤਾਨ ਦੀ ਡੂੰਘੀ ਸਾਂਝ ਦੀ ਬਾਤ ਪਾਈ ਗਈ। ਇਸ ਤੋਂ ਬਾਅਦ ਵਾਰੀ ਆਈ ਪਾਕਿਸਤਾਨ ਦੇ ਹਾਸਰਸ ਕਲਾਕਾਰਾਂ ਇਰਫਾਨ ਅਤੇ ਹਸਨ ਮਲਿਕ ਦੀ ਜਿਨ੍ਹਾਂ ਵੱਖਰੇ ਅੰਦਾਜ਼ ਵਿਚ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ।

## ਕੈਨੇਡੀਅਨ ਖਿਡਾਰੀ ਨੂੰ ਵੱਜਿਆ ਡੋਪ ਦਾ ਡੰਗ

**ਬਠਿੰਡਾ:** ਕੌਮੀ ਡੋਪ ਰੋਕੂ ਏਜੰਸੀ (ਨਾਡਾ) ਨੇ ਤੀਜੇ ਵਿਸ਼ਵ ਕੱਪ ਕਬੱਡੀ 2012 ਵਿਚ ਹਿੱਸਾ ਲੈ ਰਹੀ ਕੈਨੇਡਾ ਦੀ ਟੀਮ ਦੇ ਇਕ ਖਿਡਾਰੀ ਨੂੰ ਪਾਬੰਦੀਸ਼ੁਦਾ ਦਵਾਈਆਂ ਦੇ ਸੇਵਨ ਕਾਰਨ ਡੋਪਿੰਗ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਸ ਖਿਡਾਰੀ ਵਰਿੰਦਰ ਸਿੰਘ ਧਨੋਆ ਦੇ ਵਿਸ਼ਵ ਕੱਪ ਵਿਚ ਖੇਡਣ ਉਤੇ ਤੁਰੰਤ ਪਾਬੰਦੀ ਲਾ ਦਿੱਤੀ ਗਈ ਹੈ।

ਖੇਡ ਵਿਭਾਗ ਦੇ ਡਾਇਰੈਕਟਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੇ ਕਿਹਾ ਕਿ ਕੈਨੇਡੀਅਨ ਖਿਡਾਰੀ ਵਰਿੰਦਰ ਸਿੰਘ ਧਨੋਆ ਨੂੰ ਪਬੰਦੀਸ਼ੁਦਾ ਦਵਾਈਆਂ ਦੇ ਸੇਵਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਲਈ ਇਸ ਖਿਡਾਰੀ 'ਤੇ ਵਿਸ਼ਵ ਕੱਪ ਦੇ ਬਾਕੀ ਮੈਚ ਖੇਡਣ 'ਤੇ ਤੁਰੰਤ ਪਾਬੰਦੀ ਲਾ ਦਿੱਤੀ ਗਈ ਹੈ। ਨਾਡਾ ਦੀਆਂ ਟੀਮਾਂ ਨੇ ਅਚਨਚੇਤੀ ਵਿਸ਼ਵ ਕਬੱਡੀ ਕੱਪ ਦੇ 88 ਖਿਡਾਰੀਆਂ ਦੇ ਡੋਪ ਟੈਸਟ ਲਈ ਸੈਂਪਲ ਲਏ। ਨਾਡਾ ਵੱਲੋਂ ਨਵੀਂ ਦਿੱਲੀ ਸਥਿਤ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਵੱਲੋਂ ਮਾਨਤਾ ਪ੍ਰਾਪਤ ਲੈਬਾਰਟਰੀ ਤੋਂ ਕਰਵਾਈ ਸੈਂਪਲਾਂ ਦੀ ਜਾਂਚ ਵਿਚ ਕੈਨੇਡਾ ਦਾ ਇਹ ਖਿਡਾਰੀ ਡੋਪਿੰਗ ਦਾ ਦੋਸ਼ੀ ਪਾਇਆ ਗਿਆ। ਵਿਸ਼ਵ ਕਬੱਡੀ ਕੱਪ ਦੀ ਪ੍ਰਬੰਧਕੀ ਕਮੇਟੀ ਵੱਲੋਂ ਇਹ ਨਤੀਜਾ ਮਿਲਣ ਤੋਂ ਬਾਅਦ ਕੈਨੇਡੀਅਨ ਟੀਮ ਦੀ ਇਨਾਮੀ ਰਕਮ ਵਿਚ ਵੀ ਕਟੌਤੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਚੇਤੇ ਰਹੇ ਕਿ ਪਿਛਲੇ ਕੱਪ ਵਿਚ ਅਮਰੀਕਾ ਦੀ ਟੀਮ ਨੂੰ ਡੋਪ ਕਾਰਨ ਕੱਪ ਵਿਚੋਂ ਬਾਹਰ ਹੋਣਾ ਪਿਆ ਸੀ; ਹਾਲਾਂਕਿ ਅਮਰੀਕਾ ਨੂੰ ਉਦੋਂ ਕੱਪ ਦੀ ਮੁੱਖ ਦਾਅਵੇਦਾਰ ਟੀਮ ਮੰਨਿਆ ਜਾ ਰਿਹਾ ਸੀ। ਉਦੋਂ ਅਮਰੀਕਾ ਦੀ ਕੋਈ ਵੀ ਦਲੀਲ ਸੁਣੀ ਨਹੀਂ ਸੀ ਗਈ।

## ਦੋਵਾਂ ਫਾਈਨਲਾਂ 'ਚ ਹੀ ਭਾਰਤ ਭਾਰਤ ਹੋਈ

**ਬਠਿੰਡਾ:** ਪੁਰਸ਼ਾਂ ਦੇ ਵਰਗ ਦੇ ਸੈਮੀ ਫਾਈਨਲ ਵਿਚ ਭਾਰਤ ਨੇ ਇਰਾਨ ਨੂੰ 72-23 ਅੰਕਾਂ ਨਾਲ ਹਰਾਇਆ। ਮੇਜ਼ਬਾਨ ਟੀਮ ਦੇ ਜਾਫੀਆਂ ਵੱਲੋਂ ਸੁਖਬੀਰ ਸਰਾਵਾਂ ਤੇ ਸੱਗੀ ਖੀਰਵਾਲਾ ਨੇ ਵਧੀਆ ਖੇਡ ਦਿਖਾਈ ਜਦੋਂਕਿ ਜਾਫੀਆਂ ਵਿੱਚੋਂ ਏਕਮ ਹਠੂਰ ਤੇ ਬਿੱਟੂ ਦੁਗਾਲ ਨੇ ਵਧੀਆ ਜੱਫੇ ਮਾਰ ਕੇ ਚੰਗੇ ਅੰਕ ਬਣਾਏ। ਇਸਤਰੀਆਂ ਦੇ ਵਰਗ ਦੇ ਦੂਜੇ ਸੈਮੀ ਫਾਈਨਲ ਵਿਚ ਭਾਰਤ ਨੇ ਇੰਗਲੈਂਡ ਨੂੰ 56-7 ਅੰਕਾਂ ਨਾਲ ਮਾਤ ਦਿੱਤੀ। ਭਾਰਤੀ ਕੁੜੀਆਂ ਦੀ ਖੇਡ ਬਿਹਤਰੀਨ ਰਹੀ ਜਿਸ ਕਾਰਨ ਮੈਚ ਇਕਪਾਸੜ ਹੋ ਨਿੱਬੜਿਆ। ਤੀਜੇ ਵਿਸ਼ਵ ਕਬੱਡੀ ਕੱਪ ਦੇ ਸੈਮੀ ਫਾਈਨਲ ਮੁਕਾਬਲੇ ਬਠਿੰਡਾ ਦੇ ਬਹੁਮੰਤਵੀ ਖੇਡ ਸਟੇਡੀਅਮ ਵਿੱਚ ਹੋਏ ਜਿਸ ਦੌਰਾਨ ਮਰਦਾਂ ਦੇ ਪਹਿਲੇ ਸੈਮੀ ਫਾਈਨਲ ਵਿਚ ਪਾਕਿਸਤਾਨ ਨੇ ਕੈਨੇਡਾ ਨੂੰ ਹਰਾ ਕੇ ਫਾਈਨਲ ਵਿਚ ਦਾਖ਼ਲਾ ਪਾ ਲਿਆ। ਔਰਤਾਂ ਦੇ ਪਹਿਲੇ ਸੈਮੀ ਫਾਈਨਲ ਵਿਚ ਮਲੇਸ਼ੀਆ ਨੇ ਡੈਨਮਾਰਕ ਨੂੰ ਹਰਾ ਕੇ ਫਾਈਨਲ ਵਿਚ ਥਾਂ ਬਣਾਈ।

ਪਾਕਿਸਤਾਨ ਤੇ ਕੈਨੇਡਾ ਦਾ ਮੁਕਾਬਲਾ ਕਾਫ਼ੀ ਰੌਚਕ ਰਿਹਾ ਪਰ ਪਾਕਿਸਤਾਨ ਨੇ ਸ਼ੁਰੂ ਤੋਂ ਹੀ ਕੈਨੇਡਾ 'ਤੇ ਦਬਾਅ ਬਣਾਈ ਰੱਖਿਆ। ਪਾਕਿਸਤਾਨ ਨੇ 53 ਅੰਕ ਲਏ ਜਦੋਂਕਿ ਕੈਨੇਡਾ ਦੇ ਹਿੱਸੇ ਕਰੀਬ ਅੱਧੇ ਭਾਵ ਸਿਰਫ਼ 27 ਅੰਕ ਹੀ ਆਏ। ਪਾਕਿਸਤਾਨ ਦੀ ਟੀਮ ਐਤਕੀਂ ਕਾਫ਼ੀ ਤਿਆਰੀ ਨਾਲ ਆਈ ਜਾਪੀ ਜਿਸ ਦਾ ਫਾਇਦਾ ਖਿਡਾਰੀਆਂ ਨੂੰ ਮਿਲਿਆ। ਕੈਨੇਡਾ ਦੇ ਕਰਮਿੰਦਰ ਤੇ ਉਂਕਾਰ ਲਾਡੀ ਹੀ ਚੱਲ ਸਕੇ ਜਦੋਂਕਿ ਬਾਕੀ ਖਿਡਾਰੀ ਜਮ ਨਾ ਸਕੇ। ਕੈਨੇਡਾ ਦੇ ਕਪਤਾਨ ਹਰਦੀਪ ਸਿੰਘ ਦਾ ਕਹਿਣਾ ਸੀ ਕਿ ਐਤਕੀ ਉਨ੍ਹਾਂ ਦੀ ਟੀਮ ਵਿਚ ਜ਼ਿਆਦਾ ਨਵੇਂ ਖਿਡਾਰੀ ਸਨ ਤੇ ਤਜਰਬੇਕਾਰ ਖਿਡਾਰੀਆਂ ਦੀ ਕਮੀ ਸੀ ਜਿਸ ਦਾ ਨੁਕਸਾਨ ਝੱਲਣਾ ਪਿਆ।

ਔਰਤਾਂ ਦੇ ਸੈਮੀ ਫਾਈਨਲ ਵਿੱਚ ਮਲੇਸ਼ੀਆ ਨੇ 41 ਅੰਕ ਪ੍ਰਾਪਤ ਕੀਤੇ ਜਦੋਂਕਿ ਡੈਨਮਾਰਕ ਨੇ ਸਿਰਫ 25 ਅੰਕ ਪ੍ਰਾਪਤ ਕੀਤੇ। ਖਾਸ ਗੱਲ ਇਹ ਹੈ ਕਿ ਭਾਰਤ, ਪਾਕਿਸਤਾਨ ਤੇ ਕੈਨੇਡਾ ਲਗਾਤਾਰ ਤਿੰਨੇ ਵਾਰ ਸੈਮੀ ਫਾਈਨਲ ਖੇਡਣ ਵਾਲੀਆਂ ਟੀਮਾਂ ਬਣ ਗਈਆਂ ਹਨ।

## ਭਾਰਤੀ ਰੇਡਰਾਂ ਅਤੇ ਜਾਫੀਆਂ ਦਾ ਜਲਵਾ

ਭਾਰਤ ਦੇ ਰੇਡਰਾਂ ਤੇ ਜਾਫੀਆਂ ਦੋਵਾਂ ਨੇ ਹੀ ਬੇਮਿਸਾਲ ਖੇਡ ਦਿਖਾਉਂਦਿਆ ਖਿਤਾਬ 'ਤੇ ਕਬਜ਼ਾ ਕਾਇਮ ਰੱਖਿਆ। ਭਾਰਤ ਦੇ ਰੇਡਰਾਂ ਵਿਚੋਂ ਗਗਨਦੀਪ ਸਿੰਘ ਗੱਗੀ ਖੀਰਾਂਵਾਲੀ ਨੇ 10, ਗੁਰਲਾਲ ਘਨੌਰ ਤੇ ਮਨਮਿੰਦਰ ਸਿੰਘ ਸਰਾ ਨੇ 8-8 ਤੇ ਸੁਖਬੀਰ ਸਿੰਘ ਸਰਾਵਾਂ ਨੇ ਸੱਤ ਅੰਕ ਲਏ ਜਦੋਂਕਿ ਜਾਫ ਲਾਈਨ ਵਿੱਚੋਂ ਏਕਮ ਹਠੂਰ ਨੇ 10, ਬਲਬੀਰ ਸਿੰਘ ਪਾਲਾ ਨੇ ਸੱਤ ਤੇ ਗੁਰਵਿੰਦਰ ਸਿੰਘ ਕਾਹਲਮਾ ਨੇ ਚਾਰ ਜੱਫੇ ਲਾਏ। ਪਾਕਿਸਤਾਨ ਵੱਲੋਂ ਰੇਡਰ ਸਫੀਕ ਬੱਟ ਨੇ ਪੰਜ ਤੇ ਮੁਹੰਮਦ ਇਰਮਾਨ ਨੇ ਤਿੰਨ ਅੰਕ ਲਏ ਤੇ ਜਾਫੀ ਸੁਜਾਦ ਗੁੱਜਰ ਨੇ ਪੰਜ ਜੱਫੇ ਲਾਏ।

## ਭਾਰਤ ਦੀਆਂ ਮੁਟਿਆਰਾਂ ਵੀ ਛਾਈਆਂ

ਮਹਿਲਾ ਵਰਗ ਦੇ ਫਾਈਨਲ ਵਿਚ ਭਾਰਤ ਨੇ ਆਪਣੇ ਵਿਸ਼ਵ ਖਿਤਾਬ ਦੀ ਸ਼ਾਨ ਨਾਲ ਰੱਖਿਆ ਕਰਦਿਆਂ ਪਹਿਲੀ ਵਾਰ ਵਿਸ਼ਵ ਕੱਪ ਖੇਡਣ ਆਈ ਮਲੇਸ਼ੀਆ ਦੀ ਟੀਮ ਨੂੰ 72-12 ਨਾਲ ਹਰਾ ਕੇ 51 ਲੱਖ ਰੁਪਏ ਦੀ ਇਨਾਮੀ ਰਾਸ਼ੀ ਜਿੱਤੀ। ਮਲੇਸ਼ੀਆ ਨੇ ਦੂਜੇ ਸਥਾਨ 'ਤੇ ਰਹਿੰਦਿਆਂ 31 ਲੱਖ ਰੁਪਏ ਤੇ ਡੈਨਮਾਰਕ ਨੇ ਤੀਜੇ ਸਥਾਨ 'ਤੇ ਰਹਿੰਦਿਆਂ 21 ਲੱਖ ਰੁਪਏ ਦਾ ਇਨਾਮ ਜਿੱਤਿਆ।

ਭਾਰਤ ਨੇ ਨਾ ਸਿਰਫ ਫਾਈਨਲ ਜਿੱਤ ਕੇ ਖ਼ਿਤਾਬ ਦੀ ਰਾਖੀ ਕੀਤੀ ਬਲਕਿ ਵਿਸ਼ਵ ਕੱਪ ਵਿੱਚ ਹੁਣ ਤੱਕ ਅਜੇਤੂ ਚੱਲੀ ਆ ਰਹੀ ਮਲੇਸ਼ੀਆ ਦੀ ਟੀਮ ਦੇ ਜੇਤੂ ਰੱਥ ਨੂੰ ਠੱਲ੍ਹ ਪਾਈ।ਸ਼ੁਰੂ ਤੋਂ ਹੀ ਭਾਰਤੀ ਕੁੜੀਆਂ ਨੇ ਮੈਚ ਵਿਚ ਵੱਡੀ ਲੀਡ ਬਣਾ ਲਈ। ਮੈਚ ਇਕਪਾਸੜ ਹੋਣ ਕਾਰਨ ਦਰਸ਼ਕਾਂ ਵਿਚ ਵੀ ਕੋਈ ਖਾਸ ਉਤਸ਼ਾਹ ਦੇਖਣ ਨੂੰ ਨਹੀਂ ਮਿਲਿਆ। ਲੁਧਿਆਣਾ ਦੇ ਖਚਾਖਚ ਭਰੇ ਗੁਰੂ ਨਾਨਕ ਸਟੇਡੀਅਮ ਵਿਖੇ ਘਰੇਲੂ ਦਰਸ਼ਕਾਂ ਸਾਹਮਣੇ ਭਾਰਤੀ ਮਹਿਲਾ ਟੀਮ ਨੇ



ਫਾਈਨਲ ਨੂੰ ਪੂਰੀ ਤਰ੍ਹਾਂ ਇਕਪਾਸੜ ਬਣਾਉਂਦਿਆ ਮਲੇਸ਼ੀਆ ਨੂੰ ਖੇਡ ਦੇ ਹਰ ਪੱਖ ਤੋਂ ਪਛਾੜ ਕੇ ਰੱਖ ਦਿੱਤਾ। ਜ਼ਿਕਰਯੋਗ ਹੈ ਕਿ ਪਹਿਲੀ ਵਾਰ ਵਿਸ਼ਵ ਕੱਪ ਵਿਚ ਸ਼ਿਰਕਤ ਕਰਨ ਵਾਲੀ ਮਲੇਸ਼ੀਆ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਪੂਲ ਵਿਚੋਂ ਚੋਟੀ 'ਤੇ ਰਹਿ ਕੇ ਵਿਸ਼ਵ ਕੱਪ ਦੇ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ। ਅੱਧੇ ਸਮੇਂ ਤੱਕ ਭਾਰਤੀ ਟੀਮ 42-6 ਨਾਲ ਅੱਗੇ ਸੀ।

ਭਾਰਤ ਦੀਆਂ ਰੇਡਰਾਂ ਵਿਚੋਂ ਪ੍ਰਿਅੰਕਾ ਦੇਵੀ ਨੇ 13, ਪ੍ਰਿਅੰਕਾ ਪਿਲਾਨੀ ਤੇ ਸੁਖਵਿੰਦਰ ਕੌਰ ਨੇ 8-8 ਅੰਕ ਬਟੋਰੇ ਜਦੋਂਕਿ ਜਾਫੀ ਜਤਿੰਦਰ ਕੌਰ ਨੇ 11 ਤੇ ਅਨੂ ਰਾਣੀ ਨੇ 10 ਜੱਫੇ ਲਾਏ। ਮਲੇਸ਼ੀਆ ਦੀਆਂ ਰੇਡਰਾਂ ਵਿਚੋਂ ਮਨਪ੍ਰੀਤ ਕੌਰ ਨੇ ਚਾਰ ਅੰਕ ਲਏ ਜਦੋਂਕਿ ਜਾਫੀ ਰੇਖਾ ਨੇ ਦੋ ਜੱਫੇ ਲਾਏ। ਇਸ ਮੌਕੇ ਸ. ਸੁਖਬੀਰ ਸਿੰਘ ਬਾਦਲ ਨੇ ਮਹਿਲਾ ਵਰਗ ਦੀ ਇਨਾਮੀ ਰਾਸ਼ੀ ਅਗਲੇ ਸਾਲ ਤੋਂ 51 ਲੱਖ ਰੁਪਏ ਤੋਂ ਵਧਾ ਕੇ ਇਕ ਕਰੋੜ ਰੁਪਏ ਕਰਨ ਦਾ ਐਲਾਨ ਕੀਤਾ।

## ਡੈਨਮਾਰਕ ਦੀਆਂ ਕੁੜੀਆਂ ਨੂੰ ਕਾਂਸੀ ਦਾ ਤਗ਼ਮਾ

**ਜਲੰਧਰ:** ਤੀਜੇ ਵਿਸ਼ਵ ਕਬੱਡੀ ਕੱਪ ਦੇ ਮਹਿਲਾ ਵਰਗ ਦੇ ਮੈਚ ਵਿਚ ਡੈਨਮਾਰਕ ਨੇ ਇੰਗਲੈਂਡ ਨੂੰ 36-28 ਅੰਕਾਂ ਨਾਲ ਹਰਾ ਕੇ ਕਾਂਸੀ ਦਾ ਤਗ਼ਮਾ ਜਿੱਤ ਲਿਆ। ਪਹਿਲੀ ਵਾਰ ਵਿਸ਼ਵ ਕੱਪ ਖੇਡਣ ਆਈ ਡੈਨਮਾਰਕ ਦੀ ਮਹਿਲਾ ਟੀਮ ਨੇ ਨੱਕੋ-ਨੱਕ ਭਰੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਦਰਸ਼ਕਾਂ ਦੀਆਂ ਕਿਲਕਾਰੀਆਂ ਦੀ ਗੂੰਜ ਵਿਚ ਇੰਗਲੈਂਡ ਦੀ ਮਹਿਲਾ ਟੀਮ ਨੂੰ ਫਸਵੇਂ ਮੁਕਾਬਲੇ ਵਿਚ 36-28 ਨਾਲ ਕੇ ਮਹਿਲਾ ਵਿਸ਼ਵ ਕੱਪ ਵਿਚ ਤੀਜਾ ਸਥਾਨ ਹਾਸਲ ਕੀਤਾ।

ਡੈਨਮਾਰਕ ਨੇ ਪਿਛਲੇ ਸਾਲ ਦੇ ਉਪ ਜੇਤੂ ਇੰਗਲੈਂਡ ਨੂੰ ਦੰਦਾਂ ਹੇਠਾਂ ਉਂਗਲਾਂ ਦਬਾਉਣ ਵਾਲੇ ਮੈਚ ਵਿਚ ਦਰਸ਼ਕਾਂ ਦੀ ਹੱਲਾਸ਼ੇਰੀ ਸਦਕਾ ਹਰਾ ਕੇ ਵਿਸ਼ਵ ਕੱਪ ਵਿਚੋਂ ਸਨਮਾਨਜਨਕ ਵਿਦਾਇਗੀ ਲਈ। ਡੈਨਮਾਰਕ ਨੇ ਆਪਣੀ ਸਾਫ ਸੁਥਰੀ ਤੇ ਜੂਝ ਮਰਨ ਵਾਲੀ ਖੇਡ ਸਦਕਾ ਦਰਸ਼ਕਾਂ ਦੇ ਦਿਲ ਜਿੱਤ ਲਏ। ਅੱਧੇ ਸਮੇਂ ਤੱਕ ਇੰਗਲੈਂਡ ਦੀ ਟੀਮ 19-16 ਨਾਲ ਅੱਗੇ ਸੀ।



## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਕੈਲੰਡਰ ਜਾਰੀ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੀ ਪ੍ਰਬੰਧਕ ਕਮੇਟੀ ਵਲੋਂ ਸਾਲ 2013 ਦਾ ਸਿੱਖ ਹੈਰੀਟੇਜ ਕੈਲੰਡਰ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿਚ ਲੰਘੇ ਐਤਵਾਰ ਜਾਰੀ ਕੀਤਾ ਗਿਆ। ਇਹ ਕੈਲੰਡਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਬਣਾਇਆ ਗਿਆ ਹੈ ਅਤੇ ਇਸ ਵਿਚ ਸਿੱਖ ਇਤਿਹਾਸ ਅਤੇ ਸਿੱਖ ਸੂਰਬੀਰ ਯੋਧਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਗੁਰੂ ਘਰ ਦੇ ਸਾਰੇ ਪ੍ਰੋਗਰਾਮ ਇਸ ਕੈਲੰਡਰ ਅਨੁਸਾਰ ਹੀ ਹੋਇਆ ਕਰਨਗੇ।

ਗੁਰੂ ਘਰ ਦੇ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਨੇ ਇਹ ਜਾਣਕਾਰੀ ਦਿੰਦਿਆਂ ਕੈਲੰਡਰ ਨੂੰ ਸਪਾਂਸਰ ਕਰਨ ਵਾਲੇ ਆਪਣਾ ਬਾਜ਼ਾਰ ਦੇ ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ ਦਾ ਧੰਨਵਾਦ ਕੀਤਾ। ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆਂ ਕੁਨੈਕਟੀਕਟ ਵਿਚ ਵਾਪਰੇ ਦੁਖਾਂਤ ਉਪਰ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰੂ ਘਰ ਦੇ ਚੇਅਰਮੈਨ ਮੋਹਨ ਸਿੰਘ ਖੱਟੜਾ, ਸਕੱਤਰ ਕੁਲਦੀਪ ਸਿੰਘ ਢਿੱਲੋਂ, ਖਜ਼ਾਨਚੀ ਜਸਵਿੰਦਰ ਸਿੰਘ ਪੱਡਾ, ਬੂਟਾ ਸਿੰਘ ਚੀਮਾ, ਮਹਿੰਦਰ ਸਿੰਘ ਉਪਲ ਤੇ ਭੁਪਿੰਦਰ ਸਿੰਘ ਅਟਵਾਲ ਵੀ ਹਾਜ਼ਰ ਸਨ।

## ਭਾਰਤ ਤੇ ਪਾਕਿਸਤਾਨ ਵੱਲੋਂ ਨਵੀਂ ਵੀਜ਼ਾ ਪ੍ਰਣਾਲੀ ਲਾਗੂ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ ਨੇ ਨਵੀਂ ਵੀਜ਼ਾ ਪ੍ਰਣਾਲੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਪ੍ਰਣਾਲੀ 38 ਸਾਲ ਪੁਰਾਣੀ ਵੀਜ਼ਾ ਪ੍ਰਣਾਲੀ ਦੀ ਥਾਂ ਲਵੇਗੀ ਜੋ 1974 ਵਿਚ ਦੋਵਾਂ ਦੇਸ਼ਾਂ ਨੇ ਤਿਆਰ ਕੀਤੀ ਸੀ। ਨਵੀਂ ਪ੍ਰਣਾਲੀ ਬਾਰੇ ਐਲਾਨ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਤੇ ਉਨ੍ਹਾਂ ਦੇ ਹਮਰੁਤਬਾ ਰਹਿਮਾਨ ਮਲਿਕ ਵਿਚਕਾਰ ਮੀਟਿੰਗ ਤੋਂ ਬਾਅਦ ਕੀਤਾ ਗਿਆ। ਇਸ ਨਵੀਂ ਪ੍ਰਣਾਲੀ ਨਾਲ ਦੋਵਾਂ ਪਾਸਿਆਂ ਦੇ ਲੋਕਾਂ ਵਿਚਕਾਰ ਰਾਬਤਾ ਵਧੇਗਾ।

ਸਾਲਾਨਾ ਆਮਦਨ 50 ਲੱਖ ਰੁਪਏ (ਪਾਕਿਸਤਾਨੀ) ਤੋਂ ਵੱਧ ਕਾਰੋਬਾਰ ਵਾਲੇ ਵਪਾਰੀ ਜਾਂ ਜਿਨ੍ਹਾਂ ਦਾ ਕੁੱਲ ਕਾਰੋਬਾਰ ਤਿੰਨ ਕਰੋੜ ਰੁਪਏ ਤੋਂ ਉਪਰ ਹੋਵੇਗਾ, ਉਨ੍ਹਾਂ ਨੂੰ ਪੁਲਿਸ ਤਸਦੀਕ ਦੀ ਵੀ ਲੋੜ ਨਹੀਂ ਹੋਵੇਗੀ। ਵਾਹਗਾ-ਅਟਾਰੀ ਸਰਹੱਦਾਂ ਨੂੰ ਛੱਡ ਕੇ ਹੋਰ ਥਾਈਂ ਦਾਖਲਾ ਤੇ ਰਵਾਨਗੀ ਵੱਖ-ਵੱਖ ਥਾਂ ਤੋਂ ਹੋ ਸਕੇਗੀ। ਜੇ ਕੋਈ ਬੰਦਾ ਵਾਹਗਾ ਜਾਂ ਅਟਾਰੀ ਸਰਹੱਦ ਰਾਹੀਂ ਆਵੇਗਾ ਤਾਂ ਉਸ ਨੂੰ ਇਸੇ ਰਸਤੇ ਹੀ ਵਾਪਸ ਜਾਣਾ ਪਵੇਗਾ।

## ਕੈਨੇਡਾ ਵਿਚ ਪੰਜਾਬੀ ਨੂੰ 12 ਸਾਲ ਕੈਦ

**ਟੋਰਾਂਟੋ:** ਅਦਾਲਤ ਨੇ ਓਂਟਾਰੀਓ ਸੂਬੇ ਦੇ ਦੱਖਣ ਵਿਚ ਸਾਰਨੀਆ ਸ਼ਹਿਰ ਦੇ 29 ਸਾਲਾ ਅੰਤਰਪਾਲ ਸਿੰਘ ਨੂੰ ਅਮਰੀਕਾ ਤੋਂ 53 ਕਿਲੋ ਕੋਕੀਨ ਸਮੱਗਲ ਕਰਨ ਦੇ ਦੋਸ਼ਾਂ ਤਹਿਤ 12 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਹੈ। ਉਸ ਨੂੰ 2009 'ਚ ਚੱਲੇ ਮੁਕੱਦਮੇ 'ਚ ਦੋਸ਼ੀ ਪਾਇਆ ਗਿਆ ਸੀ।

ਦੋਸ਼ੀ 'ਤੇ ਮਿਸ਼ੀਗਨ (ਅਮਰੀਕਾ) ਤੋਂ ਟਰੱਕ ਰਾਹੀਂ 80 ਲੱਖ ਡਾਲਰ ਦੇ ਮੁੱਲ ਦਾ ਨਸ਼ਾ ਕੈਨੇਡਾ ਲਿਆਉਣ ਦੇ ਦੋਸ਼ ਹੇਠ ਸਰਕਾਰੀ ਵਕੀਲ ਨੇ 15 ਸਾਲਾਂ ਦੀ ਸਜ਼ਾ ਦੀ ਮੰਗ ਕੀਤੀ ਸੀ ਜਦਕਿ ਦੋਸ਼ੀ ਨੇ ਜੱਜ ਕੋਲ ਆਪਣੀ ਪਤਨੀ ਤੇ ਬੱਚੇ ਦਾ ਵਾਸਤਾ ਪਾ ਕੇ ਸਜ਼ਾ ਨਰਮ ਕਰਨ ਦਾ ਤਰਲਾ ਲਿਆ ਸੀ। ਉਸ ਨੇ ਕਿਹਾ ਕਿ ਟਰੱਕ 'ਚ ਕੋਕੀਨ ਹੋਣ ਬਾਰੇ ਉਸ ਨੂੰ ਕੁਝ ਨਹੀਂ ਪਤਾ ਸੀ ਜਦਕਿ ਉਸ ਦੇ ਵੀਡੀਓ ਗੇਮਾਂ ਦੇ ਡੱਬਿਆਂ ਨਾਲ ਭਰੇ ਟਰੱਕ ਵਿਚ ਦੋ ਡੱਬੇ ਕੋਕੀਨ ਦੀਆਂ ਇੱਟਾਂ ਦੇ ਸਨ। ਕਸਟਮ ਅਫਸਰਾਂ ਨੇ ਟਰੱਕ ਦਾ ਮਾਲ ਸਕੈਨ ਕਰਕੇ ਕੋਕੀਨ ਵਾਲੇ ਡੱਬੇ ਫੜ੍ਹ ਲਏ ਸਨ।

ੴ ਸਤਿਗੁਰ ਪ੍ਰਸਾਦਿ॥

## ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥

ਕੁਨੈਕਟੀਕਟ ਸਟੇਟ ਦੇ ਸ਼ਹਿਰ ਨਿਊ ਟਾਊਨ ਦੇ ਸੈਂਡੀ ਹੁਕ ਐਲੀਮੈਂਟਰੀ ਸਕੂਲ ਵਿਚ ਵਾਪਰੇ ਦਰਦਨਾਕ ਦੁਖਾਂਤ ਨੇ ਮਨੁਖਤਾ ਦੇ ਹਿਰਦਿਆਂ ਨੂੰ ਵਲੂੰਦਰ ਕੇ ਰਖ ਦਿਤਾ ਹੈ! ਬੇਕਸੂਰ ਮਾਸੂਮ ਬੱਚਿਆਂ ਨੂੰ ਬੇਰਹਿਮੀ ਨਾਲ ਗੋਲੀਆਂ ਮਾਰੀਆਂ ਗਈਆਂ! ਦੁਨੀਆਂ ਦੇ ਸਭ ਤੋਂ ਖੁਸ਼ਹਾਲ ਅਤੇ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵਿਚ ਵਾਰ ਵਾਰ ਵਾਪਰ ਰਿਹਾ ਇਹ ਦੁਖਾਂਤ ਮਨੁਖਤਾ ਵਿਚ ਵਧ ਰਹੀ ਮਾਨਸਿਕ ਬੀਮਾਰੀ ਦਾ ਸੂਚਕ ਹੈ! ਇਸ ਤੋਂ ਪਹਿਲਾਂ ਜਦੋਂ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਐਸਾ ਹੀ ਵਰਤਾਰਾ ਵਰਤਿਆ ਤਾਂ ਅਮਰੀਕਾ ਵਾਸੀਆਂ ਅਤੇ ਸਰਕਾਰੀ ਅਦਾਰਿਆਂ ਨੇ ਸਿੱਖ ਭਾਈਚਾਰੇ ਦੇ ਦੁਖ ਦਰਦ ਨੂੰ ਮਹਿਸੂਸ ਹੀ ਨਹੀਂ ਕੀਤਾ ਸੀ ਸਗੋਂ ਹਮਦਰਦੀ ਨਾਲ ਵੰਡਾਇਆ ਵੀ ਸੀ! ਅੱਜ ਮਾਸੂਮ ਮਨੁਖਤਾ ਦੇ ਦਰਦ ਨੂੰ ਆਪਣਾ ਜਾਣ ਕੇ ਵੰਡਾਉਣ ਦੀ ਇਖਲਾਕੀ ਜਿੰਮੇਵਾਰੀ ਸਿੱਖ ਭਾਈਚਾਰੇ ਦੀ ਵੀ ਬਣਦੀ ਹੈ!

ਬੇਸ਼ਕ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਵਲੋਂ ਉਪਰਾਲੇ ਕੀਤੇ ਗਏ ਹਨ ਅਤੇ ਕੀਤੇ ਵੀ ਜਾਣੇ ਹਨ ਪਰ ਇਕਸਾਰਤਾ ਪਖੋਂ ਕਮੀਆਂ ਰਹਿਣ ਸਦਕਾ ਇਹ ਉਪਰਾਲੇ ਸਾਰਥਕ ਰੂਪ ਵਿਚ ਸਿੱਖ ਭਾਈਚਾਰੇ ਦੇ ਵਿਲਖਣ ਵਿਰਸੇ ਨੂੰ ਉਜਾਗਰ ਕਰਨ ਵਿਚ ਅਕਸਰ ਅਧੂਰੇ ਰਹਿ ਜਾਂਦੇ ਹਨ! ਇਸ ਆਦਰਸ਼ ਦੀ ਪੂਰਤੀ ਹਿਤ ਸਮੂਹ ਸਿੱਖਾਂ, ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ:

(1) ਆਉਣ ਵਾਲੇ ਅਗਲੇ ਦੋ ਸਨਿਚਰਵਾਰ ਕੈਂਡਲ ਲਾਈਟ ਵਿਜ਼ਿਲ ਦੇ ਨਾਲ ਨਾਲ ਕੀਰਤਨ ਅਤੇ ਸਰਬਤ ਦੇ ਭਲੇ ਹਿਤ ਅਰਦਾਸ-ਜੋਦੜੀਆਂ ਕੀਤੀਆਂ ਜਾਣ ਅਤੇ ਸੰਗਤਾਂ ਵਲੋਂ ਪੀੜਤ ਪਰਿਵਾਰਾਂ ਵਾਸਤੇ ਪਾਇਆ ਯੋਗਦਾਨ ਅਤੇ ਗੋਲਕ ਭੇਟਾ ਭਰੋਸੇਯੋਗ ਸੰਸਥਾਵਾਂ ਰਾਹੀਂ ਹੀ ਭੇਜਿਆ ਜਾਵੇ! ਸੀ ਐਨ ਐਨ ਵਲੋਂ ਭਰੋਸੇਯੋਗ ਸਹਾਇਤਾ ਫੰਡ-ਸੈਂਡੀ ਹੁਕ ਸਕੂਲ ਸੁਪੋਰਟ ਫੰਡ, ਨਿਊ ਟਾਊਨ ਮੈਮੋਰੀਅਲ ਫੰਡ ਅਤੇ ਰੈਡ ਕਰਾਸ ਫੰਡ ਆਦਿ ਦੱਸੇ ਗਏ ਹਨ।

(2) ਭਵਿੱਖ ਦੇ ਉਪਰਾਲਿਆ ਵਿਚ ਇਕਸਾਰਤਾ ਲਿਆਉਣ ਲਈ ਕੋਈ ਸਾਂਝੀ ਪ੍ਰਣਾਲੀ ਬਣਾਉਣ ਵਾਸਤੇ ਸੋਚ ਵਿਚਾਰ ਕੀਤੀ ਜਾਵੇ ਤਾਂ ਕਿ ਮਾਨਵਤਾ ਪ੍ਰਤੀ ਫਰਜ ਦੀ ਪੂਰਤੀ ਦੇ ਨਾਲ ਸਿੱਖੀ ਦੇ ਵਿਲਖਣ ਵਿਰਸੇ ਨੂੰ ਵੀ ਉਜਾਗਰ ਕੀਤਾ ਜਾ ਸਕੇ!

*ਉਮੀਦ ਹੈ! ਸਿੱਖ ਭਾਈਚਾਰਾ ਬੇਨਤੀ ਪ੍ਰਵਾਨ ਕਰਨ ਦੀ ਕ੍ਰਿਪਾਲਤਾ ਕਰੇਗਾ!*

ਪ੍ਰੋ. ਕੁਲਵੰਤ ਸਿੰਘ ਹੁੰਦਲ, ਫੋਨ: 630-995-0670, ਡਾ. ਪਰਦੀਪ ਸਿੰਘ ਗਿੱਲ, ਫੋਨ: 847-397-1912
ਇਰਵਿਨਪ੍ਰੀਤ ਸਿੰਘ, ਫੋਨ: 847-942-5150, ਸਰਵਣ ਸਿੰਘ, ਫੋਨ: 847-942-5150

**American Sikh Community**
For more info. visit us: www.amsikh.com


# Gas Station For Sale




Busy gas station on national highway 40 E.
in Indianapolis, IN is available for sale.
Monthly Sale: Inside- $45,000, Gas- 6500 gallons
Price: $375,000.00 (with property)

ਇੰਡੀਅਨਐਪੋਲਿਸ, ਇੰਡੀਆਨਾ ਵਿਚ ਹਾਈਵੇਅ 40 ਈਸਟ ਉਤੇ ਚੰਗਾ ਚੱਲਦਾ ਗੈਸ ਸਟੇਸ਼ਨ ਵਿਕਾਊ ਹੈ

ਸੰਪਰਕ ਕਰੋ:
317-270-7016 or 317-225-0699

ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?




- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914
www.ooraa.org

# ਨਿਊ ਯਾਰਕ ਦੇ ਮੇਅਰ ਲਈ ਉਮੀਦਵਾਰ ਜੌਹਨ ਲਿਊ ਲਈ ਫੰਡਰੇਜ਼ਰ

**ਨਿਊ ਯਾਰਕ (ਬਿਊਰੋ):** ਅਗਲੇ ਸਾਲ ਨਿਊ ਯਾਰਕ ਦੇ ਮੇਅਰ ਲਈ ਹੋ ਰਹੀ ਚੋਣ ਵਾਸਤੇ ਉਮੀਦਵਾਰ ਨਿਊ ਯਾਰਕ ਦੇ ਮੌਜੂਦਾ ਕੰਪਟਰੋਲਰ ਜੌਹਨ ਲਿਊ ਲਈ ਇਕ ਫੰਡਰੇਜ਼ਰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪ੍ਰਧਾਨ ਗੁਰਮੇਜ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਥੇ ਰਾਇਲ



ਇੰਡੀਆ ਪੈਲੇਸ ਵਿਚ ਕੀਤਾ ਗਿਆ ਜਿਸ ਵਿਚ ਸਿੱਖ ਭਾਈਚਾਰੇ ਦੇ ਮੋਹਤਬਰ ਆਗੂ ਸ਼ਾਮਲ ਹੋਏ।

ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਨਿਊ ਯਾਰਕ ਇਕਾਈ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਨੇ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸ੍ਰੀ ਜੌਹਨ ਲਿਊ ਹਮੇਸ਼ਾ ਹੀ ਸਿੱਖ ਭਾਈਚਾਰੇ ਦੀ ਮਦਦ ਲਈ ਤਿਆਰ ਰਹਿੰਦੇ ਹਨ। ਸ. ਸੁਭਾਨਪੁਰ ਨੇ ਸ੍ਰੀ ਲਿਊ ਨੂੰ ਭਰੋਸਾ ਦਿਵਾਇਆ ਕਿ ਸਮੁੱਚਾ ਸਿੱਖ ਭਾਈਚਾਰਾ ਉਨ੍ਹਾਂ ਦੀ ਮਦਦ 'ਤੇ ਹੈ। ਸ੍ਰੀ ਲਿਊ ਨੂੰ ਆਪਣਾ ਨਿਜੀ ਮਿੱਤਰ ਦੱਸਦਿਆਂ ਉਨ੍ਹਾਂ ਕਿਹਾ ਕਿ ਸਾਊਥ ਏਸ਼ੀਅਨ ਹੋਣ ਕਰਕੇ ਉਹ ਸਾਡਾ ਭਰਾ ਵੀ ਹੈ। ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਦੇ ਜਨਰਲ ਸਕੱਤਰ ਸ. ਬਲਵਿੰਦਰ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਲਿਊ ਦੀ ਹਰ ਤਰ੍ਹਾਂ ਮਦਦ ਕਰਨ ਦੀ ਵਚਨਬੱਧਤਾ ਦੁਹਰਾਈ।

ਸ. ਸਰਬਜੀਤ ਸਿੰਘ ਨੇ ਸਿੱਖ ਭਾਈਚਾਰੇ ਦੀਆਂ ਮੰਗਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਜੇ ਸ੍ਰੀ ਲਿਊ ਨਿਊ ਯਾਰਕ ਦੇ ਮੇਅਰ ਬਣ ਜਾਣ ਤਾਂ ਉਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਛੁੱਟੀ ਦਾ ਐਲਾਨ ਕਰਵਾਉਣ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲ ਬੋਰਡ ਅਤੇ ਹੋਰ ਜਨਤਕ ਮਹਿਕਮਿਆਂ ਵਿਚ ਦਸਤਾਰਧਾਰੀ ਸਿੱਖਾਂ ਨੂੰ ਨੌਕਰੀਆਂ ਦਿੱਤੀਆਂ ਜਾਣ।

ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸ. ਗੁਰਮੇਜ ਸਿੰਘ ਨੇ ਸ੍ਰੀ ਲਿਊ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਹ ਹਰ ਮੁਸ਼ਕਿਲ ਵਿਚ ਸਿੱਖ ਭਾਈਚਾਰੇ ਦੇ ਨਾਲ ਖੜ੍ਹੇ ਹੁੰਦੇ ਰਹੇ ਹਨ ਅਤੇ ਉਹ ਹਮੇਸ਼ਾ ਸਾਡੇ ਨਗਰ ਕੀਰਤਨ ਵਿਚ ਵੀ ਹਾਜ਼ਰੀ ਭਰਦੇ ਆਏ ਹਨ। ਸ. ਗੁਰਮੇਜ ਸਿੰਘ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਸ੍ਰੀ ਲਿਊ ਦੀ ਭਰਵੀਂ ਮਦਦ ਦੀ ਅਪੀਲ ਕੀਤੀ।

ਜੌਹਨ ਲਿਊ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਕੁਨੈਕਟੀਕਟ ਵਿਚ ਮਾਰੇ ਗਏ ਬੱਚਿਆਂ ਅਤੇ ਹੋਰ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕ ਮਿੰਟ ਦਾ ਮੌਨ ਧਾਰਨ ਦਾ ਸਭਨਾਂ ਨੂੰ ਸੱਦਾ ਦਿੱਤਾ। ਉਨ੍ਹਾਂ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਜੇ ਉਹ ਮੇਅਰ ਬਣਦੇ ਹਨ ਤਾਂ ਸਿੱਖਾਂ ਦੀ ਹਰ ਮੰਗ ਪੂਰੀ ਕਰਨ ਲਈ ਪੂਰੇ ਯਤਨ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਸਿਟੀ ਹਾਲ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਵੇਗਾ ਅਤੇ ਉਹ ਪਹਿਲੇ ਮੇਅਰ ਹੋਣਗੇ ਜੋ ਮਨਹਟਨ ਦੀ ਸਿੱਖ ਪਰੇਡ ਵਿਚ ਵੀ ਸ਼ਾਮਲ ਹੋਣਗੇ। ਉਨ੍ਹਾਂ ਆਖਿਆ ਕਿ ਉਹ ਖੁਦ ਇਕ ਇਮੀਗਰਾਂਟ ਹਨ, ਇਸ ਲਈ ਪਰਵਾਸੀਆਂ ਦੀਆਂ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਨ੍ਹਾਂ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀ ਮਦਦ ਕਰਕੇ ਨਿਊ ਯਾਰਕ ਦਾ ਪਹਿਲਾ ਏਸ਼ੀਆਈ ਮੇਅਰ ਹੋਣ ਦਾ ਮਾਣ ਦਿਵਾਉਣ।

## ਅਰਦਾਸ ਨਾਲ ਸ਼ੁਰੂ ਹੋਇਆ ਫੀਨਿਕਸ ਕੌਂਸਲ ਦਾ ਸੈਸ਼ਨ

**ਫੀਨਿਕਸ, ਐਰੀਜ਼ੋਨਾ (ਪੰਜਾਬ ਟਾਈਮਜ਼ ਬਿਊਰੋ):** ਐਰੀਜ਼ੋਨਾ ਦੀ ਫੀਨਿਕਸ ਕੌਂਸਲ ਦਾ ਸੈਸ਼ਨ ਜੋ 5 ਦਸੰਬਰ ਨੂੰ ਸ਼ਾਮੀਂ 5 ਵਜੇ ਆਰੰਭ ਹੋਇਆ ਸੀ, ਐਤਕੀਂ ਅਰਦਾਸ ਨਾਲ ਸ਼ੁਰੂ ਕੀਤਾ ਗਿਆ। ਮੇਅਰ ਅਤੇ ਕੌਂਸਲ ਮੈਂਬਰਾਂ ਨੇ ਡਾ. ਜਸਵੰਤ ਸਿੰਘ ਸਚਦੇਵ ਨੂੰ ਅਰਦਾਸ ਕਰਨ ਦਾ ਬਾਕਾਇਦਾ ਸੱਦਾ ਦਿੱਤਾ ਸੀ। ਇਹ ਤੱਥ ਪਹਿਲਾਂ ਹੀ ਸ਼ਹਿਰ ਦੇ ਕੈਲੰਡਰ ਵਿਚ ਸ਼ਾਮਲ ਕੀਤਾ ਗਿਆ ਸੀ।

ਯਾਦ ਰਹੇ, 9/11 ਵਾਲੇ ਹਮਲਿਆਂ ਤੋਂ ਬਾਅਦ ਅਮਰੀਕਨ ਸਿੱਖ, ਅਮਰੀਕਾ ਵਿਚ ਆਪਣੀ ਪਛਾਣ ਲਈ ਵਾਹਵਾ ਜੂਝ ਰਹੇ ਸਨ। ਇਸ ਮਾਮਲੇ ਵਿਚ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ, ਸੰਸਥਾਵਾਂ ਅਤੇ ਆਗੂਆਂ ਨੇ ਬਣਦਾ ਯੋਗਦਾਨ ਪਾਇਆ ਹੈ। ਇਸ ਪ੍ਰਸੰਗ ਵਿਚ ਫੀਨਿਕਸ ਕੌਂਸਲ ਦੇ ਸੈਸ਼ਨ ਦੀ ਸ਼ੁਰੂਆਤ ਅਰਦਾਸ ਨਾਲ ਹੋਣੀ ਸਿੱਖ ਭਾਈਚਾਰੇ ਲਈ ਇਤਿਹਾਸਕ ਪਲ ਸਨ। ਕੌਂਸਲ ਵਿਚ ਅਰਦਾਸ ਮੌਕੇ ਡਾ. ਸਚਦੇਵ ਨਾਲ ਸਿੱਖ ਭਾਈਚਾਰੇ ਦੇ ਕੁਝ ਹੋਰ ਲੋਕ ਵੀ ਮੌਜੂਦ ਸਨ। ਅਰਦਾਸ ਤੋਂ ਪਹਿਲਾਂ ਮੂਲ ਮੰਤਰ ਦਾ ਜਾਪ ਹੋਇਆ। 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਨਾਲ ਜਦੋਂ ਸਮਾਪਤੀ ਹੋਈ ਤਾਂ ਹਰ ਚਿਹਰੇ ਉਤੇ ਖੇੜਾ ਸਾਫ ਝਲਕ ਰਿਹਾ ਸੀ।



*ਫੀਨਿਕਸ ਕੌਂਸਲ ਦੇ ਸੈਸ਼ਨ ਦੇ ਅਰੰਭ ਵਿਚ ਡਾ. ਸਚਦੇਵ ਅਰਦਾਸ ਕਰਦੇ ਹੋਏ*



*ਖ਼ਾਲਸਾ ਸੇਵਕ ਜੱਥਾ ਹਾਈ ਸਕੂਲ ਦੀ ਅਧਿਆਪਕਾ ਡਾ. ਨਰਿੰਦਰ ਕੌਰ ਨੂੰ ਪਟਿਆਲਾ ਜ਼ਿਲੇ ਦੀ ਉੱਤਮ ਅਧਿਆਪਕਾ ਵਜੋਂ ਸਨਮਾਨਿਤ ਕਰਦੇ ਹੋਏ ਡੀ.ਪੀ.ਆਈ, ਸਕੂਲਜ਼ ਸ੍ਰੀ ਕਮਲ ਗਰਗ*

## ਵਿਆਹ ਦੇ ਨਾਂ 'ਤੇ ਠੱਗਣ ਵਾਲਾ ਪਰਵਾਸੀ ਪੰਜਾਬੀ ਕਾਬੂ

**ਮੋਗਾ:** ਪਰਵਾਸੀ ਪੰਜਾਬੀ ਵੱਲੋਂ ਦੋ ਕੁੜੀਆਂ ਨਾਲ ਮੰਗਣੀ ਕਰਕੇ 27 ਲੱਖ ਰੁਪਏ ਠੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਵਾਸੀ ਪੰਜਾਬੀ ਦੂਜੀ ਕੁੜੀ ਨਾਲ ਮੰਗਣਾ ਕਰਨ ਪਹੁੰਚਿਆ ਸੀ ਤੇ ਇਸ ਦਾ ਪਹਿਲੀ ਲੜਕੀ ਵਾਲੇ ਪਰਿਵਾਰ ਨੂੰ ਪਤਾ ਲੱਗ ਗਿਆ ਤਾਂ ਹੋਟਲ ਵਿਚ ਪੁਲਿਸ ਪਹੁੰਚਣ 'ਤੇ ਪਰਵਾਸੀ ਭਾਰਤੀ ਹੋਟਲ ਦੇ ਪਿਛਲੇ ਦਰਵਾਜ਼ੇ ਰਾਹੀਂ ਫ਼ਰਾਰ ਹੋ ਗਏ।

ਪੁਲਿਸ ਨੇ ਲਾੜਾ, ਉਸ ਦੀ ਮਾਂ ਤੇ ਭਰਾ ਖ਼ਿਲਾਫ਼ ਗਬਨ ਤੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਿਸ ਅਨੁਸਾਰ ਇਥੋਂ ਦੀ ਨਾਨਕ ਨਗਰੀ ਦੇ ਵਸਨੀਕ ਸਵਰਨ ਸਿੰਘ ਨੇ ਸ਼ਿਕਾਇਤ ਕੀਤੀ ਕਿ ਇਸੇ ਵਰ੍ਹੇ 24 ਜਨਵਰੀ ਨੂੰ ਉਸ ਦੀ ਲੜਕੀ ਦਾ ਰਿਸ਼ਤਾ ਪਰਵਾਸੀ ਭਾਰਤੀ (ਕੈਨੇਡਾ) ਲਖਵੀਰ ਸਿੰਘ ਵਾਸੀ ਈਸੇਵਾਲ (ਲੁਧਿਆਣਾ) ਨਾਲ ਪੱਕਾ ਹੋਇਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਲਾੜੇ ਦੀ ਮਾਂ ਅਮਰਜੀਤ ਕੌਰ ਨੇ ਇਹ ਰਿਸ਼ਤਾ ਪੱਕਾ ਕਰਨ ਲਈ 16 ਲੱਖ ਰੁਪਏ ਲਏ ਸਨ ਤੇ ਇਸ ਬਾਰੇ ਲਿਖਤ ਵੀ ਪੁਲਿਸ ਨੂੰ ਦਿੱਤੀ ਗਈ ਸੀ। ਪਰਵਾਸੀ ਲਾੜੇ ਦੀ ਮਾਂ ਅਮਰਜੀਤ ਕੌਰ ਵਿਆਹ ਲਈ ਲਾਰੇ ਲਾ ਰਹੀ ਸੀ।

ਪੁਲਿਸ ਮੁਤਾਬਕ ਪੀੜਤ ਨੇ ਸ਼ਿਕਾਇਤ ਕੀਤੀ ਕਿ ਪਰਵਾਸੀ ਭਾਰਤੀ ਤੇ ਹੋਰ ਰਿਸ਼ਤੇਦਾਰ ਨੂੰ ਇਕ ਹੋਟਲ ਵਿਚ ਪਿੰਡ ਸਰਾਵਾਂ (ਫ਼ਰੀਦਕੋਟ) ਵਾਸੀ ਗੁਰਪ੍ਰੀਤ ਸਿੰਘ ਦੀ ਭੈਣ ਨਾਲ ਮੰਗਣਾ ਕਰ ਰਹੇ ਸਨ। ਮੌਕੇ 'ਤੇ ਪੁਲੀਸ ਪਹੁੰਚਣ ਨਾਲ ਪਰਵਾਸੀ ਭਾਰਤੀ ਭੱਜ ਗਏ। ਪੁਲਿਸ ਵੱਲੋਂ ਗੁਰਪ੍ਰੀਤ ਸਿੰਘ ਦੇ ਧਾਰਾ 161 ਤਹਿਤ ਬਿਆਨਾਂ ਵਿਚ ਕਿਹਾ ਗਿਆ ਹੈ ਕਿ ਉਸ ਦੀ ਭੈਣ ਨਾਲ ਸ਼ਾਦੀ ਕਰਨ ਲਈ 13 ਲੱਖ ਵਿਚ ਗੱਲ ਤੈਅ ਹੋਈ ਸੀ ਤੇ ਉਨ੍ਹਾਂ ਕੋਲੋਂ 11 ਲੱਖ ਰੁਪਏ ਕੁਝ ਦਿਨ ਪਹਿਲਾਂ ਲਏ ਸਨ ਤੇ ਹੁਣ ਦੋ ਲੱਖ ਹੋਰ ਲੈਣੇ ਸਨ।

## ਕੈਨੇਡਾ 'ਚ ਪੰਜਾਬੀ ਨੌਜਵਾਨ ਤੋਂ ਹਥਿਆਰ ਬਰਾਮਦ

**ਟੋਰਾਂਟੋ:** ਕੈਨੇਡਾ ਦੀ ਪੁਲਿਸ ਨੇ ਪੰਜਾਬੀ ਮੁੰਡੇ ਤੇ ਉਸ ਦੀ ਸਾਥਣ ਨੂੰ ਕੁਝ ਹਥਿਆਰਾਂ ਤੇ ਨਸ਼ੇ ਬਰਾਮਦ ਹੋਣ ਮਗਰੋਂ ਗ੍ਰਿਫ਼ਤਾਰ ਕਰ ਲਿਆ। ਅਪਰਾਧ ਸ਼ਾਖਾ ਦੇ ਅਧਿਕਾਰੀਆਂ ਨੇ ਇਨ੍ਹਾਂ ਦੋਹਾਂ ਨੂੰ ਛਾਪੇ ਦੌਰਾਨ ਗ੍ਰਿਫ਼ਤਾਰ ਕੀਤਾ। ਪੁਲੀਸ ਨੇ ਬਰੈਂਪਟਨ ਦੇ ਇਕ ਘਰ ਵਿਚ ਛਾਪਾ ਮਾਰ ਕੇ .40 ਕੈਲੀਬਰ ਦਾ ਸੈਮੀ-ਆਟੋ ਪਿਸਤੌਲ, ਇਕ .32 ਦਾ ਜੌਹਨਸਨ ਰਿਵਾਲਵਰ, ਗੋਲੀ-ਸਿੱਕਾ, 6 ਔਂਸ ਹੈਰੋਇਨ, ਭੰਗ ਤੇ ਨਕਦੀ ਬਰਾਮਦ ਕੀਤੀ।ਇਸ ਮਾਮਲੇ ਵਿਚ ਪੁਲਿਸ ਨੇ ਹਰਪ੍ਰੀਤ ਰੰਧਾਵਾ (33 ਸਾਲ) ਤੇ ਉਸ ਦੇ ਨਾਲ ਰਹਿੰਦੀ 28 ਸਾਲਾ ਰੌਬਿਨ ਫੇਅਰਲੀ 'ਤੇ ਨਾਜਾਇਜ਼ ਹਥਿਆਰ ਤੇ ਨਸ਼ਾ ਰੱਖਣ ਦੇ ਕਈ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 29 ਦਸੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-44




*ਲੋੜ ਕਾਢ ਦੀ ਮਾਂ ਸੋਚ ਕੇ ਫੈਸ਼ਨ ਨਵਾਂ ਚਲਾਇਆ।*
*ਪਿਆ ਪੁਰਾਣਾ 'ਪੀਟਰ' ਲੈ ਕੇ ਫੱਟੀਆਂ ਜੋੜ ਬਣਾਇਆ।*
*ਹਵਾ ਫੱਕਦਾ ਝੂਟੇ ਲੈਂਦਾ, ਕਰੇ ਸਵਾਰੀ ਜਿਹੜਾ।*
*ਦੇਸੀ ਜੁਗਤਾਂ ਨਾਲ ਬਣ ਗਿਆ ਆਪਣਾ 'ਪੀਟਰ ਰਿਹੜਾ!'*

## ਕੈਪਸ਼ਨ ਮੁਕਾਬਲਾ-42



ਪੰਜਾਬ ਮੇਰੇ 'ਚ ਭੱਠਿਆਂ ਦਾ
ਬਹਿ ਗਿਆ ਯਾਰੋ ਭੱਠਾ।
ਤਪਦਾ ਸੀ ਜੋ ਐਨ ਸਿਖਰ 'ਤੇ
ਅੱਜ ਪੈ ਗਿਆ ਭੱਠਾ ਮੱਠਾ।
ਉਜਾੜ ਪਿਆ, ਨਾ ਦਿਸਣ ਮਜ਼ਦੂਰ,
ਨਾ ਮੁਣਸ਼ੀ, ਨਾ ਇੱਟਾਂ ਦਾ ਚੱਠਾ।
ਮੰਤਰੀਆਂ ਬਸ ਇਕੋ ਸੋਚ ਲੜਾਈ,
ਕਿਧਰੋਂ ਪੈਸਾ ਹੋਵੇ 'ਕੱਠਾ!

***-ਪਰਸ਼ੋਤਮ ਸਿੰਘ ਯੂਬਾ ਸਿਟੀ***

---

ਧੂੰਆਂਖੀਆਂ ਚਿਮਨੀਆਂ ਸੁੰਨੀਆਂ ਹੋਈਆਂ,
ਹੁਕਮ ਸਖ਼ਤ ਨੇ ਆਏ।
ਘਾਹ ਫੂਸ ਨੇ ਕਬਜ਼ਾ ਕਰ ਲਿਆ,
ਜੋ ਸੀ ਚੱਠੇ ਲਾਏ।
ਸਰਕਾਰ ਦਾ ਭੱਠਾ ਗੁੱਲ ਹੋ ਗਿਆ,
ਕਾਮਾ ਕਿਥੋਂ ਰੋਟੀ ਖਾਏ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਧੱਕੇਸ਼ਾਹੀ ਚਲਦੀ ਪੰਜਾਬ ਮੇਰੇ ਵਿਚ,
ਭੁੱਖਮਰੀ ਫੈਲ'ਗੀ ਪੰਜਾਬ ਮੇਰੇ ਵਿਚ।
ਰਾਜ ਮਿਸਤਰੀ-ਮਜ਼ਦੂਰ
ਮਾਰਦੇ ਨਾਅਰੇ ਹੋ ਕੇ 'ਕੱਠੇ,
ਪੰਜਾਬ ਮੇਰੇ ਵਿਚ ਕਰ'ਤੇ
ਬੰਦ ਇੱਟਾਂ ਵਾਲੇ ਭੱਠੇ।
ਇੱਟਾਂ, ਬੱਜਰੀ, ਰੇਤੇ ਦੀ ਬਲੈਕ ਵਧੀ,
ਨਾ ਚਲਦਾ ਕੋਈ ਚਾਰਾ।
ਸਰਕਾਰ ਨੂੰ ਕੀ ਲੱਗੇ, ਭੁੱਖਾ ਮਰੂ
ਰਾਜ ਮਿਸਤਰੀ ਤੇ ਮਜ਼ਦੂਰ ਵਿਚਾਰਾ।

***-ਗੋਰਾ ਪ੍ਰਜਾਪਤ***
***ਫੋਨ: 646-721-1964***

---

ਤੇਰੀ ਚਿਮਨੀ 'ਚੋਂ ਉਡਦਾ ਧੂੰਆਂ
ਮੈਂ ਸ਼ਹਿਰ ਜਾਂਦਿਆਂ ਨਿੱਤ ਵੇਖਦਾ ਰਿਹਾ।
ਚਹਿਲ-ਪਹਿਲ ਸੀ ਤੇਰੇ ਆਲੇ-ਦੁਆਲੇ,
ਤੂੰ ਬੁੱਕਲ 'ਚ ਇੱਟਾਂ ਸੇਕਦਾ ਰਿਹਾ।
ਕੱਚੀਆਂ-ਪੱਕੀਆਂ ਇੱਟਾਂ ਦੇ ਢੇਰ ਵੇਖੇ,
ਮਾਲਕ ਇੱਟਾਂ 'ਤੇ ਇੱਟਾਂ ਵੇਚਦਾ ਰਿਹਾ।
ਮੈਨੂੰ ਯਾਦ ਹੈ, ਤੇਰੇ ਸਿਰੋਂ ਨਿਕਲਦਾ ਧੂੰਆਂ,
ਮੇਰੇ ਪਿੰਡ ਦੀ ਹਵਾ ਨੂੰ ਧੁੰਆਂਖਦਾ ਰਿਹਾ।
ਅੱਜ ਵੇਖ, ਤੇਰਾ ਹਸ਼ਰ ਕੀ ਹੋਇਆ,
ਕਦੇ ਤੂੰ ਤਰੱਕੀਆਂ ਪੁਲਾਂਘਦਾ ਰਿਹਾ।

***-ਬਿਕਰਮਜੀਤ ਸਿੰਘ ਬਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਹਰ ਪਾਸੇ ਪੰਜਾਬ ਦੇ ਅੰਦਰ
ਹਫੜਾ-ਦਫੜੀ ਧੱਕਾ।
ਹੁਕਮ ਚਲਾਵੇ ਮਨ ਮਰਜੀ ਦੇ
ਧੱਕੜ ਚੋਰ ਉਚੱਕਾ।
ਏਸੇ ਕਰਕੇ ਬਹਿ ਗਿਆ
ਉਥੇ ਭੱਠੇ ਦਾ ਵੀ ਭੱਠਾ!

***-ਫਕੀਰ ਚੰਦ ਸੈਂਪਲਾ, ਐਲ.ਏ.***

---

'ਇਟ ਖੜਕੇ ਦੁਪੜ ਵੱਜੇ'
ਕਹਿ ਗਿਆ ਸਾਂਈਂ ਬੁਲ੍ਹਾ।
ਰਾਜ ਮਿਸਤਰੀ ਵਿਹਲੇ ਬੈਠੇ
ਤਪਦਾ ਨਾਹੀਂ ਚੁਲ੍ਹਾ।
ਮਾੜੇ ਦਿਨ ਪੰਜਾਬ ਦੇ!
ਦਰ ਅਜਾਬ ਦਾ ਖੁਲ੍ਹਾ!

***-ਬੱਲੀ ਸਿੰਘ ਸੈਨ ਹੋਜ਼ੇ***

# ਨਾਮਧਾਰੀ ਸੰਪਰਦਾਇ ਤੇ ਮਹਿਲਾ ਸ਼ਕਤੀ

ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਪਏ ਸਮਾਜਕ ਤੇ ਧਾਰਮਕ ਪਾੜੇ ਦਾ ਅਨੁਮਾਨ ਲਾਉਣਾ ਸੌਖਾ ਨਹੀਂ। ਇਸ ਦੀਆਂ ਪਰਤਾਂ ਬਹੁਤ ਡੂੰਘੀਆਂ ਹਨ। ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਸੰਪਰਦਾਇ ਦੇ ਯੋਗਦਾਨ ਉਤੇ ਸਾਰੇ ਸੰਗ੍ਰਾਮੀ ਮਾਣ ਕਰਦੇ ਆਏ ਹਨ। ਧਾਰਮਕ ਤੇ ਰਾਜਨੀਤਕ ਜਾਗ੍ਰਿਤੀ ਲਈ ਮਹਿਲਾ ਸ਼ਕਤੀ ਨੂੰ ਬਣਦਾ ਸਨਮਾਨ ਦੇਣਾ ਇਸ ਦੀ ਵਿਲੱਖਣਤਾ ਸੀ। ਸਤਿਗੁਰੂ ਰਾਮ ਸਿੰਘ ਨੇ ਯੁਵਕ ਮੰਡਲੀਆਂ ਤੇ ਯੁਵਤੀ ਮੰਡਲ ਬਣਾ ਕੇ ਮਰਦਾਨਾ ਤੇ ਜ਼ਨਾਨਾ ਟੀਮਾਂ ਦੇ ਮੁਕਾਬਲੇ ਕਰਾਉਣ ਦੀ ਪਿਰਤ ਪਾਈ। ਵਿਆਹ-ਸ਼ਾਦੀਆਂ ਉਤੇ ਕੀਤੀ ਜਾਂਦੀ ਫ਼ਜ਼ੂਲ ਖਰਚੀ ਤੇ ਦਾਜ-ਦਹੇਜ ਨੂੰ ਬੰਦ ਕਰਨ ਲਈ ਸਮੂਹਕ ਵਿਆਹਾਂ ਦੀ ਪਿਰਤ ਪਾਉਣ ਵਾਲੇ ਵੀ ਉਹੀਓ ਸਨ। ਮੋਗਾ ਜ਼ਿਲੇ ਦੇ ਪਿੰਡ ਖੋਟੇ ਤੋਂ ਸਤਿਗੁਰੂ ਰਾਮ ਸਿੰਘ ਦੇ ਵੇਲੇ ਅਰੰਭ ਹੋਈ ਇਸ ਪ੍ਰਥਾ ਨੂੰ ਸਤਿਗੁਰੂ ਜਗਜੀਤ ਸਿੰਘ ਨੇ ਵਿਸ਼ੇਸ਼ ਹੁਲਾਰਾ ਦਿੱਤਾ। ਧੀ ਧਿਆਣੀ ਨੂੰ ਦਾਜ ਦਹੇਜ ਤੋਂ ਮੁਕਤ ਕਰਨ ਵਾਲੀ ਇਸ ਪਹਿਲਕਦਮੀ ਦਾ ਹੋਰ ਕੋਈ ਸਾਨੀ ਨਹੀਂ।

ਮੇਰੀ ਨਾਨੀ ਦਾ ਪੇਕਾ ਪਿੰਡ ਬਸੀ ਪਠਾਣਾ ਦੇ ਨੇੜੇ ਮਹਿਦੂਦਾਂ ਸੀ। ਉਸ ਦਾ ਪੇਕਾ ਪਰਿਵਾਰ ਨਾਮਧਾਰੀ ਸੰਪਰਦਾਇ ਨੂੰ ਪਰਨਾਇਆ ਹੋਇਆ ਸੀ। ਉਸ ਦੇ ਦੋ ਭਤੀਜੇ ਪ੍ਰੀਤਮ ਸਿੰਘ ਤੇ ਚੰਨਣ ਸਿੰਘ ਤਾਂ ਪਿੰਡ ਰਹਿ ਕੇ ਵਾਹੀ ਖੇਤੀ ਕਰਦੇ ਰਹੇ ਬਾਕੀ ਸਾਰੇ ਮੱਲ ਸਿੰਘ, ਕਰਤਾਰ ਸਿੰਘ, ਬਲਵੰਤ ਸਿੰਘ ਤੇ ਮੱਘਰ ਸਿੰਘ ਦਿੱਲੀ ਜਾ ਕੇ ਟੈਕਸੀ ਟਰਾਂਸਪੋਰਟ ਦੇ ਕੰਮ ਵਿਚ ਪੈ ਗਏ। ਉਹ ਜਿੱਥੇ ਵੀ ਰਹੇ ਮਹਿਲਾ ਵਿਦਿਆ ਤੇ ਮਹਿਲਾ ਸ਼ਕਤੀ ਦਾ ਸਮਰਥਨ ਕਰਦੇ ਰਹੇ। ਮੈਂ ਅਪਣੀ ਨਾਨੀ ਨੂੰ ਕੂਕਾ (ਨਾਮਧਾਰੀ) ਸ਼ਕਤੀ ਉਤੇ ਮਾਣ ਕਰਦੇ ਵੇਖਿਆ


ਬਾਬਾ ਜਗਜੀਤ ਸਿੰਘ

ਹੈ। ਮਾਤਾ ਗੁਜਰੀ ਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਤੇ ਮਾਣ ਕਰਨ ਵਾਲੀ ਨਾਨੀ ਨਾਲ ਮੇਰਾ ਨਾਨਾ ਔਖਾ ਹੋ ਕੇ ਬੋਲਦਾ ਤਾਂ ਉਹ ਕੇਵਲ ਇੱਕ ਨਿੱਕਾ ਜਿਹਾ ਵਾਕ ਬੋਲ ਕੇ ਉਹਨੂੰ ਚੁੱਪ ਕਰਾ ਦਿੰਦੀ ਸੀ। 'ਮੈਂ ਕੂਕਿਆਂ ਦੀ ਧੀ ਆਂ ਸਰਦਾਰਾ, ਜ਼ਰਾ ਹੋਸ਼ ਨਾਲ ਗੱਲ ਕਰ।' ਨਾਨਾ ਚੁੱਪ ਹੋ ਜਾਂਦਾ ਸੀ। ਉਹ ਨਾਨਾ ਜਿਹੜਾ ਜੰਗਲੀ ਸੂਰਾਂ ਦੇ ਸ਼ਿਕਾਰ ਅਤੇ ਪਿੰਡਾਂ ਦੇ ਜੱਟਾਂ ਦੀਆਂ ਜ਼ਮੀਨਾਂ ਗਹਿਣੇ ਲੈਣ ਲਈ ਜਾਣਿਆ ਜਾਂਦਾ ਸੀ, ਮੇਰੀ ਨਾਨੀ ਦੇ ਅੱਧੇ ਬੋਲ ਨਾਲ ਥਥਲਾਉਣ ਲੱਗ ਜਾਂਦਾ ਸੀ। ਨਾਨੀ ਨੂੰ ਇਹ ਸ਼ਕਤੀ ਕੂਕਿਆਂ ਤੋਂ ਮਿਲੀ ਸੀ। ਮੇਰੇ ਨਾਨੇ ਵਰਗੇ ਸ਼ਾਹੂਕਾਰਾਂ ਵਲੋਂ ਗਹਿਣੇ ਲੈ ਕੇ ਕਬਜ਼ੇ ਕੀਤੀਆਂ ਜ਼ਮੀਨਾਂ ਨੂੰ ਛੁਡਵਾਉਣ ਲਈ ਜਿਥੇ ਸਰ ਛੋਟੂ ਰਾਮ ਨੂੰ ਐਕਟ ਪਾਸ ਕਰਵਾਉਣਾ ਪਿਆ, ਪੰਜ ਧੀਆਂ ਦੀ ਮਾਂ, ਮੇਰੀ ਨਾਨੀ ਉਹਨੂੰ ਦੋ ਸ਼ਬਦਾਂ ਨਾਲ ਚੁੱਪ ਕਰਾ ਲੈਂਦੀ ਸੀ। ਨਾਮਧਾਰੀਆਂ ਵਲੋਂ ਦਿੱਤੀ ਮਹਿਲਾ ਸ਼ਕਤੀ ਦਾ ਇਹ ਇਕ ਨਿੱਕਾ ਜਿਹਾ ਸਬੂਤ ਹੈ ਜਿਸ ਦਾ ਇੱਕ ਰੂਪ ਅਸੀਂ ਸਤਿਗੁਰੂ ਜਗਜੀਤ ਸਿੰਘ ਦੇ ਵੇਲੇ ਤੱਕ ਹੁੰਦੇ ਆਏ ਸਮੂਹਕ ਵਿਆਹਾਂ ਦੇ ਰੂਪ ਵਿਚ ਵੇਖਦੇ ਆਏ ਹਾਂ। ਅਸੀਂ ਆਸ ਕਰਦੇ ਹਾਂ ਕਿ ਮਹਿਲਾ ਸ਼ਕਤੀ ਤੇ ਮਹਿਲਾ ਵਿਦਿਆ ਦਾ ਆਦਰ ਮਾਣ ਵਧਾਉਣ ਵਾਲੇ ਇਹ ਸਾਰੇ ਕਾਰਜ ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਵੀ ਇਸੇ ਤਰ੍ਹਾਂ ਬਣੇ ਰਹਿਣਗੇ।

### ਪੰਜਾਂ ਪਾਣੀਆਂ ਦਾ ਸੱਤ ਸਾਗਰੀ ਪਸਾਰਾ

ਆਵਾਜਾਈ ਤੇ ਇੰਟਰਨੈਟ ਦੇ ਵਸੀਲਿਆਂ ਨੇ ਸਪਤ ਸਿੰਧੂ, ਪੰਜਾਬ ਤੇ ਸਤ ਸਮੁੰਦਰਾਂ ਦੇ ਸਭਿਆਚਾਰ ਨੂੰ ਰਲਗੱਡ ਵੀ ਕੀਤਾ ਹੈ ਤੇ ਇੱਕ ਮਿੱਕ ਵੀ। ਪੰਜਾਬੀ ਸਭਿਆਚਾਰ ਦੀ ਗੱਲ ਕਰਨੀ ਹੋਵੇ ਤਾਂ ਜੱਦੀ ਪੁਸ਼ਤੀ ਪੰਜਾਬੀ ਬਾਹਰਲੇ ਦੇਸਾਂ ਵਿਚ ਜਾ ਕੇ ਵੀ ਪੰਜਾਬੀ ਹਨ ਤੇ ਬਾਹਰੋਂ ਆ ਕੇ ਏਥੇ ਵੱਸਣ ਵਾਲਿਆਂ ਦੇ ਪੰਜਾਬੀਕਰਨ ਵਿਚ ਵੀ ਪੂਰੇ ਪੰਜਾਬੀ। ਇਤਿਹਾਸ, ਮਿਥਿਹਾਸ, ਮੱਤ-ਸੁਮੱਤ, ਕਦਰਾਂ-ਕੀਮਤਾਂ ਤੇ ਧਾਰਮਕ ਪਸਾਰਾ ਇਸ ਦੇ ਨਮੂਨੇ ਵੀ ਹਨ ਤੇ ਥਮਲੇ ਵੀ। ਮੇਲ ਮੇਲੇ, ਉਤਸਵ ਤੇ ਅਨੁਵਾਦ ਰਾਹੀਂ ਆਦਾਨ ਪ੍ਰਦਾਨ ਹਰ ਤਰ੍ਹਾਂ ਦੀ ਜਾਗ੍ਰਤੀ ਦਾ ਧੁਰਾ ਬਣਦੇ ਆਏ ਹਨ। ਕੁਝ ਇਸ ਤਰ੍ਹਾਂ ਦੀ ਧਾਰਨਾ ਨੂੰ ਮੁੱਖ ਰਖਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅਪਣੀਆਂ ਸਾਲਾਨਾ ਕਾਨਫਰੰਸਾਂ ਵਿਚ ਪੰਜਾਬੀ ਡਾਇਸਪੋਰਾ ਕਾਨਫਰੰਸ ਕਰਨਾ ਵੀ ਸ਼ਾਮਲ ਕਰ ਲਿਆ ਹੈ। ਪਿਛਲੇ ਹਫਤੇ ਇਹ ਕਾਨਫਰੰਸ ਉਥੋਂ ਦੇ ਪੰਜਾਬੀ ਵਿਭਾਗ ਵਲੋਂ ਕਰਵਾਈ ਗਈ ਜਿਸ ਵਿਚ ਦੋ ਪਾਸੀ ਆਦਾਨ ਪ੍ਰਦਾਨ ਦੇ ਢੰਗ ਤਰੀਕਿਆਂ ਉਤੇ ਖੁਲ੍ਹੀ ਚਰਚਾ ਹੋਈ ਤੇ ਸਾਰਥਕ ਨਤੀਜੇ ਕੱਢੇ ਗਏ।

ਕਾਨਫਰੰਸ ਵਿਚ ਯੂਨੀਵਰਸਿਟੀ ਅਧਿਕਾਰੀਆਂ ਨੇ ਵਚਨ ਦਿੱਤਾ ਕਿ ਉਹ ਕਾਇਦੇ, ਕਾਨੂੰਨਾਂ, ਤੇ ਇੰਟਰਨੈਟ ਰਾਹੀਂ ਵਿਦੇਸ਼ੀਂ ਜਾ ਕੇ ਵੱਸਣ ਵਾਲੇ ਪੰਜਾਬੀਆਂ ਲਈ ਤਕਨੀਕੀ ਸਹਾਇਤਾ ਤੇ ਨਿੰਜੀ ਸੰਪਰਕ ਦਾ ਪ੍ਰਬੰਧ ਕਰਨਗੇ। ਇਸ ਗੱਲ ਦੀ ਵੀ ਬੇਨਤੀ ਕੀਤੀ ਗਈ ਕਿ ਜਿਹੜੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਲੰਮੇ ਸਮੇਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਹਨ ਉਹ ਅਪਣੇ ਵਲੋਂ ਅਪਣਾਏ ਦੇਸ਼ ਤੇ ਭਾਈਚਾਰੇ ਦੀਆਂ ਗੁਣਕਾਰੀ ਕਦਰਾਂ ਕੀਮਤਾਂ ਨੂੰ ਮੇਲ ਜੋਲ ਜਾਂ ਅਨੁਵਾਦ ਰਾਹੀਂ ਏਧਰ ਪਹੁੰਚਾਉਣ। ਜਿਥੋਂ ਤੱਕ ਪੰਜਾਬੀ ਯੂਨੀਵਰਸਿਟੀ ਦਾ ਸਬੰਧ ਹੈ ਉਹ ਹਰ ਅਜਿਹਾ ਉਪਰਾਲਾ ਕਰਨ ਵਾਲੇ ਦੇ ਨਾਲ ਖੜ੍ਹੇਗੀ ਤੇ ਇਸ ਦਾ ਪਸਾਰਾ ਕਰਨ ਵਿਚ ਉਸ ਦੀ ਸਹਾਇਤਾ ਕਰੇਗੀ। ਇਸ ਪ੍ਰਥਮ ਕਾਨਫਰੰਸ ਵਿਚ ਸੈਂਕੜੇ ਦੇਸ਼ਾਂ ਦੇ ਪੰਜਾਬੀਆਂ ਨੇ ਭਾਗ ਲਿਆ ਜਿਸ ਦੀ ਸਫਲਤਾ ਨੂੰ ਮੁਖ ਰਖਦਿਆਂ ਯੂਨੀਵਰਸਿਟੀ ਨੇ ਇਹ ਮੰਚ ਸਥਾਈ ਤੌਰ ਤੇ ਬਣਾਈ ਰਖਣ ਲਈ ਇਸ ਅਮਲ ਨੂੰ ਸਾਲਾਨਾ ਰੂਪ ਦੇਣ ਦਾ ਫੈਸਲਾ ਕੀਤਾ ਹੈ।

**ਅੰਤਿਕਾ:**
ਕਿਰਪਾਲ ਸਿੰਘ ਯੋਗੀ
ਉਸਦਾ ਹਰ ਸ਼ੈਅ 'ਚ ਅਕਸ ਬਾਕੀ ਹੈ,
ਚਾਹੇ ਆ ਕੇ ਚਲਾ ਗਿਆ ਕੋਈ।

# ਗੁਜਰਾਲ ਸਾਹਿਬ ਨੂੰ ਯਾਦ ਕਰਦਿਆਂ

ਭਾਰਤ ਦੇ 12ਵੇਂ ਪ੍ਰਧਾਨ ਮੰਤਰੀ ਮਰਹੂਮ ਇੰਦਰ ਕੁਮਾਰ ਗੁਜਰਾਲ ਬਾਰੇ ਖਾਸ ਗੱਲ ਜੋ ਮੈਂ ਇਥੇ ਦੱਸਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਜਲੰਧਰ ਵਿਚ ਜਦੋਂ ਉਹ ਬਤੌਰ ਪ੍ਰਧਾਨ ਮੰਤਰੀ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਤਾਂ ਸਟੇਜ ਉਪਰ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵੀ ਬਿਰਾਜਮਾਨ ਸਨ। ਗੁਜਰਾਲ ਸਾਹਿਬ ਨੇ ਇਨ੍ਹਾਂ ਦੋਹਾਂ ਵੱਡੇ ਅਕਾਲੀ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770


ਨੇਤਾਵਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਪੰਜਾਬ ਦੀਆਂ ਜਿੰਨੀਆਂ ਵੀ ਮੰਗਾਂ ਨੇ, ਉਹ ਸਾਰੀਆਂ ਮੇਰੇ ਕੋਲ ਲੈ ਆਉਣ, ਮੈਂ ਮੰਨ ਲਵਾਂਗਾ; ਪਰ ਇਹ ਮੇਰੀ ਸਿਰਫ਼ ਇਕ ਮੰਗ ਮੰਨ ਲੈਣ ਕਿ ਪੰਜਾਬ ਦੇ ਸਾਰੇ ਲੋਕਾਂ ਨੂੰ ਪੜ੍ਹੇ ਲਿਖੇ ਬਣਾ ਦੇਣ, ਘੱਟੋ ਘੱਟ ਇੰਨੇ ਕੁ ਤਾਂ ਜ਼ਰੂਰ ਕਿ ਉਹ ਗੁਰਬਾਣੀ ਆਪ ਪੜ੍ਹ ਸਕਣ।"

ਗੁਜਰਾਲ ਸਾਹਿਬ ਨੇ ਇਹ ਬੜੀ ਵੱਡੀ ਮੰਗ ਰੱਖ ਦਿੱਤੀ। ਗੁਜਰਾਲ ਸਾਹਿਬ ਦੀ ਜੇ ਇਹ ਇਕੋ ਇਕ ਇੱਛਾ ਕਦੇ ਪੂਰੀ ਹੋ ਜਾਵੇ ਤਾਂ ਪੰਜਾਬ ਨੂੰ ਹੋਰ ਕਿਸੇ ਮੰਗ ਦੀ ਲੋੜ ਹੀ ਨਹੀਂ ਰਹਿ ਜਾਂਦੀ। ਪੰਜਾਬ ਤਾਂ ਕੀ, ਸਾਰੇ ਦੇਸ਼ ਦੀਆਂ ਬੁਰਾਈਆਂ ਦਾ ਹੱਲ ਹੀ ਇਹੋ ਹੈ। ਜੇ ਦੇਸ਼ ਦੇ ਲੋਕ ਸਿਆਣੇ, ਪੜ੍ਹੇ ਲਿਖੇ ਅਤੇ ਸੂਝਵਾਨ ਹੋਣ ਤਾਂ ਇਹ ਜੋ ਗੜਦੈਂਤ, ਮਗਰਮੱਛ ਅਤੇ ਫਿਤਨੇ ਮੱਕਾਰ ਲੋਕ ਵਾਰੀ ਵਾਰੀ ਅਤੇ ਵਾਰ ਵਾਰ ਰਾਜ ਗੱਦੀਆਂ ਉਤੇ ਬੈਠ ਕੇ ਦੇਸ਼ ਨੂੰ ਲੁੱਟ ਰਹੇ ਹਨ, ਇਹ ਸਾਰੇ ਜੇਲ੍ਹਾਂ ਵਿਚ ਹੋਣ। ਪੜ੍ਹੇ ਲਿਖੇ ਲੋਕ ਦੋ ਮੁੱਠਾਂ ਆਟਾ ਤੇ ਇਕ ਮੁੱਠ ਦਾਲ ਅਤੇ ਡੋਡੇ, ਭੁੱਕੀ, ਸ਼ਰਾਬ ਤੇ ਚਾਰ ਛਿਲੜ ਨਕਦ ਲੈ ਕੇ ਕਦੇ ਵੋਟ ਨਹੀਂ ਪਾਉਂਦੇ।

ਉਂਜ, ਅਕਲ ਅਤੇ ਇਨਸਾਨੀਅਤ ਤੋਂ ਸੱਖਣੇ ਵੱਡੇ ਵੱਡੇ ਸਰਦਾਰ ਅਤੇ ਅਮੀਰਜ਼ਾਦੇ, ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦੇ ਕਿ ਕੋਈ ਜਣਾ ਖਣਾ ਥੱਲਿਉਂ ਉਠ ਕੇ ਉਨ੍ਹਾਂ ਦੇ ਬਰਾਬਰ ਆ ਖੜ੍ਹਾ ਹੋਵੇ। ਕਹਿੰਦੇ ਨੇ ਕਿ ਰਾਜਾਸਾਂਸੀ ਦੇ ਮਾਲਕ ਸਰਦਾਰ ਨੇ ਆਪਣੇ ਜੀਂਦੇ ਜੀਅ ਰਾਜਾਸਾਂਸੀ ਕਸਬੇ ਵਿਚ ਸਕੂਲ ਨਹੀਂ ਸੀ ਖੁੱਲ੍ਹਣ ਦਿੱਤਾ।

ਹੁਣ ਗੁਜਰਾਲ ਸਾਹਿਬ ਦੀ ਦੂਜੀ ਗੱਲ। ਜਦੋਂ ਉਹ 1998 ਵਾਲੀ ਲੋਕ ਸਭਾ ਚੋਣ ਵਿਚ ਜਲੰਧਰ ਹਲਕੇ ਤੋਂ ਅਕਾਲੀ ਦਲ ਦੀ ਹਮਾਇਤ ਨਾਲ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਨ ਤਾਂ ਇਕ ਸ਼ਾਮ ਨੂੰ ਜਲੰਧਰ ਵਿਚ ਸਰਗਰਮ ਵਰਕਰਾਂ ਦੀ ਮੀਟਿੰਗ ਵਿਚ ਵਰਕਰਾਂ ਨੇ ਗੁਜਰਾਲ ਸਾਹਿਬ ਨੂੰ ਦੱਸਿਆ ਕਿ ਆਪਣੇ ਰਵਾਇਤੀ ਚੋਣ ਸਭਿਆਚਾਰ ਅਨੁਸਾਰ ਲੋਕ ਸ਼ਰਾਬ ਦੀ ਮੰਗ ਕਰਦੇ ਹਨ; ਜਦੋਂ ਵਿਰੋਧੀ ਪਾਰਟੀ ਵਾਲੇ ਸ਼ਰਾਬ ਅਤੇ ਪੈਸਾ ਵੰਡ ਰਹੇ ਹਨ ਤਾਂ ਸਾਨੂੰ ਵੀ ਇਹ ਕੰਮ ਕਰਨਾ ਪਵੇਗਾ। ਇਸ ਦੇ ਜਵਾਬ ਵਿਚ ਗੁਜਰਾਲ ਸਾਹਿਬ ਨੇ ਕਿਹਾ ਕਿ ਮੈਂ ਨਾ ਤਾਂ ਸ਼ਰਾਬ ਵੰਡਾਂਗਾ ਅਤੇ ਨਾ ਹੀ ਪੈਸਾ; ਲੋਕ ਬੇਸ਼ਕ ਵੋਟ ਪਾਉਣ ਭਾਵੇਂ ਨਾ ਪਾਉਣ। ਮੈਨੂੰ ਸ਼ਰਾਬ ਅਤੇ ਪੈਸੇ ਨਾਲ ਪ੍ਰਾਪਤ ਕੀਤੀ ਜਿੱਤ ਨਹੀਂ ਚਾਹੀਦੀ। ਤੁਸੀਂ ਬੇਸ਼ੱਕ ਮੇਰਾ ਇਹ ਸੁਨੇਹਾ ਵੋਟਰਾਂ ਨੂੰ ਦੇ ਦਿਓ।...ਚੋਣ ਵਿਚ ਖੜ੍ਹਾ ਕੋਈ ਮਾਂ ਦਾ ਲਾਲ ਉਮੀਦਵਾਰ ਇਹੋ ਜਿਹਾ ਘਾਤਕ ਐਲਾਨ ਨਹੀਂ ਕਰ ਸਕਦਾ। ਉਂਜ ਭਾਵੇਂ ਸਥਾਨਕ ਲੀਡਰਾਂ ਨੇ ਆਪਣੇ ਪੱਧਰ 'ਤੇ ਇਸ ਸਬੰਧੀ ਕੋਈ ਥੋੜ੍ਹਾ ਬਹੁਤਾ ਕਾਰ ਵਿਹਾਰ ਕੀਤਾ ਹੋਵੇ ਪਰ ਗੁਜਰਾਲ ਸਾਹਿਬ ਦਾ ਐਲਾਨ ਪੱਕਾ ਸੀ।

ਗੁਜਰਾਲ ਸਾਹਿਬ ਭਾਰਤ ਦੇ ਪਹਿਲੇ ਪੰਜਾਬੀ ਅਤੇ ਪੰਜਾਬ ਹਿਤੈਸ਼ੀ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਪੰਜਾਬ ਵਾਸਤੇ ਬਹੁਤ ਕੁਝ ਕੀਤਾ। ਕਹਿੰਦੇ ਨੇ, ਉਨ੍ਹਾਂ ਨੇ ਪੰਜਾਬ ਨੂੰ ਖੁੱਲ੍ਹੇ ਗੱਫੇ ਦਿੱਤੇ। ਉਂਜ ਇਹ ਖੁੱਲ੍ਹੇ ਗੱਫੇ ਕਿਤੇ ਨਜ਼ਰ ਤਾਂ ਆਉਂਦੇ ਨਹੀਂ ਪੰਜਾਬ ਵਿਚ। ਖਾਸ ਖਾਸ ਬੰਦਿਆਂ ਨੂੰ ਭਾਵੇਂ ਇਨ੍ਹਾਂ ਖੁੱਲ੍ਹੇ ਗੱਫਿਆਂ ਦਾ ਫਾਇਦਾ ਹੋਇਆ ਹੋਵੇ ਪਰ ਆਮ ਬੰਦੇ ਉਪਰ ਤਾਂ ਇਨ੍ਹਾਂ ਦਾ ਅਸਰ ਕਿਤੇ ਵੇਖਣ ਵਿਚ ਨਹੀਂ ਆਇਆ। ਗੁਜਰਾਲ ਸਾਹਿਬ ਨੇ ਖਾੜਕੂਵਾਦ ਦੌਰਾਨ ਪੰਜਾਬ ਸਿਰ ਚੜ੍ਹੇ ਵੱਡੇ ਕਰਜ਼ੇ ਨੂੰ ਮੁਆਫ਼ ਕਰਨ ਦਾ ਐਲਾਨ ਕਰ ਕੇ


ਇੰਦਰ ਕੁਮਾਰ ਗੁਜਰਾਲ

ਪੰਜਾਬ ਨੂੰ ਵੱਡੇ ਆਰਥਿਕ ਸੰਕਟ ਵਿਚੋਂ ਕੱਢਿਆ। ਬਾਅਦ ਵਿਚ ਅੱਜ ਤੱਕ ਵੀ ਇਹੋ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਇਹ ਐਲਾਨ ਸਿਰਫ਼ ਐਲਾਨ ਹੀ ਸੀ। ਮੁਆਫ ਕੁਝ ਨਹੀਂ ਹੋਇਆ, ਐਵੇਂ ਥੋੜ੍ਹਾ ਬਹੁਤਾ ਕਰਜ਼ਾ ਹੀ ਇੱਧਰ ਉੱਧਰ ਕੀਤਾ ਗਿਆ ਸੀ। ਕੋਈ ਬੰਦਾ ਵੀ ਪੰਜਾਬ ਦੀ ਮੌਜੂਦਾ ਆਰਥਿਕ ਦਿਸ਼ਾ ਅਤੇ ਦਸ਼ਾ ਨੂੰ ਵੇਖ ਕੇ ਇਹ ਨਹੀਂ ਆਖ ਸਕਦਾ ਕਿ ਪੰਜਾਬ ਆਰਥਿਕ ਸੰਕਟ ਵਿਚੋਂ ਨਿਕਲ ਕੇ ਖੁਸ਼ਹਾਲੀ ਦੇ ਰਾਹ ਪੈ ਗਿਆ ਹੈ। ਹਾਂ, ਇਹ ਜ਼ਰੂਰ ਵੇਖਣ ਵਿਚ ਆਉਂਦਾ ਹੈ ਕਿ ਗੁਜਰਾਲ ਸਾਹਿਬ ਨੇ ਆਪਣੇ ਖਾਨਦਾਨ ਦਾ ਨਾਮ ਰੋਸ਼ਨ ਕਰਨ ਲਈ ਸਰਕਾਰੀ ਪੈਸੇ ਨਾਲ ਜਲੰਧਰ ਲਾਗੇ 'ਪੁਸ਼ਪਾ ਗੁਜਰਾਲ ਸਾਇੰਸ ਸਿਟੀ' ਸਥਾਪਤ ਕੀਤਾ ਹੈ। ਚਲੋ, ਇਹ ਉਨ੍ਹਾਂ ਦਾ ਹੱਕ ਸੀ, ਇਹਦੇ ਉਪਰ ਕਿੰਤੂ-ਪ੍ਰੰਤੂ ਕਾਹਦਾ! ਆਮ ਆਦਮੀ ਨੂੰ ਤਾਂ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਵੀ ਕੋਈ ਫਰਕ ਪੈ ਹੀ ਨਹੀਂ ਸਕਦਾ। ਬਸ, ਇਹੀ ਤਾਂ ਸਿਆਸੀ ਟਰਿਕ ਹੈ!

ਜੇ ਪੰਜਾਬ ਦਾ, ਪੰਜਾਬੀ ਪ੍ਰਧਾਨ ਮੰਤਰੀ ਪੰਜਾਬ ਦੀਆਂ ਮੰਗਾਂ ਨਹੀਂ ਮੰਨੇਗਾ ਤਾਂ ਦੂਜੇ ਗੈਰ-ਪੰਜਾਬੀ ਪ੍ਰਧਾਨ ਮੰਤਰੀ ਨੇ ਪੰਜਾਬ ਤੋਂ ਕੀ ਲੈਣੈ? ਪਰ ਜੇ ਵੇਖਿਆ ਜਾਵੇ ਤਾਂ ਪੰਜਾਬ ਦੀ ਮੰਗ ਹੈ ਵੀ ਕੋਈ ਨਹੀਂ। ਪੰਜਾਬ ਦੇ ਆਮ ਲੋਕਾਂ ਦੀ ਮੰਗ ਹੈ ਲੁੱਟ ਕੁੱਟ ਅਤੇ ਗੋਲੀ!!...ਤੇ ਇਹ ਮੰਗ ਉਨ੍ਹਾਂ ਦੀ ਪੂਰੀ ਹੋਈ ਜਾ ਰਹੀ ਹੈ। ਇਸੇ ਲਈ ਲੋਕ ਚੁੱਪ ਹਨ। ਪੰਜਾਬ ਦੇ ਦਰਦੀ ਚੌਧਰੀਆਂ, ਠੇਕੇਦਾਰਾਂ ਅਤੇ ਵਾਲੀਵਾਰਸਾਂ ਦੀ ਇਕੋ ਇਕ ਨਿੱਜੀ ਮੰਗ ਹੈ ਜਿਸ ਨੂੰ ਉਹ ਪੰਜਾਬ ਦੀਆਂ ਮੰਗਾਂ ਦੇ ਉਹਲੇ ਵਿਚ ਪੂਰੀ ਕਰਨੀ ਚਾਹੁੰਦੇ ਹਨ। ਜਦੋਂ ਉਨ੍ਹਾਂ ਦੀ ਇਸ ਮੰਗ ਦੀ ਪੂਰਤੀ ਹੋ ਜਾਂਦੀ ਹੈ ਤਾਂ ਉਹ ਪੰਜਾਬ ਦੀਆਂ ਮੰਗਾਂ ਵਾਲਾ ਝੁਰਲੂ ਆਪਣੇ ਬਸਤੇ ਵਿਚ ਬੰਦ ਕਰ ਲੈਂਦੇ ਹਨ। ਲੋੜ ਅਨੁਸਾਰ ਸਮੇਂ ਸਮੇਂ ਤੇ ਪੰਜਾਬ ਦੀਆਂ ਮੰਗਾਂ ਵਾਲਾ ਡਮਰੂ ਵਜਾਉਣ ਤੋਂ ਉਹ ਕਦੇ ਨਹੀਂ ਉਕਦੇ। ਅੰਮ੍ਰਿਤਸਰ ਵਿਚ ਇਕ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਟੇਜ ਉਤੇ ਬੈਠੇ ਬਾਦਲ ਬਾਪ ਬੇਟੇ ਨੂੰ ਮੁਖ਼ਾਤਿਬ ਹੁੰਦਿਆਂ ਇਹ ਆਖਿਆ ਕਿ ਮੈਨੂੰ ਪੰਜਾਬ ਦੀਆਂ ਮੰਗਾਂ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਮੈਂ ਤੁਹਾਨੂੰ (ਲੋਕਾਂ ਨੂੰ) ਦੱਸ ਦਿਆਂ ਕਿ ਆਹ ਬਾਦਲ ਸਾਹਿਬ ਬੈਠੇ ਹਨ, ਇਹ ਜਦੋਂ ਵੀ ਮੇਰੇ ਕੋਲ ਕੋਈ ਨਿੱਜੀ ਮੰਗ ਲੈ ਕੇ ਆਉਂਦੇ ਹਨ, ਮੈਂ ਉਸੇ ਵੇਲੇ ਪੂਰੀ ਕਰ ਦਿੰਦਾ ਹਾਂ ਪਰ ਪੰਜਾਬ ਦੀਆਂ ਮੰਗਾਂ ਤਾਂ ਇਨ੍ਹਾਂ ਨੇ ਮੇਰੇ ਤੋਂ ਕਦੇ ਮੰਗੀਆਂ ਹੀ ਨਹੀਂ। ਇਹ ਬਿਆਨ ਅਖ਼ਬਾਰਾਂ ਵਿਚ ਵੀ ਛਪਿਆ ਸੀ। ਕਾਂਗਰਸ ਵਾਲਿਆਂ ਦੀ ਤਾਂ ਭਲਾ ਪੰਜਾਬ ਬਾਰੇ ਮੰਗ ਹੀ ਕੋਈ ਨਹੀਂ।

ਗੁਜਰਾਲ ਸਾਹਿਬ ਵੀ ਭਾਰਤ ਵਾਸੀਆਂ ਨੂੰ ਉਸੇ ਤਰ੍ਹਾਂ ਵਿਦਵਾਨ ਲੇਖਕ ਤੇ ਇਮਾਨਦਾਰ ਪ੍ਰਧਾਨ ਮੰਤਰੀ ਅਤੇ 'ਗੁਜਰਾਲ ਡਾਕਟਰੀਨ' ਕਰ ਕੇ ਹਮੇਸ਼ਾ ਯਾਦ ਰਹਿਣਗੇ ਜਿਸ ਤਰ੍ਹਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚਾਚਾ ਅਤੇ ਸ਼ਾਂਤੀ ਦੇ ਪੁੰਜ ਕਰ ਕੇ, ਦੂਜੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜਵਾਨਾਂ ਅਤੇ ਕਿਸਾਨਾਂ ਦੇ ਮਸੀਹਾ ਕਰ ਕੇ, ਇੰਦਰਾ ਗਾਂਧੀ ਦੁਰਗਾ ਤੇ 'ਇੰਦਰਾ ਇਜ਼ ਇੰਡੀਆ, ਇੰਡੀਆ ਇਜ਼ ਇੰਦਰਾ' ਕਰ ਕੇ, ਰਾਜੀਵ ਗਾਂਧੀ ਮਿਸਟਰ ਕਲੀਨ, ਵੀ.ਪੀ. ਸਿੰਘ ਦਲਿਤਾਂ ਦੇ ਮਸੀਹਾ ਅਤੇ ਸ. ਮਨਮੋਹਨ ਸਿੰਘ ਅਤਿ ਇਮਾਨਦਾਰ ਪ੍ਰਧਾਨ ਮੰਤਰੀ ਕਰ ਕੇ ਜਾਣੇ ਜਾਂਦੇ ਹਨ। ਇਨ੍ਹਾਂ ਤੋਂ ਪਹਿਲਾਂ ਵੀ ਅਸ਼ੋਕ 'ਦੀ ਗਰੇਟ', ਅਕਬਰ 'ਦੀ ਗਰੇਟ', 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਆਦਿ ਵੱਡੇ ਵੱਡੇ ਲਕਬਾਂ ਨਾਲ ਯਾਦ ਕੀਤੇ ਜਾਂਦੇ ਹਨ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਨਾਂ ਨਾਲ ਵੀ ਅਮਨ ਦਾ ਮਸੀਹਾ, ਸ਼ੇਰ-ਏ-ਪੰਜਾਬ ਅਤੇ ਭਗਵਾਨ ਕ੍ਰਿਸ਼ਨ ਵਰਗੇ ਖ਼ਿਤਾਬ ਜੋੜੇ ਜਾਂਦੇ ਸਨ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਬਾਦਲ ਸਾਹਿਬ ਨੂੰ ਬਜ਼ੁਰਗ, ਦਰਵੇਸ਼ ਸਿਆਸਤਦਾਨ ਤੇ ਸ਼ੇਰ-ਏ-ਪੰਜਾਬ, ਤੇ ਫ਼ਖ਼ਰ-ਏ-ਕੌਮ ਵਰਗੇ ਰੁਤਬੇ ਮਿਲ ਚੁੱਕੇ ਹਨ; ਤੇ ਉਨ੍ਹਾਂ ਦੇ ਬੇਟੇ ਸੁਖਬੀਰ ਨੂੰ ਕੌਮ ਦਾ ਭਵਿੱਖ ਅਤੇ ਰਾਹੁਲ ਗਾਂਧੀ ਨੂੰ ਭਾਰਤ ਦੇ ਭਵਿੱਖ ਵਜੋਂ ਜਾਣਿਆ ਜਾਣ ਲੱਗਾ ਹੈ। ਥੋੜ੍ਹੀ ਬਹੁਤੀ ਸੋਚ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਪਤਾ ਹੈ ਕਿ ਇਹ ਖ਼ਿਤਾਬ ਅਜਿਹੇ ਬੰਦਿਆਂ ਨੂੰ ਕਿਵੇਂ ਮਿਲਦੇ ਹਨ। ਇਹ ਕਿੰਨੇ ਕੁ ਸੱਚੇ ਜਾਂ ਝੂਠੇ, ਜਾਇਜ਼ ਜਾਂ ਨਾਜਾਇਜ਼ ਹਨ ਅਤੇ ਇਨ੍ਹਾਂ ਦੇ ਕੀ ਅਰਥ ਹਨ?

## ਪਾਠਕਾਂ ਦੀ ਰਾਏ

# ਗੁੰਡਾਗਰਦੀ ਦਾ ਨੰਗਾ ਨਾਚ

ਸਾਰੇ ਸੰਸਾਰ ਵਿਚ ਸਿਫ਼ਤੀ ਦਾ ਘਰ ਅਖਵਾਉਣ ਵਾਲੇ ਸ਼ਹਿਰ ਅੰਮ੍ਰਿਤਸਰ ਨੇੜੇ ਛੇਹਰਟਾ ਵਿਚ ਥਾਣੇਦਾਰ ਰਵਿੰਦਰਪਾਲ ਸਿੰਘ ਦੀ ਹੱਤਿਆ ਲਈ ਜ਼ਿੰਮੇਵਾਰ ਰਣਜੀਤ ਸਿੰਘ ਰਾਣਾ ਗੁੰਡਾਗਰਦੀ ਕਰਨਾ ਸ਼ਾਇਦ ਆਪਣਾ ਹੱਕ ਸਮਝਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਕਾਲੀ ਫੂਲਾ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਨਲੂਆ ਜਿਹੇ ਸਿੱਖ ਸਰਦਾਰ ਮੁਗਲ ਜਰਵਾਣਿਆਂ ਹੱਥੋਂ ਲੁੱਟੀਆਂ, ਉਧਾਲੀਆਂ ਕੁੜੀਆਂ ਨੂੰ ਛੁਡਵਾ ਕੇ ਉਨ੍ਹਾਂ ਦੇ ਘਰੀਂ ਸੁਰੱਖਿਅਤ ਪੁੱਜਦਾ ਕਰਦੇ ਸਨ। ਪਰ ਹੁਣ ਰਾਣੇ ਵਰਗੇ ਹੀ ਸ਼ਾਇਦ ਸੁਖਬੀਰ ਸਿੰਘ ਬਾਦਲ ਦਾ ਵੋਟ ਬੈਂਕ ਹਨ। ਇਕ ਪਾਸੇ ਸਿੱਖ ਵਿਦੇਸ਼ਾਂ ਵਿਚ ਆਪਣੀ ਪਛਾਣ ਬਹਾਦਰ, ਮਿਹਨਤੀ, ਔਰਤਾਂ ਦਾ ਸਨਮਾਨ ਕਰਨ ਵਾਲੇ, ਸੇਵਾ ਭਾਵ ਵਾਲੇ ਹੋਣ ਵਜੋਂ ਬਣਾ ਰਹੇ ਹਨ, ਪਰ ਪੰਜਾਬ ਵਿਚ ਇਹ ਹਾਲ ਹੋ ਰਿਹਾ ਹੈ। ਪਹਿਲਾਂ ਫਰੀਦਕੋਟ ਵਿਚ ਅਕਾਲੀ ਨੌਜਵਾਨ ਨਿਸ਼ਾਨ ਸਿੰਘ ਨੇ ਜ਼ਬਰਦਸਤੀ, ਮਾਂ ਬਾਪ ਦੇ ਕੋਲੋਂ ਸ਼ਰੂਤੀ ਨੂੰ ਅਗਵਾ ਕੀਤਾ। ਫਿਰ ਇਕ ਲੜਕੀ ਨੇ ਜਲੰਧਰ ਦੀ ਪੁਲਿਸ ਹੱਥੋਂ ਪ੍ਰੇਸ਼ਾਨ ਹੋ ਕੇ ਰੇਲ ਗੱਡੀ ਥੱਲੇ ਸਿਰ ਦੇ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਜਲੰਧਰ ਦੇ ਹੀ ਸ਼ਹੀਦ ਭਗਤ ਸਿੰਘ ਚੌਕ ਵਿਚ ਗੁੰਡਿਆਂ ਨੇ ਪ੍ਰੈਸ


ਰਣਜੀਤ ਸਿੰਘ ਰਾਣਾ

ਰਿਪੋਰਟ ਦੀ ਇਸ ਕਰ ਕੇ ਮਾਰ-ਕੁੱਟ ਕੀਤੀ ਕਿਉਂਕਿ ਉਹ ਉਨ੍ਹਾਂ ਨੂੰ ਇਕ ਲੜਕੀ ਨਾਲ ਛੇੜਖਾਨੀ ਕਰਨ ਤੋਂ ਰੋਕ ਰਿਹਾ ਸੀ। ਬਟਾਲੇ ਟ੍ਰੈਫਿਕ ਪੁਲਿਸ ਅਫਸਰ ਦੀ ਵਰਦੀ ਪਾੜ ਦਿੱਤੀ ਗਈ ਤੇ ਕੁੱਟ ਮਾਰ ਕੀਤੀ ਗਈ, ਉਸ ਨੇ ਅਕਾਲੀ ਆਗੂ ਇੰਦਰਪਾਲ ਸਿੰਘ ਨੂੰ 'ਨੋ ਪਾਰਕਿੰਗ' ਤੇ ਗੱਡੀ ਖੜ੍ਹੀ ਕਰਨ ਤੋਂ ਰੋਕਿਆ ਸੀ। ਜੈਤੋਂ ਨੇੜਲੇ ਪਿੰਡ ਖਚੜਾ ਵਿਚ ਨੱਚਣ ਵਾਲੀ ਲੜਕੀ ਨੂੰ ਛੇੜਨ 'ਤੇ ਜਦੋਂ ਲੜਕੀ ਨੇ ਵਿਰੋਧ ਕੀਤਾ ਤਾਂ ਉਸ ਨੂੰ ਗੁੰਡਿਆਂ ਨੇ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਵਿਧਾਨ ਸਭਾ ਦੀਆਂ ਚੋਣਾਂ ਮੌਕੇ ਇਕ ਅਕਾਲੀ ਸਰਪੰਚ ਨੇ ਗਿੱਦੜਬਾਹੇ ਵਿਚ ਇਕ ਅਧਿਆਪਕਾ ਦੇ ਥੱਪੜ ਮਾਰਿਆ ਤੇ ਗਾਲ੍ਹਾਂ ਵੀ ਕੱਢੀਆਂ ਸਨ।

ਇਹ ਹੈ ਹੁਣ ਪੰਜਾਬ ਦਾ ਹਾਲ। 'ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ' ਬਾਬੇ ਨਾਨਕ ਦੀ ਬਾਣੀ ਦੇ ਇਹ ਬੋਲ ਸ਼ਾਇਦ ਪੰਜਾਬ ਸਰਕਾਰ ਅਤੇ ਅਕਾਲੀ ਦਲ ਉਤੇ ਹੀ ਢੁਕਦੇ ਹਨ।

ਇਨ੍ਹਾਂ ਸਾਰੇ ਕਾਰਨਾਮਿਆਂ ਪਿੱਛੇ ਸੁਖਬੀਰ ਸਿੰਘ ਬਾਦਲ ਦਾ ਥਾਪੜਾ ਹੀ ਕੰਮ ਕਰਦਾ ਹੈ। ਸ਼ਰੂਤੀ ਅਗਵਾ ਕਾਂਡ ਵਿਚ ਤਾਂ ਪੰਜਾਬ ਸਰਕਾਰ ਨੇ ਉਨ੍ਹਾਂ ਪੁਲਿਸ ਕਰਮਚਾਰੀਆਂ ਦੀਆਂ ਤਰੱਕੀਆਂ ਕੀਤੀਆਂ ਹਨ ਜਿਨ੍ਹਾਂ ਨੇ ਸ਼ਰੂਤੀ ਨੂੰ ਅਗਵਾ ਕਰਨ ਵਿਚ ਮੁਲਜ਼ਮ ਨਿਸ਼ਾਨ ਸਿੰਘ ਦੀ ਮਦਦ ਕੀਤੀ ਹੈ। ਸਿਆਣੇ ਕਹਿੰਦੇ ਹਨ ਕਿ ਅੰਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਖੈਰ, ਹੁਣ ਇਸਤਰੀਆਂ ਦੀ ਸੁਰੱਖਿਆ ਲਈ ਔਰਤ ਜਥੇਬੰਦੀਆਂ ਨੂੰ ਅੱਗੇ ਆਉਣਾ ਪਵੇਗਾ। ਇਨਸਾਫਪਸੰਦ ਲੋਕਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ। ਲੋਕੋ! ਹੁਣ ਹੱਦ ਹੋ ਚੁੱਕੀ ਹੈ। ਹੁਣ ਸਰਕਾਰਾਂ ਵੱਲ ਝਾਕ ਨਾ ਕਰੋ, ਆਪਣੀ ਰਾਖੀ ਆਪ ਕਰੋ। ਇਹ ਤਦ ਹੀ ਸੰਭਵ ਹੈ ਜਦੋਂ ਸੁੱਤੀਆਂ ਜ਼ਮੀਰਾਂ ਵਾਲੇ ਲੋਕ ਜਾਗਣਗੇ, ਹੱਕ ਸੱਚ ਲਈ ਆਪਣੀ ਆਵਾਜ਼ ਬੁਲੰਦ ਕਰਨਗੇ।

-ਨਛੱਤਰ ਸਿੰਘ
ਕਾਰਟਰੇਟ (ਨਿਊ ਜਰਸੀ)

## ਰੰਗ-ਬੇਰੰਗ

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਦਲਬੀਰ, ਭਾਅ ਜੀ ਕਰਮਜੀਤ ਤੇ ਗੁਰਦਿਆਲ ਬੱਲ


'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਨੂੰ ਸਾਡੇ ਕਈ ਪ੍ਰਸ਼ੰਸਕਾਂ ਨੇ ਬਹੁਤ ਪਸੰਦ ਕੀਤਾ ਹੈ। ਕਈਆਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਟ੍ਰਿਬਿਊਨ ਵਰਗੇ ਅਦਾਰੇ ਵਿਚ ਮੁਲਾਜ਼ਮ ਯੂਨੀਅਨ ਇੰਨੀ ਜ਼ਾਬਰ ਤਾਕਤ ਆਪਣੇ ਹੱਥਾਂ ਵਿਚ ਕੇਂਦਰਿਤ ਕਰ ਲੈਣ ਅਤੇ ਫਿਰ ਕਿੰਨੇ ਹੀ ਸਾਲ ਇੰਜ ਕਰੀ ਰੱਖਣ ਵਿਚ ਕਾਮਯਾਬ ਕਿਵੇਂ ਹੋ ਗਈ? ਬਹੁਤੇ ਪਾਠਕਾਂ ਨੂੰ ਪੰਜਾਬੀ ਟ੍ਰਿਬਿਊਨ ਅਤੇ ਇਸ ਦੇ ਸਟਾਫ ਮੈਂਬਰਾਂ ਨਾਲ ਜੁੜੀ ਕੋਈ ਨਾ ਕੋਈ ਯਾਦ

**ਅਮੋਲਕ ਸਿੰਘ ਜੰਮੂ**
ਫੋਨ: 847-359-0746

***ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।***

ਚੇਤੇ ਆ ਗਈ।

'ਪੰਜਾਬੀ ਟ੍ਰਿਬਿਊਨ' ਵਿਚ ਆਉਂਦਿਆਂ ਹੀ ਗੁਰਦਿਆਲ ਬੱਲ ਮੇਰੇ 'ਜੀਵਨ ਸੰਗਰਾਮ' ਲਈ ਪ੍ਰੇਰਨਾ ਸ੍ਰੋਤ ਬਣ ਗਿਆ। ਉਸ ਨੇ ਮੇਰੇ ਵਿਚ ਕੀ ਵੇਖਿਆ ਜਾਂ ਮੈਂ ਉਸ ਵਿਚ ਕੀ ਵੇਖਿਆ, ਕਹਿਣਾ ਔਖਾ ਹੈ। ਬੱਲ ਦੇ ਐਡੀਟਰ ਬਰਜਿੰਦਰ ਸਿੰਘ ਅਤੇ ਹਰਭਜਨ ਹਲਵਾਰਵੀ ਤੋਂ ਲੈ ਕੇ ਅਖਬਾਰ ਵਿਚ ਕਾਪੀ ਹੋਲਡਰ ਵਜੋਂ ਆਏ ਤਰਲੋਚਨ ਸ਼ੇਰਗਿੱਲ ਤੱਕ ਸਾਰਿਆਂ ਨਾਲ ਹੀ ਨਿੱਘੇ ਦੋਸਤਾਨਾ ਸਬੰਧ ਸਨ। ਸਾਡਾ ਸਭ ਤੋਂ ਪਿਆਰਾ ਦੋਸਤ



*ਕਰਮਜੀਤ ਸਿੰਘ*

ਨਰਿੰਦਰ ਭੁੱਲਰ ਅਖਬਾਰ ਵਿਚ 1991 ਵਿਚ ਸਬ ਐਡੀਟਰ ਵਜੋਂ ਆਇਆ ਪਰ ਬੱਲ ਨਾਲ ਨੇੜਤਾ ਦੇ ਮਾਮਲੇ ਵਿਚ ਉਹ ਬਾਕੀ ਸਾਰੇ ਸਾਥੀਆਂ ਨੂੰ ਬੜੀ ਜਲਦੀ ਹੀ ਪਿੱਛੇ ਛੱਡ ਗਿਆ ਸੀ। ਉਸ ਨੂੰ ਕਹਾਣੀਆਂ ਲਿਖਣ ਦਾ ਸ਼ੌਕ ਸੀ ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਆਉਣ ਤੋਂ 3-4 ਸਾਲ ਪਹਿਲਾਂ 'ਚਾਨਣ ਕਤਲ ਨਹੀਂ ਹੁੰਦੇ' ਨਾਂ ਦਾ ਉਸ ਦਾ ਕਹਾਣੀ ਸੰਗ੍ਰਹਿ ਵੀ ਛਪ ਚੁਕਾ ਸੀ। ਉਂਜ ਉਸ ਆਪਣੀਆਂ ਕਹਾਣੀਆਂ ਦਾ ਕਦੀ ਬਹੁਤਾ ਜ਼ਿਕਰ ਨਹੀਂ ਸੀ ਕੀਤਾ। ਉਹ ਕਿਹਾ ਕਰਦਾ, ਬੱਲ ਨੂੰ ਮਿਲਣ ਤੋਂ ਬਾਅਦ ਕਹਾਣੀਆਂ ਨਹੀਂ ਬਲਕਿ 'ਪੰਜਾਬੀ ਟ੍ਰਿਬਿਊਨ' ਅੰਦਰ ਗੁਰਦਿਆਲ ਬੱਲ ਨਾਲ 'ਦੋਸਤੀ ਦਾ ਰੁਮਾਂਸ' ਹੀ ਲਿਖਿਆ ਜਾ ਸਕਦਾ ਹੈ। ਨਰਿੰਦਰ ਦੀ ਬੇਵਕਤ ਮੌਤ ਨਾਲ ਹੋਰ ਘਾਟੇ ਤਾਂ ਪਏ, ਇਹ 'ਅਣਲਿਖੀ ਕਿਤਾਬ' ਵੀ ਉਹ ਆਪਣੇ ਨਾਲ ਹੀ ਲੈ ਗਿਆ। 'ਪੰਜਾਬੀ ਟ੍ਰਿਬਿਊਨ' ਦੇ ਰੁਮਾਂਟਿਕ ਦਿਨਾਂ ਦੀਆਂ ਬੱਲ, ਦਲਬੀਰ ਅਤੇ ਕਰਮਜੀਤ ਭਾਅ ਜੀ ਨਾਲ ਜੁੜੀਆਂ ਕੁਝ ਯਾਦਾਂ, ਜੋ ਮੇਰੇ ਚੇਤਿਆਂ ਵਿਚ ਸਾਂਭੀਆਂ ਪਈਆਂ ਹਨ, ਜ਼ਰੂਰ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ।

ਮੈਨੂੰ ਇਥੇ ਬੱਲ ਅਤੇ ਦਲਬੀਰ ਵਿਚਾਲੇ ਹੋਈ ਹੱਥੋਪਾਈ ਦੀ ਘਟਨਾ ਯਾਦ ਆਉਂਦੀ ਹੈ। ਉਂਜ ਇਸ ਘਟਨਾ ਦਾ ਜ਼ਿਕਰ ਕਰਕੇ ਮੇਰਾ ਮੰਤਵ ਦਲਬੀਰ ਜਾਂ ਬੱਲ ਦੀ ਸ਼ਖਸੀਅਤ ਨੂੰ ਛੁਟਿਆਉਣ ਦਾ ਨਹੀਂ। ਬੱਲ ਖੁਦ ਦਲਬੀਰ ਨੂੰ ਚੰਗਾ ਆਦਮੀ ਅਤੇ ਸਭ ਤੋਂ ਸਮਰੱਥ ਨਿਊਜ਼ਮੈਨ ਮੰਨਦਾ ਸੀ। ਉਸ ਘਟਨਾ ਤੋਂ ਪਹਿਲਾਂ ਵੀ ਉਸ ਦੀ ਇਹੋ ਰਾਏ ਸੀ ਅਤੇ ਅੱਜ ਤੱਕ ਵੀ ਇਹ ਬਦਲੀ ਨਹੀਂ ਹੈ।

ਪੰਜਾਬੀ ਟ੍ਰਿਬਿਊਨ ਵਿਚ ਵਿਭਾਗੀ ਤਰੱਕੀਆਂ ਦੇ ਰਾਮ-ਰੌਲੇ ਤੋਂ ਬਾਅਦ ਧੜੇਬੰਦੀ ਦੀ ਸ਼ੁਰੂਆਤ ਹੁੰਦਿਆਂ ਹੀ ਦਲਬੀਰ ਨੇ ਕਰਮਜੀਤ, ਦਲਜੀਤ ਅਤੇ ਬੱਲ ਨੂੰ ਆਪਣੇ ਪੱਕੇ ਦੁਸ਼ਮਣਾਂ ਵਜੋਂ ਵੇਖਣਾ ਸ਼ੁਰੂ ਕਰ ਦਿੱਤਾ ਸੀ। ਦਲਬੀਰ ਦਾ ਮੇਰੇ ਪ੍ਰਤੀ ਵਿਰੋਧ ਵੀ ਇਨ੍ਹਾਂ ਸਾਥੀਆਂ ਨਾਲ ਮੇਰੀ ਨੇੜਤਾ ਦਾ ਹੋਣਾ ਹੀ ਸੀ। ਬੱਲ ਦੀ ਕਰਮਜੀਤ ਅਤੇ ਦਲਜੀਤ ਨਾਲ ਨੇੜਤਾ ਜਾਂ ਦੋਸਤਾਨਾ ਪ੍ਰਤੀਬਧਤਾ ਦਾ ਰਿਸ਼ਤਾ ਉਸ ਦੇ ਤਰਕ ਤੋਂ ਬਾਹਰ ਸੀ। ਬੱਲ ਲਈ ਦਲਬੀਰ ਦੇ ਮਨ ਅੰਦਰ ਜ਼ਹਿਰੀ ਭਾਵਨਾ ਪੈਦਾ ਹੋ ਗਈ। ਹੋਰ ਕਿਸੇ ਉਪਰ ਤਾਂ ਜ਼ੋਰ ਚੱਲਣਾ ਨਹੀਂ ਸੀ, ਕਿਸੇ ਨੇ ਮੌਕਾ ਹੀ ਨਹੀਂ ਦੇਣਾ ਸੀ ਪਰ ਬੱਲ ਨੇ ਕਿੜ ਕੱਢਣ ਦਾ ਮੌਕਾ ਉਸ ਨੂੰ ਸੌਖਿਆਂ ਹੀ ਦੇ ਦਿੱਤਾ।

ਬੱਲ ਡਿਊਟੀ ਉਪਰ ਨਾ ਕਦੀ ਸਮੇਂ ਸਿਰ ਆਇਆ ਸੀ, ਨਾ ਕਦੀ ਪੂਰਾ ਸਮਾਂ ਬੈਠਾ ਸੀ। ਉਸ ਦਾ 'ਬਹਾਨਾ' ਤਾਂ ਇਹੋ ਹੁੰਦਾ ਕਿ ਪਟਿਆਲੇ ਤੋਂ ਆਉਂਦਿਆਂ ਸਮੇਂ ਸਿਰ ਬੱਸਾਂ ਨਾ ਮਿਲਣ ਕਾਰਨ ਅਜਿਹਾ ਹੁੰਦਾ ਹੈ। ਉਂਜ ਸਭ ਜਾਣਦੇ ਸਨ ਕਿ ਜੇ ਉਸ ਨੂੰ 'ਟ੍ਰਿਬਿਊਨ' ਦੇ ਦਫਤਰ ਦੇ ਅੰਦਰ ਵੀ ਰਹਿਣ ਲਈ ਥਾਂ ਦੇ ਦਿੱਤੀ ਜਾਂਦੀ, ਕਰਨਾ ਉਸ ਨੇ ਇਸੇ ਤਰ੍ਹਾਂ ਹੀ ਸੀ।

ਨਿਊਜ਼ ਰੂਮ ਵਿਚ ਬੱਲ ਅਤੇ ਦਲਬੀਰ ਵਿਚਾਲੇ ਹੋਈ ਝੜਪ ਦੋਵਾਂ ਧਿਰਾਂ ਦੀ ਵਧੀ ਹੋਈ ਆਪਸੀ ਨਫਰਤ ਜਾਂ ਬੇਵਿਸ਼ਵਾਸੀ ਦਾ ਸਿਖਰ ਸੀ। ਗੱਲ 4 ਨਵੰਬਰ 1984 ਦੀ ਹੈ। ਨਿਊਜ਼ ਐਡੀਟਰ ਵਲੋਂ ਉਸ ਦਿਨ ਬੱਲ ਦੀ ਜਵਾਬਤਲਬੀ ਸਬੰਧੀ ਜਾਰੀ ਕੀਤੇ ਮੀਮੋ ਦੀ ਕਾਪੀ ਮੈਂ ਅੱਜ ਤੱਕ ਸਾਂਭ ਕੇ ਰੱਖੀ ਹੋਈ ਹੈ।

ਬੱਲ ਬਾਬਾ ਸਵੇਰ ਦੀ ਡਿਊਟੀ 'ਤੇ ਲੇਟ ਆਇਆ ਸੀ। ਨਿਊਜ਼ ਐਡੀਟਰ ਜਗਜੀਤ ਸਿੰਘ ਬੀਰ ਨੇ ਲੇਟ ਆਉਣ ਦਾ ਕਾਰਨ ਪੁੱਛਿਆ। ਬੱਲ ਨੇ ਹਾਸੇ ਵਿਚ ਪਾ ਕੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਦੀ ਨੋਕ ਝੋਕ ਬੱਲ ਅਤੇ ਬੀਰ ਸਾਹਿਬ ਵਿਚਾਲੇ ਅਕਸਰ ਹੀ ਹੁੰਦੀ ਰਹਿੰਦੀ ਸੀ ਬਲਕਿ ਨਿਊਜ਼ ਰੂਮ ਦੇ ਨਾਟਕ ਦੀ ਲਾਜ਼ਮੀ ਝਾਕੀ ਬਣੀ ਹੋਈ ਸੀ। ਮਾੜੀ ਕਿਸਮਤ ਨੂੰ ਬੱਲ ਦੇ ਯਾਰਾਂ ਦੀ ਢਾਣੀ ਵਿਚੋਂ ਉਸ ਦਿਨ ਉਥੇ ਕੋਈ ਹਾਜ਼ਰ ਨਹੀਂ ਸੀ ਜੋ ਗੱਲ ਨੂੰ ਆਈ ਗਈ ਕਰਵਾ ਦਿੰਦਾ। ਨਿਊਜ਼ ਐਡੀਟਰ ਦੇ ਅੜੀ ਕਰਨ 'ਤੇ ਬੱਲ ਨੇ ਕੋਈ ਅੰਟ ਸ਼ੰਟ ਗੱਲ ਉਸ ਨੂੰ ਆਖ ਦਿੱਤੀ ਅਤੇ ਹੰਗਾਮੇ ਦਾ ਮੁੱਢ ਬੱਝ ਗਿਆ।

ਨਿਊਜ਼ ਐਡੀਟਰ ਨੂੰ ਪਤਾ ਨਹੀਂ ਕਿਥੋਂ ਸੁਝਿਆ, ਉਸ ਨੇ ਬੱਲ ਵਿਰੁਧ ਪੱਕੀ ਲਾਮਬੰਦੀ ਕਰਨ ਲਈ ਸਾਹਮਣੇ ਨਿਊਜ਼ ਡੈਸਕ 'ਤੇ ਇੰਚਾਰਜ ਦੀ ਕੁਰਸੀ ਤੇ ਬੈਠੇ ਦਲਬੀਰ ਸਿੰਘ ਦੇ ਨਾਲ ਪ੍ਰੋ. ਸ਼ਾਮ ਸਿੰਘ ਅਤੇ ਜਗਦੀਸ਼ ਬਾਂਸਲ, ਸਾਰਿਆਂ ਨੂੰ ਆਪਣੇ ਕੋਲ ਬੁਲਾ ਕੇ ਗੱਲ ਨੂੰ 'ਚਲਾਕੀ' ਨਾਲ ਤੂਲ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਵੇਖਦਿਆਂ ਬੱਲ ਦਾ ਸਬਰ ਜਵਾਬ ਦੇ ਗਿਆ।

ਅੱਗੋਂ ਜੋ ਵਾਪਰਿਆ ਉਹ ਬੀਰ ਸਾਹਿਬ ਦੇ ਮੀਮੋ ਵਿਚ ਦਰਜ ਹੈ। ਗੁਰਦਿਆਲ ਬੱਲ ਨੂੰ ਜਾਰੀ ਇਸ ਮੀਮੋ ਵਿਚ ਨਿਊਜ਼ ਐਡੀਟਰ ਨੇ ਲਿਖਿਆ ਸੀ, "ਸ਼ੁਕਰਵਾਰ ਮਿਤੀ 2.11.84 ਨੂੰ ਤੁਸੀਂ ਡਿਊਟੀ ਖਤਮ ਹੋਣ ਦੇ ਸਮੇਂ ਤੋਂ ਪਹਿਲਾਂ ਮੇਰੀ ਆਗਿਆ ਤੋਂ ਬਿਨਾ ਚਲੇ ਗਏ; ਮਿਤੀ 3.11.84 ਨੂੰ ਜਦੋਂ ਮੈਂ 3 ਵਜੇ ਸ਼ਾਮ ਤੁਹਾਨੂੰ ਬੁਲਾ ਕੇ ਪੁੱਛਿਆ ਤਾਂ ਤੁਹਾਡਾ ਰਵੱਈਆ ਬੜਾ ਇਤਰਾਜ਼ਯੋਗ ਸੀ। ਪਹਿਲਾਂ ਤਾਂ ਤੁਸੀਂ ਇਸ ਗੱਲ ਤੋਂ ਹੀ ਮੁੱਕਰ ਗਏ। ਬਾਅਦ ਵਿਚ ਤੁਸੀਂ ਉਚੀ ਉਚੀ ਹੱਸਣਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਵੀ ਤੁਸੀਂ ਮੈਨੂੰ ਗਾਲ੍ਹਾਂ ਕੱਢੀਆਂ ਸੀ ਤੇ ਫਿਰ ਵਿਸ਼ਵਾਸ ਦਿਵਾਇਆ ਸੀ ਕਿ ਨਾ ਤਾਂ ਤੁਸੀਂ ਕਿਸੇ ਸਾਥੀ ਨੂੰ ਗਾਲ੍ਹ ਕੱਢੋਗੇ ਤੇ ਨਾ ਹੀ ਡਿਊਟੀ ਸਮੇਂ ਜ਼ਾਬਤਿਆਂ ਦੀ ਉਲੰਘਣਾ ਕਰੋਗੇ ਪਰ ਤੁਸੀਂ ਇਸ 'ਤੇ ਕਾਇਮ ਨਹੀਂ ਰਹੇ। ਡਿਊਟੀ 'ਤੇ ਲੇਟ ਆਉਣਾ, ਕੰਮ ਦੇ ਸਮੇਂ ਦੌਰਾਨ ਵਾਰ ਵਾਰ ਵਿਚੋਂ ਉਠ ਕੇ ਜਾਣਾ ਅਤੇ ਡਿਊਟੀ ਦੇ ਮਿਥੇ ਹੋਏ ਸਮੇਂ ਤੋਂ ਪਹਿਲਾਂ ਚਲੇ ਜਾਣਾ, ਤੇ ਫਿਰ ਪੁੱਛੇ ਜਾਣ 'ਤੇ ਘਟੀਆ ਬੋਲੀ ਵਰਤਣੀ ਤੁਹਾਡੀ ਆਦਤ ਬਣ ਗਈ ਹੈ, ਇਸ ਦਾ ਦੂਸਰੇ ਸਟਾਫ 'ਤੇ ਮਾੜਾ ਅਸਰ ਪੈ ਰਿਹਾ ਹੈ ਤੇ ਹੋਰ ਮੈਂਬਰਾਂ ਨੂੰ ਵੀ ਅਜਿਹਾ ਕਰਨ ਦੀ ਸ਼ਹਿ ਮਿਲ ਰਹੀ ਹੈ। ਇਸ ਦਾ ਅਖਬਾਰ ਦੀ ਪੱਧਰ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਮਿਤੀ 4.11.84 ਨੂੰ ਨਿਊਜ਼ ਰੂਮ ਵਿਚ ਸਵੇਰ ਦੀ ਡਿਊਟੀ 'ਤੇ 15 ਮਿੰਟ ਲੇਟ ਆਉਣ 'ਤੇ ਜਦੋਂ ਮੈਂ ਤੁਹਾਡੀ ਜਵਾਬ ਤਲਬੀ ਕੀਤੀ ਤੇ ਤੁਹਾਡੇ ਵੱਲੋਂ ਗਲੀਜ਼ ਸ਼ਬਦ ਵਰਤੇ ਜਾਣ 'ਤੇ ਮੈਂ ਸਟਾਫ ਦੇ ਹਾਜ਼ਰ ਮੈਂਬਰਾਂ ਦਲਬੀਰ ਸਿੰਘ-ਚੀਫ ਸਬ-ਐਡੀਟਰ, ਸ਼ਾਮ ਸਿੰਘ-ਸੀਨੀਅਰ ਸਬ-ਐਡੀਟਰ ਅਤੇ ਜਗਦੀਸ਼ ਸਿੰਘ ਬਾਂਸਲ-ਸਬ ਐਡੀਟਰ ਨੂੰ ਤੁਹਾਡੀ ਹਰਕਤ ਤੋਂ ਜਾਣੂ ਕਰਵਾਉਣ ਲਈ ਮੈਂ ਆਪਣੇ ਕੋਲ ਸੱਦਿਆ ਤਾਂ ਪਹਿਲਾਂ ਤਾਂ ਤੁਸੀਂ ਕੱਢੀ ਗਾਲ੍ਹ ਤੋਂ ਮੁੱਕਰ ਗਏ, ਫਿਰ ਦਲਬੀਰ ਸਿੰਘ ਵੱਲੋਂ ਸਖਤੀ ਨਾਲ ਰੋਕਣ 'ਤੇ ਤੁਸੀਂ ਦੋਬਾਰਾ ਮੈਨੂੰ ਗਾਲ੍ਹ ਕੱਢ ਦਿੱਤੀ। ਇਸ ਗੱਲ 'ਤੇ ਜਦੋਂ ਦਲਬੀਰ ਅਤੇ ਦੂਜੇ ਮੈਂਬਰਾਂ ਨੇ ਪ੍ਰੋਟੈਸਟ ਕੀਤਾ ਤਾਂ ਤੁਸੀਂ ਦਲਬੀਰ ਸਿੰਘ ਦੇ ਗਲ ਪੈ ਗਏ, ਉਸ ਦੀ ਛਾਤੀ ਵਿਚ ਘਸੁੰਨ ਮਾਰਿਆ ਤੇ ਉਸ ਦੇ ਠੁੱਡਾ ਮਾਰਿਆ। ਇਹ ਮਾਮਲਾ ਹੋਰ ਵੀ ਗੰਭੀਰ ਬਣ ਜਾਂਦਾ ਜੇ ਦੈਨਿਕ ਟ੍ਰਿਬਿਊਨ ਦੇ ਨਿਊਜ਼ ਐਡੀਟਰ ਤੇ ਕੁਝ ਹੋਰ ਮੈਂਬਰ ਆ ਕੇ ਵਿਚ-ਵਿਚਾਲਾ ਨਾ ਕਰਦੇ। ਤੁਹਾਡੀ ਇਹ ਕਾਰਵਾਈ ਸੇਵਾ ਨਿਯਮਾਂ ਦੀ ਘੋਰ ਅਵੱਗਿਆ ਅਤੇ ਜ਼ਾਬਤਾ ਭੰਗ ਕਰਨ ਵਾਲੀ ਹੈ।

48 ਘੰਟਿਆਂ ਦੇ ਅੰਦਰ ਅੰਦਰ ਇਸ ਦਾ ਤਸੱਲੀਬਖਸ਼ ਉਤਰ ਦਿਉ ਨਹੀਂ ਤਾਂ ਮਾਮਲਾ ਉਚ ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ। ਫਿਰ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਤੁਹਾਡੇ 'ਤੇ ਹੋਵੇਗੀ।"

ਗੁਰਦਿਆਲ ਬੱਲ ਬੀਰ ਸਾਹਿਬ ਨੂੰ ਬਹੁਤ ਰਹਿਮ ਦਿਲ, ਭਲਾ ਲੋਕ ਪਰ ਨਾਲ ਹੀ ਸਿਰੇ ਦਾ ਆਲਸੀ ਅਤੇ ਨਿਕੰਮਾ ਆਦਮੀ ਸਮਝਦਾ ਸੀ। ਉਸ ਦੀ ਰਾਏ ਅਨੁਸਾਰ 'ਪੰਜਾਬੀ ਟ੍ਰਿਬਿਊਨ' ਉਪਰ ਉਹ ਵਾਧੂ ਭਾਰ ਸੀ ਅਤੇ ਉਸ ਦੀ ਕੋਈ ਸਾਰਥਿਕ ਭੂਮਿਕਾ ਨਹੀਂ ਸੀ। ਦਲਬੀਰ ਨਾਲ ਉਸ ਦਿਨ ਦੀ ਬੇਸੁਆਦੀ ਯਕੀਨਨ ਹੀ ਬੇਲੋੜੀ ਆਪਸੀ ਨਫਰਤ ਦਾ ਨਤੀਜਾ ਸੀ। ਦਲਬੀਰ ਦੇ ਖਾਹ-ਮਖਾਹ ਭੜਕ ਪੈਣ 'ਤੇ ਬੱਲ ਸਗੋਂ ਸ਼ਾਂਤ ਹੋ ਗਿਆ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਉਸ ਨੇ ਦਲਬੀਰ ਨੂੰ ਰਿਸ਼ਤਿਆਂ ਦੀ ਨਜ਼ਾਕਤ ਯਾਦ ਰੱਖਣ ਲਈ ਆਖਦਿਆਂ ਸਪੱਸ਼ਟ ਕੀਤਾ ਸੀ ਕਿ 'ਬੋਲੇ (ਬੀਰ ਸਾਹਿਬ) ਨਾਲ ਮੈਂ ਰੋਜ਼ ਲੜਨਾ ਹੈ ਅਤੇ ਰੋਜ਼ ਇਸ ਦੇ ਗੋਡਿਆਂ ਨੂੰ ਹੱਥ ਲਾਉਣਾ ਹੈ। ਆਪਣਾ ਰਿਸ਼ਤਾ ਹੋਰ ਹੈ। ਤੇਰੇ ਤਾਂ ਜ਼ਰਾ ਕੁ ਜਿੰਨਾ ਉਚੀ ਬੋਲਣ ਨਾਲ ਹੀ ਗੱਲ ਬਹੁਤ ਦੂਰ ਤੱਕ ਚਲੀ ਜਾਏਗੀ।' ਇਹੋ ਗੱਲ ਕਹਿਣ 'ਤੇ ਦਲਬੀਰ ਹੋਰ ਭੜਕ ਪਿਆ ਸੀ। ਉਸ ਨੇ ਬੱਲ ਦੀ ਕਮੀਜ਼ ਦੇ ਕਾਲਰ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਹੀ ਸੀ ਕਿ ਬੱਲ ਨੇ ਪਹਿਲਾਂ ਉਸ ਦੇ ਘਸੁੰਨ ਅਤੇ ਫਿਰ ਲੱਤ ਕੱਢ ਮਾਰੀ।

ਉਸ ਮੌਕੇ 'ਪੰਜਾਬੀ ਟ੍ਰਿਬਿਊਨ' ਅਤੇ 'ਦੈਨਿਕ ਟ੍ਰਿਬਿਊਨ' ਦੇ ਨਿਊਜ਼ ਰੂਮ ਵਿਚਾਲੇ ਸ਼ੀਸ਼ੇ ਦੀ ਪਾਰਟੀਸ਼ਨ ਸੀ। ਘਟਨਾ ਮੌਕੇ 'ਦੈਨਿਕ ਟ੍ਰਿਬਿਊਨ' ਦੇ ਨਿਊਜ਼ ਰੂਮ ਵਿਚ 7-8 ਮੈਂਬਰ ਹਾਜ਼ਰ ਸਨ ਅਤੇ ਉਹ ਸਾਰਾ 'ਨਾਟਕ' ਵੇਖ ਰਹੇ ਸਨ। ਨਿਊਜ਼ ਐਡੀਟਰ ਵੱਲੋਂ ਬੱਲ ਨੂੰ ਦਿੱਤੇ ਮੀਮੋ ਵਿਚ ਇਹ ਸਰਾਸਰ ਗਲਤ ਬਿਆਨੀ ਕੀਤੀ ਗਈ ਹੈ ਕਿ ਸਥਿਤੀ ਉਨ੍ਹਾਂ ਵੱਲੋਂ ਆ ਕੇ ਦਿੱਤੇ ਦਖਲ ਨਾਲ ਸੰਭਲੀ ਸੀ। ਮੈਂ ਖੁਦ ਉਸ ਦਿਨ ਸਵੇਰ ਦੀ ਡਿਊਟੀ ਤੇ ਹੀ ਸਾਂ ਅਤੇ ਹਿੰਦੀ ਵਾਲੇ ਸਾਥੀ ਇਹ ਕਹਿੰਦੇ ਮੈਂ ਕੰਨੀ ਸੁਣੇ ਸਨ ਕਿ 'ਬੱਲ ਭਲਾ ਆਦਮੀ ਹੈ, ਯੇਹ ਲੋਕ ਖਾਹ ਮਖਾਹ ਉਸੇ ਭੜਕਾ ਰਹੇ ਹੈਂ।' ਇਥੇ ਇਕ ਹੋਰ ਦਿਲਚਸਪ ਗੱਲ ਇਹ ਸੀ ਕਿ 'ਪੰਜਾਬੀ ਟ੍ਰਿਬਿਊਨ' ਵਿਚ ਤਾਂ ਉਸ ਸਮੇਂ ਅਜੇ ਦੋ ਹੀ ਧੜੇ ਸਨ। ਤਰੱਕੀਆਂ ਦੀ ਖੋਹ ਖਿੰਝ ਕਰਕੇ 'ਦੈਨਿਕ ਟਿਬਿਊਨ' ਵਿਚ ਧੜੇਬੰਦੀ ਇਸ ਕਦਰ ਸੀ ਕਿ ਜੇ 8 ਬੰਦੇ ਸਨ ਤਾਂ 9 ਧੜੇ ਬਣੇ ਹੋਏ ਸਨ।

ਇਸ ਘਟਨਾ ਤੋਂ ਬਾਅਦ ਦਲਬੀਰ ਤਾਂ ਬੱਲ ਵਿਰੁਧ ਲੰਮੀ ਚੌੜੀ ਸ਼ਿਕਾਇਤ ਲਿਖ ਕੇ 3-4 ਦਿਨਾਂ ਦੀ ਛੁੱਟੀ ਲੈ ਗਿਆ। ਝਗੜੇ ਨੂੰ ਨਿਪਟਾਉਣ ਲਈ ਅਸਿਸਟੈਂਟ ਐਡੀਟਰ ਸ਼ੰਗਾਰਾ ਸਿੰਘ ਭੁੱਲਰ



*ਦਲਬੀਰ ਸਿੰਘ ਦੀ 2006 ਦੀ ਇਕ ਤਸਵੀਰ*

ਅਤੇ ਜਗਤਾਰ ਸਿੱਧੂ 'ਤੇ ਅਧਾਰਤ ਦੋ ਮੈਂਬਰੀ ਕਮੇਟੀ ਬਣ ਗਈ। ਦੋਵਾਂ ਨੇ ਕੁਝ ਦਿਨ ਬਾਅਦ ਸਟਾਫ ਦੀ ਸਾਂਝੀ ਮੀਟਿੰਗ ਦੌਰਾਨ ਬੱਲ ਨੂੰ ਅਫਸੋਸ ਪ੍ਰਗਟ ਕਰਨ ਲਈ ਕਿਹਾ। ਬੱਲ ਨੇ ਤੁਰੰਤ ਕਹਿ ਦਿੱਤਾ ਕਿ ਜ਼ਬਾਨੀ ਕਲਾਮੀ ਹੀ ਨਹੀਂ ਬਲਕਿ ਲਿਖਤੀ ਰੂਪ ਵਿਚ ਵੀ ਉਹ ਮੁਆਫੀ ਮੰਗਣ ਲਈ ਤਿਆਰ ਹੈ ਅਤੇ ਦਲਬੀਰ ਦੀ ਕਿਸੇ ਤਰ੍ਹਾਂ ਵੀ ਤੌਹੀਨ ਕਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ। ਬੀਰ ਸਾਹਿਬ ਬਾਰੇ ਸਭਨਾਂ ਨੂੰ ਪਤਾ ਹੀ ਸੀ। ਨਾ ਉਨ੍ਹਾਂ ਨੇ ਬਦਲਣਾ ਸੀ, ਨਾ ਬੱਲ ਕੋਲੋਂ ਹੀ ਬਦਲਿਆ ਜਾਣਾ ਸੀ।

ਹੋਇਆ ਵੀ ਇਸੇ ਤਰ੍ਹਾਂ। ਦਲਬੀਰ ਨਾਲ ਬਾਅਦ ਵਿਚ ਬੱਲ ਦਾ ਕਦੀ ਵੀ ਕੋਈ ਤਕਰਾਰ ਨਾ ਹੋਇਆ ਬਲਕਿ ਦੋਹਾਂ ਵਿਚ ਇਕ ਖਾਸ ਕਿਸਮ ਦੀ ਨੇੜਤਾ ਵਧਦੀ ਗਈ। ਬੀਰ ਸਾਹਿਬ ਨਾਲ ਉਸ ਦੇ ਝਗੜੇ ਅਤੇ ਸੁਲਾਹ-ਸਫਾਈ ਦੇ ਚੱਕਰ ਅਖੀਰ ਤੱਕ ਚਲਦੇ ਰਹੇ। ਕਈ ਵਾਰ ਸਵੇਰੇ ਪਤਾ ਲੱਗਣਾ ਕਿ ਬੀਰ ਸਾਹਿਬ ਨੇ ਬੱਲ ਦੀ 'ਬੇਰੁਜ਼ਗਾਰ ਸਕੂਲ ਅਧਿਆਪਕਾਂ ਦੇ ਅੰਦੋਲਨ' ਬਾਰੇ ਕੋਈ 'ਕੋਲੋਂ ਘੜ ਕੇ' ਬਣਾਈ ਲੰਮੀ ਖਬਰ ਫੜ ਲਈ ਸੀ। ਉਹ ਲੜ ਰਹੇ ਹਨ। ਉਸੇ ਸ਼ਾਮ ਨਿਊਜ਼ ਐਡੀਟਰ ਦੇ ਟੇਬਲ 'ਤੇ ਉਹ ਇਕੱਠੇ ਬੈਠੇ ਦੁੱਖ-ਸੁਖ ਫੋਲ ਰਹੇ ਹੁੰਦੇ। ਬੱਲ ਅਤੇ ਬੀਰ ਸਾਹਿਬ ਦਾ ਰਿਸ਼ਤਾ ਬੜਾ ਦਿਲਚਸਪ ਸੀ। ਅਕਾਲੀ ਪਤ੍ਰਿਕਾ ਤੋਂ ਆਏ ਬੀਰ ਸਾਹਿਬ ਨੂੰ ਕੰਨੋਂ ਉਚਾ ਸੁਣਦਾ ਹੋਣ ਕਰਕੇ ਪਿੱਠ ਪਿਛੇ ਲੋਕ ਉਨ੍ਹਾਂ ਨੂੰ 'ਬੋਲਾ' ਆਖ ਛਡਦੇ। ਬੀਰ ਸਾਹਿਬ 'ਪੰਜਾਬੀ ਟ੍ਰਿਬਿਊਨ' ਦੀਆਂ ਧੜੇਬੰਦੀਆਂ ਅਤੇ ਆਪਸੀ ਵਿਰੋਧਾਂ ਤੋਂ ਪਾਰ ਸਨ।

'ਪੰਜਾਬੀ ਟ੍ਰਿਬਿਊਨ' ਦੀ ਰੁਮਾਂਚਿਕ ਗਾਥਾ ਦੀ ਸਭ ਤੋਂ ਦਿਲਚਸਪ ਗੱਲ ਇਹ ਸੀ ਕਿ 1990-91 ਤੋ ਬਾਅਦ ਪਹਿਲੀ ਕੁੜਿਤਣ ਖਤਮ ਕਰ ਕੇ ਕਰਮਜੀਤ ਅਤੇ ਦਲਬੀਰ ਵਿਚਾਲੇ ਉਸੇ ਤਰ੍ਹਾਂ ਦਾ ਸਹਿਚਾਰ ਅਤੇ ਆਪਸੀ ਸਮਝ ਵਾਲਾ ਰਿਸ਼ਤਾ ਸਥਾਪਿਤ ਹੋ ਗਿਆ ਜਿਸ ਲਈ ਬੱਲ ਬਾਬਾ ਸਦਾ ਹੀ ਕਾਮਨਾ ਕਰਦਾ ਰਿਹਾ ਸੀ। ਪ੍ਰੰਤੂ ਦੋਵਾਂ ਮਹਾਂਰਥੀਆਂ ਦੀ ਵਿਚਾਰਧਾਰਾ ਵਿਚ ਜ਼ਮੀਨ ਅਸਮਾਨ ਜਿੰਨਾ ਅੰਤਰ ਪਹਿਲਾਂ ਵਾਂਗ ਹੀ ਬਣਿਆ ਰਿਹਾ। ਕਰਮਜੀਤ ਦਾ ਅੱਜ ਵੀ ਯਕੀਨ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 20ਵੀਂ ਸਦੀ ਦੇ ਸਭ ਤੋਂ ਮਹਾਨ ਸਿੱਖ ਆਗੂ ਸਨ ਅਤੇ ਉਨ੍ਹਾਂ ਨੇ ਸਿੱਖ ਨੌਜਵਾਨਾਂ ਵਿਚ 18ਵੀਂ ਸਦੀ ਵਾਲੇ ਮਹਾਨ ਸਿੱਖ ਯੋਧਿਆਂ ਦੀ ਰੂਹ ਨਵੇਂ ਸਿਰਿਓਂ ਫੂਕ ਦਿੱਤੀ ਸੀ। ਇਸ ਦੇ ਉਲਟ ਦਲਬੀਰ ਦਾ ਉਨਾ ਹੀ ਪੱਕਾ ਵਿਸ਼ਵਾਸ ਸੀ ਕਿ ਇਸ ਲਹਿਰ ਨੇ 18ਵੀਂ ਸਦੀ ਵਿਚ ਸਿੱਖਾਂ ਨੇ ਜੋ ਮਹਾਨ ਰਵਾਇਤਾਂ ਸਿਰਜੀਆਂ ਸਨ, ਉਨ੍ਹਾਂ ਦਾ ਘਾਣ ਕਰ ਦਿੱਤਾ ਸੀ।

ਮੈਂ ਦੱਸ ਚੁੱਕਾ ਹਾਂ ਕਿ ਕਿਵੇਂ ਸਾਲ 1991 'ਚ ਦਲਬੀਰ ਨਿਊਜ਼ ਰੂਮ ਵਿਚੋਂ 'ਖਾਲਿਸਤਾਨ ਦੇ ਭੂਤ' ਨੂੰ ਬਾਹਰ ਭਜਾਉਣ ਲਈ ਵਿਸ਼ੇਸ਼ ਮਿਸ਼ਨ ਤਹਿਤ ਭੇਜਿਆ ਗਿਆ ਸੀ। ਪਰ ਆਉਂਦੇ ਸਾਰ ਸਮੇਂ ਦੀ ਨਜ਼ਾਕਤ ਪਛਾਣ ਕੇ ਉਸ ਨੇ ਸਿੰਘਾਂ ਨਾਲ ਆੜੀ ਪਾ ਲਈ ਸੀ। ਦੂਸਰੇ ਪਾਸੇ ਕਰਮਜੀਤ ਭਾਅ ਜੀ ਨੂੰ ਮੋਰਿੰਡਾ-ਰੋਪੜ ਇਲਾਕੇ ਦੇ ਕੇ.ਪੀ.ਐਸ. ਗਿੱਲ ਨਾਲ ਅਟੀ-ਸਟੀ ਫਿਟ ਕਰੀ ਬੈਠੇ ਇਕ ਖੱਚ ਕਿਸਮ ਦੇ ਰਿਪੋਰਟਰ ਨਾਲ ਯਾਰਾਨਾ ਪਾਉਣ ਲਈ ਮਜ਼ਬੂਰ ਹੋਣਾ ਪੈ ਗਿਆ ਸੀ। ਪਰ ਸਾਡੇ ਇਨ੍ਹਾਂ ਦੋਵਾਂ ਸਾਥੀਆਂ ਨੇ ਆਪੋ-ਆਪਣੀਆਂ ਪੁਜੀਸ਼ਨਾਂ ਕਦੀ ਵੀ ਨਾ ਛੱਡੀਆਂ।

ਕਰਮਜੀਤ ਭਾਅ ਜੀ ਵਾਸਤੇ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਪੌੜੀ ਦੇ ਪਹਿਲੇ ਡੰਡੇ ਦੇ ਮਹਾਨ ਸ਼ਹੀਦ ਸਨ। ਦੂਸਰੇ ਪਾਸੇ ਦਲਬੀਰ ਇਸ ਤੋਂ ਬਿਲਕੁਲ ਹੀ ਉਲਟ ਪੁਜੀਸ਼ਨ ਲਈ ਖੜ੍ਹਾ ਸੀ। ਪਾਠਕਾਂ ਦੀ ਦਿਲਚਸਪੀ ਲਈ ਦਲਬੀਰ ਦੇ ਸਪਤਾਹਿਕ ਕਾਲਮ 'ਇਉਂ ਵੀ ਹੁੰਦੈ' ਦਾ ਹਵਾਲਾ ਦਿਤਾ ਜਾ ਸਕਦਾ ਹੈ। ਦਲਬੀਰ ਨੇ 'ਸੁੱਖਾ, ਜਿੰਦਾ ਅਤੇ ਫਾਂਸੀ ਦੀ ਸਜ਼ਾ' ਸਿਰਲੇਖ ਹੇਠ ਇਹ ਵਿਵਾਦਪੂਰਨ ਕਾਲਮ 30 ਅਕਤੂਬਰ, 1993 ਨੂੰ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਪੰਨੇ 'ਤੇ ਲਿਖਿਆ ਸੀ। ਦਲਬੀਰ ਲਿਖਦਾ ਹੈ,

"ਜੇ ਮੈਂ ਉਨ੍ਹਾਂ ਲੋਕਾਂ ਨਾਲ ਸਹਿਮਤ ਨਹੀਂ ਹਾਂ ਜਿਹੜੇ ਸੁੱਖਾ ਤੇ ਜਿੰਦਾ ਨੂੰ ਸਧਾਰਨ ਹਤਿਆਰੇ ਗਰਦਾਨਦੇ ਹਨ ਤਾਂ ਮੈਂ ਉਨ੍ਹਾਂ ਨਾਲ ਵੀ ਇਤਫਾਕ ਰਾਏ ਨਹੀਂ ਰਖਦਾ ਜਿਹੜੇ ਉਨ੍ਹਾਂ ਨੂੰ ਸਰਵਉਚ ਸ਼ਹੀਦ ਦਾ ਰੁਤਬਾ ਦਿੰਦੇ ਹਨ। ਮੈਂ ਉਨ੍ਹਾਂ ਦੇ ਨਾਂ ਨਾਲ ਭਾਈ ਲਿਖਣ ਵਾਲੇ ਲੋਕਾਂ ਦੀ ਇਮਾਨਦਾਰੀ ਅਤੇ ਲਿਆਕਤ ਉਤੇ ਵੀ ਸ਼ੱਕ ਕਰਦਾ ਹਾਂ ਕਿਉਂਕਿ ਮੈਨੂੰ ਲੱਗਦਾ ਹੈ ਕਿ ਅਜਿਹਾ ਉਹ ਸੱਚੇ ਦਿਲੋਂ ਨਹੀਂ ਕਰ ਰਹੇ ਸਗੋਂ ਸੌੜੀ ਸਿਆਸਤ ਤੋਂ ਪ੍ਰੇਰਿਤ ਹੋ ਕੇ ਕਰ ਰਹੇ ਹਨ। ਮੇਰੀ ਜਾਚੇ ਸਿੱਖ ਕੌਮ ਵਿਚ ਭਾਈ ਦਾ ਰੁਤਬਾ ਬਹੁਤ ਉਚਾ ਹੁੰਦਾ ਹੈ ਅਤੇ ਪੂਰਾ ਸਿੱਖ ਇਤਿਹਾਸ ਗਵਾਹ ਹੈ ਕਿ ਬਹੁਤ ਪਹੁੰਚੇ ਹੋਏ, ਗੁਰਬਾਣੀ ਦੇ ਗੂੜ੍ਹ ਗਿਆਤਾ, ਸੇਵਾ ਦੇ ਪੁੰਜ, ਨਿਮਰ ਵਿਅਕਤੀ ਲਈ ਭਾਈ ਦਾ ਲਫ਼ਜ਼ ਵਰਤਿਆ ਜਾਂਦਾ ਸੀ। ਇਸ ਦੇ ਨਾਲ ਹੀ ਇਹ ਫੈਸਲਾ ਵੀ ਸੰਗਤ ਕਰਦੀ ਸੀ ਕਿ ਕਿਸ ਨੂੰ 'ਭਾਈ' ਕਹਿਣਾ ਹੈ, ਕਿਸ ਨੂੰ ਨਹੀਂ। ਕਰੀਬ 10 ਸਾਲ ਪਹਿਲਾਂ ਤੱਕ ਦੇ ਸਿੱਖ ਇਤਿਹਾਸ 'ਤੇ ਝਾਤ ਮਾਰਿਆਂ ਪਤਾ ਲੱਗੇਗਾ ਕਿ ਭਾਈ ਸ਼ਬਦ ਦੀ ਵਰਤੋਂ ਆਮ ਕਰਕੇ ਤਖਤਾਂ ਦੇ ਜਥੇਦਾਰਾਂ ਜਾਂ ਹਜ਼ੂਰੀ ਕੀਰਤਨੀਆਂ ਲਈ ਕੀਤੀ ਜਾਂਦੀ ਸੀ। ਹਥਿਆਰਬੰਦ ਸੰਘਰਸ਼ ਕਰਨ ਵਾਲੇ ਅਤੇ ਅਜਿਹਾ ਸੰਘਰਸ਼ ਕਰਦੇ ਸਮੇਂ ਕੁਰੀਤੀਆਂ ਕਰਨ ਵਾਲੇ ਲੋਕਾਂ ਲਈ ਨਹੀਂ।"

ਜੀ ਸਦਕੇ, ਕੋਈ ਦਲਬੀਰ ਦੀ ਪੁਜੀਸ਼ਨ ਨਾਲ ਸਹਿਮਤ ਹੋਵੇ ਜਾਂ ਨਾ ਪਰ ਵਿਸਫੋਟਕ ਸਮੱਗਰੀ ਨਾਲ ਭਰਿਆ ਇਹ ਕਾਲਮ ਅੱਜ ਵੀ ਪੜ੍ਹਨ ਵਾਲਾ ਹੈ। ਖਾੜਕੂ ਲਹਿਰ ਇਸ ਸਮੇਂ ਤੱਕ ਕਮਜ਼ੋਰ ਪੈ ਗਈ ਸੀ ਪਰ ਇਸ ਤਰ੍ਹਾਂ ਬੇਬਾਕ ਢੰਗ ਨਾਲ ਲਿਖਣ ਦੀ ਜੁਰਅਤ ਅਗਲੇ ਕਈ ਸਾਲਾਂ ਤੱਕ ਵੀ ਕਿਸੇ ਦੀ ਨਹੀਂ ਪਈ ਸੀ। ਦਲਬੀਰ ਕੋਲ ਕੋਈ ਸੁਰੱਖਿਆ ਗਾਰਦ ਨਹੀਂ ਸੀ। ਲੋਕ ਹੈਰਾਨ ਸਨ ਕਿ ਦਲਬੀਰ ਕਰੀ ਕੀ ਜਾ ਰਿਹਾ ਹੈ।

ਸਾਲ 1995 ਵਿਚ ਸੰਪਾਦਕ ਹਰਭਜਨ ਹਲਵਾਰਵੀ ਨੇ ਕਰਮਜੀਤ ਨਾਲ ਰੋਪੜ-ਮੋਰਿੰਡਾ ਵੱਲ ਦੇ ਉਸੇ ਫਰਾਡੀ ਪੱਤਰਕਾਰ ਦੀ ਚੁੱਕਣਾ ਵਿਚ ਆ ਕੇ ਲੰਮੀ ਅਤੇ ਬੇਸਿਰ-ਪੈਰ ਕਿਸਮ ਦੀ ਲੜਾਈ ਵਿੱਢ ਲਈ। ਇਹ ਲੜਾਈ ਅਨੰਦਪੁਰ ਸਾਹਿਬ ਦੇ ਇਕ ਹੁਜਤੀ ਪੱਤਰਕਾਰ ਵੱਲੋਂ ਜਥੇਦਾਰ ਰਣਜੀਤ ਸਿੰਘ ਦੀ ਰਿਹਾਈ ਬਾਰੇ ਬਾਦਲ ਦੀ ਭਾਜਪਾ ਨੇਤਾਵਾਂ ਨਾਲ ਹੋਈ ਗੁਪਤ ਮੀਟਿੰਗ ਬਾਰੇ ਭੇਜੀ ਕਿਸੇ ਖਬਰ ਨੂੰ ਲੈ ਕੇ ਸੀ। ਇਹੋ ਲੜਾਈ ਹਲਵਾਰਵੀ ਸਾਹਿਬ ਲਈ ਕਾਫੀ ਘਾਤਕ ਵੀ

*(ਬਾਕੀ ਸਫਾ 23 ਉਤੇ)*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਜੋ ਦਿਨੇ ਡਰਨ ਪਰਛਾਵਿਓਂ...

*ਮੰਨਦੇ ਹਾਂ ਕਿ ਮੁਆਫ ਕਰਨ ਦਾ ਗੁਣ ਸਭ ਤੋਂ ਵੱਡਾ ਤੇ ਉਤਮ ਹੈ ਪਰ ਕਈ ਵਾਰ ਹਾਲਾਤ ਇਹ ਬਣਦੇ ਹਨ ਕਿ ਅਜਿਹਾ ਪਰਉਪਕਾਰ ਕਰਨ ਵਾਲੇ ਨੂੰ ਮੁਆਫੀ ਵੀ ਬਾਹੋਂ ਫੜ ਕੇ ਆਖਦੀ ਹੈ, 'ਰੱਬ ਦੇ ਵਾਸਤੇ ਇਹ ਜ਼ੁਲਮ ਨਾ ਕਰੀਂ।' ਚੰਦੂ ਤੇ ਗੰਗੂ ਦੇ ਗੁਨਾਹ ਬਖਸ਼ਣਯੋਗ ਨਹੀਂ ਸਨ। ਜਦੋਂ ਦੀ ਰਾਜਨੀਤੀ ਪਿੰਡਾਂ ਤੋਂ ਵੀ ਅੱਗੇ ਘਰਾਂ ਤੱਕ ਪਹੁੰਚ ਗਈ ਹੈ, 'ਸਰਬਸੰਮਤੀ' ਫੱਟੜ ਹੋਣ ਦੀ ਦੁਹਾਈ ਦੇਣ ਲੱਗ ਪਈ ਹੈ। ਸਿਆਣੇ ਬੰਦੇ ਕਦੇ ਵੀ ਸੱਪ, ਸ਼ੇਰ ਅਤੇ ਨੰਗੀ ਤਾਰ ਦੇ ਅੱਗਿਓਂ ਨਹੀਂ ਲੰਘਦੇ। ਧੀਆਂ ਜਦੋਂ ਧਿਆਣੀਆਂ ਕਹਾਉਣ ਦੀ ਥਾਂ ਕੁਰਾਹੇ ਪੈ ਜਾਣ ਤਾਂ ਚੁੰਨੀ ਅਤੇ ਬੁਨੈਣ ਵਿਚ ਬਹੁਤਾ ਅੰਤਰ ਨਹੀਂ ਰਹਿੰਦਾ। ਜੇ ਰੱਬ ਨੇ ਜ਼ਿੰਦਗੀ ਦਾ ਟਾਈਮ ਟੇਬਲ ਵੀ ਨਾਲ ਭੇਜਿਆ ਹੁੰਦਾ ਕਿ ਕਦੋਂ, ਕੀ, ਕਿੱਥੇ ਤੇ ਕਿਵੇਂ ਵਾਪਰੇਗਾ ਤਾਂ ਜ਼ਿੰਦਗੀ ਵਿਚ ਕਿਸੇ ਦੀ ਦਿਲਚਸਪੀ ਤਾਂ ਰਹਿਣੀ ਹੀ ਕੀ ਸੀ, ਰੱਬ ਨੂੰ ਪੂਜਣ ਦੀ ਥਾਂ ਸਵੇਰੇ ਉਠ ਕੇ ਲੋਕਾਂ ਨੇ ਇਹਦੇ ਨਾਲ ਜੱਗੋਂ ਤੇਰਵੀਂ ਕੁਪੱਤ ਕਰਿਆ ਕਰਨੀ ਸੀ। ਜੀਵਨ ਬੁਝਾਰਤ ਬਣਿਆ ਹੋਇਆ ਹੈ, ਇਸੇ ਲਈ ਹੁੰਗਾਰਾ ਮਿਲੀ ਜਾਂਦਾ ਹੈ। ਕਈ ਕੋਠੇ ਚੜ੍ਹ ਕੇ ਚੰਨ ਵੇਖਣ ਗਈਆਂ ਗੁਆਂਢੀਆਂ ਦੇ ਜਾ ਪਹੁੰਚੀਆਂ, ਤੇ ਫਿਰ ਉਨ੍ਹਾਂ ਨੂੰ ਬੜੀ ਦੇਰ ਬਾਅਦ ਪਤਾ ਲੱਗਾ ਕਿ ਗੁਆਂਢਣ ਤਾਂ ਪਹਿਲਾਂ ਹੀ ਉਨ੍ਹਾਂ ਦੇ ਘਰ ਆ ਗਈ ਸੀ। ਅਸਲ ਵਿਚ, ਹੁਣ ਬੀਨ ਮੇਲ੍ਹ ਰਹੀ ਹੈ ਤੇ ਸੱਪ ਵੱਜ ਰਿਹਾ ਹੈ। ਕਈ ਲੋਕ ਕਾਰਡ ਦੇ ਹੇਠਾਂ ਲਿਖ ਤਾਂ ਦਿੰਦੇ ਨੇ ਕਿ 'ਤੁਹਾਡੇ ਦਰਸ਼ਨ ਅਭਿਲਾਸ਼ੀ' ਪਰ ਇਨ੍ਹਾਂ ਦੇ ਦਰਸ਼ਨਾਂ ਵਿਚ ਲਾਲਚ ਬੈਟਰੀਆਂ ਮਾਰ ਰਿਹਾ ਹੁੰਦਾ ਹੈ। ਸ਼ਗਨ ਲੈਣ ਵੇਲੇ ਹੁਣ ਸੂਚੀਆਂ ਤਾਂ ਬਣਨ ਲੱਗੀਆਂ ਹਨ, ਕਿਉਂਕਿ ਕੰਨਿਆ ਦਾਨ ਵਾਪਿਸ ਕਰਨ ਵੇਲੇ ਕੋਈ ਔਖ ਨਹੀਂ ਰਹੇਗੀ। ਜੁਆਨੀ ਵਿਚ ਕਈਆਂ ਨੇ ਪ੍ਰੇਮਿਕਾ ਦੀਆਂ ਜ਼ੁਲਫਾਂ ਵਿਚ ਇਕਰਾਰ ਤਾਂ ਤਾਰੇ ਤੋੜ ਕੇ ਟੰਗਣ ਦਾ ਕੀਤਾ ਸੀ, ਪਰ ਸਮਾਜ ਨੇ ਦੋਵੇਂ ਐਸੇ ਪੁੱਠੇ ਟੰਗੇ ਕਿ ਇਕ ਦੂਜੇ ਦਾ ਹਾਲ-ਚਾਲ ਪੁੱਛਣ ਜੋਗੇ ਵੀ ਨਹੀਂ ਛੱਡੇ। ਜਿਹੜੀ ਔਰਤ ਪ੍ਰੇਮੀ ਨਾਲ ਵਿਆਹ ਕਰਾਉਣ ਵਿਚ ਸਫਲ ਨਾ ਹੋਵੇ, ਉਹ ਫਿਰ ਕਈ ਵਿਆਹ ਇਸ ਕਰ ਕੇ ਕਰਵਾ ਲੈਂਦੀ ਹੈ ਕਿ ਪ੍ਰੇਮੀ ਲੱਭਣ ਵਿਚ ਉਹਦੀ ਸ਼ਰਮ ਕਦੋਂ ਦੀ ਲੱਥ ਗਈ ਹੁੰਦੀ ਹੈ। ਜਿਨ੍ਹਾਂ ਨੇ ਵਿਆਹ ਕਰਵਾ ਕੇ ਯਾਰ ਹੰਢਾਏ ਨੇ, ਉਨ੍ਹਾਂ ਨੇ ਜਾਂ ਤਾਂ ਪਾਣੀਆਂ ਨੂੰ ਅੱਗ ਲਾਈ ਜਾਂ ਪਾਣੀ ਅੱਗ ਬਣਾ ਦਿੱਤੇ ਨੇ। ਲਾਲਚ ਗੂੜ੍ਹੇ ਰਿਸ਼ਤਿਆਂ ਨੂੰ ਜ਼ਖਮੀ ਕਿਵੇਂ ਕਰਦਾ ਹੈ, ਸ਼ਾਇਦ ਇਸ ਤੋਂ ਪਰ੍ਹੇ ਕੋਈ ਰਾਮ ਕਥਾ ਸੁਣਨ ਨੂੰ ਨਾ ਮਿਲੇ...ਇਸੇ ਲਈ ਰਾਏ ਹੀ ਦਿਆਂਗਾ ਕਿ ਸੰਖ ਥੋੜ੍ਹਾ ਹੌਲੀ ਵਜਾ ਕੇ ਵੇਖਿਓ...।*

ਜਿਥੇ ਦੋ ਵਾਰ ਗਲਤੀ ਕਰਨ ਦੀ ਸਹੂਲਤ ਮਿਲ ਗਈ ਹੋਵੇ, ਉਥੇ ਨਤੀਜੇ ਬੇਹੱਦ ਖਤਰਨਾਕ ਆਉਣ ਦੀ ਪੱਕੀ ਸੰਭਾਵਨਾ ਹੁੰਦੀ ਹੈ। ਜਿਥੇ ਸੱਸ ਆਪਣੇ ਨੂੰਹ-ਪੁੱਤ ਵਿਚਕਾਰ ਤਲਾਕ ਦਾ ਕਾਰਨ ਬਣੇ, ਉਥੇ ਦੂਜੀ ਨੂੰਹ ਭਾਵੇਂ ਭਲੇਮਾਣਸ ਪਰਿਵਾਰ 'ਚੋਂ ਵੀ ਹੋਵੇ, ਉਹਨੂੰ ਕੁਪੱਤੀ ਬਣਨ ਤੋਂ ਕੋਈ ਰੋਕ ਨਹੀਂ ਸਕਦਾ। ਜਿਸ ਔਲਾਦ ਨੂੰ ਮਾਂ ਬਾਪ ਨੇ ਵਰਤਣ ਲਈ ਖੁੱਲ੍ਹੇ ਪੈਸੇ ਦਿੱਤੇ ਹੋਣ, ਉਨ੍ਹਾਂ ਨੂੰ ਇਸ ਭਰਮ ਵਿਚੋਂ ਨਿਕਲ ਜਾਣਾ ਚਾਹੀਦਾ ਹੈ ਕਿ ਧੀਆਂ ਪੁੱਤਰ ਆਗਿਆਕਾਰ ਹੋਣਗੇ। ਇਹ ਔਲਾਦ ਜਦੋਂ ਕਦੇ ਦੇਰੀ ਨਾਲ ਘਰ ਪਰਤੇਗੀ ਤਾਂ ਹੋ ਸਕਦੈ, ਚੋਰੀ ਦਾ ਇਲਜ਼ਾਮ ਲੁਆ ਕੇ ਆਵੇ।

ਪਹਿਲਾਂ ਪਹਿਲ ਜਦੋਂ ਔਰਤਾਂ ਦੇ ਮਰਦਾਂ ਦੇ ਬਰਾਬਰ ਕੰਮ ਕਰਨ ਦੀਆਂ ਖ਼ਬਰਾਂ ਆਈਆਂ ਸਨ ਤਾਂ ਕਿਹਾ ਜਾਣ ਲੱਗ ਪਿਆ ਸੀ ਹੁਣ ਬੱਚੇ ਰੁਲ ਜਾਣਗੇ, ਪਰ ਜਿਸ ਘਰ ਵਿਚ ਮੀਆਂ ਬੀਵੀ ਨੇ ਹੱਡ ਭੰਨਵੀਂ ਮਿਹਨਤ ਕੀਤੀ; ਉਹ ਘਰ ਹੀ ਖੁਸ਼ਹਾਲ ਨਹੀਂ ਹੋਏ ਸਗੋਂ ਬੱਚਿਆਂ ਨੇ ਆਪਣੀ ਤਰੱਕੀ ਦੇ ਰਾਹ ਆਪ ਬਣਾਏ।

ਕਹਾਵਤ ਤਾਂ ਹਾਲੇ ਤੀਕਰ ਇਹ ਚਲਦੀ ਆਈ ਹੈ ਕਿ 'ਮਾਂ 'ਤੇ ਧੀ, ਪਿਓ 'ਤੇ ਘੋੜਾ, ਜੇ ਬਹੁਤਾ ਨਹੀਂ ਤਾਂ ਥੋੜਾ ਥੋੜਾ।' ਉਂਜ, ਕਈ ਮਾਂਵਾਂ ਤਾਂ ਰੱਜ ਕੇ ਨੇਕ ਸਨ ਪਰ ਧੀਆਂ ਨੇ ਸਰੋਂ ਵਿਚ ਅਜਿਹੇ ਛੋਲੇ ਬੀਜੇ ਕਿ ਸਿਆਣੇ ਬੰਦੇ ਢਿੱਡ ਵਿਚ ਨਹੀਂ, ਖੁੱਚਾਂ ਵਿਚ ਮੁੱਕੀਆਂ ਦੇ ਕੇ ਰੋਂਦੇ ਰਹੇ। ਮਾਂ ਤੇ ਧੀ ਦਾ ਪਰਦਾ ਹੀ ਇਕ ਨਹੀਂ ਹੁੰਦਾ, ਬਲਕਿ ਜ਼ਮਾਨੇ ਤੋਂ ਧੀਆਂ ਨੂੰ ਬਚਾ ਜਾਂ ਲੁਕਾ ਕਿ ਕਿਵੇਂ ਰੱਖਣਾ ਹੈ, ਇਹ ਵੀ ਮਾਂਵਾਂ ਹੀ ਜਾਣਦੀਆਂ ਹਨ। ਜਿਥੇ ਮਾਂਵਾਂ ਨੇ ਇਹ ਜ਼ਿੰਮੇਵਾਰੀ ਨਹੀਂ ਨਿਭਾਈ, ਉਥੇ ਧੀ ਕੁਰਾਹੇ ਪੈਣ ਤੋਂ ਰੁਕ ਨਹੀਂ ਸਕੀ। ਕਈ ਬਦਕਿਸਮਤ ਮਾਂਵਾਂ ਨੇ ਉਮਰ ਸੰਵਾਰਨ ਲਈ ਧੀਆਂ ਨੂੰ ਮੱਤਾਂ ਬੜੀਆਂ ਦਿੱਤੀਆਂ ਪਰ ਉਹ ਅਜਿਹੀ ਕਾਂਗਿਆਰੀ ਵਿਚ ਫਸ ਗਈਆਂ ਕਿ ਪਹੁੰਚਾ ਤਾਂ ਨਿਕਲ ਗਿਆ ਪਰ ਲੱਤ ਛਿੱਲੀ ਗਈ।

ਸਿਹਤ ਵਿਗਿਆਨ ਇਹ ਆਖਦਾ ਹੈ ਕਿ ਕਾਮ ਪੱਖੋਂ ਅਤ੍ਰਿਪਤ ਮਨੁੱਖ ਹੀ ਖਤਰਨਾਕ ਨਹੀਂ ਹੁੰਦਾ, ਬਲਕਿ ਇਹ ਪ੍ਰਵਿਰਤੀ ਜਾਨਵਰਾਂ ਅੰਦਰ ਵੀ ਹੈ। ਸ਼ੇਰ ਤੇ ਹਾਥੀ ਇਸ ਅਵਸਥਾ ਵਿਚ ਕੁਝ ਵੀ ਫਨਾਹ ਕਰ ਸਕਦੇ ਹਨ। ਇਨ੍ਹਾਂ ਦੇ ਰਾਹ ਵਿਚੋਂ ਉਸ ਵੇਲੇ ਲਾਂਭੇ ਹੋ ਜਾਣਾ ਹੀ ਚੰਗਾ ਹੁੰਦਾ ਹੈ। ਵਿਆਹ ਜ਼ਿੰਦਗੀ ਦਾ ਸਭ ਤੋਂ ਉਤਮ ਮਿਲਾਪ ਹੈ। ਗ੍ਰਹਿਸਥ ਦੇ ਕਿਲੇ ਵਿਚ ਦਾਖਲ ਹੋਣ ਲਈ ਦੋ ਬੂਹੇ ਇਥੋਂ ਹੀ ਆਪ ਭੇੜੇ ਜਾਂਦੇ ਹਨ ਪਰ ਜਿਹੜੇ ਕਿਲੇ ਅੰਦਰ ਦਾਖਲ ਤਾਂ ਢੋਲ ਢਮੱਕੇ ਨਾਲ ਹੋਏ ਸੀ, ਵਿਚਾਲਿਓਂ ਹੀ ਚੀਕ-ਚਹਾੜੇ ਦੀ ਬੀਨ ਵਜਾਉਂਦੇ ਪਰਤ ਆਏ, ਇਨ੍ਹਾਂ ਬਾਰੇ ਕੀ ਕਹੀਏ? ਇਨ੍ਹਾਂ ਦੇ ਮਹਿੰਦੀ ਫਿੱਕੀ ਚੜ੍ਹੀ ਹੋਣ ਕਾਰਨ ਇਨ੍ਹਾਂ ਨੇ ਰੰਗ ਗੂੜ੍ਹਾ ਕਰਨ ਲਈ ਹੱਥ ਖੂਨ ਵਿਚ ਲਬੇੜ ਲਏ। ਜਿਸ ਹਲਕੇ ਵਿਚ ਚੋਅ ਵਗਦੇ ਹੋਣ, ਉਥੇ ਕਈ ਵਾਰ ਇਹ ਗੱਲ ਹੋ ਜਾਂਦੀ ਹੈ ਕਿ ਮੀਂਹ ਕਿਤੇ ਹੋਰ ਪਿਆ ਹੁੰਦਾ ਹੈ, ਪਾਣੀ ਕਿਤੇ ਹੋਰ ਸੂਕ ਰਿਹਾ ਹੁੰਦਾ ਹੈ। ਜਿਵੇਂ ਸਪੇਰਿਆਂ ਦੀ ਪਟਾਰੀ ਵਿਚਲਾ ਸੱਪ ਫੂੰਕਾਰੇ ਤਾਂ ਮਾਰ ਰਿਹਾ ਹੁੰਦਾ ਹੈ ਪਰ ਉਹ ਡੰਗ ਮਾਰਨ ਦੇ ਕਾਬਲ ਨਹੀਂ ਹੁੰਦਾ। ਇਸ ਵਿਥਿਆ ਨੂੰ ਗੌਰ ਨਾਲ ਪੜ੍ਹ ਕੇ ਸੋਚਿਓ ਕਿ ਚਰਖਾ ਕਿਥੇ ਕੁ ਡਾਹੀਏ...।

ਕਰਾਚੀ ਦੇ ਕਿਸੇ ਥਾਣੇ 'ਚ ਜਦੋਂ ਇਕ ਕੁੜੀ ਨੇ ਧੁੱਪੇ ਮੇਜ਼ ਕੁਰਸੀ ਡਾਹ ਕੇ ਬੈਠੇ ਥਾਣੇਦਾਰ ਨੂੰ 'ਸਲਾਮਾਲੇਕਮ' ਕਿਹਾ ਤਾਂ ਮਹਿੰਦੀ ਰੰਗੇ ਜੁੜੇ ਹੱਥਾਂ ਵਿਚ ਤਰਲੇ ਦੀ ਫਰਿਆਦ ਸੁਣ ਕੇ ਉਹਦੇ ਮੂੰਹੋਂ ਬੜਾ ਔਖਾ 'ਵਾ ਲੇਕਮ ਸਲਾਮ' ਨਿਕਲਿਆ।

"ਬੱਚੀ ਹੌਸਲੇ ਨਾਲ ਦੱਸ, ਰੋ ਕਿਉਂ ਰਹੀ ਏਂ? ਤਕਲੀਫ ਕੀ ਐ ਦੱਸ?" ਥਾਣੇਦਾਰ ਦਾ ਦਿਲ ਇਸ ਕਰ ਕੇ ਪਿਘਲ ਰਿਹਾ ਸੀ ਕਿ ਹਾਲੇ ਪਿਛਲੇ ਜੁੰਮੇ ਨੂੰ ਹੀ ਉਸ ਨੇ ਆਪਣੀ ਧੀ ਦਾ ਨਿਕਾਹ ਪੜ੍ਹਾਇਆ ਸੀ।

"ਸਰ ਮੇਰੇ ਵਿਆਹ ਨੂੰ ਅੱਜ ਪੂਰੇ ਤੇਰਾਂ ਦਿਨ ਹੋਏ ਹਨ ਪਰ ਪਰਸੋਂ ਤੋਂ ਮੇਰੇ ਘਰਵਾਲੇ ਬਾਰੇ ਕੋਈ ਉਘ-ਸੁੱਘ ਨਹੀਂ ਮਿਲੀ।"

"ਸਾਕ ਸਬੰਧੀਆਂ ਨੂੰ ਪੁੱਛਿਐ?"

"ਰਿਸ਼ਤੇਦਾਰੀ ਵਿਚ ਸਭ ਖਾਕ ਛਾਣ ਦਿੱਤੀ ਹੈ। ਕੁਝ ਨਹੀਂ ਪਤਾ ਲੱਗ ਰਿਹਾ ਸਰ।"

"ਤੇਰੇ ਨਾਲ ਕੌਣ ਹੈ?"

"ਇਹ ਮੇਰਾ ਭਰਾ ਹੈ।"

"ਤੇਰੇ ਸਹੁਰੇ ਘਰ ਹੋਰ ਕੌਣ ਹੈ?"

"ਕੋਈ ਨਹੀਂ ਸਰ। ਮੇਰੇ ਖਾਵੰਦ ਦੀ ਇਕ ਭੈਣ ਹੈ ਸਰ। ਉਸ ਨੇ ਹੀ ਰਿਸ਼ਤਾ ਕਰਵਾਇਆ ਸੀ। ਵਿਚਾਰੇ ਨਿੱਕੇ ਹੁੰਦੇ ਯਤੀਮ ਹੋ ਗਏ ਸਨ।"

"ਉਥੇ ਕਿਥੇ ਰਹਿੰਦੀ ਏ?"

"ਉਹ ਅਲੱਗ ਮਕਾਨ ਵਿਚ ਰਹਿੰਦੀ ਹੈ। ਸਰ ਇੰਨੇ ਕੁ ਦਿਨਾਂ 'ਚ ਮੈਨੂੰ ਕੋਈ ਬਹੁਤਾ ਪਤਾ ਨਹੀਂ ਲੱਗ ਸਕਿਆ।"

ਤੇ ਉਹਨੇ ਦਰਖਾਸਤ ਦੇ ਨਾਲ ਫੋਟੋ ਥਾਣੇਦਾਰ ਨੂੰ ਫੜਾ ਕੇ ਫਿਰ ਤਰਲਾ ਕੀਤਾ, "ਸਰ, ਖੁਦਾ ਦੇ ਵਾਸਤੇ, ਮੇਰਾ ਸ਼ੌਹਰ ਮਿਲਾ ਦਿਓ।"

"ਠੀਕ ਹੈ, ਪੂਰੀ ਕੋਸ਼ਿਸ਼ ਕਰਾਂਗੇ ਜਲਦੀ ਲੱਭਣ ਦੀ। ਪਹਿਲਾਂ ਤਾਂ ਨਹੀਂ ਗਿਆ ਸੀ ਕਿਤੇ।"

"ਸਰ ਕਿਸੇ ਬਿਜ਼ਨਸ ਮੀਟਿੰਗ 'ਤੇ ਗਿਆ ਸੀ, ਦੂਜੇ ਦਿਨ ਆ ਗਿਆ ਸੀ।"

ਤੇ ਉਹ ਦੋਵੇਂ ਥਾਣੇ ਤੋਂ ਬਾਹਰ ਚਲੇ ਗਏ।

"ਜਨਾਬ ਮੁਕਲਾਵੇ ਵਾਲੇ ਦਿਨਾਂ ਵਿਚ ਤਾਂ ਕੋਈ ਬੰਦਾ ਆਪਣੀ ਬੀਵੀ ਤੋਂ ਤਿੰਨ ਘੰਟੇ ਨਹੀਂ ਪਰ੍ਹਾਂ ਹੁੰਦਾ ਤੇ ਇਹ ਤਿੰਨ ਦਿਨ ਤੋਂ ਘਰੋਂ ਬਾਹਰ ਹੈ। ਜ਼ਰੂਰ ਕੋਈ ਡੂੰਘੀ ਸਾਜ਼ਿਸ਼ ਲਗਦੀ ਹੈ।"

"ਚੁੱਪ ਕਰ ਸਾਲਿਆ, ਪਤਾ ਨਹੀਂ ਕਿਹਦੀਆਂ ਕੀ ਮਜਬੂਰੀਆਂ ਹੋਣ?" ਥਾਣੇਦਾਰ ਨੇ ਦਰਖਾਸਤ 'ਤੇ ਮੋਟੀ ਨਿਗ੍ਹਾ ਮਾਰੀ...ਇਹ ਲੜਕੀ ਫਰਹਾ, ਸ਼ਕੀਲ ਨਾਂ ਦੇ ਗੱਭਰੂ ਨਾਲ ਵਿਆਹੀ ਗਈ ਸੀ।

ਪੁਲਿਸ ਪਾਰਟੀਆਂ ਸ਼ਕੀਲ ਦੀ ਭਾਲ ਵਿਚ ਤਾਇਨਾਤ ਕਰ ਦਿੱਤੀਆਂ ਗਈਆ ਪਰ ਅਗਲੀ ਸਵੇਰ ਹੀ ਪੁਲਿਸ ਨੂੰ ਇਤਲਾਹ ਮਿਲੀ ਕਿ ਕਰਾਚੀ ਦੇ ਮੇਨ ਬਜ਼ਾਰ ਵਿਚ ਬਾਰਾਂਦਰੀ ਦੇ ਸਾਹਮਣੇ ਇਕ ਮਕਾਨ ਦਾ ਬੂਹਾ ਤਿੰਨ ਦਿਨਾਂ ਤੋਂ ਖੁੱਲ੍ਹਾ ਹੈ ਤੇ ਅੰਦਰੋਂ ਬਦਬੂ ਆ ਰਹੀ ਹੈ।

ਥਾਣੇਦਾਰ ਆਪ ਸਾਰੀ ਪਾਰਟੀ ਲੈ ਕੇ ਪਹੁੰਚਿਆ ਤਾਂ ਨੌਜਵਾਨ ਦਾ ਕਤਲ ਹੋ ਚੁੱਕਾ ਸੀ। ਲਾਸ਼ ਬੈਡਰੂਮ ਵਿਚ ਫਰਸ਼ 'ਤੇ ਪਈ ਸੀ ਤੇ ਖੂਨ ਬਾਹਰ ਵਿਹੜੇ ਤਕ ਆ ਚੁੱਕਾ ਸੀ। ਫਰਹਾ ਵੱਲੋਂ ਦਰਖਾਸਤ ਨਾਲ ਦਿੱਤੀ ਫੋਟੋ ਨਾਲ ਜਦੋਂ ਨੌਜਵਾਨ ਦਾ ਚਿਹਰਾ ਮਿਲਾਇਆ ਗਿਆ ਤਾਂ ਇਹ ਲਾਸ਼ ਸ਼ਕੀਲ ਦੀ ਹੀ, ਤੇ ਦੋਵੇਂ ਹੱਥਾਂ 'ਤੇ ਫਿੱਕੀ ਪੈ ਚੁੱਕੀ ਮਹਿੰਦੀ ਦਾ ਰੰਗ ਸੀ। ਪੂਰੇ ਘਰ ਦੀ ਤਲਾਸ਼ੀ ਲਈ ਗਈ ਤਾਂ ਪੁਲਿਸ ਨੂੰ ਇਕ ਛੁਰੀ ਮਿਲੀ, ਹੱਥੀ ਵਾਲਾ ਰੋਟੀਆਂ ਪਕਾਉਣ ਵਾਲਾ ਤਵਾ ਤੇ ਸ਼ਕੀਲ ਦੀ ਇਕ ਹੋਰ ਔਰਤ ਨਾਲ ਫੋਟੋ।

ਪੁਲਿਸ ਦੀ ਸ਼ੱਕ ਦੀ ਸੂਈ ਕਿਸੇ ਪ੍ਰੇਮ ਕਹਾਣੀ ਵੱਲ ਮੋੜ ਕੱਟ ਰਹੀ ਸੀ, ਕਿਉਂਕਿ ਸ਼ਕੀਲ ਨਾਲ ਜਿਸ ਔਰਤ ਦੀ ਫੋਟੋ ਸੀ, ਉਹ ਪਿਆਰ ਭਰੇ ਅੰਦਾਜ਼ ਵਿਚ ਪਤੀ ਪਤਨੀ ਹੋਣ ਦੀ ਤਸਦੀਕ ਕਰਦੀ ਸੀ। ਖੈਰ! ਪੁਲਿਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿੱਤੀ।

ਅਸਲ ਵਿਚ ਸ਼ਕੀਲ ਦਾ ਪਹਿਲਾਂ ਵਿਆਹ ਜਵੇਦਾ ਨਾਂ ਦੀ ਲੜਕੀ ਨਾਲ ਹੋ ਚੁੱਕਾ ਸੀ। ਜਵੇਦਾ ਚੰਗੇ ਘਰੋਂ ਸੀ। ਖੁੱਲ੍ਹਾ ਡੁੱਲ੍ਹਾ ਖਰਚ ਕਰਦੀ ਸੀ ਪਰ ਉਸ ਦਾ ਕਿਸੇ ਹੋਰ ਲੜਕੇ ਨਾਲ ਪ੍ਰੇਮ-ਚੱਕਰ ਸੀ, ਜੋ ਸੀ ਤਾਂ ਉਸ ਦੀ ਵੱਡੀ ਭਾਬੀ ਦੀ ਰਿਸ਼ਤੇਦਾਰੀ ਵਿਚੋਂ ਪਰ ਜਵੇਦਾ ਦਾ ਅੱਬਾ ਉਥੇ ਉਹਦਾ ਨਿਕਾਹ ਕਰਨ ਲਈ ਰਜ਼ਾਮੰਦ ਨਾ ਹੋਇਆ। ਤੇ ਕਰਾਚੀ ਵਿਚ ਸਾਧਾਰਨ ਕਲਰਕ ਦੀ ਨੌਕਰੀ ਕਰਦੇ ਸ਼ਕੀਲ ਨਾਲ ਉਸ ਨੂੰ ਵਿਆਹ ਦਿੱਤਾ ਗਿਆ। ਜਵੇਦਾ ਪਿੰਡ ਤੋਂ ਉਹਦੇ ਨਾਲ ਕਰਾਚੀ ਆ ਗਈ ਅਤੇ ਰੌਣਕ ਤੇ ਭੀੜ ਭੜੱਕੇ ਵਾਲੇ ਬਾਜ਼ਾਰ ਵਿਚ ਦੋਵੇਂ ਕਿਰਾਏ ਦੇ ਮਕਾਨ ਵਿਚ ਰਹਿਣ ਲੱਗ ਪਏ।

ਸ਼ਕੀਲ ਦੀ ਤਨਖਾਹ ਨਾਲ ਮਕਾਨ ਦਾ ਕਿਰਾਇਆ ਅਤੇ ਰੋਟੀ-ਪਾਣੀ ਤਾਂ ਠੀਕ ਚੱਲੀ ਜਾਂਦਾ ਸੀ ਪਰ ਜਵੇਦਾ ਦੇ ਸ਼ੌਕ ਪੂਰੇ ਨਹੀਂ ਸਨ ਹੁੰਦੇ। ਉਹ ਉਪਰੋਂ ਤਾਂ ਸ਼ਕੀਲ ਨਾਲ ਪਿਆਰ ਦਾ ਪਾਖੰਡ ਕਰਦੀ ਪਰ ਅੰਦਰੋਂ ਚਾਹੁੰਦੀ ਸੀ ਕਿ ਕਿਹੜੀ ਘੜੀ, ਤੇ ਕਿਵੇਂ ਨਾ ਕਿਵੇਂ ਇਸ ਤੋਂ ਪੱਲਾ ਛੁੱਟ ਜਾਵੇ। ਉਹ ਕਈ ਵਾਰ ਮਿੱਠੀਆਂ ਟਕੋਰਾਂ ਤੇ ਟਿੱਚਰਾਂ ਵਿਚ ਸ਼ਕੀਲ ਨੂੰ ਬੇਇੱਜ਼ਤ ਵੀ ਬਹੁਤ ਕਰਦੀ, ਪਰ ਮਨੋਂ ਬਿਲਕੁਲ ਸਾਫ ਸ਼ਕੀਲ ਨੂੰ ਨਹੀਂ ਪਤਾ ਸੀ ਕਿ ਰਜਿਸਟਰੀ ਤਾਂ ਹੋ ਗਈ ਹੈ ਪਰ ਇੰਤਕਾਲ ਨਹੀਂ ਹੋਵੇਗਾ। ਸ਼ਕੀਲ ਦੇ ਰੋਕਦਿਆਂ ਰੋਕਦਿਆਂ ਵੀ ਉਸ ਨੇ ਬੱਚੇ ਦਾ ਤੀਜੇ ਮਹੀਨੇ ਵਿਚ ਇਹ ਕਹਿ ਕੇ ਗਰਭਪਾਤ ਕਰਵਾ ਦਿੱਤਾ ਸੀ ਕਿ ਅਸੀਂ ਤਾਂ ਹਾਲੇ ਆਪ ਬੱਚੇ ਹਾਂ, ਅਸੀਂ ਬੱਚਾ ਕੀ ਕਰਨਾ ਹੈ? ਸ਼ਕੀਲ ਭਾਵੇਂ ਕਈ ਦਿਨ ਵਿਸ ਘੋਲਦਾ ਰਿਹਾ, ਪਰ ਜਵੇਦਾ 'ਤੇ ਇਸ ਦਾ ਕੋਈ ਅਸਰ ਨਾ ਹੋਇਆ।

ਇਕ ਦਿਨ ਜਵੇਦਾ ਅਖ਼ਬਾਰ ਪੜ੍ਹ ਰਹੀ ਸੀ। ਛੁੱਟੀ ਹੋਣ ਕਾਰਨ ਸ਼ਕੀਲ ਹਾਲੇ ਸੁੱਤਾ ਪਿਆ ਸੀ। ਉਸ ਅਖ਼ਬਾਰ ਵਿਚ ਇਸ਼ਤਿਹਾਰ ਵੇਖਿਆ ਕਿ ਕਿਸੇ ਤਲਾਕਸ਼ੁਦਾ ਲੜਕੀ ਜਿਸ ਦੇ ਮਾਂ ਬਾਪ ਨਹੀਂ ਹਨ, ਆਪਣੇ ਭਰਾ ਤੇ ਭਰਜਾਈ ਕੋਲ ਰਹਿੰਦੀ ਹੈ, ਲਈ ਚੰਗੇ ਵਰ ਦੀ ਲੋੜ ਹੈ। ਲੜਕਾ ਖੂਬਸੂਰਤ ਤੇ ਪੜ੍ਹਿਆ ਲਿਖਿਆ ਹੋਵੇ; ਜੇ ਸੈਟਲ ਨਾ ਵੀ ਹੋਵੇ, ਤਦ ਵੀ ਉਸ ਨੂੰ ਸੈਟਲ ਕਰਨ ਵਿਚ ਮਾਲੀ ਮੱਦਦ ਦਿੱਤੀ ਜਾ ਸਕਦੀ ਹੈ।

ਜਵੇਦਾ ਨੂੰ ਲੱਗਾ ਕਿ ਕੰਧ 'ਤੇ ਲਟਕਦੀ ਘੜੀ ਖੜ੍ਹੀ ਹੋ ਗਈ ਹੈ ਤੇ ਸੂਈਆਂ ਪੁੱਠੇ ਚੱਕਰ ਕੱਢਣ ਲੱਗ ਪਈਆਂ ਹਨ। ਪੁੱਠੇ ਖਿਆਲਾਂ ਦੀ ਛਿੰਝ ਉਸ ਦੇ ਦਿਮਾਗ ਵਿਚ ਪੈਣ ਲੱਗੀ, ਸੁਪਨਿਆਂ ਦਾ ਢੋਲ ਵੱਜਣ ਲੱਗਾ। ਤੀਰ ਇਕ ਨਿਸ਼ਾਨੇ ਦੋ, ਤੇ ਉਸ ਨੂੰ 'ਕੱਠੇ ਫੁੰਡ ਹੁੰਦੇ ਦਿਸਣ ਲੱਗ ਪਏ। ਉਸ ਨੇ ਭੱਜ ਕੇ ਸੁੱਤੇ ਪਏ ਸ਼ਕੀਲ ਨੂੰ ਉਠਾਇਆ, "ਯਾਰ ਆਈਡੀਆ ਵੇਖ ਕਿਆ ਖ਼ੂਬ ਹੈ।"

"ਸੌਣ ਦੇ, ਅੱਜ ਛੁੱਟੀ ਹੈ ਈਦ ਦੀ, ਤੇ ਤੂੰ ਆਈਡੀਏ ਦੇਣ ਲੱਗੀ ਹੋਈ ਏਂ।"

"ਸੁਣ ਤਾਂ ਲੈ ਉਠ ਕੇ, ਈਦ ਵੇਖ ਕਿਵੇਂ ਮਨਾਉਂਦੇ ਆਂ ਆਪਾਂ।"

"ਦੱਸ?" ਅੱਖਾਂ ਮਲਦਿਆਂ ਸ਼ਕੀਲ ਬੋਲਿਆ।

"ਤੇਰਾ ਹੋਰ ਵਿਆਹ ਕਰ ਦਿਆਂ?"

"ਤੇਰੀ ਕਿਸੇ ਹੋਰ ਨਾਲ ਤਿਆਰੀ ਐ।"

"ਮੈਂ ਜਾਨੀ ਆਂ ਤੈਨੂੰ ਛੱਡ ਕੇ? ਮੈਂ ਤਾਂ ਹੋਰ ਸ਼ਿਕਾਰ ਮਾਰਨੈਂ?"

"ਫਜ਼ੂਲ ਗੱਲਾਂ ਨਹੀਂ ਕਰੀਦੀਆਂ।"

"ਕੰਨ ਖੋਲ੍ਹ ਕੇ ਸੁਣ, ਤੇਰੀ ਤਨਖਾਹ ਨਾਲ ਕੀ ਬਣਦੈ? ਮਾਲ ਹੱਥ ਲੱਗੂ ਮੋਟਾ, ਆਹ ਪੜ੍ਹ ਅਖ਼ਬਾਰ। ਗਰੀਬੀ ਤੇ ਖੁਸ਼ਕੀ ਚੱਕੀ ਜਾਊ ਸਾਰੀ।"

"ਸ਼ਕੀਲ ਨੇ ਨਿਗ੍ਹਾ ਮਾਰੀ ਤਾਂ ਕਾਰੋਬਾਰ ਵਿਚ ਮਦਦ ਕਰਨ ਲਈ ਵੀਹ ਲੱਖ ਦੀ ਪੇਸ਼ਕਸ਼ ਨੇ ਉਸ ਦੇ ਦਿਮਾਗ ਵਿਚ ਗ੍ਰੀਸ ਦੇ ਦਿੱਤੀ।"

"ਜਵੇਦਾ ਗੱਲ ਕਿਵੇਂ ਬਣੂੰ?"

"ਇਹ ਮੇਰਾ ਕੰਮ ਆ।"

"ਜੇ ਫੜੇ ਗਏ?"

"ਕਰਾਚੀ ਵਿਚ ਕੁੱਤਾ ਗੁਆਚਿਆ ਨੀਂ ਲੱਭਦਾ, ਆਪਾਂ ਕਿਥੋਂ ਲੱਭ ਜਾਂ'ਗੇ?"

ਜਵੇਦਾ ਸਮਝ ਗਈ ਸੀ ਕਿ ਕੁੜੀ ਭਰਜਾਈ ਹੱਥੋਂ ਤੰਗ ਐ ਤੇ ਭਰਜਾਈ ਵੀ ਉਸ ਤੋਂ ਲੜ ਛੁਡਾਉਣਾ ਚਾਹੁੰਦੀ ਹੈ। ਉਹ ਜਾ ਪਹੁੰਚੀ ਠਿਕਾਣੇ 'ਤੇ। ਵਿਛਾ'ਤਾ ਤੰਦੂਆ ਜਾਲ। ਆਖਣ ਲੱਗੀ, ਛੋਟੇ ਛੋਟੇ ਸਾਂ ਜਦੋਂ ਮਾਂ ਬਾਪ ਤੁਰ ਗਏ ਐਕਸੀਡੈਂਟ ਵਿਚ। ਬੜੀ ਮਿਹਨਤ ਨਾਲ ਇਥੋਂ ਤਕ ਆਏ ਹਾਂ।

"ਕੀ ਕਰਦੈ ਭਰਾ ਤੁਹਾਡਾ?"

"ਦੁਬਈ 'ਚ ਛੋਟਾ ਮੋਟਾ ਕਾਰੋਬਾਰ ਆ। ਆਉਂਦਾ ਜਾਂਦਾ ਰਹਿੰਦਾ। ਮਾਂ ਬਾਪ ਸਿਰ 'ਤੇ ਨਹੀਂ। ਚਾਹੁੰਦੀ ਆਂ ਚਾਦਰ ਪਾ ਕੇ ਲੈ ਆਵਾਂ ਭਾਬੀ।"

"ਬੱਸ ਹਾਅ ਤਾਂ ਤੂੰ ਸਾਡੇ ਦਿਲ ਦੀ ਗੱਲ ਕਰ'ਤੀ। ਸਹੁਰਾ ਤਾਂ ਮੈਂ ਵੀ ਨਹੀਂ ਵੇਖਿਆ। ਸੱਸ ਪੂਰੀ ਹੋਈ ਨੂੰ ਹੋ ਗਏ ਨੇ ਚਾਰ ਕੁ ਸਾਲ। ਮੇਰੀ ਜਵਾਨ ਫਰਾਹ ਦਾ ਘਰਵਾਲਾ ਟੈਕਸੀ ਚਲਾਉਂਦਾ ਸੀ, ਫੌਤ ਹੋ ਗਿਆ ਪਿਛਲੇ ਸਾਲ। ਗੱਡੀ ਪਲਟ ਕੇ ਅੱਗ ਲੱਗ ਗਈ ਸੀ। ਮੇਰੇ ਪਤੀ ਬੈਂਕ ਮੈਨੇਜਰ ਨੇ, ਕਹਿੰਦੇ ਨੇ ਭੈਣ ਦਾ ਘਰ ਵਸਾਉਣ ਲਈ ਸਭ ਕੁਝ ਕਰ ਦਿਆਂਗਾ।"

"ਆਹ ਫੋਟੋ ਆ ਮੇਰੇ ਵੀਰ ਦੀ। ਤੁਸੀਂ ਆਪਣੇ ਪਤੀ ਨੂੰ ਵਿਖਾ ਲੈਣਾ।"

"ਲੈ ਆ ਹੀ ਗਏ ਨੇ।...ਮੈਂ ਤਾਂ ਹਾਂ ਕਰ'ਤੀ ਜੀ ਤੁਸੀਂ ਦੱਸੋ?"

"ਮੈਂ ਕਿਵੇਂ ਨਾਂਹ ਕਰ ਸਕਦਾਂ?"

"ਅਗਲੇ ਜੁੰਮੇ ਆ ਜਾਇਓ ਤੁਸੀਂ ਭਰਾ ਨੂੰ ਲੈ ਕੇ। ਕਾਜ਼ੀ ਅਸੀਂ ਬੁਲਾ ਰੱਖਾਂਗੇ। ਚਾਹ ਪਾਣੀ ਪਿਆ ਕੇ ਤੋਰ ਦਿਆਂਗੇ। ਚਲੋ, ਅਖਬਾਰ ਵਿਚ ਤਾਂ ਵੀਹ ਲਿਖਿਆ ਸੀ, ਅਸੀਂ ਪੰਝੀ ਲੱਖ ਦਾ ਡਰਾਫਟ ਦੇ ਦਿਆਂਗੇ। ਮੁੰਡਾ ਚੰਗੀ ਤਰ੍ਹਾਂ ਸੈਟ ਹੋ ਜੂ ਦੁਬਈ 'ਚ। ਬਾਕੀਆਂ ਦਾ ਨਿੱਕਾ ਮੋਟਾ ਸਾਮਾਨ ਲੈ ਲਿਓ।" ਨਣਾਨ ਤੋਂ ਅੱਕੀ ਭਾਬੀ ਨੇ ਸਭ ਕੁਝ ਫਾਈਨਲ ਕਰ ਦਿੱਤਾ। ਤੇ ਅਗਲੇ ਜੁੰਮੇ ਬਿਨਾਂ ਕਿਸੇ ਪੁੱਛਗਿੱਛ ਦੇ ਜਿਵੇਂ ਕੋਈ ਗਵਾਹਾਂ ਤੋਂ ਬਿਨਾ ਹੀ ਮੁਕੱਦਮਾ ਜਿੱਤ ਗਿਆ ਹੋਵੇ।

ਜਵੇਦਾ ਨੇ ਪੈਸੇ ਸੰਭਾਲੇ ਤੇ ਸ਼ਕੀਲ ਤੇ ਫਰਹਾ ਨੂੰ ਕਿਰਾਏ 'ਤੇ ਫਲੈਟ ਲੈ ਦਿੱਤਾ। ਸ਼ਕੀਲ ਨੂੰ ਕਹਿਣ ਲੱਗੀ, "ਇਹ ਹੱਕ ਬੱਸ ਦੋ ਚਾਰ ਦਿਨ ਲਈ ਹੀ ਮੈਂ ਦਿੱਤਾ ਕਿਸੇ ਨੂੰ। ਦਸ ਕੁ ਦਿਨ ਕੱਟ ਤੇ ਖਿਸਕੀਏ।"

ਉਧਰ ਜਵੇਦਾ ਨੇ ਪੁਰਾਣੇ ਕੁਨੈਕਸ਼ਨ ਜੋੜ ਲਏ। ਉਹ ਆਪਣੇ ਪ੍ਰੇਮੀ ਨੂੰ ਘਰ ਬੁਲਾਉਣ ਲੱਗ ਪਈ। ਪਹਿਲਾਂ ਜਦੋਂ ਸ਼ਕੀਲ ਘਰ ਆਇਆ ਤਾਂ ਠੀਕ ਸੀ, ਪਰ ਜਿਸ ਦਿਨ ਅਚਾਨਕ ਆ ਕੇ ਉਸ ਨੇ ਰਾਤ ਵੇਲੇ ਪਿਛਲਾ ਦਰਵਾਜ਼ਾ ਖੋਲ੍ਹ ਕੇ ਵੇਖਿਆ ਤਾਂ ਜਵੇਦਾ ਕਿਸੇ ਹੋਰ ਨਾਲ ਕਲੋਲਾਂ ਕਰ ਰਹੀ ਸੀ।

ਸ਼ਕੀਲ ਗੁੱਸੇ ਵਿਚ ਫਟ ਗਿਆ, "ਠਹਿਰ ਜਾਹ ਕੰਜਰਦਿਆ...ਕੌਣ ਐਂ ਤੂੰ ਅੱਧੀ ਰਾਤ ਵੇਲੇ।" ਤੇ ਉਹ ਰਸੋਈ ਵਿਚੋਂ ਛੁਰੀ ਚੁੱਕ ਲਿਆਇਆ। ਮਗਰੇ ਉਸ ਦੇ ਜਵੇਦਾ ਨਿਕਲੀ, ਉਸ ਨੂੰ ਕੁਝ ਨਾ ਲੱਭੇ। ਆਖਿਰ ਉਸ ਨੇ ਰੋਟੀਆਂ ਪਕਾਉਣ ਵਾਲਾ ਤਵਾ ਹੱਥੀ ਤੋਂ ਦੋਹਾਂ ਹੱਥਾਂ ਨਾਲ ਫੜ, ਕੰਨ ਭਾਰ ਸ਼ਕੀਲ ਦੇ ਸਿਰ ਵਿਚ ਇੰਨੀ ਜ਼ੋਰ ਦੀ ਮਾਰਿਆ ਕਿ ਸਿਰ ਦੋ ਹਿੱਸਿਆਂ ਵਿਚ ਵੰਡਿਆ ਗਿਆ ਤੇ ਉਹ ਥਾਏਂ ਢੇਰੀ ਹੋ ਗਿਆ।

ਤੇ ਸ਼ਹਿਰ ਤੋਂ ਖਿਸਕਦਾ ਇਹ ਪ੍ਰੇਮੀ ਜੋੜਾ ਪੁਲਿਸ ਨੇ ਦਬੋਚ ਲਿਆ ਸੀ।

ਜਦੋਂ ਥਾਣੇਦਾਰ ਨੇ ਫਰਹਾ ਨੂੰ ਥਾਣੇ ਬੁਲਾ ਕੇ ਸ਼ਕੀਲ ਦੀ ਫੋਟੋ ਕਿਸੇ ਔਰਤ ਨਾਲ ਵਿਖਾ ਕੇ ਪੁੱਛਿਆ, "ਇਹ ਕੌਣ ਐ?"

"ਸਰ ਮੇਰੀ ਨਣਾਨ।"

"ਭੈਣਾਂ ਭਰਾਵਾਂ ਨਾਲ ਏਦਾਂ ਵੀ ਫੋਟੋ ਖਿਚਾਉਂਦੀਆਂ ਨੇ?"

ਤੇ ਨਾਲ ਹੀ ਥਾਣੇਦਾਰ ਨੇ ਫਰਹਾ ਦੀ ਸੌਕਣ ਜਵੇਦਾ ਸਾਹਮਣੇ ਲਿਆ ਖੜ੍ਹੀ ਕੀਤੀ। ਝੂਠ ਦਾ ਭਾਂਡਾ ਫੁੱਟ ਕੇ ਖਿਲਰ ਗਿਆ ਸੀ ਪਰ ਫਰਹਾ ਦੂਜੀ ਵਾਰ ਸਾਰੀ ਦੀ ਸਾਰੀ ਲੁੱਟੀ ਗਈ ਸੀ।

## .ਗ਼ਜ਼ਲ

ਜੋ ਮੱਥਾ ਵਕਤ ਨਾ ਲਾਵੇ, ਅਜਿਹਾ ਸਿਰ ਨਹੀਂ ਕੋਈ।
ਸਮੇਂ ਦੀ ਚਾਲ ਹੈ ਟੇਡੀ, ਸਮੇਂ ਨੂੰ ਡਰ ਨਹੀਂ ਕੋਈ।

ਉਹ ਖੀਸੇ ਵਿਚ ਪਾ ਤਾਲਾ ਸਦਾ ਲੱਭਦਾ ਰਿਹਾ ਚਾਬੀ,
ਹੈ ਉਸ ਨੂੰ ਇਹ ਪਤਾ ਪੱਕਾ ਕਿ ਉਸ ਦਾ ਘਰ ਨਹੀਂ ਕੋਈ।

ਉਹ ਚਾਹ ਕੇ ਵੀ ਅਜੇ ਪਰਵਾਜ਼ ਭਰ ਸਕਦਾ ਨਹੀਂ ਯਾਰੋ,
ਅਜੇ ਉਹ ਬੋਟ ਹੈ ਨਿੱਕਾ ਕਿ ਉਸ ਦਾ ਪਰ ਨਹੀਂ ਕੋਈ।

ਜੋ ਧੱਕੇ ਖਾਣ ਦਰ ਦਰ 'ਤੇ, ਉਨ੍ਹਾਂ ਵਿਚ ਮੈਂ ਨਹੀਂ ਸ਼ਾਮਿਲ,
ਮੈਂ ਮੱਥਾ ਜਿਸ ਜਗ੍ਹਾ ਰਗੜਾਂ ਅਜਿਹਾ ਦਰ ਨਹੀਂ ਕੋਈ।

ਸਮੇਂ 'ਤੇ ਰੋਕ ਜੋ ਲਾਵੇ, ਹਵਾ ਦੀ ਜੋ ਦਿਸ਼ਾ ਬਦਲੇ,
ਕਿ ਐਸੀ ਨਾਰ ਨਾ ਵੇਖੀ ਤੇ ਐਸਾ ਨਰ ਨਹੀਂ ਕੋਈ।

ਮਿਲੇ ਰੋਟੀ ਦੋ ਵੇਲੇ ਦੀ, ਕੋਈ ਭੁੱਖਾ ਨਹੀਂ ਸੌਂਵੇ,
ਸਿਵਾ ਇਸ ਦੇ ਮੇਰੀ ਚਾਹਤ, ਮੇਰੀ ਸੱਧਰ ਨਹੀਂ ਕੋਈ।

ਸ਼ੱਰੇ ਬਾਜ਼ਾਰ 'ਲਾਲੀ' ਮਾਰਿਆ ਰਲ ਕੇ ਖੁਦਾਵਾਂ ਨੇ,
ਕਿਤੋਂ ਇਨਸਾਫ਼ ਮਿਲ ਜਾਵੇ ਅਜਿਹਾ ਦਰ ਨਹੀਂ ਕੋਈ।

*-ਰਾਜ 'ਲਾਲੀ' ਸ਼ਰਮਾ*
*ਫੋਨ: 847-361-4825*

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਬੰਦੇ ਦੀ ਬੁਨਿਆਦ

ਵੇਖ ਧੀਆਂ ਨੂੰ ਝੁਰਦੇ ਮਾਪੇ ਹੋਏ ਲਾਚਾਰ। ਸਾਰੇ ਖੁੰਢੇ ਕਰ'ਤੇ ਹਾਕਮਾਂ ਦੇ ਹਥਿਆਰ।
ਰੋਟੀਆਂ ਬਹਿ ਕੇ ਸੇਕਦੇ ਲਾ ਇੱਜ਼ਤਾਂ ਨੂੰ ਅੱਗ। ਤਾਹੀਓਂ ਰਹੇ ਸ਼ਰੀਫ ਦੀ ਪੈਰਾਂ ਵਿਚ ਹੁਣ ਪੱਗ।
ਰਾਖੇ ਕਿਵੇਂ ਕਾਨੂੰਨ ਦੇ ਜੋੜਨ ਲੱਗੇ ਹੱਥ। ਬੱਕਰੀ ਫਿਰ ਬਘਿਆੜ ਦੇ ਕਿੱਦਾਂ ਪਾ ਲਊ ਨੱਥ।
ਰਾਹਾਂ ਵੱਲ ਰਹੇ ਤੱਕਦੀ ਘੋਰ ਉਦਾਸਣ ਮਾਂ। ਸੁੱਖੀ ਸਾਂਦੀ ਪਰਤ ਆਏ ਘਰ ਨੂੰ ਨੰਨ੍ਹੀ ਛਾਂ।
ਮੋਮਣੇ ਫਿਰਨ ਦਰਿੰਦੇ ਪਾ ਸ਼ੇਰਾਂ ਦੀ ਖੱਲ, ਲੱਗਦਾ ਹੁਣ ਨਹੀਂ ਲੱਗਣੀ ਕਿਸੇ ਕਿਨਾਰੇ ਗੱਲ।
ਹਿੜ ਹਿੜ, ਹੀਂ ਹੀਂ ਹਿਣਕਦੇ ਨਾ ਸ਼ਰਮ ਨਾ ਲੱਜ। ਮਾੜੇ ਦਾ ਨੀਂ ਰਹਿ ਗਿਆ ਕੋਈ ਜਿਊਣ ਦਾ ਹੱਜ।
ਮਿਸ਼ਰੀ ਨਾਲ ਭਰਮਾ ਕੇ ਦਿੱਤੀ ਮੂੰਹ ਕੁਨੈਣ। ਉਦਣ ਪਾਪੀ ਲੱਭਦੇ ਜਿੰਦਣ ਵੋਟਾਂ ਪੈਣ।
ਸੁਣ ਡਾਢਿਆ ਮੇਰਿਆ ਨੇੜੇ ਹੋ ਫਰਿਆਦ। 'ਭੌਰੇ' ਕਿੱਥੇ ਰਹਿ ਗਈ ਬੰਦੇ ਦੀ ਬੁਨਿਆਦ।

# ਸਿੱਖ ਸ਼ਕਤੀ ਦੀ ਚੜ੍ਹਤ ਅਤੇ ਪਤਨ

***ਬੰਗਲਾ ਲੇਖਕ ਰਵਿੰਦਰ ਨਾਥ ਟੈਗੋਰ ਦਾ ਇਹ ਲੇਖ ਡਾ. ਗੁਰਤਰਨ ਸਿੰਘ ਨੇ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਇਹ ਲੇਖ ਬਾਬੂ ਸ਼ਰਤ ਕੁਮਾਰ ਰੇਅ (ਸ਼ਾਂਤੀ ਨਿਕੇਤਨ ਸਕੂਲ, ਬੋਲਪੁਰ) ਦੀ ਬੰਗਲਾ ਪੁਸਤਕ "ਦਿ ਸਿੱਖ ਗੁਰੂਜ਼ ਐਂਡ ਸਿੱਖ ਪੀਪਲ" ਦੀ ਭੂਮਿਕਾ ਦੇ ਤੌਰ 'ਤੇ ਛਾਪਿਆ ਗਿਆ ਸੀ। ਮੂਲ ਲੇਖ ਬੰਗਲਾ ਵਿਚ ਹੈ। ਇਸ ਦੇ ਅੰਗਰੇਜ਼ੀ ਵਿਚ ਹੋਏ ਅਨੁਵਾਦ ਦਾ ਪੰਜਾਬੀ ਵਿਚ ਅਨੁਵਾਦ ਡਾ. ਗੁਰਤਰਨ ਸਿੰਘ ਨੇ ਆਪ ਕੀਤਾ ਹੈ। ਸਾਨੂੰ ਇਹ ਲੇਖ ਇਸ ਪੱਖੋਂ ਦਿਲਚਸਪ ਲੱਗਿਆ ਹੈ ਕਿ ਕੋਈ ਗੈਰ-ਸਿੱਖ ਲੇਖਕ, ਉਹ ਵੀ ਟੈਗੋਰ ਵਰਗੇ ਰੁਤਬੇ ਵਾਲਾ, 20ਵੀਂ ਸਦੀ ਦੇ ਮੁੱਢ ਦੌਰਾਨ ਸਿੱਖੀ ਅਤੇ ਸਿੱਖਾਂ ਬਾਰੇ ਕੀ ਵਿਚਾਰ ਬਣਾਈ ਬੈਠਾ ਸੀ! ਇਹ ਲੇਖ ਬਿਨਾਂ ਸ਼ੱਕ ਅਣਜਾਣਪੁਣੇ ਵਿਚ ਕੀਤੀ ਟਿੱਪਣੀ ਹੈ ਪਰ ਇਸ ਟਿੱਪਣੀ ਦਾ ਦੂਜਾ ਪਾਸਾ ਇਹ ਵੀ ਹੈ ਕਿ ਗੁਰੂ ਗੋਬਿੰਦ ਸਿੰਘ ਬਾਰੇ ਅਜਿਹੀ ਕਾਣ-ਸੂਤੀ ਜਾਣਕਾਰੀ ਹੀ ਟੈਗੋਰ ਤੱਕ ਪਹੁੰਚੀ ਹੋਵੇਗੀ। ਇਸ ਕੋਣ ਤੋਂ ਇਥੇ ਸਿੱਖੀ ਦੇ ਪ੍ਰਚਾਰ ਦਾ ਮਾਮਲਾ ਮੁੱਖ ਰੂਪ ਵਿਚ ਉਭਰਦਾ ਹੈ। ਸਾਰਾ ਸੰਸਾਰ ਸਿੱਖੀ ਬਾਰੇ ਗੱਲਾਂ ਸੁਣਨ ਲਈ ਸਦਾ ਤਿਆਰ ਰਿਹਾ ਹੈ; ਅਜੇ ਤੱਕ ਵੀ ਇਹ ਗੱਲਾਂ ਭਰਪੂਰ ਰੂਪ ਵਿਚ ਤੇ ਸਹੀ ਪ੍ਰਸੰਗ ਵਿਚ ਬੰਨ੍ਹ ਕੇ ਸ਼ਾਇਦ ਸੁਣਾਈਆਂ ਨਹੀਂ ਜਾ ਸਕੀਆਂ। ਹੁਣ ਤਾਂ ਸਗੋਂ, ਜਦੋਂ ਸਾਰਾ ਸੰਸਾਰ ਪਿੰਡ ਵਿਚ ਬਦਲਣ ਦੇ ਦਾਅਵੇ ਹੋ ਰਹੇ ਹਨ ਤਾਂ ਸਿੱਖੀ ਨੂੰ ਸੰਸਾਰ ਦੇ ਧਰਮ ਵਜੋਂ ਪ੍ਰਚਾਰਨ ਦੀ ਥਾਂ ਸਿਰਫ ਸਿੱਖਾਂ ਤੱਕ ਹੀ ਸੀਮਤ ਕੀਤਾ ਜਾ ਰਿਹਾ ਹੈ। ਇਸੇ ਪਰਥਾਏ ਆਪਣੇ ਸੁਹਿਰਦ ਪਾਠਕਾਂ ਨਾਲ ਇਹ ਨੁਕਤਾ ਸਾਂਝਾ ਕਰਨ ਦੇ ਕੋਣ ਤੋਂ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ***

ਮਰਹੱਟਾ ਅਤੇ ਸਿੱਖ ਇਤਿਹਾਸ ਵਿਚ ਮੁੱਖ ਫਰਕ ਇਹ ਹੈ ਕਿ ਮਰਹੱਟਿਆਂ ਦੇ ਪਹਿਲੇ ਅਤੇ ਮੁੱਖ ਨੇਤਾ ਸ਼ਿਵਾ ਜੀ ਮਰਹੱਟਾ ਦੇ ਜ਼ਿਹਨ ਵਿਚ ਆਦਰਸ਼ ਹਿੰਦੂ ਰਾਜ ਕਾਇਮ ਕਰਨ ਦਾ ਮਨੋਰਥ ਪਹਿਲਾਂ ਹੀ ਦ੍ਰਿੜ ਹੋ ਚੁੱਕਿਆ ਸੀ ਅਤੇ ਇਸੇ ਨੁਕਤਾ-ਏ-ਨਜ਼ਰ ਤੋਂ ਉਸ ਨੇ ਮਰਹੱਟਾ ਕੌਮ ਨੂੰ ਇਤਿਹਾਸ ਦੇ ਮੰਚ 'ਤੇ ਲਿਆਂਦਾ। ਉਸ ਦੀਆਂ ਸਾਰੀਆਂ ਮੁਹਿੰਮਾਂ, ਵੱਢ-ਟੁੱਕ, ਦੂਜੀਆਂ ਰਿਆਸਤਾਂ ਨੂੰ ਨਾਲ ਜੋੜਨਾ ਆਦਿ ਉਸ ਦੀ ਇਸੇ ਵਿਸ਼ਾਲ ਯੋਜਨਾ ਦਾ ਹੀ ਹਿੱਸਾ ਸਨ ਜਿਸ ਨੇ ਸਾਰੇ ਹਿੰਦੁਸਤਾਨ ਨੂੰ ਆਪਣੇ ਕਲਾਵੇ ਵਿਚ ਲੈ ਲਿਆ।


ਦੂਜੇ ਬੰਨੇ, ਸਿੱਖਾਂ ਦਾ ਉਦਭਵ ਧਾਰਮਿਕ ਫਿਰਕੇ ਵਜੋਂ ਹੋਇਆ। ਬਾਬੇ ਨਾਨਕ ਨੇ ਆਪਣੇ

ਰਵਿੰਦਰ ਨਾਥ ਟੈਗੋਰ
ਅਨੁਵਾਦਕ: ਗੁਰਤਰਨ ਸਿੰਘ
ਫੋਨ: 905-636-9515

ਮਨ ਵਿਚ ਜਿਹੜੀ ਆਜ਼ਾਦੀ ਮਹਿਸੂਸ ਕੀਤੀ ਸੀ, ਉਹ ਸਿਆਸੀ ਆਜ਼ਾਦੀ ਨਹੀਂ ਸੀ। ਬੁੱਤ ਪੂਜਾ ਵਿਅਕਤੀਗਤ ਦਾਇਰਿਆਂ ਤੋਂ ਲੈ ਕੇ ਕੌਮਾਂ ਤੱਕ ਦੀ ਦਿਮਾਗੀ ਕਸਰਤ ਅਤੇ ਸਤਹੀ ਅਭਿਆਸ ਤੱਕ ਸੀਮਤ ਹੋ ਚੁੱਕੀ ਹੈ; ਇਹ ਸੁਤੰਤਰ ਤੌਰ 'ਤੇ ਧਾਰਮਿਕ ਜ਼ੀਨਤ ਨੂੰ ਪ੍ਰਵਾਨ ਨਾ ਕਰ ਕੇ ਸਗੋਂ ਮਨੁੱਖਤਾ ਦੇ ਮਨਾਂ ਨੂੰ ਸਮੁੱਚੇ ਤੌਰ 'ਤੇ ਸੀਮਤ ਘੇਰਿਆਂ ਤੱਕ ਨਿਸ਼ਚਿਤ ਕਰਦੀ ਹੈ। ਮਿਥਿਹਾਸ ਦੇ ਤੰਗ ਦਾਇਰਿਆਂ ਵਿਚ ਪਾਬੰਦ ਹੋ ਚੁੱਕੇ ਧਰਮਾਂ ਤੋਂ ਗੁਰੂ ਨਾਨਕ ਨੇ ਸੁਤੰਤਰਤਾ ਪ੍ਰਾਪਤ ਕਰ ਲਈ ਸੀ ਅਤੇ ਉਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਸਮੂਹਿਕ ਮਨੁੱਖਤਾ ਨੂੰ ਰੂਹਾਨੀ ਸੁਤੰਤਰਤਾ ਹਾਸਲ ਕਰਨ ਲਈ ਪ੍ਰਚਾਰਕ ਦੇ ਤੌਰ 'ਤੇ ਸਮਰਪਣ ਕਰ ਦਿੱਤੀ।

ਜਿਹੜੇ ਲੋਕਾਂ ਨੇ ਨਾਨਕ ਦੀਆਂ ਸਿੱਖਿਆਵਾਂ ਰਾਹੀਂ ਉਨ੍ਹਾਂ ਵਿਚ ਭਰੋਸਾ ਧਾਰਨ ਕੀਤਾ, ਉਨ੍ਹਾਂ ਨੂੰ ਸਿੱਖ ਜਾਂ ਸ਼ਿਸ਼, ਅਥਵਾ ਸ਼ਰਧਾਲੂ ਆਖਿਆ ਜਾਣ ਲੱਗਾ। ਸਾਰੇ ਵਰਗਾਂ ਦੇ ਲੋਕ ਆਪਣੀਆਂ ਜਾਤਾਂ ਭੁਲਾ ਕੇ ਇਸ ਧਰਮ ਦਾ ਨਿੱਘ ਪ੍ਰਾਪਤ ਕਰ ਸਕਦੇ ਸਨ। ਇਸ ਲਈ ਉਨ੍ਹਾਂ ਦੀ ਇਹ ਸ਼ੁਰੂਆਤ ਇਸ ਗੱਲ ਦਾ ਇਕਰਾਰ ਨਹੀਂ ਸੀ ਕਰਦੀ ਕਿ ਨਾਨਕ ਦੇ ਸ਼ਰਧਾਲੂ ਕਦੀ ਕਿਸੇ ਸੀਮਤ ਸਿੱਖ ਕੌਮ ਦੇ ਇਤਿਹਾਸ ਦੀ ਉਸਾਰੀ ਕਰਨਗੇ, ਪਰ ਮੁਗਲਾਂ ਦੇ ਹੱਲਿਆਂ ਨੇ ਨਾਨਕ ਦੇ ਸ਼ਰਧਾਲੂਆਂ ਨੂੰ ਵਿਸ਼ੇਸ਼ ਵਰਗ ਤੱਕ ਹੀ ਸੀਮਤ ਕਰ ਦਿੱਤਾ ਅਤੇ ਉਨ੍ਹਾਂ ਦਾ ਮੁੱਖ ਮਨੋਰਥ ਲੋਕਾਂ ਵਿਚ ਧਰਮ ਪ੍ਰਚਾਰ ਦੀ ਥਾਂ ਕੇਵਲ ਆਪਣੀ ਸੰਗਤ ਨੂੰ ਤਬਾਹੀ ਅਤੇ ਹਮਲਿਆਂ ਤੋਂ ਬਚਾਉਣ ਤੱਕ ਹੀ ਸੀਮਤ ਹੋ ਗਿਆ। ਇਸ ਤਰ੍ਹਾਂ ਇਸ ਬਾਹਰਲੇ ਜ਼ੋਰ ਨੇ ਸਿੱਖਾਂ ਨੂੰ ਸੀਮਤ ਕੌਮ ਤੱਕ ਹੀ ਨਿਸ਼ਚਤ ਕਰ ਦਿੱਤਾ। ਸਿੱਖਾਂ ਦੇ ਆਖਰੀ ਗੁਰੂ ਨੇ ਕੇਵਲ ਇਸ ਆਖਰੀ ਮਨੋਰਥ ਤੱਕ ਹੀ ਆਪਣੇ-ਆਪ ਨੂੰ ਸੀਮਤ ਕਰ ਲਿਆ। ਉਨ੍ਹਾਂ ਨੇ ਲੋਕਾਂ ਵਿਚ ਧਰਮ ਪ੍ਰਚਾਰ ਦੀ ਥਾਂ ਆਪਣੀ ਜ਼ਿੰਦਗੀ ਦਾ ਇਕੋ ਇਕ ਮਨੋਰਥ ਮਿਥ ਲਿਆ ਕਿ ਸਿੱਖਾਂ ਨੂੰ ਮਜ਼ਬੂਤ ਕੌਮ ਵਜੋਂ ਉਸਾਰਿਆ ਜਾਵੇ। ਇਸ ਦਾ ਮੂਲ ਸਾਰ ਤੱਤ ਇਹੋ ਹੈ ਕਿ ਇਹ ਧਾਰਮਿਕ ਪ੍ਰਚਾਰਕ ਦਾ ਕਾਰਜ ਨਹੀਂ ਰਹਿ ਜਾਂਦਾ, ਸਗੋਂ ਇਸ ਨੂੰ ਫੌਜ ਦਾ ਜਰਨੈਲ ਅਤੇ ਸਿਆਸੀ ਨੇਤਾ ਹੀ ਮੰਨਿਆ ਜਾਵੇਗਾ। ਗੁਰੂ ਗੋਬਿੰਦ ਸਿੰਘ ਵਿਚ ਇਹ ਪਿਛਲੀਆਂ ਯੋਗਤਾਵਾਂ ਹੀ ਮੰਨੀਆਂ ਜਾਣਗੀਆਂ। ਉਹ ਅਤੁਲ ਦ੍ਰਿੜ੍ਹਤਾ ਦੀਆਂ ਯੋਗਤਾਵਾਂ ਰੱਖਣ ਵਾਲੇ ਆਗੂ ਸਨ ਜੋ ਦੁਸ਼ਮਣ ਨੂੰ ਦਬਾਉਣ ਲਈ ਵਿਸ਼ੇਸ਼ ਫੌਜ ਜਥੇਬੰਦ ਕਰ ਸਕਦੇ ਸਨ। ਇਹ ਉਹ ਹੀ ਸਨ ਜਿਨ੍ਹਾਂ ਨੇ ਇਕ ਵਿਸ਼ੇਸ਼ ਵਰਗ ਦੇ ਲੋਕਾਂ ਨੂੰ ਵੱਡੀ ਫੌਜ ਵਿਚ ਤਬਦੀਲ ਕਰ ਲਿਆ ਅਤੇ ਗੁਰੂ ਨਾਨਕ ਦੇ ਧਰਮ ਪ੍ਰਚਾਰ ਦੀ ਅਸਾਮੀ ਨੂੰ ਖਾਲੀ ਛੱਡ ਦਿੱਤਾ। ਗੁਰੂ ਗੋਬਿੰਦ ਸਿੰਘ ਆਪਣਾ ਧਿਆਨ ਆਜ਼ਾਦੀ ਦੀ ਉਸ ਭਾਵਨਾ ਵੱਲ ਕੇਂਦਰਤ ਨਾ ਰੱਖ ਸਕੇ ਜਿਸ ਨੂੰ ਗੁਰੂ ਨਾਨਕ ਨੇ ਸਭ ਤੋਂ ਮੁੱਖ ਮੰਨਿਆ ਸੀ। ਉਨ੍ਹਾਂ ਨੇ ਆਪਣੇ ਸਿੱਖਾਂ ਦੇ ਦਿਲਾਂ 'ਤੇ ਅਜਿਹੀ ਮੋਹਰ ਲਗਾਈ ਜੋ ਕੇਵਲ ਧਰਤੀ ਦੇ ਦੁਸ਼ਮਣਾਂ ਤੋਂ ਆਜ਼ਾਦੀ ਲੈਣ ਦੀ ਹੀ ਪ੍ਰਚੰਡ ਖਾਹਿਸ਼ ਰੱਖਦੀ ਸੀ। ਸੱਚਮੁੱਚ, ਪ੍ਰਚਾਰ ਦੀ ਇਸ ਤਬਦੀਲੀ ਨੇ ਸਿੱਖ ਸੂਰਬੀਰਤਾ ਨੂੰ ਜਿੱਤ ਦੇ ਰੂਪ ਵਿਚ ਇਤਿਹਾਸ ਦੇ ਸਫ਼ਿਆਂ 'ਤੇ ਇਕ ਨਿਸ਼ਚਿਤ ਸਮੇਂ ਲਈ ਪ੍ਰੇਰਤ ਕੀਤਾ। ਸੱਚਮੁੱਚ ਇਸ ਪ੍ਰਚਾਰ ਨਾਲ ਸਿੱਖਾਂ ਵਿਚ ਸੂਰਬੀਰਤਾ ਦੀਆਂ ਯੋਗਤਾਵਾਂ ਆਈਆਂ, ਪਰ ਇੱਥੇ ਹੀ ਉਨ੍ਹਾਂ ਦੇ ਰੂਹਾਨੀ ਸਫ਼ਰ ਦਾ ਤੋਸ਼ਾ ਥਕਾਵਟ ਦੇ ਰੂਪ ਵਿਚ ਚੂਰ ਹੋ ਗਿਆ, ਜਦੋਂ ਕਿ ਬਾਬਾ ਨਾਨਕ ਨੇ ਉਨ੍ਹਾਂ ਦੀ ਬੁਨਿਆਦ ਇਕ ਨੇਕ ਰਸਤੇ ਰਾਹੀਂ ਅਰੰਭੀ ਸੀ। ਸੋ, ਇਥੇ ਹੀ ਉਨ੍ਹਾਂ (ਸਿੱਖਾਂ) ਦੀ ਤਰੱਕੀ ਦਾ ਰਸਤਾ ਬੰਦ ਹੋ ਗਿਆ।

ਇਸ ਪਿੱਛੋਂ ਸਾਡੇ ਕੋਲ ਕੇਵਲ ਲੜਾਈਆਂ ਅਤੇ ਜਿੱਤਾਂ ਦਾ ਇਤਿਹਾਸ ਹੀ ਰਹਿ ਗਿਆ। ਇਸ ਅਨੁਪਾਤ ਨੂੰ ਧਿਆਨ ਵਿਚ ਰੱਖਦਿਆਂ ਕਿ ਮੁਗਲਾਂ ਦੀ ਸ਼ਕਤੀ ਕਮਜ਼ੋਰ ਹੁੰਦੀ ਗਈ ਅਤੇ ਸਿੱਖ ਆਪਣੀਆਂ ਮੁਹਿੰਮਾਂ ਵਿਚ ਸਫਲ ਹੁੰਦੇ ਗਏ; ਸਿੱਖਾਂ ਦੇ ਬਚਾਅ ਵਾਲੇ ਪੱਖ ਦਾ ਅੰਤ ਹੋ ਕੇ ਸਗੋਂ ਸਿੱਖਾਂ ਵਿਚ ਉਲਾਰੂ ਹੋ ਕੇ ਸ਼ਕਤੀ ਹਾਸਲ ਕਰਨ ਦੀ ਭੁੱਖ ਵਧਦੀ ਗਈ। ਜਿੰਨੇ ਸਮੇਂ ਤੱਕ ਸਾਡੇ ਦੁਸ਼ਮਣ ਸ਼ਕਤੀਸ਼ਾਲੀ ਹਨ, ਸਾਡੇ ਅੰਦਰ ਆਪਣੇ ਆਪ ਨੂੰ ਸਥਿਰ ਰੱਖਣ ਦਾ ਜਜ਼ਬਾ ਅਤਿ ਪ੍ਰਚੰਡ ਤੇ ਤੀਬਰ ਰਹਿੰਦਾ ਹੈ ਅਤੇ ਸਾਂਝੇ ਖਤਰੇ ਦੀ ਸੂਝ ਸਾਨੂੰ ਪੂਰੀ ਦ੍ਰਿੜ੍ਹਤਾ ਨਾਲ ਸੰਗਠਿਤ ਰੱਖਦੀ ਹੈ; ਜਦੋਂ ਬਾਹਰੀ ਖਤਰੇ ਦਾ ਇਹ ਦਬਾਅ ਦੂਰ ਹੋ ਜਾਂਦਾ ਹੈ ਤਾਂ ਉਹ ਕਿਹੜੀ ਸ਼ਕਤੀ ਹੈ ਜਿਹੜੀ ਸਾਨੂੰ ਜਿੱਤਾਂ ਦੇ ਦੁਨਿਆਵੀ ਨਸ਼ੇ ਤੋਂ ਰੋਕ ਸਕੇ?



*ਰਵਿੰਦਰ ਨਾਥ ਟੈਗੋਰ*

ਆਪਣੇ ਸਵੈ ਦੀ ਰਾਖੀ ਦੀ ਜਦੋ-ਜਹਿਦ ਵਿਚ ਜੰਗੀ ਸ਼ਕਤੀ ਉਭਰ ਕੇ ਸਾਹਮਣੇ ਆਈ, ਪਰ ਅਜਿਹਾ ਕੌਣ ਹੈ ਜੋ ਇਸ ਅਸਲ ਮਾਰਗ ਤੋਂ ਬੇਮੁੱਖ ਹੋਈ ਜਿੱਤ ਦੇ ਬੇਗਾਨੇ ਰਸਤੇ 'ਤੇ ਭਟਕੀ ਸ਼ਕਤੀ ਨੂੰ ਮੋੜ ਕੇ ਆਪਣੇ ਸਵੈ ਦੀ ਸਹੀ ਉਸਾਰੀ ਵੱਲ ਲਿਆ ਸਕੇ?

ਅਜਿਹੀ ਸ਼ਕਤੀ ਜ਼ਰੂਰ ਸੀ ਜੋ ਇਸ ਭਟਕੀ ਸਿੱਖ ਸ਼ਕਤੀ ਨੂੰ ਸਹੀ ਰਾਹ ਵੱਲ ਮੋੜ ਸਕਦੀ ਸੀ, ਪਰ ਗੁਰੂ ਗੋਬਿੰਦ ਸਿੰਘ ਨੇ ਆਪਣੀ ਦਿਸ਼ਾਹੀਣ ਖਾਹਿਸ਼ (ਅੰਨ੍ਹੀ ਖਾਹਿਸ਼) ਅਨੁਸਾਰ ਇਸ ਨੂੰ ਢਾਲ ਲਿਆ ਤਾਂ ਕਿ ਸਿੱਖ ਕੌਮ ਦੀ ਵਕਤੀ ਲੋੜ ਪੂਰੀ ਕੀਤੀ ਜਾ ਸਕੇ। ਸਿੱਖਾਂ ਲਈ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੇ ਅਗਲੇ ਗੁਰੂ ਦੇ ਤੌਰ 'ਤੇ ਆਪਣੇ ਆਪ ਨੂੰ ਸਮਰਪਿਤ ਕਰਨ ਦੀ ਥਾਂ ਸਗੋਂ ਕਿਰਪਾਨ ਹੀ ਆਪਣੀ ਵਿਰਾਸਤ ਬਣਾ ਦਿੱਤੀ। ਉਨ੍ਹਾਂ ਦੇ ਜਾਣ ਉਪਰੰਤ ਜਿਹੜੇ ਸੱਚ ਦਾ ਗੁਰੂ ਨਾਨਕ ਸਾਹਿਬ ਨੇ ਐਲਾਨ ਕੀਤਾ ਸੀ, ਕੇਵਲ ਕਿਤਾਬ (ਗ੍ਰੰਥ ਸਾਹਿਬ) ਤੱਕ ਸੀਮਤ ਹੋ ਕੇ ਰਹਿ ਗਿਆ। ਗੁਰੂਆਂ ਦੀ ਰੂਹਾਨੀ ਪਰੰਪਰਾ ਇਸ ਵਿਚ ਬੇਰੋਕ ਹੋ ਕੇ ਅਮਰ ਨਦੀ ਵਾਂਗ ਵਗਣੀ ਸ਼ੁਰੂ ਹੋ ਗਈ; ਜੋ ਰੂਹਾਨੀ ਸੱਚ ਦੇ ਕੀਮਤੀ ਅੰਮ੍ਰਿਤ ਦਾ ਵੇਗ ਸੀ, ਜਿਸ ਨਾਲ ਮਨੁੱਖਤਾ ਦੇ ਦਿਲਾਂ ਨੂੰ ਮੁੜ ਜਰਖੇਜ ਕੀਤਾ ਜਾ ਸਕੇ, ਹੁਣ ਇਹ ਅੰਮ੍ਰਿਤ ਰੂਪੀ ਜਲ ਅੱਗੇ ਵਧਣ ਤੋਂ ਸਦਾ ਲਈ ਰੁਕ ਗਿਆ ਹੈ; ਇਹ ਕੇਵਲ ਇਕੋ ਸਵਾਰਥੀ ਕੌਮ ਦੀਆਂ ਹੱਦਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਸ ਪਿੱਛੋਂ ਸਿੱਖਾਂ ਦੀ ਸ਼ਕਤੀ ਬਹੁਤ ਤੇਜ਼ੀ ਨਾਲ ਜ਼ਬਤ ਤੋਂ ਬੇਮੁਹਾਰੀ ਹੋ ਕੇ ਲਾਲਚ ਵੱਲ ਵਧਣ ਲੱਗੀ। ਇਸ ਵਿਚੋਂ ਦੈਵੀ ਗੁਣ ਅਲੋਪ ਹੋ ਗਿਆ ਅਤੇ ਰਾਖਸ਼ਾਂ ਨੇ ਇਸ ਸਟੇਜ ਨੂੰ ਧਾ ਕੇ ਮੱਲ ਲਿਆ। ਬਰਬਾਦੀ ਅਤੇ ਧੜੇਬੰਦੀ ਇਸ ਉਤੇ ਹਾਵੀ ਹੋ ਗਈ। ਇਸ ਆਤਮਘਾਤੀ ਦੌਰ ਦੇ ਵਿਚਕਾਰ ਹੀ ਰਣਜੀਤ ਸਿੰਘ ਸਾਹਮਣੇ ਆਇਆ। ਕੁਝ ਸਮੇਂ ਲਈ ਉਸ ਨੇ ਖਿੰਡ ਚੁੱਕੀ ਸਿੱਖ ਸ਼ਕਤੀ ਨੂੰ ਇਕੱਠਿਆਂ ਕੀਤਾ ਪਰ ਇਹ ਕੇਵਲ ਜੰਗੀ ਤਾਕਤ ਰਾਹੀਂ ਹੀ ਅਮਲ ਵਿਚ ਆਇਆ। ਉਸ ਨੇ ਬਾਕੀ ਸਾਰਿਆਂ ਨੂੰ ਆਪਣੇ ਵਸ ਕਰ ਲਿਆ, ਕਿਉਂਕਿ ਉਹ ਇਨ੍ਹਾਂ ਸਾਰਿਆਂ ਤੋਂ ਤਾਕਤਵਰ ਮਨੁੱਖ ਸੀ ਜਿਸ ਨੇ ਲੋਕਾਂ ਨੂੰ ਆਪਣੀ ਜੰਗੀ ਸ਼ਕਤੀ ਨਾਲ ਇਕੱਠਿਆਂ ਕੀਤਾ ਸੀ। ਕੇਵਲ ਦੂਜਿਆਂ ਨੂੰ ਕਮਜ਼ੋਰ ਕਰ ਕੇ ਹੀ ਉਹ ਇਸ ਵਿਚ ਸਫਲਤਾ ਹਾਸਲ ਕਰ ਸਕਿਆ।

ਇਸ ਤੋਂ ਵੀ ਮਾੜੀ ਹਾਲਤ ਇਹ ਕਿ ਪਿਆਰ ਦੇ ਨਾਂ 'ਤੇ ਸੱਚੀ ਏਕਤਾ ਦੇ ਮੂਲ ਸਿਧਾਂਤ ਉਤੇ ਭਾਰੂ ਹੁੰਦਿਆਂ ਇਸ ਨੂੰ ਨਕਾਰਾ ਕਰ ਕੇ ਉਸ ਨੇ ਆਪਣੇ ਆਪ ਦਾ ਅੰਤ ਕਰ ਲਿਆ। ਆਪਣੇ ਸੁਆਰਥੀ ਮਨੋਰਥ ਦੀ ਪੂਰਤੀ ਤੱਕ ਹੀ ਇਹ ਸੀਮਤ ਸੀ ਕਿ ਰਣਜੀਤ ਸਿੰਘ ਨੇ ਪੂਰੀ ਮਜ਼ਬੂਤੀ ਨਾਲ ਸਿੱਖਾਂ ਨੂੰ ਜੁਗਤਮਈ ਤਰਤੀਬ, ਸ਼ਕਤੀ ਅਤੇ ਰਾਜਨੀਤੀ ਤੱਕ ਨਿਸ਼ਚਤ ਕਰ ਲਿਆ। ਉਹ ਸਿੱਖਾਂ ਦੇ ਦਿਲਾਂ ਅੰਦਰ ਕੋਈ ਅਜਿਹਾ ਨੇਕ ਜਜ਼ਬਾ ਨਾ ਉਸਾਰ ਸਕਿਆ ਜਿਹੜਾ ਉਸ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਨੂੰ ਇਕੱਠੇ ਰੱਖ ਸਕਦਾ। ਉਹ ਕੇਵਲ ਬੇਰੋਕ ਹੁਸ਼ਿਆਰੀ, ਸਦਾ ਚੇਤੰਨ ਦ੍ਰਿੜ੍ਹਤਾ ਅਤੇ ਸਵੈ-ਉਨਤੀ ਦੀ ਸੀਮਤ ਮਿਸਾਲ ਬਣ ਕੇ ਰਹਿ ਗਿਆ।

ਉਸ ਦੇ ਲਾਲਚ ਦੀ ਕੋਈ ਸੀਮਾ ਨਹੀਂ ਸੀ ਅਤੇ ਨਾ ਹੀ ਉਸ ਦੀ ਸੰਸਾਰਕ ਇੰਦਰਿਆਵੀ ਹਿਰਸ ਉਪਰ ਕੋਈ ਜ਼ਬਤ ਸੀ। ਉਸ ਦੀ ਅਜਿਹੀ ਸਿਫਤ ਦਾ ਸਿਰਲੇਖ ਕੇਵਲ ਇਹੋ ਬਣਦਾ ਹੈ ਕਿ ਉਸ ਨੇ ਜਿਸ ਕਾਸੇ ਦੀ ਲਾਲਸਾ ਕੀਤੀ, ਉਹ ਉਸ ਨੂੰ ਪ੍ਰਾਪਤ ਹੋ ਗਿਆ; ਕੋਈ ਵੀ ਅਜਿਹਾ ਚਾਰਾ ਨਹੀਂ ਸੀ ਜੋ ਉਸ ਨੂੰ ਇਸ ਪੱਖੋਂ ਰੋਕ ਸਕਦਾ। ਜੇ ਕੇਵਲ ਤੇ ਕੇਵਲ ਇਕ ਵਾਰ ਹੀ ਆਪਣੀ ਇਸ ਬੇਰੋਕ ਸੁਆਰਥੀ ਖਾਹਿਸ਼ 'ਤੇ ਕਾਬੂ ਪਾਇਆ ਹੁੰਦਾ ਤਾਂ ਅਭਿਲਾਸ਼ਾ ਦੀ ਕੋਈ ਵੀ ਤੀਬਰਤਾ ਉਸ ਨੂੰ ਬਰਤਾਨਵੀ ਰਾਜ ਦੀ ਲਹੂ ਰੰਗੀ ਲਕੀਰ ਦੀ ਸੀਮਾ ਨੂੰ ਪਾਰ ਨਾ ਕਰਨ ਦਿੰਦੀ ਪਰ ਉਸ ਦੇ ਨਿੱਜੀ ਸੁਆਰਥ ਨੇ ਉਸ ਨੂੰ ਇਥੋਂ ਤੱਕ ਹੀ ਸੀਮਤ ਕਰ ਲਿਆ। ਕਿਸੇ ਨਾ ਕਿਸੇ ਤਰ੍ਹਾਂ ਉਸ ਨੇ ਇਸ ਸੁਆਰਥੀ ਮਨੋਰਥ ਵਿਚ ਸਫਲਤਾ ਵੀ ਹਾਸਲ ਕਰ ਲਈ।

ਕੋਈ ਚੀਜ਼ ਵੀ ਮਨੁੱਖ ਨੂੰ ਅਜਿਹੀ ਵੱਡੀ ਮੁਸ਼ਕਿਲ ਵਿਚ ਨਹੀਂ ਪਾਉਂਦੀ, ਜਿਹੋ ਜਿਹੀ ਮੁਸ਼ਕਿਲ ਅਜਿਹੀ ਸਫਲਤਾ ਰਾਹੀਂ ਖੜ੍ਹੀ ਹੁੰਦੀ ਹੈ। ਅਜਿਹੀਆਂ ਉਦਾਹਰਣਾਂ ਸਾਡੀ ਉਸਾਰੂ ਸੂਝ 'ਤੇ ਹਾਵੀ ਹੋ ਜਾਂਦੀਆਂ ਹਨ ਅਤੇ ਸਾਡੇ ਸੁਆਰਥੀ ਜਜ਼ਬਿਆਂ ਨੂੰ ਪ੍ਰੇਰਤ ਕਰਦੀਆਂ ਹਨ। ਇਕ ਤਰ੍ਹਾਂ ਨਾਲ ਉਹ ਸਵੈ-ਤਬਾਹੀ ਦੇ ਰਸਤੇ ਦੀ ਨਿਸ਼ਾਨਦੇਹੀ ਹੀ ਕਰਦੀਆਂ ਹਨ।

ਨਾਨਕ ਜੋ ਸਿੱਖ ਧਰਮ ਦਾ ਬਾਨੀ ਸੀ, 'ਸੀਮਤ' ਸਫਲਤਾ ਦੀ ਮਿਸਾਲ ਬਣ ਕੇ ਰਹਿ ਗਿਆ। ਇਸ ਮੱਤ ਸਬੰਧੀ ਨਾਨਕ ਦੇ ਵਪਾਰੀ ਪਿਤਾ ਨੇ ਵੀ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਨਾਨਕ ਨੇ ਲੂਣ ਦੇ ਵਪਾਰ ਵਿਚ ਕੀ ਨਫ਼ਾ ਕਮਾਇਆ। ਉਹ ਭਾਵੇਂ ਗਰੀਬ ਸੀ, ਪਰ ਦੁਨੀਆਂਦਾਰੀ ਵਪਾਰ ਵਿਚ ਇਸ ਗੈਰ-ਤਜਰਬਾਕਾਰ ਮਾਇਆ ਰਹਿਤ ਸ਼ਰਧਾਲੂ ਨੇ ਅਜਿਹੀ ਸ਼ਕਤੀ ਇਕੱਠੀ ਕਰ ਲਈ ਜਿਸ ਨੇ ਜੱਟ ਕਿਸਾਨਾਂ ਨੂੰ ਇਸ ਯੋਗ ਬਣਾ ਦਿੱਤਾ ਕਿ ਉਹ ਮੌਤ ਨੂੰ ਨਕਾਰ ਕੇ ਅਤੇ ਉਦਾਸੀ ਨੂੰ ਦੁਰਕਾਰ ਕੇ ਮਹਾਨਤਾ ਨੂੰ ਪ੍ਰਾਪਤ ਕਰ ਸਕਣ।

ਪਰ ਰਣਜੀਤ ਸਿੰਘ ਸਿੱਖਾਂ ਲਈ ਕੀ ਛੱਡ ਕੇ ਗਿਆ? ਰਣਜੀਤ ਸਿੰਘ ਮਹਾਰਾਜ ਦੁਨਿਆਵੀ ਸਫਲਤਾ ਦਾ ਨਮੂਨਾ ਸੀ, ਉਸ ਨੇ ਸਿੱਖਾਂ ਦੇ ਜੱਦੀ ਦੁਸ਼ਮਣਾਂ ਦਾ ਨਾਸ਼ ਕੀਤਾ ਜਿਸ ਦੀ ਅਭਿਲਾਸ਼ਾ ਨੂੰ ਕੋਈ ਵੀ ਅਸਫਲਤਾ ਤੋੜ ਨਹੀਂ ਸਕਦੀ ਸੀ, ਜਿਸ ਦੀ ਅਚਾਨਕ ਲਿਸ਼ਕ ਨੇ ਅਸਮਾਨ 'ਤੇ ਛਾਈ ਸ਼ਾਮ ਨੂੰ ਗੂੜ੍ਹੇ ਲਾਲ ਰੰਗ ਨਾਲ ਚਮਕਾ ਦਿੱਤਾ, ਜਿਸ ਆਖਰੀ ਸ਼ਾਮ ਵਿਚ ਮੁਗਲ ਰਾਜ ਦਾ ਸੂਰਜ ਛੁਪ ਰਿਹਾ ਸੀ, ਜਦੋਂ ਕਿ ਅੰਗਰੇਜ਼ੀ ਹਕੂਮਤ ਤਰੱਕੀ ਵਲ ਵਧ ਰਹੀ ਸੀ? ਉਸ (ਰਣਜੀਤ ਸਿੰਘ) ਨੇ ਸਿੱਖਾਂ ਨੂੰ ਖੇਰੂੰ-ਖੇਰੂੰ ਕਰ ਕੇ, ਸਮੂਹਿਕ ਨਿਰਾਸ਼ਾ, ਕਾਨੂੰਨ ਰਹਿਤ ਅਵਸਥਾ ਵਿਚ ਧੱਕ ਦਿੱਤਾ।

ਸਿੱਖ ਨੇਤਾਵਾਂ ਨੇ ਰਣਜੀਤ ਸਿੰਘ ਦੀ ਸਫਲਤਾ ਤੋਂ ਕੇਵਲ ਇਹੋ ਸਬਕ ਲਿਆ ਕਿ ਜਿਸ



*ਸ਼ਿਵਾ ਜੀ ਮਰਹੱਟਾ*

ਦੀ ਲਾਠੀ ਉਸ ਦੀ ਮੱਝ। ਉਨ੍ਹਾਂ ਨੇ ਕੁਰਬਾਨੀ ਜਾਂ ਆਤਮ ਤਿਆਗ ਦੀ ਸਿੱਖਿਆ ਨਹੀਂ ਲਈ। ਉਹ ਇਸ ਸੱਚਾਈ ਨੂੰ ਭੁੱਲ ਗਏ ਕਿ ਸਹੀ ਮਾਰਗ ਹੀ ਸ਼ਕਤੀ ਵਧਾਉਂਦਾ ਹੈ। ਦੂਜੇ ਸ਼ਬਦਾਂ ਵਿਚ ਉਹ ਸ਼ਕਤੀ ਜਿਸ ਰਾਹੀਂ ਗਰੀਬ ਪਰ ਸਾਦਗੀ ਭਰਪੂਰ ਨਾਨਕ ਨੇ ਇਨ੍ਹਾਂ ਨੂੰ ਇਕ ਲੜੀ ਵਿਚ ਪਰੋਇਆ ਸੀ, ਹੁਣ ਉਹ ਇਸ ਸ਼ਕਤੀਸ਼ਾਲੀ ਬਾਦਸ਼ਾਹ ਰਾਹੀਂ ਸੜ ਕੇ ਸੁਆਹ ਹੋ ਗਈ। ਇਸ ਲਈ ਇਤਿਹਾਸ ਦੇ ਅਸਮਾਨ ਵਿਚ ਸਿੱਖ ਟੁੱਟਦੇ ਤਾਰੇ ਵਾਂਗ ਵਕਤੀ ਤੌਰ 'ਤੇ ਲਿਸ਼ਕ ਕੇ ਸਦਾ ਲਈ ਡੁੱਬ ਗਏ।

ਅੱਜ ਸਿੱਖਾਂ ਵਿਚ ਤਰੱਕੀ ਵਾਲੀ ਕੋਈ ਵੀ ਸ਼ਕਤੀ ਬਾਕੀ ਨਹੀਂ ਰਹੀ। ਇਨ੍ਹਾਂ ਨੇ ਆਪਣੇ ਆਪ ਨੂੰ ਛੰਡ-ਛਾਣ ਕੇ ਕੇਵਲ ਨਿੱਕੇ ਜਿਹੇ ਫਿਰਕੇ ਤੱਕ ਸੀਮਤ ਕਰ ਲਿਆ ਹੈ। ਕਈ ਸਦੀਆਂ ਤੋਂ ਸਿੱਖਾਂ ਵਿਚ ਕੋਈ ਨਵਾਂ ਰੂਹਾਨੀ ਨੇਤਾ ਪੈਦਾ ਨਹੀਂ ਹੋਇਆ। ਦੁਨੀਆਂ ਦੇ ਗਿਆਨ, ਸਿਦਕ ਅਤੇ ਅਮਲ ਦੇ ਖੇਤਰ ਵਿਚ ਉਨ੍ਹਾਂ (ਸਿੱਖਾਂ) ਨੇ ਕੋਈ ਨਵਾਂ ਵਾਧਾ ਨਹੀਂ ਕੀਤਾ।

ਕੋਈ ਸ਼ੱਕ ਨਹੀਂ ਕਿ ਨਾਨਕ ਦੇ ਸ਼ਰਧਾਲੂ ਅੱਜ ਬਹੁਤ ਅੱਛਾ ਲੜ ਸਕਦੇ ਹਨ ਪਰ ਅਸੀਂ ਇਹ ਸਵੀਕਾਰ ਨਹੀਂ ਕਰ ਸਕਦੇ ਕਿ ਨਾਨਕ ਦੇ ਰੂਹਾਨੀ ਜੋਸ਼ ਵਾਲੇ ਵਾਰਸਾਂ ਲਈ ਇਹ ਸ਼ਾਨੋ-ਸ਼ੌਕਤ ਵਾਲਾ ਅੰਤ ਹੈ ਕਿ ਉਹ ਕੇਵਲ ਫੌਜ ਵਿਚ ਭਰਤੀ ਹੋ ਕੇ ਜਿਵੇਂ ਹੁਣ ਕਾਬੁਲ ਵਿਚ ਲੜ ਰਹੇ ਹਨ, ਫਿਰ ਚੀਨ ਵਿਚ ਅਤੇ ਫਿਰ ਅਫ਼ਰੀਕਾ ਵਿਚ। ਸਿੱਖਾਂ ਦੇ ਇਸ ਨਿਗੁਣੇ ਅੰਤ ਲਈ ਨਾਨਕ ਨੇ ਆਪਣਾ ਜੀਵਨ ਸਮਰਪਣ ਨਹੀਂ ਸੀ ਕੀਤਾ ਕਿ ਵਿਸ਼ਵ ਦੀ ਸਮੁੱਚੀ ਮਨੁੱਖਤਾ ਦੇ ਸਬੰਧ ਵਿਚ ਉਸ ਦੇ ਸ਼ਰਧਾਲੂ ਆਪਣਾ ਜੀਵਨ ਫੌਜੀ ਲਸ਼ਕਰਾਂ ਦੇ ਅਭਿਆਸ ਤੱਕ ਹੀ ਸੀਮਤ ਕਰ ਲੈਣ।

ਨਾਨਕ ਨੇ ਆਪਣੇ ਸ਼ਰਧਾਲੂਆਂ ਨੂੰ ਨਿੱਜੀ ਸੁਆਰਥ, ਤੰਗਦਿਲੀ ਵਾਲੀ ਹਠਧਰਮੀ, ਰੂਹਾਨੀ ਵਿਲਾਸਤਾ ਤੋਂ ਸੁਤੰਤਰ ਕਰਨ ਲਈ ਸੱਦਾ ਦਿੱਤਾ ਸੀ। ਉਸ ਨੇ ਉਨ੍ਹਾਂ ਦੀ ਇਨਸਾਨੀਅਤ ਨੂੰ ਭਰਪੂਰਤਾ ਸਹਿਤ ਅਹਿਸਾਸ ਵਿਚ ਲਿਆਉਣਾ ਚਾਹਿਆ। ਗੁਰੂ ਗੋਬਿੰਦ (ਸਿੰਘ) ਨੇ ਸਿੱਖਾਂ ਨੂੰ ਕੇਵਲ ਵਿਸ਼ੇਸ਼ ਮਨੋਰਥ ਨੂੰ ਮੁੱਖ ਰੱਖ ਕੇ ਸੰਗਠਿਤ ਕਰਨਾ ਚਾਹਿਆ; ਕਿਤੇ ਉਹ ਆਪਣੇ ਇਸ ਮਨੋਰਥ ਨੂੰ ਭੁੱਲ ਨਾ ਜਾਣ, ਉਨ੍ਹਾਂ ਨੇ ਸਿੱਖਾਂ ਦੇ ਦਿਲਾਂ 'ਤੇ ਇਹ ਡੂੰਘੀ ਮੋਹਰ ਇਸ ਨਾਲ ਸਿੰਘ ਦਾ ਨਾਂ ਜੋੜ ਕੇ, ਨਵੀਂ ਪੋਸ਼ਾਕ, ਨਵੀਂ ਯੋਗਤਾ, ਨਵੀਆਂ ਧਾਰਮਿਕ ਰਸਮਾਂ ਦੇ ਰੂਪ ਵਿਚ ਲਗਾ ਦਿੱਤੀ। ਇਉਂ ਉਨ੍ਹਾਂ ਨੇ ਸਿੱਖਾਂ ਦੀ ਇਨਸਾਨੀ ਸ਼ਕਤੀ ਨੂੰ ਬਾਕੀ ਸਾਰੀਆਂ ਦਿਸ਼ਾਵਾਂ ਵੱਲੋਂ ਬੇਮੁੱਖ ਕਰ ਕੇ ਇਸ ਨੂੰ ਕੇਵਲ ਵਿਸ਼ੇਸ਼ ਦਿਸ਼ਾ ਵਲ ਪ੍ਰੇਰਿਤ ਕਰ ਦਿੱਤਾ। ਇਸ ਸਾਧਨ ਰਾਹੀਂ ਸਿੱਖ ਕੌਮ ਵਿਸ਼ੇਸ਼ ਮਨੋਰਥ ਦੇ ਢਾਂਚੇ ਵਿਚ ਢਾਲ ਲਈ ਗਈ ਅਤੇ ਇਸ ਤਰ੍ਹਾਂ ਨਾਲ ਇਸ ਨੇ ਵਿਸ਼ੇਸ਼ ਕੱਟੜਪੁਣਾ ਧਾਰਨ ਕਰ ਲਿਆ।

ਜਦੋਂ ਸਿੱਖ ਸੰਪੂਰਨਤਾ ਦੇ ਪੱਖ ਅਤੇ ਆਜ਼ਾਦ ਕੌਮ ਦੇ ਤੌਰ 'ਤੇ ਸੀਮਤ ਹੋ ਕੇ ਰੁਕ ਗਏ ਅਤੇ ਕੇਵਲ ਵਿਸ਼ੇਸ਼ ਮਨੋਰਥ ਦਾ ਵਸੀਲਾ ਬਣ ਕੇ ਹੀ ਰਹਿ ਗਏ, (ਤਾਂ) ਇਕ ਸ਼ਕਤੀਸ਼ਾਲੀ ਬਾਦਸ਼ਾਹ ਨੇ ਉਨ੍ਹਾਂ ਨੂੰ ਇਸ ਹਾਲਤ ਵਿਚ ਆਪਣੀਆਂ ਨਿੱਜੀ ਲੋੜਾਂ ਲਈ ਵਰਤਿਆ ਅਤੇ ਅੱਜ ਦੇ ਯੁੱਗ ਵਿਚ ਉਨ੍ਹਾਂ ਨੂੰ ਸ਼ਕਤੀਸ਼ਾਲੀ ਵਿਸ਼ੇਸ਼ ਸਾਧਨ ਦੇ ਤੌਰ 'ਤੇ ਹੀ ਭਰਤੀ ਕੀਤਾ ਜਾਂਦਾ ਹੈ। ਸੋ, ਯੂਨਾਨ ਦੇ ਪ੍ਰਾਚੀਨ ਸਪਾਰਟਾ ਦੇ ਵਸਨੀਕਾਂ ਵਾਂਗ ਇਸ ਨੇ ਆਪਣੀ ਕੌਮ ਨੂੰ ਵਿਸ਼ੇਸ਼ ਮਨੋਰਥ ਤੱਕ ਹੀ ਸੀਮਤ ਕਰ ਲਿਆ। ਸੋ, ਇਹ ਕੇਵਲ ਲੜ ਹੀ ਸਕਦੀ ਹੈ, ਪਰ ਇਸ ਨੇ ਆਪਣੇ ਆਪ ਨੂੰ ਬੌਣੇਪਣ ਤੱਕ ਲੈ ਆਂਦਾ, ਕਿਉਂਕਿ ਕੇਵਲ ਲੜਨ ਦੀ ਯੋਗਤਾ ਹੀ ਮਨੁੱਖਤਾ ਦਾ ਅੰਤਮ ਮਨੋਰਥ ਨਹੀਂ। ਇਸ ਰਸਤੇ ਨੂੰ ਧਾਰਨ ਕਰਨ ਨਾਲ ਸਿੱਖ ਆਪਣੀ ਬੇਮਿਸਾਲ ਚੰਗਿਆਈ ਨੂੰ ਕੇਵਲ ਵਕਤੀ ਨਿੱਜੀ ਲੋੜ ਲਈ ਹੀ ਕੁਰਬਾਨ ਕਰ ਦਿੰਦੇ ਹਨ, ਜਿਸ ਦੀਆਂ ਇਤਿਹਾਸ ਨੇ ਬਹੁਤ ਸਾਰੀਆਂ ਮਿਸਾਲਾਂ ਸੰਭਾਲੀਆਂ ਹੋਈਆਂ ਹਨ। ਅੱਜ ਵੀ ਇਸ ਅਲਪ ਦ੍ਰਿਸ਼ਟੀ ਵਾਲਾ ਲਾਲਚ ਸਾਰਿਆਂ ਵਰਗਾਂ ਦੇ ਲੋਕਾਂ ਨੂੰ ਮਨੁੱਖੀ ਕੁਰਬਾਨੀ ਲਈ ਪ੍ਰੇਰਿਤ ਕਰਦਾ ਹੈ। ਇਕ ਤਰ੍ਹਾਂ ਨਾਲ ਇਹ ਸੱਚੀ ਅਤੇ ਸਾਬਤ ਕਦਮਾਂ ਵਾਲੀ ਮਨੁੱਖਤਾ ਨੂੰ ਤਬਾਹ ਕਰਦਾ ਹੈ। ਲਹੂ ਦਾ ਭੁੱਖਾ ਰਾਖਸ਼ ਜਿਸ ਨੂੰ ਅਸੀਂ ਅਜਿਹੀ ਕੁਰਬਾਨੀ ਸੌਂਪਦੇ ਹਾਂ, ਵੱਖਰੀ ਤਰ੍ਹਾਂ ਦੇ ਨਾਮ ਧਾਰਨ ਕਰ ਲੈਂਦਾ ਹੈ-ਜਿਵੇਂ ਭਾਈਚਾਰਾ (ਸਮਾਜ), ਸਟੇਟ, ਧਰਮ ਜਾਂ ਕੋਈ ਸਮੇਂ ਅਨੁਸਾਰ ਆਕਰਸ਼ਤ ਕਰਨ ਵਾਲਾ ਸ਼ਬਦ ਜਦੋਂ ਇਹ ਆਪਣੇ ਤਬਾਹੀ ਦੇ ਕਾਰਜ ਨੂੰ ਵਰਤੋਂ ਵਿਚ ਲਿਆਉਂਦਾ ਹੈ।

ਸਿੱਖਾਂ ਦੇ ਇਤਿਹਾਸ ਦਾ ਅੰਤ ਮੈਨੂੰ ਬਹੁਤ ਉਦਾਸੀ ਭਰਿਆ ਨਜ਼ਰ ਆਉਂਦਾ ਹੈ। ਜਦੋਂ ਕੋਈ ਦਰਿਆ, ਸਮੁੰਦਰ ਤੱਕ ਪਹੁੰਚਣ ਲਈ ਬੱਦਲਾਂ ਨੂੰ ਚੁੰਮਦੀ ਬਰਫਾਂ ਲੱਦੀ ਚਿੱਟੀ ਪਹਾੜੀ ਚੋਟੀ ਤਿਆਗਦਾ ਹੈ, ਤਾਂ ਇਹ ਰੇਤ ਦੇ ਮੈਦਾਨ ਵਿਚ ਆਪਣੀ ਗਤੀ, ਆਪਣਾ ਸੰਗੀਤ ਤਿਆਗ ਕੇ ਅਲੋਪ ਹੋ ਜਾਂਦਾ ਹੈ, ਇਉਂ ਇਸ ਦੀ ਇਹ ਅਸਫਲਤਾ ਉਦਾਸੀ ਦਾ ਆਲਮ ਪੈਦਾ ਕਰਦੀ ਹੈ। ਫਿਰ ਵੀ, ਜਦੋਂ ਸ਼ਕਤੀ ਦੀ ਚਿੱਟੀ ਸ਼ੁਧ ਨਦੀ, ਜੋ ਕਿਸੇ ਭਗਤ ਦੇ ਦਿਲ ਵਿਚੋਂ ਧਰਤੀ ਨੂੰ ਸਵੱਛ ਅਤੇ ਜਰਖੇਜ ਬਣਾਉਣ ਲਈ ਨਿਕਲਦੀ ਹੈ, ਜੇ ਫੌਜ ਦੇ ਲਸ਼ਕਰ ਦੇ ਰੂਪ ਵਿਚ ਲਹੂ ਭਿੱਜੀ ਦਲਦਲ ਦੇ ਤੌਰ 'ਤੇ ਆਪਣਾ ਅੰਤ ਕਰਦੀ ਹੈ ਤਾਂ ਲੋਕਾਂ ਨੂੰ ਕੋਈ ਸ਼ਾਨ ਜਾਂ ਖੁਸ਼ੀ ਪ੍ਰਾਪਤ ਨਹੀਂ ਹੁੰਦੀ।

ਕੇਵਲ ਬਦਲਾਲਊ ਭਾਵਨਾ ਨੂੰ ਖਿੱਚ ਦਾ ਮੂਲ ਕੇਂਦਰ ਬਣਾਉਂਦਿਆਂ ਜਾਂ ਕਿਸੇ ਹੋਰ ਤੁਛ ਮੰਤਵ ਨੂੰ ਮੁੱਖ ਰੱਖਦਿਆਂ, ਸਿੱਖ ਇਤਿਹਾਸ ਨੇ ਇਕ ਦਿਨ ਆਪਣੇ ਅਸਲ ਨਿਸ਼ਾਨੇ ਦਾ ਮਾਰਗ ਗੁਆ ਲਿਆ ਅਤੇ ਇਸ ਤਰ੍ਹਾਂ ਨਾਲ ਮਨੁੱਖਤਾ ਦੀ ਸੰਪੂਰਨਤਾ ਦੇ ਖੇਤਰ ਤੋਂ ਇਹ (ਸਿੱਖ ਇਤਿਹਾਸ) ਤਿਲਕ ਗਿਆ, ਪਰ ਇਹ ਇਥੋਂ ਤੱਕ ਅਸਫਲ ਹੋ ਗਿਆ ਕਿ ਕੌਮੀ ਸਫਲਤਾ ਦੀ ਸ਼ਾਨ ਦੀ ਹੇਠਲੀ ਅਵਸਥਾ ਨੂੰ ਵੀ ਪ੍ਰਾਪਤ ਨਾ ਕਰ ਸਕਿਆ। ਜਿਹੜਾ ਰਾਜ ਰਣਜੀਤ ਸਿੰਘ ਨੇ ਸਥਾਪਤ ਕੀਤਾ, ਕੇਵਲ ਰਣਜੀਤ ਸਿੰਘ ਤੱਕ ਹੀ ਸੀਮਤ ਹੋ ਕੇ ਰਹਿ ਗਿਆ; ਗੁਰੂ ਗੋਬਿੰਦ ਸਿੰਘ ਵਲੋਂ ਜੋ ਜੰਗਾਂ ਲੜੀਆਂ ਗਈਆਂ, ਉਹ ਕੇਵਲ ਸਿੱਖ ਫਿਰਕੇ ਤੱਕ ਹੀ ਸੀਮਤ ਸਨ। ਉਨ੍ਹਾਂ ਨੇ ਆਪਣੇ ਮਨੋਰਥ ਨੂੰ ਆਪਣੇ ਸ਼ਰਧਾਲੂਆਂ ਦੀ ਸੋਚ ਤੋਂ ਅੱਗੇ ਨਾ ਵਧਾਇਆ।

ਇਥੇ ਹੀ ਮਰਹੱਟਾ ਇਤਿਹਾਸ, ਸਿੱਖ ਇਤਿਹਾਸ ਨਾਲੋਂ ਵਿਲੱਖਣ ਰੁਤਬਾ ਰੱਖਦਾ ਹੈ। ਸ਼ਿਵਾ ਜੀ ਦਾ ਇਰਾਦਾ ਕੇਵਲ ਤੰਗਦਿਲ ਫਿਰਕੇ ਤੱਕ ਸੀਮਤ ਨਹੀਂ ਸੀ। ਮੁੱਖ ਤੌਰ 'ਤੇ ਕਿਉਂਕਿ ਹਿੰਦੂ ਕੌਮ ਅਤੇ ਹਿੰਦੂ ਧਰਮ ਜਿਸ ਨੂੰ ਮੁਗਲਾਂ ਦੀ ਹਕੂਮਤ ਤੋਂ ਉਹ ਮੁਕਤ ਕਰਵਾਉਣ ਲਈ

*(ਅਗਲੇ ਸਫੇ 'ਤੇ ਜਾਰੀ)*

ਵਚਨਬੱਧ ਸੀ, ਬਹੁਤ ਵਿਸਥਾਰਤ ਹੱਦ ਤੱਕ ਸਿੱਖ ਕੌਮ ਅਤੇ ਸਿੱਖ ਧਰਮ ਨਾਲੋਂ ਅੱਗੇ ਕਾਰਜਸ਼ੀਲ ਸੀ। ਇਸ ਲਈ ਇਹ ਕਿਸੇ ਵੀ ਸ਼ੱਕ ਦੀ ਅਵਸਥਾ ਤੋਂ ਉਪਰ ਹੈ ਕਿ ਸ਼ਿਵਾ ਜੀ ਦਾ ਮਨੋਰਥ ਹਿੰਦੁਸਤਾਨ ਦੇ ਇਤਿਹਾਸ ਨੂੰ ਪੁਨਰ-ਸੁਰਜੀਤ ਕਰਨਾ ਸੀ। ਗੁਰੂ ਗੋਬਿੰਦ (ਸਿੰਘ) ਲਗਭਗ ਸ਼ਿਵਾ ਜੀ ਦੇ ਸਮਕਾਲੀ ਹੀ ਸਨ। ਉਨ੍ਹਾਂ ਦੇ ਕਾਰਜ ਕਾਲ ਵਿਚ ਅਕਬਰ ਦੀ ਸੁਹਿਰਦ ਨੀਤੀ ਤਿਆਗੀ ਜਾ ਚੁੱਕੀ ਸੀ ਅਤੇ ਮੁਗਲ ਹਕੂਮਤ ਨੇ ਸਵੈ-ਸੁਰੱਖਿਆ ਦਾ ਜਜ਼ਬਾ ਹਰ ਗੈਰ-ਮੁਸਲਮਾਨ ਅਤੇ ਭਾਰਤੀ ਭਾਈਚਾਰੇ ਵਿਚ ਪ੍ਰੇਰਿਤ ਕੀਤਾ। ਸੱਚਮੁੱਚ ਸਾਰੇ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਥਾਂਵਾਂ 'ਤੇ ਇਕ ਨਵੀਨ ਧਾਰਮਿਕ ਸੋਚ ਵਾਲਾ ਜੀਵਨ ਅੰਦਰੋਂ ਅਤੇ ਬਾਹਰੋਂ ਦਬਾ ਪਾ ਕੇ ਜਾਗ੍ਰਿਤ ਕੀਤਾ ਗਿਆ। ਹਿੰਦੂ ਧਰਮ ਦੇ ਜੀਵਨ ਵਿਚ ਇਹ ਹਲਚਲ ਦੱਖਣ ਦੀਆਂ ਵੱਖ ਵੱਖ ਪਾਵਨ ਸ਼ਖਸੀਅਤਾਂ ਰਾਹੀਂ ਧਾਰਮਿਕ ਪਲਟੇ ਦੇ ਰੂਪ ਵਿਚ ਪ੍ਰਗਟ ਹੋਈ। ਇਹ ਸੁਭਾਵਕ ਹੀ ਸੀ ਕਿ ਹਿੰਦੂ ਭਾਈਚਾਰੇ ਦੀ ਰੂਹਾਨੀ ਚੇਤਨਾ ਦੇ ਪ੍ਰਸੰਗ ਵਿਚ ਸ਼ਿਵਾ ਜੀ ਜਿਹੀ ਵੀਰਤਾਪੂਰਨ ਰੂਹ ਔਰੰਗਜ਼ੇਬ ਦੇ ਅਤਿਆਚਾਰ ਕਾਰਨ ਇਸ ਗੱਲ ਦਾ ਵਚਨ ਧਾਰਨ ਕਰਦੀ ਕਿ ਉਸ ਦੇ ਧਰਮ ਨੂੰ ਭਾਰਤ ਵਿਚ ਫਤਿਹ ਪ੍ਰਾਪਤ ਹੁੰਦੀ।

ਫੇਰ ਇਸੇ ਸਮੇਂ ਅੰਦਰ ਭਾਰਤ ਦੀ ਪੱਛਮੀ ਸਰਹੱਦ 'ਤੇ ਇਕ ਨਵੀਂ ਰੂਹ ਦੀ ਸ਼ਕਤੀ ਨੇ ਜੋ ਸਿੱਖ ਧਰਮ ਵਿਚ ਪਸਰ ਚੁੱਕੀ ਸੀ, ਸਿੱਖਾਂ ਦੇ ਦਿਲਾਂ ਨੂੰ ਬੀਰਤਾ ਦੇ ਅਹਿਸਾਸ ਨਾਲ ਭਰ ਦਿੱਤਾ। ਗੁਰੂ ਗੋਬਿੰਦ (ਸਿੰਘ) ਅਤੇ ਸ਼ਿਵਾ ਜੀ ਕੋਲ ਭਾਵੇਂ ਅੰਦਰੂਨੀ ਤਾਕਤ ਅਤੇ ਬਾਹਰੀ ਦਬਾਅ ਇਕੋ ਤਰ੍ਹਾਂ ਦਾ ਸੀ, ਪਰ ਇਸ ਦੀ ਕਾਰਜਸ਼ੀਲਤਾ ਵਿਚ ਅਸਲ 'ਚ ਇਨ੍ਹਾਂ ਦੋਵਾਂ ਅਵਸਥਾਵਾਂ ਵਿਚ ਢੇਰ ਅੰਤਰ ਸੀ। ਗੁਰੂ ਗੋਬਿੰਦ (ਸਿੰਘ) ਦੀਆਂ ਮੁਗਲਾਂ ਨਾਲ ਹੋਈਆਂ ਬਹੁਤ ਸਾਰੀਆਂ ਜੰਗਾਂ ਕੇਵਲ ਨਿਰਉਦੇਸ਼ ਬਣ ਕੇ ਰਹਿ ਗਈਆਂ, ਜਿਵੇਂ ਉਹ ਮੁੱਖ ਤੌਰ 'ਤੇ ਬਦਲੇ ਦੀ ਭਾਵਨਾ ਅਤੇ ਸਵੈ-ਰੱਖਿਆ ਪ੍ਰਤੀ ਹੀ ਪ੍ਰੇਰਿਤ ਸਨ ਪਰ ਸ਼ਿਵਾ ਜੀ ਦੀਆਂ ਜੰਗਾਂ ਪੌੜੀ ਦੇ ਡੰਡਿਆਂ ਵਾਂਗ ਜੜਤ ਨਫੀਸ ਤਰ੍ਹਾਂ ਦੇ ਤਰਤੀਬਮਈ ਕਦਮ ਸਨ। ਉਹ ਕਦਮ ਕੇਵਲ ਜੋਸ਼ ਦੇ ਉਛਾਲੇ ਹੀ ਨਹੀਂ ਸਨ ਅਤੇ ਨਾ ਹੀ ਕੇਵਲ ਤਕਰਾਰਾਂ ਤੱਕ ਹੀ ਸੀਮਤ ਸਨ; ਇਸ ਵਿਚ ਸ਼ਾਨਦਾਰ ਤਰਤੀਬ ਸੀ; ਵੱਖ ਵੱਖ ਵਰਗਾਂ ਨੂੰ ਆਪਣੀਆਂ ਜੰਗਾਂ ਵਿਚ ਇਕੱਠਿਆਂ ਕਰਨਾ ਸੀ। ਉਸ ਦੇ ਸਾਹਮਣੇ ਕੇਵਲ ਇਕੋ ਬੋਧਮਈ ਆਦਰਸ਼ ਸੀ ਜਿਸ ਦੇ ਧਿਆਨ ਵਿਚ ਲਗਾਤਾਰ ਸਮੁੱਚਾ ਭਾਰਤ ਅਤੇ ਦਿਸ ਰਿਹਾ ਸੁੰਨਸਾਨ ਭਵਿੱਖ ਸੀ। ਇਹ (ਜੰਗਾਂ) ਫਿਰਕਾਪ੍ਰਸਤੀ ਦੀ ਉਥਲ-ਪੁਥਲ ਤੱਕ ਸੀਮਤ ਨਹੀਂ ਸਨ, ਸਗੋਂ ਇਹ ਵਿਸ਼ਾਲ ਯੋਜਨਾ ਦੀ ਮੁੱਢਲੀ ਬੁਨਿਆਦ ਸਨ।

ਉਂਜ, ਕੁੱਲ ਮਿਲਾ ਕੇ ਸਿੱਖਾਂ ਅਤੇ ਮਰਹੱਟਿਆਂ ਦਾ ਇਤਿਹਾਸ ਇਕੋ ਸਮੇਂ ਇਕੋ ਤਰ੍ਹਾਂ ਨਾਲ ਅਸਫਲ ਹੋਇਆ।

ਅਜਿਹਾ ਕਿਉਂ ਵਾਪਰਿਆ? ਮੇਰਾ ਜਵਾਬ ਹੈ ਕਿ ਇਕ ਵਿਚਾਰ ਜੋ ਆਪਣੇ ਬੋਧ ਅਨੁਭਵ ਵਿਚ ਸਾਰੇ ਦੇਸ਼ ਨੂੰ ਸ਼ਾਮਲ ਕਰਨਾ ਚਾਹੁੰਦਾ ਹੈ, ਉਸ ਨੂੰ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ, ਜੇ ਇਸ ਨੂੰ ਕੇਵਲ ਇਕ ਮਹਾਨ ਵਿਅਕਤੀ ਜਾਂ ਕੁਝ ਕੁ ਮਹਾਨ ਮਨੁੱਖ ਹੀ ਅਪਨਾਉਂਦੇ ਹਨ। ਜੇ ਤੁਸੀਂ ਅੱਗ ਦੀ ਚੰਗਿਆੜੀ ਨੂੰ ਪੂਰੀ ਲਾਟ ਵਿਚ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਵਿਸ਼ੇਸ਼ ਬੱਤੀ ਦੀ ਲੋੜ ਹੈ, ਵਿਸ਼ੇਸ਼ ਪਦਾਰਥ ਦੀ, ਤਾਂ ਕਿ ਚੰਗਿਆੜੀ ਨੂੰ ਲਾਟ ਦੇ ਅਮਲ ਵਿਚ ਲਿਆਂਦਾ ਜਾ ਸਕੇ। ਇਹ ਹੀ ਕਾਫੀ ਨਹੀਂ ਹੋਵੇਗਾ ਕਿ ਅਸੀਂ ਆਪਣੀ ਪੂਰੀ ਸ਼ਕਤੀ ਨਾਲ ਪੱਥਰ ਨੂੰ ਲੋਹੇ ਨਾਲ ਟਕਰਾਈਏ। ਸ਼ਿਵਾ ਜੀ ਦਾ ਹਿਰਦਾ ਉਸ ਦੇ ਦੇਸ਼ ਦੇ ਸਮੁੱਚੇ ਲੋਕਾਂ ਨੂੰ ਆਪਣੇ ਨਾਲ ਜੋੜਨ ਪ੍ਰਤੀ ਸਫਲ ਨਾ ਹੋਇਆ, ਇਸ ਲਈ ਇਹੋ ਕੁਝ ਸਾਹਮਣੇ ਆਇਆ। ਉਸ ਦਾ ਆਪਣਾ ਮਨੋਰਥ ਭਾਵੇਂ ਕੋਈ ਵੀ ਸੀ, ਉਸ ਦਾ ਜਤਨ ਸਮੁੱਚੇ ਦੇਸ਼ ਦੇ ਜਤਨ ਵਿਚ ਪ੍ਰਵੇਸ਼ ਨਾ ਕਰ ਸਕਿਆ। ਇਸੇ ਕਰ ਕੇ ਮਹਾਂਰਾਸ਼ਟਰ ਦੀ ਇਹ ਸ਼ਕਤੀ ਅੰਤ ਨੂੰ ਦੂਜੇ ਫਿਰਕਿਆਂ ਦੇ ਲੋਕਾਂ ਨੂੰ ਲੁੱਟਣ ਵਾਲੀਆਂ ਵਹਿਸ਼ੀ ਧਾੜਾਂ ਦਾ ਰੂਪ ਧਾਰ ਗਈ।

ਜੇ ਵਿਸ਼ਵਵਿਆਪੀ ਚੰਗਿਆਈ ਦਾ ਆਦਰਸ਼ ਸਾਰੇ ਲੋਕਾਂ ਦੇ ਦਿਲਾਂ ਵਿਚ ਮੁੱਖ ਸਥਾਨ ਪ੍ਰਾਪਤ ਨਹੀਂ ਕਰ ਸਕਿਆ, ਜੇ ਇਹ ਆਦਰਸ਼ ਕੇਵਲ ਇਕੋ ਨੇਤਾ ਤੱਕ ਸੀਮਤ ਹੋ ਜਾਂਦਾ ਹੈ, ਤਾਂ ਉਸ ਦੇ ਕੁਝ ਪੱਖਪਾਤੀ ਲੋਕਾਂ ਵਿਚ, ਇਹ ਲਾਭ ਦੇਣ ਤੋਂ ਰੁਕ ਜਾਂਦਾ ਹੈ; ਅਤੇ ਹੌਲੀ ਹੌਲੀ ਦੂਜਿਆਂ ਲਈ ਮੁਸ਼ਕਿਲ ਦਾ ਵਸੀਲਾ ਬਣ ਜਾਂਦਾ ਹੈ। ਸ਼ਿਵਾ ਜੀ ਦਾ ਸ਼ੁੱਧ ਆਦਰਸ਼ ਹੌਲੀ ਹੌਲੀ ਵਿਅਕਤੀਗਤ ਸੁਆਰਥ ਦੇ ਰੂਪ ਵਿਚ ਪੇਸ਼ਵਾ ਲੋਕਾਂ ਵਿਚ ਮਲੀਨ ਹੋ ਕੇ ਰਹਿ ਜਾਂਦਾ ਹੈ ਪਰ ਇਹ ਬੁਰਾਈ ਰੋਕੀ ਜਾ ਸਕਦੀ ਸੀ, ਜੇ ਇਸ ਧਰਤੀ ਦੀ ਆਮ ਜਨਤਾ ਲਈ ਇਸ ਵਿਚਾਰ ਨੂੰ ਫੈਲਾਉਣ ਲਈ ਰਸਤਾ ਖੋਲ੍ਹ ਦਿੱਤਾ ਜਾਂਦਾ। ਫਿਰ ਇਸ ਮਹਾਨ ਆਦਰਸ਼ ਨੂੰ ਇਸ ਦੀ ਸਹੀ ਥਾਂ ਪ੍ਰਾਪਤ ਹੋਣ ਦੇ ਨਾਲ ਸਹੀ ਖੁਰਾਕ ਪ੍ਰਾਪਤ ਹੋ ਜਾਂਦੀ, ਇਸ ਵਿਸ਼ਾਲ ਗ੍ਰਹਿਣਸ਼ੀਲ ਆਕਾਰ (ਭਾਂਡੇ ਵਿਚ) ਦੇ ਨਾਲ। ਫਿਰ ਇਸ ਦੇ ਮੁੱਖ ਨੇਤਾ ਦੀ ਮੌਤ 'ਤੇ ਆਪ ਮੁਹਾਰੇ ਅਗਲੇ ਨੇਤਾ ਦੇ ਉਠਣ ਦਾ ਸਿਲਸਿਲਾ ਜਾਰੀ ਰਹਿੰਦਾ, ਜਿਵੇਂ ਬੁਝ ਚੁੱਕੀ ਸ਼ਤੀਰੀ ਤੋਂ ਅੱਗ ਅਗਲੀ ਤਾਜ਼ੀ ਸ਼ਤੀਰੀ ਵਲ ਉਮਡ ਪੈਂਦੀ ਹੈ। ਭਾਰਤ ਦੇ ਇਤਿਹਾਸ ਨੇ ਇਹ ਦੁਹਰਾਇਆ ਹੈ ਕਿ ਇਥੋਂ ਜਿਹੜੀਆਂ ਸ਼ਕਤੀਆਂ ਪੈਦਾ ਹੋਈਆਂ, ਉਹ ਆਪਣੀ ਲਗਾਤਾਰਤਾ ਕਾਇਮ ਨਾ ਰੱਖ ਸਕੀਆਂ। ਮਹਾਨ ਆਦਮੀ ਆਉਂਦੇ ਹਨ ਤੇ ਆਪਣਾ ਕਾਰਜ ਨਿਭਾ ਕੇ ਚਲੇ ਜਾਂਦੇ ਹਨ, ਪਰ ਸਾਡੇ ਵਿਚ ਮੌਕਾ ਸੰਭਾਲਣ ਦੀ ਅਜਿਹੀ ਕੋਈ ਕੁਦਰਤੀ ਦਾਤ ਨਹੀਂ ਕਿ ਅਸੀਂ ਉਨ੍ਹਾਂ ਦੀ ਮੁਹਿੰਮ ਨੂੰ ਸਵੀਕਾਰ ਕਰ ਸਕੀਏ; ਇਸ ਦੀ ਪਾਲਣਾ ਕਰਦੇ ਹੋਏ ਇਸ ਨੂੰ ਪੂਰੀ ਤਰ੍ਹਾਂ ਪਰਪੱਕ ਕਰ ਸਕੀਏ। ਇਸ ਦਾ ਕਾਰਜ ਸਾਡੀ ਸਮੂਹਿਕ ਫੁੱਟ ਹੈ। ਇਕ ਪੋਲੀ ਰੇਤਲੀ ਧਰਤੀ ਬੀਜ ਪ੍ਰਾਪਤ ਕਰ ਸਕਦੀ ਹੈ, ਇਸ ਨੂੰ ਹਵਾਵਾਂ ਚੁੱਕ ਕੇ ਲਿਆਉਣ ਜਾਂ ਕੋਈ ਪੰਛੀ, ਪਰ ਅਜਿਹਾ ਬੀਜ ਪੁੰਗਰਦਾ ਨਹੀਂ ਜਾਂ ਕੁਝ ਕੁ ਪੱਤੇ ਕੱਢ ਕੇ ਅੰਤ ਨੂੰ ਮੁਰਝਾ ਜਾਂਦਾ ਹੈ, ਕਿਉਂਕਿ ਪੋਲੀ ਧਰਤੀ ਗਿੱਲ ਕਾਇਮ ਨਹੀਂ ਰੱਖ ਸਕਦੀ ਜਿਸ ਨਾਲ ਪੌਦਿਆਂ ਦਾ ਜੀਵਨ ਪਲ ਸਕੇ। ਸੋ, ਸਾਡੇ ਸਮਾਜ ਵਿਚ ਇਸੇ ਤਰ੍ਹਾਂ ਦੇ ਅਨੰਤ ਵਖਰੇਵੇਂ ਹਨ; ਧਰਮ, ਕੰਮ, ਖੁਰਾਕ, ਖੁਸ਼ੀ, ਸਮਾਜਕ ਮਿਲਵਰਤਨ ਆਦਿ ਹਰ ਥਾਂ ਅਸੀਂ ਭਿੰਨਤਾ ਵੇਖਦੇ ਹਾਂ। ਇਸ ਲਈ ਇਹੋ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਨਵੇਂ ਵਿਚਾਰ ਦੀ ਖੁਰਾਕ ਉਪਰੋਂ (ਰੱਬ ਵੱਲੋਂ) ਆਉਂਦੀ ਹੈ, ਪਰ ਛੇਤੀ ਹੀ ਮਿੱਟੀ ਵਿਚ ਅਲੋਪ ਹੋ ਜਾਂਦੀ ਹੈ। ਨਵੀਂ ਜ਼ਿੰਦਗੀ ਦੀ ਚੰਗਿਆੜੀ ਸਾਨੂੰ ਟੁੰਬਦੀ ਹੈ, ਪਰ ਛੇਤੀ ਹੀ ਧੂੰਏਂ ਵਿਚ ਮਿਟ ਜਾਂਦੀ ਹੈ। ਇਸੇ ਲਈ ਇਕ ਮਹਾਨ ਵਿਚਾਰ ਵਿਸ਼ਵ ਵਿਆਪੀ ਵਿਚਾਰ ਦਾ ਅਮਲ ਧਾਰਨ ਨਹੀਂ ਕਰਦਾ ਅਤੇ ਸਾਡੀਆਂ ਪ੍ਰਤਿਭਾਸ਼ੀਲ ਸ਼ਖਸੀਅਤਾਂ ਆਪਣੇ ਵਿਚਾਰਾਂ ਦੀ ਸਪੱਸ਼ਟ ਰੂਪ ਵਿਚ ਪ੍ਰਦਰਸ਼ਨੀ ਕਰਨ ਉਪਰੰਤ ਹੀ ਹੇਠਲੀ ਸਤਿਹ ਤੱਕ ਡੁੱਬ ਜਾਂਦੀਆਂ ਹਨ, ਭਾਰਤ ਦੀ ਆਮ ਜਨਤਾ ਦੀ ਗ੍ਰਹਿਣਸ਼ੀਲਤਾ ਦੀ ਅਸਮਰਥਾ ਕਾਰਨ।

ਸਿੱਖਾਂ ਅਤੇ ਮਰਹੱਟਿਆਂ ਦੀ ਚੜ੍ਹਤ ਅਤੇ ਗਿਰਾਵਟ ਦੀ ਤੁਲਨਾ, ਸਾਨੂੰ ਇਸ ਨਿਰਣੇ 'ਤੇ ਪਹੁੰਚਾਉਂਦੀ ਹੈ ਕਿ ਸਿੱਖ ਇਕ ਦਿਨ ਬਹੁਤ ਮਹਾਨ ਆਦਰਸ਼ ਦੇ ਨਾਂ 'ਤੇ ਇਕੱਠੇ ਕੀਤੇ ਗਏ ਸਨ। ਉਨ੍ਹਾਂ ਨੇ ਸੱਚ ਦੀਆਂ ਚੰਗੀਆਂ ਖ਼ਬਰਾਂ ਸੁਣੀਆਂ, ਸੱਚ ਜਿਹੜਾ ਪੁਰਾਣੀ ਰੀਤ ਅਨੁਸਾਰ ਵਿਸ਼ੇਸ਼ ਥਾਂ ਦੀ ਪਾਬੰਦੀ ਵਿਚ ਨਹੀਂ ਸੀ, ਜਿਹੜਾ ਇਸੇ ਵਿਸ਼ੇਸ਼ ਸਮੇਂ ਦੇ ਅੰਦੋਲਨ ਰਾਹੀਂ ਨਹੀਂ ਸੀ ਸਾਜਿਆ/ਘੜਿਆ ਗਿਆ, ਜਿਸ ਦੇ ਬੋਧ ਵਿਚ ਸਾਰੇ ਮਨੁੱਖ ਅਤੇ ਕੁਝ ਸਮੇਂ ਮੌਜੂਦ ਸਨ, ਜਿਸ ਨੇ ਮਨੁੱਖੀ ਹੱਕਾਂ ਨੂੰ ਪ੍ਰਫੁਲਤ ਕੀਤਾ ਅਤੇ ਮਹਾਨ ਤੇ ਸਾਧਾਰਨ ਲੋਕਾਂ ਦੀ ਆਤਮਾ ਨੂੰ ਸਮਾਨ ਮੰਨ ਕੇ ਸੁਤੰਤਰ ਕੀਤਾ, ਜਿਸ ਵਿਚ ਭਰੋਸਾ ਧਾਰਨ ਨਾਲ ਹਰ ਮਨੁੱਖ ਨੂੰ ਇਹ ਯੋਗਤਾ ਹਾਸਲ ਹੋਈ, ਜਿਸ ਰਾਹੀਂ ਮਨੁੱਖਤਾ ਦੀ ਭਰਪੂਰ ਸ਼ਾਨ ਦਾ ਅਹਿਸਾਸ ਹੋਇਆ। ਨਾਨਕ ਦੇ ਇਸ ਸੁਹਿਰਦ ਭਰੋਸੇ ਦੀ ਆਵਾਜ਼ ਰਾਹੀਂ ਸਿੱਖ ਸਦੀਆਂ ਲਈ ਬਲਵਾਨ ਰੂਪ ਵਿਚ ਉਭਰ ਕੇ ਸਾਹਮਣੇ ਆਏ, ਜਦੋਂ ਕਿ ਬਹੁਤ ਸਾਰੀਆਂ ਮੁਸ਼ਕਿਲਾਂ ਵੀ ਪੇਸ਼ ਆਈਆਂ। ਇਹ ਧਾਰਮਿਕ ਚੇਤਨਾ ਅਤੇ ਇਨ੍ਹਾਂ ਮੁਸ਼ਕਿਲਾਂ ਨੂੰ ਸਹਿਣ ਦੇ ਪਾਵਨ ਪ੍ਰਭਾਵ ਨੇ ਸਿੱਖਾਂ ਵਿਚ ਨੇਕ ਸੰਗਤ ਦਾ ਅਦ੍ਰਿਸ਼ਟ ਇਕਰਾਰ ਕਾਇਮ ਕਰ ਦਿੱਤਾ।

ਗੁਰੂ ਗੋਬਿੰਦ (ਸਿੰਘ) ਨੇ ਸਿੱਖ ਸੰਗਤ ਦੀ ਰੂਹਾਨੀ ਏਕਤਾ ਨੂੰ ਦੁਨਿਆਵੀ ਸਫਲਤਾ ਵਿਚ ਤਬਦੀਲ ਕਰ ਲਿਆ। ਕੇਵਲ ਇਕ ਵਿਸ਼ੇਸ਼ ਵਕਤੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੇ ਇਸ ਧਾਰਮਿਕ ਸ਼੍ਰੇਣੀ ਦੇ ਕੱਦ ਨੂੰ ਘਟਾ ਕੇ ਸਿਆਸੀ ਤਰੱਕੀ ਦਾ ਸਾਧਨ ਬਣਾ ਲਿਆ। ਉਂਜ ਉਨ੍ਹਾਂ ਨੇ ਸਿੱਖ ਸੰਗਤ ਦੀ ਏਕਤਾ ਨੂੰ ਪ੍ਰਚੰਡ ਕਰਨ ਦਾ ਮੌਕਾ ਪ੍ਰਾਪਤ ਕੀਤਾ। ਉਨ੍ਹਾਂ ਨੇ ਮੁਕੰਮਲ ਤੌਰ 'ਤੇ ਵਰਣ ਵੰਡ ਨੂੰ ਜੜ੍ਹੋਂ ਪੁੱਟ ਦਿੱਤਾ ਜੋ ਇਸ ਦੀ ਏਕਤਾ ਲਈ ਵੱਡੀ ਰੁਕਾਵਟ ਸੀ।

ਗੁਰੂ ਗੋਬਿੰਦ (ਸਿੰਘ) ਕੇਵਲ ਇਕੋ ਸ਼ਬਦ ਨਾਲ ਸਿੱਖ ਸੰਗਤ ਵਿਚੋਂ ਜਾਤੀ ਵਖਰੇਵਿਆਂ ਨੂੰ ਮਿਟਾ ਸਕਦੇ ਸਨ, ਕਿਉਂਕਿ ਨਾਨਕ ਦਾ ਸੁਹਿਰਦ ਵਿਸ਼ਵਾਸ ਵਿਸ਼ੇਸ਼ ਤੌਰ 'ਤੇ ਅਦ੍ਰਿਸ਼ਟ ਰੂਪ ਵਿਚ ਉਨ੍ਹਾਂ ਵਿਚ ਬਣਾਉਟੀ ਵਖਰੇਵਿਆਂ ਦੇ ਦੌਰਾਨ ਜੀਵਨ ਸ਼ਕਤੀ ਦੇ ਰੂਪ ਵਿਚ ਇਸ ਦੀ ਬੁਨਿਆਦ ਕਾਇਮ ਕਰ ਚੁੱਕਿਆ ਸੀ। ਗੁਰੂ ਗੋਬਿੰਦ (ਸਿੰਘ) ਦੇ ਇਕੋ ਝਟਕੇ ਨਾਲ, ਪਹਿਲਾਂ ਹੀ ਅਤਿ ਕਮਜ਼ੋਰ ਹੋ ਚੁੱਕੀ ਵਰਣ ਵੰਡ ਧਰਤੀ ਉਪਰ ਧੜੱਮ ਕਰ ਕੇ ਡਿੱਗੀ। ਜੇ ਮੈਦਾਨ ਪਹਿਲਾਂ ਤੋਂ ਹੀ ਮੁਕੰਮਲ ਤੌਰ 'ਤੇ ਤਿਆਰ ਨਾ ਹੁੰਦਾ ਤਾਂ ਅਤਿ ਜ਼ੋਰ ਪਾਉਣ ਵਾਲੀ ਲੋੜ ਨੇ ਵੀ ਗੁਰੂ ਗੋਬਿੰਦ (ਸਿੰਘ) ਦੇ ਇਸ ਜਤਨ ਨੂੰ ਸਫਲਤਾ ਤੱਕ ਨਹੀਂ ਸੀ ਪਹੁੰਚਾਉਣਾ; ਨਾ ਹੀ ਉਨ੍ਹਾਂ ਨੇ ਇਸ ਯੋਜਨਾ ਨੂੰ ਪ੍ਰਾਪਤ ਕਰ ਸਕਣਾ ਸੀ ਜਿਸ ਰਾਹੀਂ ਆਤਮਘਾਤੀ ਵਰਣ ਵੰਡ ਨੂੰ ਮਿਟਾਇਆ ਜਾ ਸਕਦਾ।

ਪਰ ਉਨ੍ਹਾਂ ਨੇ ਅਸਲ ਵਿਚ ਕੀ ਕੀਤਾ? ਉਨ੍ਹਾਂ ਨੇ ਸਿੱਖ ਸੰਗਤ ਨੂੰ ਤਾਂ ਮਜ਼ਬੂਤ ਬਣਾਇਆ ਪਰ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੇ ਮਹਾਨ ਰੂਹਾਨੀ ਸ਼ਕਤੀ ਨੂੰ ਸਿੰਘਾਸਣ ਤੋਂ ਥੱਲੇ ਲਾਹ ਦਿੱਤਾ ਜਿਸ ਰਾਹੀਂ ਉਨ੍ਹਾਂ ਦੀ ਇਹ ਸੀਮਤ ਸਫਲਤਾ ਸੰਭਵ ਹੋ ਸਕੀ ਸੀ (ਉਨ੍ਹਾਂ ਨੇ ਸਿੱਖਾਂ ਦੇ ਆਦਰਸ਼ ਨੂੰ ਪਦਾਰਥਵਾਦੀ ਨਫੇ ਤੱਕ ਹੀ ਸੀਮਤ ਕਰ ਦਿੱਤਾ ਅਤੇ ਗੁਰੂਆਂ ਦੀ ਜਾਨਸ਼ੀਨੀ 'ਤੇ ਰੋਕ ਲਗਾ ਦਿੱਤੀ)।

ਕੇਵਲ ਏਕਤਾ ਹੀ ਵਿਚਾਰਾਂ ਦੀ ਸਫਲਤਾ ਦਾ ਸਾਧਨ ਹੈ। ਇਸ ਲਈ ਹਰ ਮਹਾਨ ਵਿਚਾਰ ਆਪਣੀ ਸ਼ਕਤੀ ਨੂੰ ਸਮਰਪਣ ਕਰ ਕੇ ਇਸ ਸਾਧਨ ਨੂੰ ਤਰਾਸ਼ ਕੇ ਆਪਣੇ ਮਨੋਰਥ ਲਈ ਢਾਲਦਾ ਹੈ। ਸਾਧਨ ਦੀ ਮਹਾਨਤਾ ਕੇਵਲ ਵਿਚਾਰ ਦੀ ਮਹਾਨਤਾ ਨੂੰ ਹੀ ਪਰਿਵਰਤਿਤ ਕਰਦੀ ਹੈ ਜੋ ਇਸ ਨੂੰ ਪ੍ਰਾਪਤ ਹੁੰਦਾ ਹੈ। ਜਜ਼ਬੇ ਦੇ ਵਕਤੀ ਉਛਾਲ, ਵਕਤੀ ਲੋੜ ਦੀ ਸੂਝ ਨੇ ਗੁਰੂ ਗੋਬਿੰਦ (ਸਿੰਘ) ਨੂੰ ਇਸ ਸਾਧਨ ਨੂੰ ਪ੍ਰੇਰਤ ਕਰਨ ਲਈ ਸਮਰਥ ਬਣਾਇਆ, ਪਰ ਇਥੇ ਹੀ ਉਨ੍ਹਾਂ ਨੇ ਵਿਚਾਰ ਨੂੰ ਨੀਵੇਂ ਪੱਧਰ ਤੱਕ ਲੈ ਆਂਦਾ। ਨਤੀਜਾ ਇਹ ਸਾਹਮਣੇ ਆਇਆ ਕਿ ਵਕਤੀ ਤੌਰ 'ਤੇ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੇ ਕੁਝ ਸਫਲਤਾ ਜ਼ਰੂਰ ਹਾਸਲ ਕੀਤੀ, ਪਰ ਇਕ ਸ਼ਕਤੀ ਜੋ ਆਜ਼ਾਦੀ ਲਈ ਲੜ ਰਹੀ ਸੀ, ਸਦੀਵੀ ਰੁਕਾਵਟ ਵਿਚ ਘਿਰ ਗਈ, ਸਿੱਖਾਂ ਨੇ ਹੁਣ ਆਪਣੇ ਆਪ ਵਿਚ ਨਜ਼ਦੀਕੀ ਏਕਤਾ ਦੀ ਵਿਉਂਤ ਪ੍ਰਾਪਤ ਕੀਤੀ, ਪਰ ਇਸ ਸੀਮਤ ਸੋਚ ਰਾਹੀਂ ਉਨ੍ਹਾਂ ਨੇ ਆਪਣੇ ਵਿਕਾਸ ਦੀ ਸ਼ਕਤੀ ਗੁਆ ਲਈ। ਇਸ ਲਈ ਸਿੱਖ ਜੋ ਬੜੀ ਸ਼ਾਨ ਨਾਲ ਬਹੁਤ ਸਦੀਆਂ ਤੋਂ ਸੱਚੇ ਮਨੁੱਖ ਬਣਨ ਲਈ ਅੱਗੇ ਵਧ ਰਹੇ ਸਨ, ਹੁਣ ਅਚਾਨਕ ਛੋਟੇਪਣ 'ਤੇ ਰੁਕ ਗਏ ਅਤੇ ਕੇਵਲ ਸਿਪਾਹੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ। ਇਥੇ ਹੀ ਉਨ੍ਹਾਂ ਦੇ ਇਤਿਹਾਸ ਦਾ ਅੰਤ ਹੋ ਜਾਂਦਾ ਹੈ।

ਉਹ ਆਦਰਸ਼ ਜਿਸ ਲਈ ਸ਼ਿਵਾ ਜੀ ਨੇ ਆਪਣੀ ਜ਼ਿੰਦਗੀ ਸਮਰਪਣ ਕਰ ਦਿੱਤੀ, ਉਹ ਕਿਸੇ ਵਕਤੀ ਸੀਮਤ ਗਰਜ਼ 'ਤੇ ਆਧਾਰਤ ਨਹੀਂ ਸੀ। ਇਸ ਦੀ ਸਫਲਤਾ ਲਈ ਮੈਦਾਨ ਪਹਿਲਾਂ ਹੀ ਦੱਖਣ ਦੇ ਧਾਰਮਿਕ ਸੁਧਾਰਕਾਂ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਤਿਆਰ ਕੀਤਾ ਹੋਇਆ ਸੀ। ਇਸ ਲਈ ਉਸ ਦਾ ਜੋਸ਼ ਕੁਝ ਸਮੇਂ ਲਈ ਸਮੁੱਚੀ ਮਰਹੱਟਾ ਕੌਮ ਨੂੰ ਪ੍ਰਭਾਵਤ ਕਰਨ ਵਾਲਾ ਸੀ।

ਟੁੱਟੇ ਹੋਏ ਪਿਆਲੇ ਨੂੰ ਨੱਕੋ ਨੱਕ ਭਰਿਆ ਜਾ ਸਕਦਾ ਹੈ, ਪਰ ਇਹ ਪਾਣੀ ਨੂੰ ਸੰਭਾਲ ਨਹੀਂ ਸਕਦਾ। ਵਕਤੀ ਜੋਸ਼ ਭਾਵੇਂ ਸਾਰੇ ਦੇਸ਼ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦਾ ਹੈ ਅਤੇ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਇਹ ਇਕ ਹੋ ਗਿਆ ਹੈ, ਪਰ ਸਾਡੇ ਸਰੀਰ ਦੀਆਂ ਤਰੇੜਾਂ ਅਤੇ ਮੋਰੀਆਂ ਸਮਾਜਕ ਤੌਰ 'ਤੇ ਆਪਣਾ ਕਾਰਜ ਅਦ੍ਰਿਸ਼ਟ ਰੂਪ ਵਿਚ ਜਾਰੀ ਰੱਖਦੀਆਂ ਹਨ। ਅਸੀਂ ਕਿਸੇ ਨੇਕ ਵਿਚਾਰ ਨੂੰ ਲੰਮਾ ਸਮਾਂ ਨਹੀਂ ਸੰਭਾਲ ਸਕਦੇ। ਇਸ ਲਈ ਹਰ ਜੀਵਨ ਦਾਤ ਦੇਣ ਵਾਲਾ ਵਿਚਾਰ ਹਿੰਦੂ ਸਮਾਜ ਵਿਚ ਅੰਤ ਨੂੰ ਅਤਿਆਚਾਰ ਵਾਲੀਆਂ ਖੁਸ਼ਕ ਜੀਵਨਹੀਣ ਰਸਮਾਂ ਨੂੰ ਥਾਂ ਦਿੰਦਾ ਹੈ।

ਇਹੋ ਜਿਹੀ ਵਿਸ਼ਾਲ ਹੱਦ ਤੱਕ ਮਰਹੱਟਾ ਹਿੰਦੂ ਸਮਾਜ ਨੂੰ ਸ਼ਿਵਾ ਜੀ ਨੇ ਸ਼ਕਤੀਸ਼ਾਲੀ ਵਿਚਾਰ ਆਪਣੇ ਸਮੇਂ ਅਰਪਣ ਕੀਤਾ ਜੋ ਉਸ ਦੀ ਮੌਤ ਪਿਛੋਂ ਵੀ ਇਸ ਦੀ ਸ਼ਕਤੀ ਵਿਸ਼ੇਸ਼ ਸਮੇਂ ਲਈ ਕਾਰਜਸ਼ੀਲ ਰਹੀ। ਪਰ ਉਹ (ਸ਼ਿਵਾ ਜੀ) ਇਸ ਵਿਚਾਰ ਦੀ ਗ੍ਰਹਿਣਸ਼ੀਲਤਾ ਨੂੰ ਪ੍ਰਭਾਵਸ਼ਾਲੀ ਨਾ ਬਣਾ ਸਕਿਆ। ਇਥੋਂ ਤੱਕ ਕਿ ਉਸ ਨੇ ਇਸ ਕੰਮ ਨੂੰ ਯਤਨ ਵਿਚ ਵੀ ਨਾ ਲਿਆਂਦਾ। ਉਸ ਨੇ ਇਸ ਵਿਚਾਰ ਨੂੰ ਮਨੁੱਖਤਾ ਦੇ ਕ੍ਰੋਧਵਾਨ (ਪ੍ਰਚੰਡ) ਸਮੁੰਦਰ ਵਿਚ ਧੱਕ ਦਿੱਤਾ, ਬਿਨਾਂ ਉਨ੍ਹਾਂ ਵੱਡੀਆਂ ਵੱਡੀਆਂ ਦਰਾੜਾਂ ਦਾ ਸਮੁੰਦਰ ਦੀਆਂ ਚੋਟਾਂ ਸਹਿਤ ਧਿਆਨ ਕੀਤਿਆਂ; ਇਹ ਕੋਈ ਆਦਰਸ਼ ਰਹਿਤ ਜ਼ਰੂਰਤ ਨਹੀਂ ਸੀ, ਨਾ ਹੀ ਸਾਧਨਾਂ ਦੀ ਨਿਰੀ ਕਮੀ ਹੀ ਸੀ, ਜਿਸ ਨੇ ਉਸ ਨੂੰ ਅਜਿਹੇ ਜਹਾਜ਼ ਉਪਰ ਚੜ੍ਹਨ ਲਈ ਮਜਬੂਰ ਕੀਤਾ; ਉਸ ਨੇ ਤਰੇੜਾਂ ਤੋਂ ਰੱਖਿਆ ਕਰਨ ਨੂੰ ਆਪਣਾ ਨਿਸ਼ਾਨਾ ਮਿਥਿਆ। ਸ਼ਿਵਾ ਜੀ ਨੇ ਮੁਗਲਾਂ ਦੇ ਹਮਲੇ ਤੋਂ ਹਿੰਦੂ ਸਮਾਜ ਨੂੰ ਬਚਾਉਣਾ ਚਾਹਿਆ ਜਿਸ ਵਿਚ ਰਸਮਾਂ ਦੇ ਵਖਰੇਵੇਂ ਅਤੇ ਜਾਤਾਂ ਦੀ ਅਲਹਿਦਗੀ ਜ਼ਿੰਦਗੀ ਦਾ ਵਿਸ਼ੇਸ਼ ਹਿੱਸਾ ਹਨ। ਇਸ ਭਿੰਨ ਭਿੰਨ ਜਾਤਾਂ ਵਾਲੇ ਸਮਾਜ ਵਿਚ ਉਸ ਨੇ ਸਾਰੇ ਹਿੰਦੁਸਤਾਨ ਵਿਚ ਆਪਣੇ ਆਪ ਨੂੰ ਵਿਜੇਤਾ ਦੇ ਤੌਰ 'ਤੇ ਉਭਾਰਨਾ ਚਾਹਿਆ। ਉਸ ਨੇ ਰੇਤੇ ਦੀਆਂ ਰੱਸੀਆਂ ਨਾਲ ਬੁਣਤੀ ਕਰਨੀ ਚਾਹੀ, ਉਸ ਨੇ ਅਸੰਭਵਤਾ ਵੱਲ ਕਦਮ ਵਧਾਏ।

ਸ਼ਿਵਾ ਜੀ ਨੇ ਕਿਸੇ ਅਜਿਹੇ ਵਿਚਾਰ ਨੂੰ ਨਾ ਤਾਂ ਅਪਣੱਤ ਨਾਲ ਅਪਨਾਇਆ ਅਤੇ ਨਾ ਹੀ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ ਜਿਸ ਰਾਹੀਂ ਉਹ ਹਿੰਦੂ ਭਾਈਚਾਰੇ ਵਿਚ ਆਈਆਂ ਤਰੇੜਾਂ ਨੂੰ ਪੂਰ ਸਕਦਾ। ਇਹ ਬਿਨਾਂ ਸ਼ੱਕ, ਅਤਿ ਕੁਦਰਤੀ ਹੈ ਕਿ ਬਾਹਰਲੇ ਲੋਕਾਂ ਵਲੋਂ ਧਰਮ 'ਤੇ ਢਾਹੇ ਜ਼ੁਲਮ ਅਤੇ ਹਤਕ ਪ੍ਰਤੀ ਰੋਸ ਪ੍ਰਗਟ ਕੀਤਾ ਜਾਵੇ ਅਤੇ ਸਾਰੇ ਦੇਸ਼ ਵਿਚ ਇਸ 'ਤੇ ਫਤਿਹ ਪ੍ਰਾਪਤ ਕਰਨ ਦੀ ਦਿਲੀ ਖਾਹਿਸ਼ ਹੋਵੇ, ਪਰ ਅਜਿਹੀ ਖਾਹਿਸ਼ ਦੇ ਨਸੀਬਾਂ ਵਿਚ ਜਿੱਤ ਨਹੀਂ, ਕਿਉਂਕਿ ਜਿਥੇ ਵੀ ਇਕ ਧਰਮ ਤੇ ਇਸ ਦੇ ਆਪਣੇ ਹੀ ਲੋਕਾਂ ਵੱਲੋਂ ਜ਼ੁਲਮ ਢਾਹਿਆ ਜਾਵੇ, ਜਦੋਂ ਕਿ ਇਸ ਦੇ ਆਪਣੇ ਅੰਦਰ ਹੀ ਅਜਿਹੀਆਂ ਅੰਦਰੂਨੀ ਰੁਕਾਵਟਾਂ ਹਨ, ਜੋ ਲਗਾਤਾਰ ਲੋਕਾਂ ਨੂੰ ਇਕ ਦੂਜੇ ਨਾਲੋਂ ਨਿਖੇੜਨ ਅਤੇ ਨੀਵਾਂ ਦਿਖਾਉਣ ਦੇ ਰੁਝਾਨ ਵਿਚ ਹਨ, ਅਜਿਹਾ ਕਿਸੇ ਵੀ ਮਨੁੱਖ ਲਈ ਅਸੰਭਵ ਹੈ ਅਤੇ ਇਹ ਵਿਸ਼ਵ ਦੇ ਦੈਵੀ ਨਿਯਮ ਪ੍ਰਬੰਧ ਦੇ ਵੀ ਵਿਰੋਧ ਵਿਚ ਹੈ ਕਿ ਅੰਦਰੂਨੀ ਤੌਰ 'ਤੇ ਲੀਰੋ ਲੀਰ ਅਤੇ ਵਿਗੋਚੇ ਹੋਏ ਧਾਰਮਿਕ ਭਾਈਚਾਰੇ ਵਾਲੇ ਵਿਸ਼ਾਲ ਮਹਾਂਦੀਪ ਉਪਰ ਜਿਵੇਂ ਭਾਰਤ ਵਿਚ ਵਰਣ ਵੰਡ ਤੋਂ ਸੁਤੰਤਰ ਸਵਰਾਜ ਕਾਇਮ ਕਰਨ।

ਕੋਈ ਵੀ ਕੌਮ ਪੂਰਬ ਪ੍ਰਧਾਨਤਾ ਵਾਲੀ ਅਤੇ ਮਹਾਨ ਨਹੀਂ ਬਣ ਸਕਦੀ ਜੇ ਉਸ ਦੇ ਜ਼ਾਤੀ ਘੁਮੰਡ ਅਤੇ ਗੁੱਸੇ ਨੂੰ ਕੇਵਲ ਕਿਸੇ ਬਾਹਰੀ ਜ਼ੁਲਮ ਨੇ ਪ੍ਰੇਰਤ ਕੀਤਾ ਹੈ। ਜਿੰਨਾ ਚਿਰ ਏਕਤਾ ਦਾ ਬੋਧ ਆਪਣੇ ਧਾਰਮਿਕ ਭਾਈਚਾਰੇ ਦੀ ਧਾਰਮਿਕ ਚੇਤਨਾ ਵਿਚ ਆਪਣੇ ਕਾਰਜ ਨੂੰ ਅਮਲ ਵਿਚ ਲਿਆਉਣ ਦੀ ਗੁੰਜਾਇਸ਼ ਪ੍ਰਾਪਤ ਨਹੀਂ ਕਰ ਲੈਂਦਾ, ਜਿੰਨਾ ਚਿਰ ਕਿਸੇ ਨੇਕ ਵਿਚਾਰ ਰਾਹੀਂ ਤੰਦਰੁਸਤ ਹੋਈ ਏਕੀਕਰਨ ਦੀ ਸ਼ਕਤੀ ਅੰਦਰੋਂ ਬਾਹਰੋਂ, ਏਕੇ ਦੇ ਨਿਸ਼ਾਨੇ ਵੱਲ ਨਾ ਵਧ ਰਹੀ ਹੋਵੇ, ਜਦੋਂ ਕਿ ਇਸ 'ਤੇ ਕੋਈ ਬਾਹਰੀ ਦਬਾ ਨਾ ਹੋਵੇ, ਨਾ ਹੀ ਕਿਸੇ ਵਿਅਕਤੀਗਤ ਪ੍ਰਤਿਭਾ ਦੀ ਸੂਰਬੀਰਤਾ ਦਾ ਬੇਲੋੜਾ ਅਸਰ ਹੋਵੇ, ਦ੍ਰਿੜ੍ਹਤਾ ਨਾਲ ਅਜਿਹਾ ਸੰਗਠਿਤ ਭਾਈਚਾਰਾ ਉਸਾਰਨਾ ਜੋ ਜੀਵਨ ਅਤੇ ਸੂਝ ਨਾਲ ਸੁਭਾਵਕ ਰੁਚੀ ਅਨੁਸਾਰ ਜੁੜਿਆ ਹੋਵੇ, ਉਨੀ ਦੇਰ ਤੱਕ ਸੰਭਵ ਨਹੀਂ।

---

*ਰਵਿੰਦਰ ਨਾਥ ਟੈਗੋਰ ਦੇ ਬੰਗਾਲੀ ਵਿਚ ਲਿਖੇ ਲੇਖ ਦਾ ਪੰਜਾਬੀ ਅਨੁਵਾਦ*

# 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ

*(ਸਫਾ 20 ਦੀ ਬਾਕੀ)*

ਸਾਬਤ ਹੋਈ। ਇਸ ਮਾਮਲੇ ਵਿਚ ਦਲਬੀਰ, ਕਰਮਜੀਤ ਦੇ ਨਾਲ ਆ ਗਿਆ। 1997 ਵਿਚ ਹਲਵਾਰਵੀ ਦੇ 'ਪੰਜਾਬੀ ਟ੍ਰਿਬਿਊਨ' ਤੋਂ ਰੁਖਸਤ ਹੋ ਜਾਣ ਪਿਛੋਂ ਕਰਮਜੀਤ ਭਾਅ ਜੀ ਅਤੇ ਦਲਬੀਰ ਨੇ ਲੰਮੇ ਸਮੇਂ ਤੱਕ ਅਸਿਸਟੈਂਟ ਐਡੀਟਰ ਵਜੋਂ ਇਕੱਠਿਆਂ ਕੰਮ ਕੀਤਾ। ਉਸ ਸਮੇਂ ਮੈਂ ਤਾਂ ਅਮਰੀਕਾ ਆ ਗਿਆ ਸਾਂ। ਦੋਵਾਂ ਸਾਥੀਆਂ ਵੱਲੋਂ ਵਾਰੀ ਵਾਰੀ ਜੋ ਵਿਸ਼ੇਸ਼ ਫੀਚਰ 'ਅੱਠਵਾਂ ਕਾਲਮ' ਲਿਖਿਆ ਜਾਂਦਾ ਸੀ ਉਸ ਦੀ ਹਰ ਪਾਸੇ ਵਾਹ ਵਾਹ ਹੁੰਦੀ ਰਹੀ ਸੀ।

ਇਸ ਦੌਰ ਬਾਰੇ ਮੈਂ ਚਾਹਾਂਗਾ ਕਿ ਕਰਮਜੀਤ ਭਾਅ ਜੀ ਖੁਦ ਲਿਖਣ ਜਾਂ ਕੋਈ ਹੋਰ ਪੁਰਾਣਾ ਸਾਥੀ ਕੋਸ਼ਿਸ਼ ਕਰੇ। ਜਿੰਦੇ-ਸੁੱਖੇ ਬਾਰੇ ਨਜ਼ਰੀਏ ਤੋਂ ਦੋਵਾਂ ਸਾਥੀਆਂ ਦੇ ਵਿਚਾਰਾਂ ਦੇ ਵਖਰੇਵੇਂ ਦਾ ਅਸਾਨੀ ਨਾਲ ਹੀ ਪਤਾ ਲੱਗ ਸਕਦਾ ਹੈ ਪਰ ਅਖੀਰ ਦੋਵਾਂ ਨੇ ਸ਼ਾਇਦ ਇਹ ਮੰਨ ਲਿਆ ਸੀ ਕਿ ਵਿਚਾਰਾਂ ਦੇ ਅਜਿਹੇ ਵਖਰੇਵੇਂ ਦੇ ਬਾਵਜੂਦ ਦੋਸਤਾਨਾ ਸਬੰਧ ਰੱਖੇ ਜਾ ਸਕਦੇ ਹਨ। ਉਨ੍ਹਾਂ ਦੀ ਇਸ ਆਪਸੀ ਸਾਂਝ ਦਾ ਇਹ ਦੌਰ ਸੁਣਿਐ ਹਰ ਰੋਜ਼ ਦੀਆਂ ਚਾਹ ਪਾਰਟੀਆਂ ਦਾ ਸਮਾਂ ਸੀ। ਪੰਜਾਬ ਭਰ ਵਿਚੋਂ ਮਿੱਤਰ ਯਾਰ, ਪੱਤਰ ਪ੍ਰੇਰਕ, ਰਾਜਸੀ ਵਰਕਰ, ਪੁਰਾਣੇ ਕਾਮਰੇਡ ਦੁਪਹਿਰ ਤੋਂ ਬਾਅਦ ਇਨ੍ਹਾਂ ਕੋਲ ਹੀ ਇਕੱਠੇ ਹੁੰਦੇ ਅਤੇ ਦੁਨੀਆਂ ਭਰ ਦੇ ਮਸਲੇ ਵਿਚਾਰੇ ਜਾਂਦੇ, ਠਹਾਕੇ ਵੱਜਦੇ, 8ਵੇਂ ਕਾਲਮ ਦੀ ਚਰਚਾ ਚਲਦੀ। ਸ਼ਾਇਦ 'ਪੰਜਾਬੀ ਟ੍ਰਿਬਿਊਨ' ਅਦਾਰੇ ਦੀ ਪਹਿਲ ਤਾਜ਼ਗੀ ਦੇ ਦਿਨ ਵਾਪਸ ਪਰਤ ਆਏ ਸਨ।

ਪੰਜਾਬੀ ਟ੍ਰਿਬਿਊਨ ਨਾਲ ਜੁੜੀਆਂ ਕੁਝ ਹੋਰ ਯਾਦਾਂ ਫੇਰ...!

## ਕਾਵਿ -ਕਿਆਰੀ

### ਹਲਚਲ

ਜ਼ਿੰਦਗੀ 'ਚ ਉਸ ਵੇਲੇ ਹਲਚਲ ਮਚ ਜਾਂਦੀ,
ਹੋਣ ਜਾਂ ਹਾਲਾਤ ਕਦੇ, ਮਾੜੇ ਪਰਿਵਾਰਾਂ ਦੇ।

ਦਿਲ ਦਿਲਗੀਰ ਹੋ ਕੇ ਡਿੱਕੇ-ਡੋਲੇ ਖਾਈ ਜਾਵੇ,
ਬੇੜੀ ਜਿਉਂ ਫਸ ਜਾਵੇ, ਵਿਚ ਮੰਝਧਾਰਾਂ ਦੇ।

ਬਿਮਾਰੀ ਜਾਂ ਮੁਕੱਦਮਾ, ਪੈ ਜਾਵੇ ਗਲ ਕਿਸੇ,
ਘਰ ਖਾਲੀ ਹੁੰਦੇ ਦੇਖੇ, ਵੱਡੇ ਸ਼ਾਹੂਕਾਰਾਂ ਦੇ।

ਕਰਦੇ ਗਰੀਬ, ਖੁਦਕੁਸ਼ੀਆਂ ਨੇ ਦੁਖੀ ਹੋ ਕੇ,
ਚੁਕਦੇ ਹਿਸਾਬ ਨਹੀਂ, ਜਦੋਂ ਬਜ਼ਾਰਾਂ ਦੇ।

ਲੱਖਾਂ ਹੁੰਦੇ ਖਰਚੇ ਨੇ ਅੱਜ ਦੀਆਂ ਰਸਮਾਂ 'ਤੇ,
ਜਿਹੜੇ ਕਦੀ ਹੁੰਦੇ ਸਨ ਮਸੀਂ ਹਜ਼ਾਰਾਂ ਦੇ।

ਬੋਲ-ਕਬੋਲ ਜਦੋਂ, ਬੋਲਦਾ ਸ਼ਰੀਕ ਹੈ ਕੋਈ,
ਭਰਦੇ ਨਾ ਜ਼ਖ਼ਮ, ਉਨ੍ਹਾਂ ਚੁਭੇ ਹੋਏ ਖਾਰਾਂ ਦੇ।

ਪੁੱਤ ਤੋਂ ਕਪੁੱਤ ਹੁੰਦੇ, ਅਸੀਂ ਰੋਜ਼ ਦੇਖਦੇ ਹਾਂ,
ਰੁਲਦੇ ਨੇ ਮਾਪੇ ਕਈ, ਚੰਗੇ ਘਰ-ਬਾਰਾਂ ਦੇ।

ਆਪਸੀ ਪ੍ਰੇਮ ਹੁਣ ਦਿੱਸਦਾ ਨਾ ਕਿਸੇ ਦਾ ਵੀ,
ਭਾਈਆਂ ਹੱਥੋਂ ਭਾਈ ਖਾਂਦੇ ਫੱਟ ਤਲਵਾਰਾਂ ਦੇ।

ਬੇਰੁਜ਼ਗਾਰ ਬੱਚੇ, ਨਸ਼ਿਆਂ 'ਚ ਪਈ ਜਾਂਦੇ,
ਮੰਦੇ ਹੋਏ ਹਾਲ, ਅੱਜ-ਕਲ੍ਹ ਕੰਮ-ਕਾਰਾਂ ਦੇ।

ਆਪਣੀ ਸੁਣਾ ਕੇ ਗੱਲ ਹਰ ਕੋਈ ਤੁਰ ਜਾਂਦੈ,
ਸੁਣਦਾ ਨਾ ਦੁੱਖ, ਕੋਈ ਬੈਠ ਕੇ ਬੀਮਾਰਾਂ ਦੇ।

ਲੋੜ ਵੇਲੇ ਹੁਣ ਉਹ, ਖੜੋਂਦੇ ਕੋਲ ਆ ਕੇ ਨਾ,
ਇਹ ਨੇ ਹਾਲ ਅੱਜ ਦਿਆਂ, ਰਿਸ਼ਤੇਦਾਰਾਂ ਦੇ।

ਮੁਸੀਬਤ ਤਾਂ ਟਲਦੀ ਹੈ, ਟਲ ਜਾਂਦੀ ਦੋਸਤੋ!
ਚਿਹਰੇ ਨੰਗੇ ਕਰ ਜਾਂਦੀ, ਯਾਰ ਖੁਦਗਾਰਾਂ ਦੇ।

*-ਰਾਜੇਸ਼ਵਰ ਸਿੰਘ ਸੂਰਾਪੁਰੀ*
*ਫੋਨ: (916)-969-9337*

---

### ਔਰਤ: ਤੁਰ ਰਹੀ ਹਾਂ

ਇੰਜ ਹੀ ਸ਼ਾਇਦ ਉਮਰ ਤੋਂ
ਜਨਮਾਂ ਜਾਂ ਯੁੱਗਾਂ ਤੋਂ ਤੁਰ ਰਹੀ ਹਾਂ ਮੈਂ
ਬਾਹਰ ਦੇ ਜੰਗਲ ਤੋਂ ਸਹਿਮ
ਮਨ ਦੇ ਬੀਆਬਾਨ ਵਿਚ
ਆਪਣੇ ਅਧੂਰੇ ਵਜੂਦ ਦੀ ਭਟਕਣ ਸਮੇਤ।

ਮੈਂ ਜੋ ਇਕ ਫਿਰਤੂ ਪੌਣ ਲੰਘ ਆਈ ਹਾਂ
ਤਪੱਸਵੀ ਹਿਰਦਿਆਂ ਦੀ ਤਪਸ਼ ਨੂੰ ਛੋਹ।
ਪੀਂਦੀ ਹਾਂ ਨਿੱਤ ਹੀ ਤਪਸ਼ ਦੇ ਸਾਗਰ
ਤਰਦੀ ਹਾਂ ਅਣਵਗੇ ਅੱਥਰੂਆਂ ਦੀ ਨਦੀ
ਤੇ ਭਰਦੀ ਹਾਂ ਆਪਣੀ ਹੀ
ਸਦੀਵੀ ਪਿਆਸ 'ਚੋਂ ਮੈਂ ਤਨ ਦੇ ਜਾਮ
ਪਾਉਂਦੀ ਹਾਂ ਅਕਸਰ ਆਪੇ ਨੂੰ ਆਪਣੇ 'ਚੋਂ ਗਾਇਬ।

ਮੈਂ ਜੋ ਮਿਣਦੀ ਹਾਂ,
ਜਜ਼ਬਿਆਂ ਦੇ ਤੀਖਣ ਅਹਿਸਾਸ ਨਾਲ
ਮਨੁੱਖੀ ਰਿਸ਼ਤਿਆਂ ਦੇ ਕੱਦ ਜਿਉਂਦੀ ਹਾਂ
ਹਕੀਕਤ ਦੀਆਂ ਤੇਜ਼ ਧੁੱਪਾਂ ਲੂਹੇ ਅਰਥ।

ਢੂੰਡਦੀ ਹਾਂ ਸ਼ਾਇਦ ਗੁਆਚੇ 'ਤੂੰ' ਦੇ ਸੱਚ ਨੂੰ
ਤੇ ਤੁਰ ਰਹੀ ਹਾਂ ਇੰਜ ਹੀ ਉਮਰ ਤੋਂ
ਜਨਮਾਂ ਜਾਂ ਯੁੱਗਾਂ ਤੋਂ
ਅਧੂਰੇ ਵਜੂਦ ਦੀ ਭਟਕਣਾ ਸਮੇਤ।

*-ਸਵਰਾਜ ਕੌਰ*
*ਫੋਨ: 360-597-8437*

# ਬਾਜ਼ੀ ਸਿਰਾਂ ਤੇ ਧੜਾਂ ਦੀ ਆਣ ਲੱਗੀ...



ਡਾ. ਗੁਰਨਾਮ ਕੌਰ, ਕੈਨੇਡਾ

ਬਾਜ਼ੀ ਸਿਰਾਂ ਤੇ ਧੜਾਂ ਦੀ ਆਣ ਲੱਗੀ,
ਅੰਦਰ ਕੌਮ ਆਜ਼ਾਦੀ ਦਾ ਪਿਆਰ ਹੋਸੀ।

ਇਹ ਕਾਵਿ-ਸਤਰ ਭਾਈ ਭਗਵਾਨ ਸਿੰਘ ਪ੍ਰੀਤਮ ਦੀ ਕਵਿਤਾ ਵਿਚੋਂ ਹੈ, ਜੋ ਗ਼ਦਰੀਆਂ ਦੇ ਮਨ ਵਿਚ ਦੇਸ਼ ਅਤੇ ਕੌਮ ਨੂੰ ਆਜ਼ਾਦ ਕਰਾਉਣ ਖ਼ਾਤਰ ਠਾਠਾਂ ਮਾਰ ਰਹੇ ਜੋਸ਼ ਦੀ ਸਹੀ ਤਰਜਮਾਨੀ ਕਰਦੀ ਹੈ। ਪਿਛਲੇ ਲੇਖ ਵਿਚ ਸ਼ਹੀਦ ਭਾਈ ਭਾਗ ਸਿੰਘ ਬਾਰੇ ਸੰਖੇਪ ਚਰਚਾ ਕੀਤੀ ਗਈ ਸੀ। ਭਾਈ ਬਦਨ ਸਿੰਘ ਦੂਸਰੇ ਗ਼ਦਰੀ ਸਨ ਜਿਨ੍ਹਾਂ ਦੇ ਭਾਈ ਭਾਗ ਸਿੰਘ ਦੇ ਨਾਲ ਹੀ ਵੈਨਕੂਵਰ ਗੁਰਦੁਆਰੇ ਵਿਚ ਬੇਲਾ ਸਿੰਘ ਜਿਆਣ ਵੱਲੋਂ ਗੋਲੀਆਂ ਮਾਰੀਆਂ ਗਈਆਂ। ਭਾਈ ਬਦਨ ਸਿੰਘ ਵੀ ਕੈਨੇਡਾ ਪਹੁੰਚਣ ਵਾਲੇ ਹੋਰ ਬਹੁਤ ਸਾਰੇ ਪੰਜਾਬੀਆਂ ਦੀ ਤਰ੍ਹਾਂ ਸਾਬਕਾ ਫੌਜੀ ਸਨ। ਉਹ ਇਕ ਕਿਸਾਨ ਪਰਿਵਾਰ ਵਿਚ ਸੰਨ 1864 ਈਸਵੀ ਵਿਚ ਜ਼ਿਲਾ ਮਾਨਸਾ ਦੇ ਪਿੰਡ ਦਲੇਲ ਸਿੰਘ ਵਾਲਾ ਵਿਚ ਪੈਦਾ ਹੋਏ। ਸੋਹਣ ਸਿੰਘ ਪੂੰਨੀ ਅਨੁਸਾਰ ਇਹ ਪਿੰਡ ਦਲੇਲ ਸਿੰਘ ਚਾਹਲ ਨਾਂ ਦੇ ਸਰਦਾਰ ਨੇ ਆਪਣੇ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਦੇ ਪਰਿਵਾਰਾਂ ਨੂੰ ਨਾਲ ਲੈ ਕੇ 1849 ਈਸਵੀ ਵਿਚ ਵਸਾਇਆ ਸੀ ਅਤੇ ਭਾਈ ਬਦਨ ਸਿੰਘ ਦਾ ਪਿਤਾ ਬਘੇਲ ਸਿੰਘ ਜਵੰਦਾ ਧੂਰੀ ਨੇੜਲੇ ਆਪਣੇ ਜੱਦੀ ਪਿੰਡ ਕੁੰਭੜਵਾਲ ਤੋਂ ਪਿੰਡ ਵਸਣ ਵੇਲੇ ਇਥੇ ਆ ਕੇ ਵੱਸ ਗਿਆ ਸੀ।

ਭਾਈ ਬਦਨ ਸਿੰਘ ਨੇ ਬਾਈ-ਤੇਈ ਸਾਲ ਦੀ ਉਮਰ ਤੱਕ ਪਰਿਵਾਰ ਨਾਲ ਖੇਤੀਬਾੜੀ ਦਾ ਕੰਮ ਕੀਤਾ ਅਤੇ ਫਿਰ ਫੌਜ ਵਿਚ ਭਰਤੀ ਹੋ ਗਏ। ਪੰਜ ਸਾਲ ਨੌਕਰੀ ਕਰਨ ਪਿਛੋਂ ਫੌਜ ਵਿਚੋਂ ਨਾਂ ਕਟਵਾ ਲਿਆ ਅਤੇ ਤਕਰੀਬਨ ਦਸ ਸਾਲ ਤੱਕ ਆਪਣੇ ਪਿੰਡ ਹੀ ਰਹੇ। ਸੰਨ 1902 ਵਿਚ ਭਾਈ ਬਦਨ ਸਿੰਘ ਨੇ ਹਾਂਗ-ਕਾਂਗ ਜਾ ਕੇ ਜੇਲ੍ਹ ਗਾਰਡ ਦੀ ਨੌਕਰੀ ਕੀਤੀ। ਇੱਥੋਂ ਹੀ ਅਸਤੀਫਾ ਦੇ ਕੇ 1907 ਵਿਚ ਉਹ ਕੈਨੇਡਾ ਆ ਗਏ। ਕੈਨੇਡਾ ਵਿਚ ਆ ਕੇ ਵਸੇ ਪੰਜਾਬੀਆਂ ਵਿਚ ਉਸ ਵੇਲੇ ਨਾ ਸਿਰਫ ਆਪਣੇ ਮੁਲਕ ਦੀ ਗ਼ੁਲਾਮੀ ਦਾ ਅਹਿਸਾਸ ਹੀ ਦਿਨੋ ਦਿਨ ਜ਼ੋਰ ਫੜ ਰਿਹਾ ਸੀ ਬਲਕਿ ਉਨ੍ਹਾਂ ਨੂੰ ਆਪਣੇ ਮੁਲਕ ਦੀ ਗ਼ੁਲਾਮੀ ਦਾ ਇੱਕ ਕਾਰਨ ਲੋਕਾਂ ਦਾ ਅਨਪੜ੍ਹ ਹੋਣਾ ਵੀ ਨਜ਼ਰ ਆਉਂਦਾ ਸੀ। ਇਸ ਲਈ ਪੰਜਾਬ ਵਿਚ ਵਿੱਦਿਆ ਦੇ ਫੈਲਾਉ ਵਾਸਤੇ ਪੈਸੇ ਇਕੱਠੇ ਕੀਤੇ ਜਾ ਰਹੇ ਸਨ। ਉਸ ਵੇਲੇ ਜਦੋਂ ਕੋਈ ਲੜਕੀਆਂ ਦੀ ਪੜ੍ਹਾਈ ਬਾਰੇ ਸੋਚਦਾ ਵੀ ਨਹੀਂ ਸੀ, ਭਾਈ ਬਦਨ ਸਿੰਘ ਨੇ ਭਸੌੜ ਦੇ ਲੜਕੀਆਂ ਦੇ ਸਕੂਲ ਦੀ ਸਹਾਇਤਾ ਕਰਨ ਲਈ ਵੱਧ ਚੜ੍ਹ ਕੇ ਪੈਸਾ ਇਕੱਠਾ ਕੀਤਾ।

ਹਿੰਦੁਸਤਾਨੀਆਂ ਨੇ ਕੈਨੇਡਾ ਵਿਚ ਆਪਣੇ ਪੈਰ ਪੱਕੇ ਕਰਨ ਲਈ ਆਪਣੀਆਂ ਕੰਪਨੀਆਂ ਅਤੇ ਵਪਾਰਕ ਅਦਾਰੇ ਸਥਾਪਤ ਕਰਨ ਵੱਲ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਇਸੇ ਤਹਿਤ ਸੰਤ ਤੇਜਾ ਸਿੰਘ ਦੀ ਅਗਵਾਈ ਵਿਚ ਹਿੰਦੁਸਤਾਨੀਆਂ ਨੇ 'ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ' ਬਣਾਈ ਜਿਸ ਦੇ ਡਾਇਰੈਕਟਰ ਭਾਈ ਬਦਨ ਸਿੰਘ ਨੂੰ ਚੁਣਿਆ ਗਿਆ। ਕੈਨੇਡਾ ਵਿਚ ਆਪਣੇ ਹੱਕ ਲੈਣ ਲਈ ਹਿੰਦੁਸਤਾਨੀਆਂ ਨੂੰ ਬਹੁਤ ਜਦੋਜਹਿਦ ਕਰਨੀ ਪੈ ਰਹੀ ਸੀ ਅਤੇ ਹੱਕ ਸੌਖਿਆਂ ਨਾ ਮਿਲਣ ਦਾ ਕਾਰਨ ਹਿੰਦੁਸਤਾਨ ਦਾ ਅੰਗਰੇਜ਼ਾਂ ਦੇ ਗ਼ੁਲਾਮ ਹੋਣਾ ਸੀ। ਇਸ ਤਰ੍ਹਾਂ ਕੈਨੇਡਾ ਰਹਿੰਦੇ ਹਿੰਦੁਸਤਾਨੀਆਂ ਨੇ ਇੱਕ ਪਾਸੇ ਆਪਣੇ ਹੱਕਾਂ ਲਈ ਅਤੇ ਦੂਸਰੇ ਪਾਸੇ ਦੇਸ਼ ਦੀ ਆਜ਼ਾਦੀ ਲਈ ਦੂਹਰਾ ਘੋਲ ਵਿੱਢਿਆ। ਭਾਈ ਬਦਨ ਸਿੰਘ ਦੋਵੇਂ ਤਰ੍ਹਾਂ ਦੇ ਘੋਲ ਕਰਨ ਵਾਲਿਆਂ ਦੀ ਮੁਢਲੀ ਕਤਾਰ ਵਿਚ ਸਨ। ਪਹਿਲਾਂ ਉਹ ਫਰੇਜ਼ਰ ਮਿੱਲ ਵਿਚ ਕੰਮ ਕਰਦੇ ਸਨ ਪਰ ਪਿਛੋਂ ਵੈਨਕੂਵਰ ਆ ਗਏ ਅਤੇ ਰਾਈਟਪੋਰਟ ਕੰਪਨੀ ਵਿਚ ਨੌਕਰੀ ਕਰ ਲਈ। ਇਥੇ ਵੈਨਕੂਵਰ ਗੁਰਦੁਆਰੇ 'ਚ ਜਾ ਕੇ ਸਤਿਸੰਗ ਕਰਨਾ, ਗੁਰਬਾਣੀ ਸਰਵਣ ਕਰਨੀ ਅਤੇ ਸੇਵਾ ਕਰਨੀ ਉਨ੍ਹਾਂ ਦਾ ਨਿੱਤਨੇਮ ਸੀ।

ਹਰ ਕੌਮ ਵਿਚ ਜਿੱਥੇ ਇੱਕ ਪਾਸੇ ਸਰਬੱਤ ਦੇ ਭਲੇ ਨੂੰ ਪ੍ਰਣਾਏ ਤੇ ਲੋਕ-ਹਿਤਾਂ ਲਈ ਲੜ-ਮਰਨ ਵਾਲੇ ਸੂਰਮੇ ਪੈਦਾ ਹੁੰਦੇ ਹਨ, ਉਥੇ ਨਾਲ ਹੀ ਗ਼ੱਦਾਰਾਂ ਦੀ ਵੀ ਕੋਈ ਘਾਟ ਨਹੀਂ ਹੁੰਦੀ। ਜੇ ਕੋਈ ਸ਼ਾਮ ਸਿੰਘ ਅਟਾਰੀ ਵਾਲਾ ਬੁੱਢਾ ਜਰਨੈਲ ਖ਼ਾਲਸੇ ਦੀ ਆਨ ਅਤੇ ਸ਼ਾਨ ਕਾਇਮ ਰੱਖਣ ਲਈ ਮੈਦਾਨੇ-ਜੰਗ ਵਿਚ ਜੂਝ ਰਿਹਾ ਹੁੰਦਾ ਹੈ ਤਾਂ ਦੂਜੇ ਪਾਸੇ ਤੇਜਾ ਸਿੰਘ, ਲਾਲ ਸਿੰਘ ਵਰਗੇ ਗ਼ੱਦਾਰ ਆਪਣੇ ਨਿਜੀ ਲਾਲਚਾਂ ਖ਼ਾਤਰ ਕੌਮ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਲਈ ਵੀ ਤਤਪਰ ਰਹਿੰਦੇ ਹਨ। ਇੱਕ ਪਾਸੇ ਭਗਤ ਸਿੰਘ ਦੇ ਪੜਦਾਦੇ ਸ. ਫਤਿਹ ਸਿੰਘ ਵਰਗੇ ਆਪਣੇ ਲੋਕਾਂ ਦੀ ਖ਼ਾਤਰ ਐਂਗਲੋ-ਸਿੱਖ ਲੜਾਈਆਂ ਵਿਚ ਆਪਣੀਆਂ ਜਗੀਰਾਂ ਗੁਆ ਕੇ ਆਪਣੇ ਲੋਕਾਂ ਦਾ ਸਾਥ ਦਿੰਦੇ ਹਨ ਤਾਂ ਦੂਸਰੇ ਪਾਸੇ ਸੂਰਤ ਸਿੰਘ ਮਜੀਠੀਆ (ਸ. ਸੁੰਦਰ ਸਿੰਘ ਮਜੀਠੀਆ ਦੇ ਪਿਤਾ) ਵਰਗੇ ਆਪਣੀਆਂ ਜਗੀਰਾਂ ਮੁੜ ਪ੍ਰਾਪਤ ਕਰਨ ਲਈ 1857 ਦੇ ਗ਼ਦਰ ਵਿਚ ਆਪਣੇ ਲੋਕਾਂ ਦੇ ਖ਼ਿਲਾਫ ਨਾ ਸਿਰਫ ਆਪ ਹੀ ਅੰਗਰੇਜ਼ਾਂ ਦਾ ਸਾਥ ਦਿੰਦੇ ਹਨ ਸਗੋਂ ਹੋਰਾਂ ਨੂੰ ਜਗੀਰਾਂ ਦਾ ਲਾਲਚ ਦੇ ਕੇ ਪ੍ਰੇਰਨ ਦੀ ਕੋਸ਼ਿਸ਼ ਕਰਦੇ ਹਨ। ਇਸੇ ਤਰ੍ਹਾਂ ਕੈਨੇਡਾ ਵਿਚ ਜਿਥੇ ਭਾਈ ਭਗਵਾਨ ਸਿੰਘ, ਭਾਈ ਭਾਗ ਸਿੰਘ, ਭਾਈ ਮੇਵਾ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਬਦਨ ਸਿੰਘ ਵਰਗੇ ਆਪਣੇ ਲੋਕਾਂ ਦੇ ਹਿਤਾਂ ਲਈ ਅਤੇ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸਨ ਤਾਂ ਬੇਲਾ ਸਿੰਘ ਜਿਆਣ ਵਰਗੇ ਹਾਪਕਿਨਸਨ ਵਰਗਿਆਂ ਨਾਲ ਰਲ ਕੇ ਆਪਣੇ ਲੋਕਾਂ ਅਤੇ ਮੁਲਕ ਦੇ ਖ਼ਿਲਾਫ ਭੁਗਤ ਰਹੇ ਸਨ। ਅਜਿਹੇ ਲੋਕਾਂ ਦਾ ਧਰਮ ਜਾਂ ਈਮਾਨ, ਦੇਸ਼ ਅਤੇ ਕੌਮ ਨਾਲ ਕੋਈ ਲਗਾਉ ਜਾਂ ਹਿਤ ਨਹੀਂ ਹੁੰਦਾ। ਉਹ ਸਿਰਫ ਆਪਣੇ ਸਵਾਰਥ ਨਾਲ ਜੁੜੇ ਹੁੰਦੇ ਹਨ।

ਸੋਹਣ ਸਿੰਘ ਪੂੰਨੀ ਨੇ ਵੈਨਕੂਵਰ ਗੁਰਦੁਆਰੇ ਅੰਦਰ ਬੇਲਾ ਸਿੰਘ ਜਿਆਣ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਉਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਬੇਲਾ ਸਿੰਘ ਨੇ ਜਦੋਂ ਭਾਈ ਭਾਗ ਸਿੰਘ ਦੇ ਗੋਲੀਆਂ ਮਾਰੀਆਂ ਤਾਂ ਭਾਈ ਬਦਨ ਸਿੰਘ ਭੱਜ ਕੇ ਉਸ ਵੱਲ ਆਏ ਤੇ ਉਚੀ ਦੇ ਕੇ ਬੋਲੇ 'ਓਏ ਦੁਸ਼ਟਾ ਕੀ ਕਰਦਾ ਏਂ, ਓਏ ਹਨੇਰ ਨਾ ਕਰ' ਬੇਲਾ ਸਿੰਘ ਨੇ ਦੋਨੋਂ ਪਿਸਤੌਲ ਉਨ੍ਹਾਂ ਵੱਲ ਸੇਧ ਦਿੱਤੇ। ਭਾਈ ਬਦਨ ਸਿੰਘ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਚਾਰ ਗੋਲੀਆਂ ਲੱਗੀਆਂ, ਲੱਗੀਆਂ 'ਤੇ ਵੀ ਬੇਲਾ ਸਿੰਘ ਨੂੰ ਗਲੋਂ ਜਾ ਫੜਿਆ ਪਰ ਗੋਲੀਆਂ ਆਪਣਾ ਕੰਮ ਕਰ ਗਈਆਂ ਸਨ। ਬੇਲਾ ਸਿੰਘ ਨੇ ਦੋਹਾਂ ਪਿਸਤੌਲਾਂ ਨਾਲ ਧੱਕਾ ਦੇ ਕੇ ਭਾਈ ਬਦਨ ਸਿੰਘ ਨੂੰ ਭੁੰਜੇ ਸੁੱਟ ਦਿੱਤਾ ਤੇ ਆਪ ਅੰਨ੍ਹੇਵਾਹ ਗੋਲੀਆਂ ਚਲਾਉਂਦਾ ਰਿਹਾ, ਜਿਸ ਨਾਲ ਬਹੁਤ ਸਾਰੇ ਹੋਰ ਬੰਦੇ ਜ਼ਖ਼ਮੀ ਹੋ ਗਏ।" (ਪੰਨਾ 40) ਗੁਰਦੁਆਰੇ ਵਿਚ ਹਫੜਾ-ਦਫੜੀ ਮੱਚ ਗਈ ਜਿਸ ਦਾ ਫਾਇਦਾ ਉਠਾਉਂਦਿਆਂ ਹੋਇਆਂ ਬੇਲਾ ਸਿੰਘ ਉਥੋਂ ਨਿਕਲਣ ਵਿਚ ਕਾਮਯਾਬ ਹੋ ਗਿਆ। ਅੱਠ ਬੰਦੇ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਪੁਲਿਸ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ ਗਿਆ ਅਤੇ ਬੇਲਾ ਸਿੰਘ ਘਰੋਂ ਹੋ ਕੇ ਜਦੋਂ ਐਂਬੂਲੈਂਸ ਕੋਲ ਖੜਾ ਜ਼ਖ਼ਮੀਆਂ ਨੂੰ ਦੇਖ ਰਿਹਾ ਸੀ ਤਾਂ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਦੂਸਰੇ ਦਿਨ ਦੁਪਹਿਰ ਵੇਲੇ ਪੁਲਿਸ ਬੇਲਾ ਸਿੰਘ ਨੂੰ ਲੈ ਕੇ ਹਸਪਤਾਲ ਪਹੁੰਚੀ ਤਾਂ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਦੋਹਾਂ ਨੇ ਉਸ ਦੀ ਸ਼ਨਾਖ਼ਤ ਕਰਦੇ ਦੱਸਿਆ ਕਿ ਗੋਲੀਆਂ ਚਲਾਉਣ ਵਾਲਾ ਉਹੀ ਸੀ। ਸ਼ਾਮ ਨੂੰ ਪਹਿਲਾਂ ਭਾਈ ਭਾਗ ਸਿੰਘ ਅਤੇ ਫਿਰ ਭਾਈ ਬਦਨ ਸਿੰਘ ਅਕਾਲ ਚਲਾਣਾ ਕਰ ਗਏ। ਦੋਵਾਂ ਦਾ ਹੀ ਇਕੱਠਿਆਂ, ਇੱਕੋ ਚਿਖਾ 'ਚ ਸਸਕਾਰ ਕਰ ਦਿੱਤਾ ਗਿਆ।

ਸੋਹਣ ਸਿੰਘ ਪੂੰਨੀ ਨੇ ਅੱਗੇ ਜ਼ਿਕਰ ਕੀਤਾ ਹੈ ਕਿ ਸ਼ਹੀਦੀ ਸਮੇਂ ਭਾਈ ਬਦਨ ਸਿੰਘ ਦੀ ਉਮਰ ਪੰਜਾਹ ਸਾਲ ਦੇ ਲਗਭਗ ਸੀ। ਭਾਈ ਸਾਹਿਬ ਨੇ ਬਹੁਤ ਹੀ ਦਲੇਰਾਨਾ ਢੰਗ ਨਾਲ ਸ਼ਹੀਦੀ ਪ੍ਰਾਪਤ ਕੀਤੀ ਅਤੇ ਜ਼ਖ਼ਮੀ ਹੋਣ ਤੇ ਵੀ ਗੋਲੀਆਂ ਖਾ ਕੇ ਵੀ ਬੇਲਾ ਸਿੰਘ ਨੂੰ ਧੌਣ ਤੋਂ ਜਾ ਫੜਿਆ। ਜੇ ਭਾਈ ਬਦਨ ਸਿੰਘ ਉਸ ਨੂੰ ਨਾ ਫੜਦੇ ਤਾਂ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਬਲਵੰਤ ਸਿੰਘ ਨੂੰ ਵੀ ਜ਼ਰੂਰ ਗੋਲੀ ਮਾਰ ਦੇਣੀ ਸੀ। ਭਾਈ ਸਾਹਿਬ ਦੀ ਸ਼ਹੀਦੀ ਨੂੰ ਗ਼ਦਰ ਲਹਿਰ ਵਿਚ ਹਿੱਸਾ ਲੈਣ ਵਾਲੇ ਹਰਭਜਨ ਸਿੰਘ ਚਮਿੰਡਾ ਨੇ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਹੈ,

ਆਪਣੇ ਬਦਨ ਦੀਆਂ ਆਂਦਰਾਂ
ਬਣਾ ਕੇ ਡੋਰ,
ਸਾਥੀਆਂ ਦੀ ਗੁੱਡੀ
ਅਸਮਾਨ 'ਤੇ ਚੜ੍ਹਾ ਗਿਆ।
ਸਿੱਖ ਉਤੇ ਸਿੱਖ ਕਿਵੇਂ
ਆਪਣੀ ਘੁਮਾਉਂਦੇ ਜਾਨ,
ਅੱਜ ਕੱਲ ਝਾਕੀ ਇਹ
ਪੁਰਾਤਨ ਵਿਖਾ ਗਿਆ।
ਟਾਪੂਆਂ 'ਚ ਸਿੱਖੀ ਸੰਦੇ
ਬੂਟੇ ਨੂੰ ਵਧਾਉਣ ਹਿਤ,
ਤਿੱਪੋ ਤਿੱਪ ਖ਼ੂਨ ਵਿਚ ਜੜ੍ਹਾਂ ਦੇ ਚੁਆ ਗਿਆ।
ਦੁਆਬੀਏ, ਮਝੈਲ,
ਮਲਵਈਆਂ ਦੀਆਂ ਆਪੋ 'ਚ,
ਘੁਟ ਘੁਟ ਕੇ ਸੋਹਣਾ ਜੱਫੀਆਂ ਪੁਆ ਗਿਆ।
(ਸੋਮਾ: ਸੋਹਣ ਸਿੰਘ ਪੂੰਨੀ)

ਗ਼ਦਰ ਲਹਿਰ ਵਿਚ ਹਿੱਸਾ ਲੈਣ ਵਾਲੇ ਸਿੱਖ ਪਿਛੋਕੜ ਵਾਲੇ ਗ਼ਦਰੀਆਂ ਦੀ ਲਿਸਟ ਬਹੁਤ ਲੰਬੀ ਹੈ ਅਤੇ ਸਾਰਿਆਂ ਦਾ ਜ਼ਿਕਰ ਕਰ ਸਕਣਾ ਔਖਾ ਹੈ। ਹੁਣ ਤੱਕ ਦੀ ਕੀਤੀ ਵਿਚਾਰ-ਚਰਚਾ ਦਾ ਮਕਸਦ ਸਿਰਫ ਇਹ ਦੱਸਣਾ ਸੀ ਕਿ ਗ਼ਦਰ ਲਹਿਰ ਵਿਚ ਸਿੱਖਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਸਿਰਫ ਹਿੱਸਾ ਹੀ ਨਹੀਂ ਲਿਆ ਸਗੋਂ ਉਹ ਇਸ ਲਹਿਰ ਨੂੰ ਅੰਜਾਮ ਦੇਣ ਵਾਲੇ ਮੋਢੀਆਂ ਵਿਚੋਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਉਨ੍ਹਾਂ ਉਤੇ ਪੂਰੀ ਤਰ੍ਹਾਂ ਅਸਰ-ਅੰਦਾਜ਼ ਸੀ। ਉਹ 'ਗ਼ਦਰ' ਅਖ਼ਬਾਰ ਦੀਆਂ ਲਿਖਤਾਂ ਵਿਚ ਵੀ ਗੁਰਬਾਣੀ ਵਿਚੋਂ ਹਵਾਲੇ ਦਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਰਮ ਚਿੰਤਨ ਹੀ ਇੱਕ ਅਜਿਹਾ ਚਿੰਤਨ ਹੈ ਜਿਸ ਨੇ ਹਿੰਦੁਸਤਾਨ ਨੂੰ ਹੀ ਨਹੀਂ ਸਗੋਂ ਸਰਬ ਸਥਾਨਾਂ ਅਤੇ ਸਰਬ ਸਮਿਆਂ ਨੂੰ ਸਮਾਜਿਕ ਬਰਾਬਰੀ, ਸਮਾਜਿਕ ਨਿਆਉਂ, ਵਿਤਕਰੇ-ਰਹਿਤ ਸਮਾਜਿਕ ਰਿਸ਼ਤਿਆਂ, ਮਨੁੱਖੀ ਅਧਿਕਾਰਾਂ, ਆਪਣੇ ਹੱਕ ਲਈ ਆਪ ਲੜਨ, ਆਪਣੀ ਰੱਖਿਆ ਆਪ ਕਰਨ ਅਤੇ ਸਵੈਮਾਣ ਨਾਲ ਜਿਉਣ ਦਾ ਸਰਬੱਤ ਦੇ ਭਲੇ ਵਾਲਾ ਮਾਡਲ ਦਿੱਤਾ। ਅਸਲ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਅਜਿਹੇ ਬਦਲਾਉ ਲਈ ਇਨਕਲਾਬ ਦੀ ਨੀਂਹ ਰੱਖ ਦਿੱਤੀ ਗਈ ਸੀ ਜਿਸ ਨੂੰ ਸ. ਜਗਜੀਤ ਸਿੰਘ ਨੇ ਸਿੱਖ ਇਨਕਲਾਬ ਕਿਹਾ ਹੈ। ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਨਾ ਸਿਰਫ ਰਾਜਨੀਤਕ ਗ਼ੁਲਾਮੀ, ਸਮਾਜਿਕ ਅਤੇ ਧਾਰਮਿਕ ਲੁੱਟ-ਖਸੁੱਟ ਪ੍ਰਤੀ ਚੇਤੰਨ ਕੀਤਾ ਸਗੋਂ ਉਨ੍ਹਾਂ ਨੇ ਕਾਬਲ ਤੋਂ ਫੌਜਾਂ ਲੈ ਕੇ ਹਿੰਦੁਸਤਾਨ ਦੀ ਲੁੱਟ-ਖਸੁੱਟ ਕਰਨ ਆਏ ਬਾਬਰ ਨੂੰ ਲਲਕਾਰਿਆ ਅਤੇ ਉਸ ਨੂੰ 'ਜਮ' ਤੱਕ ਕਿਹਾ ਜੋ ਆਪਣੇ ਨਾਲ ਫੌਜ ਦੇ ਰੂਪ ਵਿਚ 'ਪਾਪ ਕੀ ਜੰਞ' ਲੈ ਕੇ ਆਇਆ। ਹਿੰਦੁਸਤਾਨੀਆਂ ਨੂੰ ਗੁਰੂ ਨਾਨਕ ਨੇ ਉਨ੍ਹਾਂ ਦੀ ਗ਼ੁਲਾਮੀ ਅਤੇ ਕਮਜ਼ੋਰੀ ਦਾ ਅਹਿਸਾਸ ਕਰਾਇਆ ਤੇ ਦੱਸਿਆ ਕਿ ਮਨੁੱਖ ਨੂੰ ਸਵੈਮਾਨ ਦੀ ਰਾਖੀ ਆਪ ਕਰਨੀ ਪੈਂਦੀ ਹੈ। ਭੀੜ ਪਈ 'ਤੇ ਕੋਈ ਦੇਵੀ ਦੇਵਤਾ ਜਾਂ ਪੀਰ ਉਨ੍ਹਾਂ ਦੀ ਰੱਖਿਆ ਲਈ ਨਹੀਂ ਪਹੁੰਚਿਆ। ਕਿਸੇ ਦੇਵੀ ਦੇਵਤੇ ਨੇ ਮੁਗ਼ਲਾਂ ਨੂੰ ਜ਼ੁਰਮ ਕਰਨ ਤੋਂ ਰੋਕਿਆ ਨਹੀਂ ਅਤੇ ਨਾ ਹੀ ਕਿਸੇ ਪੀਰ ਦੀ ਦੁਆ ਨਾਲ ਕੋਈ ਮੁਗ਼ਲ ਅੰਨ੍ਹਾ ਹੋਇਆ,

ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥4॥
(ਪੰਨਾ 418-19)

ਹਿੰਦੁਸਤਾਨੀ, ਜਿਨ੍ਹਾਂ ਵਿਚ 99% ਪੰਜਾਬੀ ਸਨ ਅਤੇ ਉਨ੍ਹਾਂ ਵਿਚੋਂ ਵੀ ਤਕਰੀਬਨ 90% ਸਿੱਖ ਸਨ, ਅਮਰੀਕਾ-ਕੈਨੇਡਾ ਵਿਚ ਰੋਜ਼ੀ-ਰੋਟੀ ਕਮਾਉਣ ਲਈ ਗਏ ਸਨ ਪਰ ਇਨ੍ਹਾਂ ਮੁਲਕਾਂ ਦੀ ਆਜ਼ਾਦ ਫਿਜ਼ਾ ਵਿਚ ਜਦੋਂ ਉਨ੍ਹਾਂ ਨੂੰ ਗ਼ੁਲਾਮ ਮੁਲਕ ਤੋਂ ਹੋਣ ਕਰਕੇ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਤਾਂ ਇਸ ਅਹਿਸਾਸ ਨੇ ਉਨ੍ਹਾਂ ਅੰਦਰ ਸੁੱਤੇ ਪਏ ਸਿੱਖ ਨੂੰ ਜਗਾਇਆ। ਉਨ੍ਹਾਂ ਨੂੰ ਆਪਣੇ ਮੁਲਕ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ ਅਤੇ ਉਸ ਨੂੰ ਆਜ਼ਾਦ ਕਰਾਉਣ ਲਈ ਉਨ੍ਹਾਂ ਦੀ ਅਣਖ ਨੇ ਹਲੂਣਿਆ, ਉਹ ਮੁਲਕ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਮਰ ਮਿਟਣ ਲਈ ਤਿਆਰ ਹੋਏ। ਉਨ੍ਹਾਂ ਨੇ ਆਪਣੀ ਦਸਾਂ-ਨਹੁੰਆਂ ਦੀ ਕਿਰਤ ਕਮਾਈ ਵਿਚੋਂ ਬਾਹਰਲੇ ਮੁਲਕਾਂ ਵਿਚ ਗੁਰਦੁਆਰੇ ਉਸਾਰੇ, ਭਾਈਚਾਰੇ ਨੂੰ ਮੁਲਕ ਦੀ ਆਜ਼ਾਦੀ ਵਾਸਤੇ ਚੇਤੰਨ ਕਰਨ ਲਈ ਗੁਰਦੁਆਰਿਆਂ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਗ਼ਦਰ ਲਹਿਰ ਨੂੰ ਅਰੰਭ ਕਰਨ ਵਾਲੇ ਅਤੇ ਇਸ ਦਾ ਪ੍ਰਚਾਰ ਕਰਨ ਵਾਲੇ ਬਹੁਤੇ ਗ਼ਦਰੀ ਗੁਰਸਿੱਖ ਸਨ, ਜਿਨ੍ਹਾਂ ਸਾਰਿਆਂ ਦਾ ਵਰਣਨ ਕਰ ਸਕਣਾ ਸੰਭਵ ਨਹੀਂ। ਬਹੁਤੇ ਗ਼ਦਰੀ ਨਾ ਸਿਰਫ ਸਾਬਤ ਸੂਰਤ ਸਿੱਖ ਸਨ ਸਗੋਂ ਉਨ੍ਹਾਂ ਅੰਮ੍ਰਿਤ ਵੀ ਛਕਿਆ ਹੋਇਆ ਸੀ। ਗ਼ਦਰ ਪਾਰਟੀ ਦੇ ਮੰਤਵ ਬਾਰੇ ਜ਼ਿਕਰ ਕਰਦਿਆਂ ਹਰਨਾਮ ਸਿੰਘ ਟੁੰਡੀਲਾਟ ਨੇ ਲਿਖਿਆ ਹੈ,

"ਗ਼ਦਰ ਪਾਰਟੀ ਸਥਾਪਤੀ ਤੋਂ ਲੈ ਕੇ ਹਿੰਦੁਸਤਾਨ ਅੰਦਰ ਬਗਾਵਤ ਕਰਨ ਵਾਸਤੇ, ਹਿੰਦੁਸਤਾਨ ਰਵਾਨਾ ਹੋਣ ਤੱਕ ਗ਼ਦਰ ਪਾਰਟੀ ਦੇ ਕਿਸੇ ਮੈਂਬਰ ਨੂੰ ਮਾਰਕਸਵਾਦ, ਸਾਮਰਾਜ, ਕਮਿਊਨਿਸਟ ਕੌਮਾਂਤਰੀ ਲਹਿਰ, ਬਾਲਸ਼ਵਿਕ ਆਦਿ ਕਿਸੀ ਸ਼ੈ ਜਾਂ ਸੰਸਥਾ ਦਾ ਕੋਈ ਇਲਮ ਨਹੀਂ ਸੀ। ਸਾਡੇ ਸਭ ਤੋਂ ਵਧੇਰੇ ਵਿਦਿਆ ਪ੍ਰਾਪਤ ਲਾਲਾ ਹਰਦਿਆਲ ਨੂੰ ਵੀ ਉਪਰੋਕਤ ਕਿਸੇ ਨਾਂ ਦੀ ਜਾਣਕਾਰੀ ਨਹੀਂ ਸੀ, ਹਾਲਾਂਕਿ ਉਨ੍ਹਾਂ ਦਾ ਕਿਤਾਬੀ ਤੇ ਅਖ਼ਬਾਰੀ ਅਧਿਐਨ ਬਾਕੀ ਸਾਰਿਆਂ ਨਾਲੋਂ ਬਹੁਤ ਵਿਸ਼ਾਲ ਸੀ। ਰੂਸ ਬਾਰੇ ਵੀ ਲਾਲਾ ਹਰਦਿਆਲ ਦੀ ਜਾਣਕਾਰੀ ਉਥੋਂ ਦੀ ਗੜਕਾਊ ਲਹਿਰ (ਅਨਾਰਕਿਸਟ) ਅਤੇ ਰੂਸੀ ਅਤਿਆਚਾਰਾਂ ਤੱਕ ਹੀ ਸੀਮਤ ਸੀ।

ਸ. ਜਗਜੀਤ ਸਿੰਘ ਦੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿਚ ਅਮਰੀਕਾ ਦੇ ਗ਼ਦਰੀਆਂ ਬਾਰੇ ਛੋਟੀ ਜਿਹੀ ਟਿਪਣੀ ਸਿੱਖ ਭਾਵਨਾਵਾਂ ਨੂੰ ਉਜਾਗਰ ਕਰਦੀ ਹੈ, "ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ 'ਭਾਈ' ਸੰਤੋਖ ਸਿੰਘ ਉਨ੍ਹਾਂ ਦੀ ਥਾਂ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਅਤੇ ਗੁਪਤ ਕਮਿਸ਼ਨ ਦੇ ਮੈਂਬਰ ਚੁਣੇ ਗਏ। 'ਭਾਈ' ਸੰਤੋਖ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ, ਵਿਚੋਂ ਐਫ.ਏ. ਜਾਂ ਬੀ.ਏ. ਦੀ ਪੜ੍ਹਾਈ ਛੱਡ ਕੇ ਅਮਰੀਕਾ ਉਚ ਵਿਦਿਆ ਪ੍ਰਾਪਤ ਕਰਨ ਗਏ, ਅਤੇ ਕੈਲੀਫੋਰਨੀਆ ਨਵੇਂ ਜਾਣ ਵਾਲੇ ਹੋਰ ਹਿੰਦੀਆਂ ਵਾਕੁਰ ਸ੍ਰੀ ਜਵਾਲਾ ਸਿੰਘ ਅਤੇ 'ਸੰਤ' ਵਸਾਖਾ ਸਿੰਘ ਪਾਸ ਉਨ੍ਹਾਂ ਦੀ ਫਾਰਮ ਉਤੇ ਵਿਰਲੇ ਦਿਨ ਕੱਟਣ ਚਲੇ ਗਏ। ਗ਼ਦਰ ਪਾਰਟੀ ਬਣਨ ਤੋਂ ਕਾਫੀ ਚਿਰ ਪਹਿਲੋਂ ਸ੍ਰੀ ਜਵਾਲਾ ਸਿੰਘ ਨੂੰ ਪਤਾ ਨਹੀਂ ਕਿਸੇ ਆਇਰਿਸ਼ ਦੇਸ਼ ਭਗਤ ਤੋਂ ਜਾਂ ਹੋਰ ਕਿਸੇ ਤਰ੍ਹਾਂ ਦੇਸ਼ ਭਗਤੀ ਦੀ ਲਗਨ ਲਗ ਚੁੱਕੀ ਸੀ। ਉਨ੍ਹਾਂ 'ਸੰਤ' ਵਸਾਖਾ ਸਿੰਘ ਨੂੰ ਆਪਣਾ ਹਮ-ਖ਼ਿਆਲ ਬਣਾ ਲਿਆ। 'ਭਾਈ' ਸੰਤੋਖ ਸਿੰਘ ਵੀ ਉਨ੍ਹਾਂ ਦੀ ਸੰਗਤ ਕਰਕੇ ਇਸੇ ਰੰਗਤ ਵਿਚ ਰੰਗੇ ਗਏ, ਅਤੇ ਤਿੰਨਾਂ ਨੇ ਆਪਣਾ ਜੀਵਨ ਕੌਮੀ ਸੇਵਾ ਦੇ ਅਰਪਨ ਕਰਨ ਦਾ ਅਰਦਾਸਾ ਕਰ ਦਿੱਤਾ।" (ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਪੰਨਾ 179)

ਬਾਬਾ ਨਾਨਕ ਨੇ ਸਿੱਖ ਧਰਮ ਦੀ ਨੀਂਹ ਰੱਖ ਕੇ ਇੱਕ ਲੁੱਟ-ਖਸੁੱਟ ਤੋਂ ਰਹਿਤ, ਸਮਾਜਿਕ ਬਰਾਬਰੀ ਵਾਲਾ 'ਸਰਬੱਤ ਦਾ ਭਲਾ ਮੰਗਣ ਵਾਲਾ' ਫਲਸਫ਼ਾ ਸੰਸਾਰ ਨੂੰ ਦਿੱਤਾ ਜਿਸ ਦਾ ਆਧਾਰ 'ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ' ਹੈ। ਇਸ ਫਲਸਫ਼ੇ ਵਿਚ ਮਨੁੱਖ ਦੀ ਮਨੁੱਖ ਰਾਹੀਂ ਲੁੱਟ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਇਸ ਵਿਚ ਤਾਂ 'ਨ ਕੋ ਵੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਸਿਧਾਂਤ ਸ਼ਾਮਲ ਹੈ। ਕਾਰਲ ਮਾਰਕਸ ਨੇ ਵੀ ਜਿਸ ਕਿਸਮ ਦੇ ਸਮਾਜ ਦਾ ਸੁਪਨਾ ਸਾਕਾਰ ਕਰਨ ਲਈ ਆਪਣਾ ਸਿਧਾਂਤ ਦਿੱਤਾ ਉਸ ਵਿਚ ਮਨੁੱਖ ਰਾਹੀਂ ਮਨੁੱਖ ਦੀ ਹੋ ਰਹੀ ਲੁੱਟ ਦਾ ਹੀ ਇਲਾਜ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਮਾਰਕਸਵਾਦੀ ਅਤੇ ਸਿੱਖ ਆਪਣੇ ਆਪਣੇ 'ਇਜ਼ਮ' ਦਾ ਸੁਪਨਾ ਪੂਰਾ ਕਰਨ ਲਈ ਕਿੰਨੇ ਕੁ ਯਤਨਸ਼ੀਲ ਨੇ? ਉਨ੍ਹਾਂ ਸਿਧਾਂਤਾਂ 'ਤੇ ਕਿੰਨਾ ਕੁ ਪਹਿਰਾ ਦੇ ਰਹੇ ਹਨ? ਸੰਸਾਰ ਦੀ ਗੱਲ ਤਾਂ ਪਾਸੇ ਰਹੀ ਜਿਹੋ ਜਿਹੇ ਹਿੰਦੁਸਤਾਨ ਦਾ ਸੁਪਨਾ ਗ਼ਦਰੀਆਂ ਨੇ ਚਿਤਵਿਆ ਸੀ (ਭਾਵੇਂ ਉਹ ਸਿੱਖੀ ਨੂੰ ਪ੍ਰਣਾਏ ਸੀ ਜਾਂ ਮਾਰਕਸਵਾਦ ਨੂੰ) ਉਸ ਨੂੰ ਪੂਰਾ ਕਰਨ ਲਈ ਇਹ ਲੋਕ ਕੀ ਕਰ ਰਹੇ ਹਨ? ਸਿਰਫ ਇੱਕੋ ਗੱਲ 'ਤੇ ਜ਼ੋਰ ਲੱਗਾ ਹੈ ਕਿ ਕੌਣ ਸਿੱਖ ਸੀ ਜਾਂ ਮਾਰਕਸਵਾਦੀ ਸੀ? ਕੌਣ ਸ਼ਹੀਦ ਹੈ ਜਾਂ ਕੌਣ ਨਹੀਂ ਹੈ?

## ਪ੍ਰਥਮੇ ਮਿਟਿਆ ਤਨ ਕਾ ਦੂਖ...

### ਗੁਰਬਾਣੀ ਗਿਆਨ

ਆਸਾ ਮਹਲਾ ੫
ਪ੍ਰਥਮੇ ਮਿਟਿਆ ਤਨ ਕਾ ਦੂਖ॥
ਮਨ ਸਗਲ ਕਉ ਹੋਆ ਸੂਖੁ॥
ਕਰਿ ਕਿਰਪਾ ਗੁਰ ਦੀਨੋ ਨਾਉ॥
ਬਲਿ ਬਲਿ ਤਿਸੁ ਸਤਿਗੁਰ ਕਉ ਜਾਉ॥੧॥
ਗੁਰੁ ਪੂਰਾ ਪਾਇਓ ਮੇਰੇ ਭਾਈ॥
ਰੋਗ ਸੋਗ ਸਭ ਦੂਖ ਬਿਨਾਸੇ
ਸਤਿਗੁਰ ਕੀ ਸਰਣਾਈ॥ਰਹਾਉ॥
ਗੁਰ ਕੇ ਚਰਨ ਹਿਰਦੈ ਵਸਾਏ॥
ਮਨ ਚਿੰਤਤ ਸਗਲੇ ਫਲ ਪਾਏ॥
ਅਗਨਿ ਬੁਝੀ ਸਭ ਹੋਈ ਸਾਂਤਿ॥
ਕਰਿ ਕਿਰਪਾ ਗੁਰਿ ਕੀਨੀ ਦਾਤਿ॥੨॥
ਨਿਥਾਵੇ ਕਉ ਗੁਰਿ ਦੀਨੋ ਥਾਨੁ॥
ਨਿਮਾਨੇ ਕਉ ਗੁਰਿ ਕੀਨੋ ਮਾਨੁ॥
ਬੰਧਨ ਕਾਟਿ ਸੇਵਕ ਕਰਿ ਰਾਖੇ॥
ਅੰਮ੍ਰਿਤ ਬਾਨੀ ਰਸਨਾ ਚਾਖੇ॥੩॥
ਵਡੈ ਭਾਗਿ ਪੂਜ ਗੁਰ ਚਰਨਾ॥
ਸਗਲ ਤਿਆਗਿ ਪਾਈ ਪ੍ਰਭ ਸਰਨਾ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥੪॥

ਗੁਰਦੇਵ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਮੇਰੇ ਭਾਈ! ਜਦ ਤੋਂ ਮੈਨੂੰ ਪੂਰਾ ਗੁਰੂ ਮਿਲ ਪਿਆ ਹੈ ਤਾਂ ਗੁਰੂ ਦੀ ਸ਼ਰਨ ਵਿਚ ਪੈਣ ਤੇ ਮੇਰੇ ਸਾਰੇ ਹੀ ਰੋਗ ਸੋਗ ਅਤੇ ਦੁਖ ਖ਼ਤਮ ਹੋ ਗਏ ਹਨ। ਹੇ ਭਾਈ! ਜਦ ਮੈਂ ਗੁਰੂ ਨੂੰ ਮਿਲਿਆ, ਪਹਿਲਾਂ ਤਾਂ ਮੇਰੇ ਤਨ ਸਰੀਰ ਦਾ ਸਾਰਾ ਦੁਖ ਮਿਟ ਗਿਆ ਅਤੇ ਮੇਰੇ ਮਨ ਨੂੰ ਅਨੰਦ ਦੀ ਪ੍ਰਾਪਤੀ ਹੋ ਗਈ ਅਤੇ ਫਿਰ ਪੂਰੇ ਗੁਰੂ ਨੇ ਆਪਣੀ ਮਿਹਰ ਸਦਕਾ ਮੈਨੂੰ ਪਰਮਾਤਮਾ ਦਾ ਨਾਮ ਦਿੱਤਾ ਅਤੇ ਉਸ ਮਿਹਰਬਾਨ ਪ੍ਰਭੂ ਦੇ ਨਾਮ ਸਿਮਰਨ ਸਦਕਾ ਮੇਰੇ ਸਾਰੇ ਹੀ ਦੁੱਖ ਦਰਦ ਅਤੇ ਕਲੇਸ਼ ਦੂਰ ਹੋ ਗਏ। ਐਸੇ ਗੁਰੂ ਤੋਂ ਮੈਂ ਵਾਰ ਵਾਰ ਬਲਿਹਾਰ ਜਾਂਦਾ ਹਾਂ।

ਗੁਰ ਕੇ ਚਰਨ ਹਿਰਦੈ ਵਸਾਏ॥
ਮਨ ਚਿੰਤਤ ਸਗਲੇ ਫਲ ਪਾਏ॥
ਅਗਨਿ ਬੁਝੀ ਸਭ ਹੋਈ ਸਾਂਤਿ॥
ਕਰਿ ਕਿਰਪਾ ਗੁਰਿ ਕੀਨੀ ਦਾਤਿ॥੨॥

ਸਾਹਿਬ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਜਦੋਂ ਤੋਂ ਮੈਂ ਆਪਣੇ ਗੁਰੂ ਦੇ ਸੋਹਣੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਗੁਰੂ ਦੀ ਕਿਰਪਾ ਸਦਕਾ ਮੈਨੂੰ ਚਿੰਤਤ, ਭਾਵ ਮਨ ਇੱਛਤ ਫਲਾਂ ਦੀ ਪ੍ਰਾਪਤੀ ਹੋ ਰਹੀ ਹੈ ਤੇ ਹੇ ਭਾਈ! ਅਗਨ ਬੁਝੀ, ਭਾਵ ਹੁਣ ਮੇਰੇ ਅੰਦਰ ਮੋਹ ਮਾਇਆ ਹਉਮੈ ਅਤੇ ਤ੍ਰਿਸ਼ਨਾ ਦੀ ਜੋ ਅੱਗ ਲੱਗੀ ਹੋਈ ਸੀ, ਉਹ ਵੀ ਬੁਝ ਗਈ ਹੈ ਅਤੇ ਸਭ ਹੋਈ ਸਾਂਤਿ, ਭਾਵ ਮੇਰੇ ਅੰਦਰ ਹੁਣ ਪੂਰਨ ਤੌਰ 'ਤੇ ਠੰਢ ਪੈ ਗਈ ਹੈ। ਇਹ ਅਨੰਦ ਮੈਨੂੰ ਗੁਰੂ ਦੀ ਕ੍ਰਿਪਾ ਸਦਕਾ ਮਿਲਿਆ ਹੈ।

ਨਿਥਾਵੇ ਕਉ ਗੁਰਿ ਦੀਨੋ ਥਾਨੁ॥
ਨਿਮਾਨੇ ਕਉ ਗੁਰਿ ਕੀਨੋ ਮਾਨੁ॥
ਬੰਧਨ ਕਾਟਿ ਸੇਵਕ ਕਰਿ ਰਾਖੇ॥
ਅੰਮ੍ਰਿਤ ਬਾਨੀ ਰਸਨਾ ਚਾਖੇ॥੩॥

ਹੇ ਭਾਈ! ਮੈਨੂੰ ਤਾਂ ਇਸ ਸੰਸਾਰ ਵਿਚ ਕਿਤੇ ਵੀ ਸਹਾਰਾ ਨਹੀਂ ਸੀ ਮਿਲ ਰਿਹਾ ਪਰ ਗੁਰੂ ਨੇ ਮੈਨੂੰ ਨਿਥਾਵੇਂ ਨੂੰ ਆਪਣੇ ਚਰਨਾਂ ਵਿਚ ਥਾਂ ਦਿੱਤੀ। ਮੈਨੂੰ ਨਿਮਾਣੇ ਜਿਹੇ ਜੀਵ ਨੂੰ ਗੁਰੂ ਨੇ ਆਪਣੇ ਕੋਲ ਬਿਠਾ ਕੇ ਮਾਣ, ਭਾਵ ਆਦਰ ਦਿੱਤਾ ਅਤੇ ਮੇਰੇ ਪੂਰੇ ਗੁਰੂ ਨੇ ਮੇਰੇ ਜੀਵਨ ਦੇ ਮੋਹ ਮਾਇਆ ਦੇ ਸਾਰੇ ਬੰਧਨ ਕੱਟ ਕੇ ਮੈਨੂੰ ਆਪਣਾ ਸੇਵਕ ਬਣਾ ਕੇ ਆਪਣੇ ਚਰਨਾਂ ਵਿਚ ਹੀ ਰੱਖ ਲਿਆ ਅਤੇ ਆਪਣਾ ਓਟ ਆਸਰਾ ਦੇ ਦਿੱਤਾ। ਹੁਣ ਇਹ ਮੇਰੀ ਜੀਭਾ ਅੰਮ੍ਰਿਤਮਈ ਬਾਣੀ ਦਾ ਰਸ ਪੀ ਪੀ ਕੇ ਅਨੰਦ ਲੈ ਰਹੀ ਹੈ।

ਵਡੈ ਭਾਗਿ ਪੂਜ ਗੁਰ ਚਰਨਾ॥
ਸਗਲ ਤਿਆਗਿ ਪਾਈ ਪ੍ਰਭ ਸਰਨਾ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥੪॥

ਗੁਰਦੇਵ ਪਿਤਾ ਜੀ ਸ਼ਬਦ ਦੇ ਅਖ਼ੀਰ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਵਡੈ ਭਾਗ, ਭਾਵ ਵੱਡਿਆਂ ਭਾਗਾਂ ਨਾਲ ਹੀ ਮੈਨੂੰ ਪੂਰੇ ਗੁਰੂ ਦੇ ਚਰਨ ਪੂਜਣ, ਭਾਵ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਿਸ ਦਾ ਸਦਕਾ ਮੈਂ ਹੋਰ ਸਾਰੇ ਸੰਸਾਰ ਦੇ ਆਸਰੇ ਛੱਡ ਕੇ ਜਗਤ ਦੇ ਮਾਲਕ ਪ੍ਰਭੂ ਦੀ ਸ਼ਰਨ ਵਿਚ ਆ ਪਿਆ ਹਾਂ; ਤੇ ਹੇ ਭਾਈ! ਇਹ ਨਾਨਕ ਆਖਦਾ ਹੈ-ਜਿਸ ਵੀ ਜੀਵ ਉਤੇ ਗੁਰੂ ਦਿਆਲ ਹੋ ਜਾਂਦਾ ਹੈ, ਉਹ ਜੀਵ ਹਮੇਸ਼ਾ ਲਈ ਹੀ ਨਿਹਾਲ ਹੋ ਜਾਂਦਾ ਹੈ, ਭਾਵ ਆਤਮਕ ਅਵਸਥਾ ਦਾ ਅਨੰਦ ਮਾਣਦਾ ਹੈ।

ਆਉ ਗੁਰੂ ਸ਼ਬਦ ਦੀ ਵਿਚਾਰ ਨਾਲ ਜੁੜੀਏ

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸੰਪਾਦਕ ਦੀ ਡਾਕ

# ਮਹਿਬੂਬ ਸਾਹਿਬ ਦੀ ਸ਼ਖਸੀਅਤ ਬਾਰੇ ਬਹਿਸ ਬੇਲੋੜੀ

ਅਮੋਲਕ ਪਿਆਰੇ,

ਪਿਛਲੇ ਸਾਲ ਜਦੋਂ ਦਾ ਤੈਨੂੰ ਮਿਲ ਕੇ ਗਿਆ ਹਾਂ, ਤੇਰੇ ਚਾਅ ਅਤੇ ਸਿਰੜ ਨੂੰ ਦੇਖ ਕੇ ਤੇਰੇ ਮਿਸ਼ਨ ਵਿਚ ਦਿਲਚਸਪੀ ਪੈਦਾ ਹੋ ਗਈ ਸੀ। ਇੰਟਰਨੈਟ 'ਤੇ ਜਦੋਂ ਕਦੀ 'ਪੰਜਾਬ ਟਾਈਮਜ਼' ਦਾ ਕੋਈ ਅੰਕ ਪੜ੍ਹਿਆ, ਚੰਗਾ ਲੱਗਿਆ। ਤੇਰੀ ਅਖਬਾਰ ਦੀ ਮਾਰ ਅਤੇ ਮਸ਼ਹੂਰੀ ਇੰਨੀ ਦੂਰ ਤੱਕ ਹੈ ਇਹ ਸਾਡੇ ਪਿੰਡ ਵਾਲੇ ਪ੍ਰੋ. ਗੁਰਤਰਨ ਸਿੰਘ ਵੱਲੋਂ ਮਹਿਬੂਬ ਸਾਹਿਬ ਦੇ ਭਾਈ ਮੱਘਰ ਸਿੰਘ ਦੇ ਲੜਕੇ ਸੁਖਬੀਰ ਸਿੰਘ ਸੁੱਖੀ ਦੇ ਨਾਂ 'ਤੇ ਪਹਿਲੀ ਦਸੰਬਰ ਵਾਲੇ ਅੰਕ ਵਿਚ 'ਪ੍ਰੋ. ਪੰਨੂ ਦੀ ਟਿੱਪਣੀ ਬਾਰੇ' ਸਿਰਲੇਖ ਹੇਠ ਛਪਵਾਈ ਟਿਪਣੀ ਤੋਂ ਬਾਅਦ ਜ਼ਿਆਦਾ ਪਤਾ ਲੱਗਿਆ ਹੈ। ਹੈਰਾਨੀ ਵੀ ਹੋਈ ਹੈ।

ਇਸ ਚਿੱਠੀ ਵਿਚ ਪ੍ਰੋ. ਗੁਰਤਰਨ ਸਿੰਘ ਨੇ ਮੇਰਾ ਨਾਂ ਭਾਵੇਂ ਨਹੀਂ ਪਾਇਆ ਪਰ ਸਾਰੇ ਇਸ਼ਾਰੇ ਇਤਨੇ ਸਿੱਧੇ ਹਨ ਕਿ ਮਹਿਬੂਬ ਸਾਹਿਬ ਦੇ ਜੀਵਨ ਦੀ ਪਿਛੋਕੜ ਜਾਨਣ ਵਾਲਿਆਂ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਇਹ ਕਾਰਾ ਤਰਨੀ ਮਾਸਟਰ ਦਾ ਹੀ ਹੈ। ਹਰਿੰਦਰ ਹੋਰਾਂ ਨੂੰ ਸਾਰੇ ਪਿੰਡ ਦੇ ਲੋਕ ਸਤਿਕਾਰ ਨਾਲ ਮਹਿਬੂਬ ਸਾਹਿਬ ਕਰਕੇ ਜਾਣਦੇ ਜਾਂ ਬੁਲਾਉਂਦੇ ਸਨ। ਪ੍ਰੋ. ਗੁਰਤਰਨ ਸਿੰਘ ਦੀ ਪਿੰਡ ਅੰਦਰ ਪਹਿਚਾਣ ਅੱਜ ਤੱਕ ਵੀ ਤਰਨੀ ਮਾਸਟਰ ਵਜੋਂ ਹੀ ਬਣੀ ਹੋਈ ਹੈ। 'ਪੰਜਾਬ ਟਾਈਮਜ਼' ਵਿਚ ਛਪੀ ਚਿੱਠੀ ਪੜ੍ਹ ਕੇ ਸਭ ਤੋਂ ਪਹਿਲਾਂ ਤਾਂ ਅਮਰੀਕਾ ਰਹਿੰਦੇ ਸਾਡੇ ਭਤੀਜੇ ਕੁਲਵਿੰਦਰ ਗਿੱਲ ਦਾ ਫੋਨ ਆ ਗਿਆ ਕਿ ਅਮੋਲਕ ਸਿੰਘ ਤੁਹਾਡੇ ਮਿੱਤਰ ਗੁਰਦਿਆਲ ਬੱਲ ਦਾ ਇਤਨਾ ਗੂੜ੍ਹਾ ਮਿੱਤਰ ਹੈ, ਉਸ ਨੇ ਇਸ ਤਰ੍ਹਾਂ ਦਾ ਮਾੜਾ ਲੇਖ ਤੁਹਾਡੇ ਬਾਰੇ ਕਿਉਂ ਛਾਪਿਆ ਹੈ। ਉਸ ਨੇ ਮੈਨੂੰ ਉਸੇ ਦਿਨ ਇਸ ਦਾ ਖੰਡਨ ਲਿਖ ਭੇਜਣ ਲਈ ਵਾਰ ਵਾਰ ਜ਼ੋਰ ਦਿੱਤਾ। ਪਰ ਮੈਂ ਹਾਸੇ ਵਿਚ ਗੱਲ ਪਾ ਕੇ ਬੜੀ ਮੁਸ਼ਕਿਲ ਨਾਲ ਉਸ ਨੂੰ ਟਾਲਿਆ। ਫਿਰ ਦੋ ਕੁ ਦਿਨ ਪਿਛੋਂ ਅਮਰੀਕਾ ਵਿਚ ਹੀ ਰਹਿੰਦੇ ਸਾਡੇ ਅਜੀਜ਼ ਦਰਬਾਰਾ ਸਿੰਘ ਗਿੱਲ ਦਾ ਇਸੇ ਤਰ੍ਹਾਂ ਫੋਨ ਆ ਗਿਆ।

ਮੇਰਾ ਮਹਿਬੂਬ ਸਾਹਿਬ ਨਾਲ ਸਾਰੀ ਉਮਰ ਨਿੱਘ, ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਰਿਹਾ ਹੈ। ਪਰ ਗੁਰਤਰਨ ਸਿੰਘ ਤੋਂ ਉਲਟ, ਉਨ੍ਹਾਂ ਦੇ ਹੱਕ ਜਾਂ ਵਿਰੋਧ ਵਿਚ ਮੈਂ ਕਦੀ ਕਿਸੇ ਵਿਵਾਦ ਵਿਚ ਨਹੀਂ ਪਿਆ। ਕਦੀ ਲੋੜ ਹੀ ਮਹਿਸੂਸ ਨਹੀਂ ਹੋਈ। ਲਿਖਣ-ਲਿਖਾਉਣ ਦੇ ਝੰਜਟ 'ਚ ਪੈਣ ਬਾਰੇ ਤਾਂ ਮੈਂ ਕਦੀ ਸੋਚਿਆ ਤੱਕ ਵੀ ਨਹੀਂ ਹੈ। ਭਾਸ਼ਾ ਵਿਭਾਗ ਦੀ ਨੌਕਰੀ ਕਰਦਿਆਂ ਅਜੀਤ ਕੌਰ ਅਤੇ ਬਲਵੰਤ ਗਾਰਗੀ ਸਮੇਤ ਪੰਜਾਬੀ ਦੇ ਲਗਭਗ ਸਾਰੇ ਹੀ ਲੇਖਕਾਂ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਪਰ ਉਪਰਲੇ ਦੋਵਾਂ ਨੂੰ ਛੱਡ ਕੇ ਬਾਕੀ ਦੀਆਂ ਮਰ੍ਹੂੰ ਮਰ੍ਹੂੰ ਕਰਨ ਵਾਲੀਆਂ ਆਦਤਾਂ ਨੂੰ ਵੇਖ ਕੇ ਅਕਸਰ ਨਿਰਾਸ਼ਾ ਹੀ ਪੱਲੇ ਪੈਂਦੀ ਰਹੀ ਸੀ। ਮੈਨੂੰ ਮਹਿਬੂਬ ਸਾਹਿਬ ਵਰਗਾ ਸਲੀਕੇ ਵਾਲਾ ਇਨਸਾਨ ਜਾਂ ਵਿਦਵਾਨ ਅੱਜ ਤੱਕ ਕੋਈ ਹੋਰ ਨਜ਼ਰ ਨਹੀਂ ਆਇਆ।

ਇਹ ਗੱਲਾਂ ਹੁਣ ਵੀ ਮੈਂ ਲਿਖਣੀਆਂ ਨਹੀਂ ਸਨ, ਜੇ ਭਾਸ਼ਾ ਵਿਗਿਆਨ ਵਿਭਾਗ ਦੇ ਪ੍ਰੋ. ਗੁਰਬਖਸ਼ ਸਿੰਘ ਦਾ ਫੋਨ ਨਾ ਆਇਆ ਹੁੰਦਾ। ਉਸ ਨੂੰ ਮਹਿਬੂਬ ਸਾਹਿਬ ਦੀਆਂ ਕਿਤਾਬਾਂ ਦਾ ਯੂਨੀਵਰਸਿਟੀ ਵੱਲੋਂ ਅੰਗਰੇਜ਼ੀ ਵਿਚ ਅਨੁਵਾਦ ਕਰਵਾਉਣ ਦੇ ਪ੍ਰਾਜੈਕਟ ਦੇ ਖਟਾਈ ਵਿਚ ਪੈਣ ਦੀ ਸਾਰੀ ਕਹਾਣੀ ਦਾ ਪਤਾ ਸੀ। ਸਾਹਿਤ ਅਧਿਐਨ ਵਿਭਾਗ ਦੇ ਮੁਖੀ ਪ੍ਰੋ. ਗੁਰਨੈਬ ਸਿੰਘ ਦਾ ਉਹ ਗੂੜ੍ਹਾ ਮਿੱਤਰ ਹੈ ਅਤੇ ਸਾਡੀ ਉਸ ਕੋਸ਼ਿਸ਼ ਦੌਰਾਨ ਉਹ ਪਲ ਪਲ ਇਕ ਦੂਸਰੇ ਦੀ ਸਲਾਹ ਵੀ ਲੈਂਦੇ ਰਹੇ ਸਨ। ਗੁਰਬਖਸ਼ ਪੁੱਛਣ ਲੱਗਾ ਕਿ ਭਰਾ ਜੀ 'ਪੰਜਾਬ ਟਾਈਮਜ਼' ਵਿਚ ਛਪੇ ਲੇਖ ਦਾ ਬੜਾ ਰੌਲਾ ਪਿਆ ਹੋਇਆ ਹੈ, ਵਿਚਲੀ ਗੱਲ ਕੀ ਹੈ? ਮੈਂ ਉਸ ਨੂੰ ਮੱਘਰ ਦੇ ਲੜਕੇ ਸੁੱਖੀ ਦਾ ਫੋਨ (98725-25229) ਦੱਸ ਦਿੱਤਾ ਅਤੇ ਕਿਹਾ ਕਿ ਉਹ ਖੁਦ ਉਸ ਨੂੰ ਪੁੱਛ ਲਵੇ।

ਅੱਧੇ ਕੁ ਘੰਟੇ ਪਿਛੋਂ ਗੁਰਬਖਸ਼ ਸਿੰਘ ਦਾ ਮੁੜ ਫੋਨ ਆ ਗਿਆ ਕਿ ਸੁੱਖੀ ਕਹਿੰਦਾ ਹੈ ਕਿ ਪ੍ਰੋਫੈਸਰ ਸਾਹਿਬ ਅਸੀਂ ਤਾਂ ਖੇਤੀ ਕਰਨ ਵਾਲੇ ਜੱਟ ਬੂਟ ਆਦਮੀ ਹਾਂ। ਗੱਲ ਤੁਹਾਨੂੰ ਪਤਾ ਲੱਗ ਹੀ ਗਈ ਹੈ। ਫਿਰ ਵੀ ਜੇਕਰ ਚੰਗੀ ਤਰ੍ਹਾਂ ਨਿਰਣਾ ਲੈਣਾ ਹੈ ਤਾਂ ਡਾਇਰੈਕਟਰ ਸਾਹਿਬ ਜਾਂ ਚਾਚਾ ਜੀ ਨੂੰ ਪੁੱਛ ਲਵੋ। ਉਸ ਨੇ ਇਹ ਵੀ ਦੱਸ ਦਿੱਤਾ ਕਿ ਲੇਖ ਗੁਰਤਰਨ ਨੇ ਆਪ ਹੀ ਲਵਾ ਛੱਡਿਆ। ਉਸ ਨੂੰ ਪੁੱਛਿਆ ਜ਼ਰੂਰ ਸੀ ਪਰ ਵਿਚਲਾ ਚੱਕਰ ਉਸ ਨੂੰ ਪਤਾ ਨਹੀਂ ਲੱਗਿਆ ਸੀ।

ਗੁਰਤਰਨ ਸਿੰਘ ਨੇ ਆਪਣੇ ਆਪ ਨੂੰ ਮਹਿਬੂਬ ਸਾਹਿਬ ਦਾ ਇਕੋ ਇਕ ਸ਼ੁਭਚਿੰਤਕ ਸਾਬਤ ਕਰਨ ਲਈ ਸੁੱਖੀ ਦੇ ਨਾਂ 'ਤੇ ਲਿਖੀ ਚਿੱਠੀ ਵਿਚ ਦਾਅਵਾ ਕੀਤਾ ਹੈ, "ਹਰਿੰਦਰ ਸਿੰਘ ਅਤੇ ਗੁਰਤਰਨ ਸਿੰਘ ਦੀ ਦੋਸਤੀ ਬਾਰੇ ਜੱਗ ਜਾਣਦਾ ਹੈ ਕਿ ਇਕ ਦੂਸਰੇ ਦੇ ਕਿਵੇਂ ਅੰਗ-ਸੰਗ ਸਨ। ਦੋਸਤੀ ਵਿਚ ਇਕ ਨਜ਼ਦੀਕੀ ਬੰਦੇ ਨੇ ਹੀ ਵਕਤੀ ਤੌਰ 'ਤੇ ਫਰਕ ਪਾ ਦਿੱਤਾ ਸੀ। ਥੋੜ੍ਹੇ ਸਮੇਂ ਬਾਅਦ ਹੀ ਉਹ ਫਿਰ ਘੁਲ ਮਿਲ ਗਏ ਸਨ। ਜਿਹੜੇ ਬੰਦੇ ਨੇ ਇਨ੍ਹਾਂ ਦਾ ਫਰਕ ਪਵਾਇਆ ਸੀ, ਮੇਰੇ ਚਾਚਾ ਜੀ ਨੇ ਉਸ ਨਾਲ ਪਿਛੋਂ ਮੇਲ ਜੋਲ ਘਟਾ ਲਿਆ ਸੀ।"

ਪੜ੍ਹਨ ਵਾਲੇ ਕਿਸੇ ਓਭੜ ਆਦਮੀ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਗੁਰਤਰਨ ਸਿੰਘ ਕੀ ਕਰ ਰਿਹਾ ਹੈ? ਸੱਚਾਈ ਇਹ ਹੈ ਕਿ ਮਹਿਬੂਬ ਸਾਹਿਬ ਦੀ ਗੁਰਤਰਨ ਨਾਲ ਦੋਸਤੀ ਸੀ ਪਰ ਪਿੰਡ ਅਤੇ ਆਸ-ਪਾਸ ਦੇ ਲੋਕ ਜਾਣਦੇ ਹਨ ਕਿ ਉਹ ਇਸ ਦੀਆਂ ਇਸੇ ਤਰ੍ਹਾਂ ਦੀਆਂ ਹਰਕਤਾਂ ਤੋਂ ਅਕਸਰ ਪ੍ਰੇਸ਼ਾਨ ਹੁੰਦੇ ਰਹਿੰਦੇ ਸਨ। ਜਿਥੋਂ ਤੱਕ ਮੇਰਾ ਆਪਣਾ ਸਬੰਧ ਹੈ, ਅਸੀਂ ਆਪੋ ਵਿਚ ਗੁਰਤਰਨ ਬਾਰੇ ਘੱਟ ਹੀ ਕਦੀ ਕੋਈ ਗੱਲ ਸਾਂਝੀ ਕੀਤੀ ਸੀ। ਉਨ੍ਹਾਂ ਨੂੰ ਸਾਡੀ ਇਕ ਦੂਸਰੇ ਪ੍ਰਤੀ ਨਾਪਸੰਦਗੀ ਦੇ ਕਾਰਨਾਂ ਬਾਰੇ ਬੜੀ ਚੰਗੀ ਤਰ੍ਹਾਂ ਪਤਾ ਸੀ। ਸਮਝ ਨਹੀਂ ਆਉਂਦੀ ਕਿ ਇਸ ਨੇ ਮੇਰੇ ਬਾਰੇ ਆਪਣੇ ਮਨ 'ਚ ਪਈ ਅਜਿਹੀ ਜ਼ਹਿਰ ਹੁਣ ਆ ਕੇ ਕਿਉਂ ਜੱਗ ਜ਼ਾਹਰ ਕੀਤੀ ਹੈ?

ਮਹਿਬੂਬ ਸਾਹਿਬ ਨੂੰ ਦੁਨੀਆਂ ਭਰ ਦੇ ਵਿਦਵਾਨਾਂ ਤੇ ਚਿੰਤਕਾਂ ਤੋਂ ਬਿਨਾਂ ਖਿਡਾਰੀਆਂ, ਵੱਡੇ ਸ਼ਿਕਾਰੀਆਂ, ਰਾਗੀਆਂ, ਢਾਡੀਆਂ, ਆਸ਼ਕਾਂ, ਪਹਿਲਵਾਨਾਂ ਅਤੇ ਚੰਗੇ ਬਾਗਬਾਨਾਂ ਤੋਂ ਲੈ ਕੇ ਜ਼ਿੰਦਗੀ ਦੀ ਹਰ ਵਧੀਆ ਚੀਜ਼ ਨਾਲ ਇਸ਼ਕ ਸੀ। ਪਹਿਲਵਾਨ ਕਿੱਕਰ ਸਿੰਘ ਅਤੇ ਗਾਮੇ ਤੋਂ ਲੈ ਕੇ ਪੇਲੇ, ਮਾਰਾਡੋਨਾ, ਧਿਆਨ ਚੰਦ, ਸਮੀਉਲਾ, ਹਸਨ ਸਰਦਾਰ ਅਤੇ ਕਬੱਡੀ ਵਾਲੇ ਸਰਵਣ ਸਮੇਤ ਹਰ ਖੇਡ ਦੇ ਚੋਟੀ ਦੇ ਖਿਡਾਰੀਆਂ ਬਾਰੇ ਅਹਿਮ ਵੇਰਵੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਯਾਦ ਸਨ। ਉਨ੍ਹਾਂ ਨੂੰ ਆਪਣੇ ਦੋਸਤਾਂ ਨਾਲ ਬਹੁਤ ਪਿਆਰ ਸੀ। ਉਹ 1968 ਵਿਚ ਖਾਲਸਾ ਕਾਲਜ, ਗੜ੍ਹਦੀਵਾਲਾ ਪੜ੍ਹਾਉਣ ਲੱਗੇ ਸਨ। ਉਹ ਇਲਾਕਾ ਉਨ੍ਹੀਂ ਦਿਨੀਂ ਅੰਬਾਂ ਦੇ ਬਾਗਾਂ ਨਾਲ ਭਰਿਆ ਹੋਇਆ ਸੀ। ਵਰ੍ਹਿਆਂ ਬੱਧੀ ਉਹ ਅੰਬਾਂ ਦੀ ਹਰ ਬਹਾਰ ਮੌਕੇ ਸਾਨੂੰ ਸੱਦਦੇ ਅਤੇ ਸਭ ਤੋਂ ਵਧੀਆ ਕਿਸਮ ਦੇ ਅੰਬ ਸਾਡੇ ਲਈ ਖਰੀਦ ਕੇ ਰੱਖਦੇ। ਉਨ੍ਹਾਂ ਦੇ ਉਚੇਚੇ ਸੱਦੇ 'ਤੇ ਕਈ ਵਾਰੀ ਮੈਂ ਇਕੱਲਾ ਵੀ ਉਨ੍ਹਾਂ ਨੂੰ ਮਿਲਣ ਲਈ ਜਾਂਦਾ ਰਿਹਾ ਸਾਂ। ਥੋੜ੍ਹਾ ਬਹੁਤ ਲੇਟ ਹੋ ਜਾਣਾ ਤਾਂ ਉਹ ਘੰਟੇ ਵਿਚ ਹੀ ਚਾਰ ਚਾਰ ਗੇੜੇ ਘਰੋਂ ਬੱਸ ਅੱਡੇ ਦੇ ਮਾਰ ਗਏ ਹੁੰਦੇ ਸਨ। ਇੰਨੀ ਸ਼ਿੱਦਤ ਹੁੰਦੀ ਸੀ ਉਨ੍ਹਾਂ ਦੇ ਦਿਲ ਵਿਚ। ਫਿਰ ਜਦੋਂ ਕਦੀ ਚੰਡੀਗੜ੍ਹ ਜਾਂ ਪਿੰਡ ਆਉਣਾ ਤਾਂ ਮੈਨੂੰ ਯਾਦ ਹੀ ਨਹੀਂ ਕਿ ਉਹ ਮੇਰੇ ਕੋਲ ਰਾਤ ਨਾ ਠਹਿਰੇ ਹੋਣ ਤੇ ਜੇ ਕਿਧਰੇ ਸਿੱਧੇ ਪਿੰਡ ਆ ਵੀ ਜਾਣਾ ਤਾਂ ਸ਼ਾਮ ਤੱਕ ਉਨ੍ਹਾਂ ਦਾ ਫੋਨ ਆ ਜਾਂਦਾ ਸੀ ਕਿ ਮੈਂ ਉਨ੍ਹਾਂ ਨੂੰ ਪਿੰਡੋਂ ਆ ਕੇ ਲੈ ਜਾਵਾਂ। ਉਨ੍ਹਾਂ ਦਾ ਹਾਸੇ ਮਖੌਲ ਦਾ ਆਪਣਾ ਹੀ ਢੰਗ ਸੀ। ਉਨ੍ਹਾਂ ਨੂੰ ਪਿੰਡ ਦੇ ਸਾਰੇ ਲੋਕਾਂ ਨਾਲ ਪਿਆਰ ਸੀ ਅਤੇ ਸਾਰੇ ਉਨ੍ਹਾਂ ਨੂੰ ਪਿਆਰ ਕਰਦੇ ਸਨ। ਕੁਝ ਦਿਨਾਂ ਪਿਛੋਂ ਹੀ ਉਨ੍ਹਾਂ ਨੂੰ ਪਿੰਡ ਦਾ ਗੇੜਾ ਮਾਰਨ ਦੀ ਖੋਹ ਪੈਣ ਲੱਗ ਪੈਂਦੀ ਸੀ। ਪਰ ਪਿੰਡ ਆ ਕੇ ਕੁਝ ਦੇਰ ਪਿਛੋਂ ਹੀ 'ਚੁਗਲੀ ਨਿੰਦਿਆ' ਦਾ ਦਰਬਾਰ ਲਗ ਜਾਂਦਾ ਸੀ ਜਿਸ ਤੋਂ ਉਨ੍ਹਾਂ ਦਾ 'ਮਨ ਬੜਾ ਘਬਰਾਉਂਦਾ' ਸੀ।

ਪਿੰਡ ਦੇ ਬਜ਼ੁਰਗ ਅਤੇ ਹੋਰ ਲੋਕ ਆਮ ਹੀ ਕਹਿੰਦੇ ਰਹਿੰਦੇ ਸਨ ਕਿ ਗੜ੍ਹਦੀਵਾਲੇ ਉਨ੍ਹਾਂ ਨੇ ਘਰ ਨਹੀਂ ਬਣਾਇਆ, ਉਹ ਪਿੰਡ ਆ ਕੇ ਰਹਿਣ ਕਿਉਂ ਨਹੀਂ ਲਗ ਪੈਂਦੇ। ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਪਿੰਡ ਵਿਚ ਉਨ੍ਹਾਂ ਦਾ ਇਕ ਅਜਿਹਾ ਦਿਲੀ ਹਿਤੈਸ਼ੀ ਹੈ ਜਿਸ ਨੇ ਉਨ੍ਹਾਂ ਨੂੰ ਕੰਮ ਨਹੀਂ ਕਰਨ ਦੇਣਾ; ਸਦਾ ਖਲਲ ਪਾਈ ਰੱਖਣਾ ਹੈ।

ਇਹ ਮਾੜੀ ਗੱਲ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਗੁਰਤਰਨ ਸਿੰਘ ਮਹਿਬੂਬ ਸਾਹਿਬ ਦੀ ਸ਼ਖਸੀਅਤ ਨੂੰ ਲੈ ਕੇ ਬੇਲੋੜੀ ਬਹਿਸ ਵਿਚ ਪਏ ਹਨ। ਮਹਿਬੂਬ ਸਾਹਿਬ ਵਿਚ ਪੈਸੇ ਧੇਲੇ ਦਾ ਲਾਲਚ ਜਾਂ ਇਨਾਮਾਂ ਸਨਮਾਨਾਂ ਦੀ ਕੋਈ ਖਿੱਚ ਨਹੀਂ ਸੀ। ਪਰ ਪ੍ਰੋ. ਪੰਨੂ ਨੇ ਮੇਰੇ ਕਹਿਣ 'ਤੇ ਉਨ੍ਹਾਂ ਦੀ ਪੁਸਤਕ 'ਇਲਾਹੀ ਨਦਰ ਦੇ ਪੈਂਡੇ' ਦੀ ਪਹਿਲੀ ਜਿਲਦ ਆਪਣੇ ਰਿਲੀਜੀਅਸ ਸਟੱਡੀਜ਼ ਵਿਭਾਗ ਵੱਲੋਂ ਵੱਡਾ ਫੰਕਸ਼ਨ ਕਰਕੇ ਰਿਲੀਜ਼ ਕਰਵਾਈ ਸੀ। ਇਸ ਦਾ ਗੁਰਤਰਨ ਨੂੰ ਪਤਾ ਹੈ। ਉਹ ਉਸ ਸਮਾਗਮ ਵਿਚ ਸ਼ਾਮਲ ਸੀ ਅਤੇ ਪੰਨੂ ਕੋਲੋਂ ਕਿਤਾਬ ਦੇ ਨਾਂ ਬਾਰੇ ਭੁਲੇਖੇ ਨੂੰ ਉਸ ਨੇ ਬੇਲੋੜੀ ਤੂਲ ਦਿੱਤੀ ਹੈ। ਕਿਤਾਬ ਵਾਲੇ ਸਮਾਗਮ ਤੋਂ ਜਲਦੀ ਬਾਅਦ ਹੀ 'ਦਸਮ ਗ੍ਰੰਥ' ਬਾਰੇ ਬਹਿਸ ਛਿੜ ਪਈ। ਇਹ ਸ਼ਾਇਦ ਸੰਨ 2000 ਸਾਲ ਦੇ ਅੱਧ ਦੀ ਗੱਲ ਹੈ। ਮਹਿਬੂਬ ਸਾਹਿਬ ਦਸਮ ਗ੍ਰੰਥ ਨੂੰ ਪ੍ਰਮਾਣਿਕ ਨਹੀਂ ਮੰਨਦੇ ਸਨ। ਪੰਨੂ 'ਦਸਮ ਗ੍ਰੰਥ' ਦੀ ਪ੍ਰਮਾਣਿਕਤਾ ਦਾ ਗੁਰਜਧਾਰੀ ਮੁੱਦਈ ਹੈ। ਦੋਵਾਂ ਵਿਚਾਲੇ ਉਦੋਂ ਚਿੱਠੀ ਪੱਤਰ ਸ਼ੁਰੂ ਹੋਇਆ ਜੋ ਕਿ ਬੜੀ ਛੇਤੀ ਕੁੜੱਤਣ ਵਿਚ ਬਦਲ ਗਿਆ ਸੀ। ਮਹਿਬੂਬ ਸਾਹਿਬ ਤਾਂ ਗੱਲ ਛੱਡ ਗਏ ਸਨ ਪਰ ਲੱਗਦਾ ਪੰਨੂ ਨੇ ਉਹ ਪੁਰਾਣੀ ਖੁੰਦਕ ਮਨੋਂ ਗਵਾਈ ਨਹੀਂ ਹੈ। ਗੁਰਬਖਸ਼ ਦੀ ਕਾਲ ਤੋਂ ਇਕ ਰਾਤ ਪਹਿਲਾਂ ਗੁਰਤਰਨ ਦੀ 'ਪੰਜਾਬ ਟਾਈਮਜ਼' ਵਾਲੀ ਇਸੇ ਚਿੱਠੀ ਬਾਰੇ ਮੈਨੂੰ ਪੰਨੂ ਦਾ ਵੀ ਲੰਮਾ ਫੋਨ ਆਇਆ ਸੀ।

ਮਹਿਬੂਬ ਸਾਹਿਬ ਦੀਆਂ ਰਚਨਾਵਾਂ ਅੰਗਰੇਜ਼ੀ ਵਿਚ ਤਰਜਮੇ ਲਈ ਯੂਨੀਵਰਸਿਟੀ ਨੂੰ ਪ੍ਰਾਜੈਕਟ ਵਜੋਂ ਅਪਨਾਉਣ ਖਾਤਰ ਵਾਈਸ ਚਾਂਸਲਰ ਨੂੰ ਰਜ਼ਾਮੰਦ ਕਰਨ ਲਈ ਅਸੀਂ ਬੜੀ ਕੋਸ਼ਿਸ਼ ਕੀਤੀ। ਸਾਡੇ ਮਿੱਤਰ ਅਮਰਜੀਤ ਸਿੰਘ ਪਰਾਗ ਨੇ ਮੇਰੇ ਕਹਿਣ 'ਤੇ ਹੀ ਪੱਤਰ ਡਰਾਫਟ ਕੀਤਾ ਅਤੇ ਢੀਂਡਸਾ ਸਾਹਿਬ ਅਤੇ ਬੀਰਦਵਿੰਦਰ ਕੋਲੋਂ ਮੈਂ ਹੀ ਯੂਨੀਵਰਸਿਟੀ ਨੂੰ ਫਾਰਵਰਡ ਕਰਵਾਇਆ। ਵਾਈਸ ਚਾਂਸਲਰ ਨੇ ਮਨਜ਼ੂਰੀ ਦੇ ਦਿੱਤੀ ਸੀ। ਅੰਗਰੇਜ਼ੀ ਅਨੁਵਾਦ ਲਈ ਕਈ ਵੱਡੇ ਵੱਡੇ ਵਿਦਵਾਨਾਂ ਦੇ ਨਾਂ ਵਿਚਾਰੇ ਗਏ ਸਨ ਪਰ ਉਨ੍ਹਾਂ ਕੋਲ ਸਮਾਂ ਅਤੇ ਫੁਰਸਤ ਨਹੀਂ ਸੀ। ਗੁਰਦਿਆਲ ਬੱਲ ਦੀ ਤਜਵੀਜ਼ 'ਤੇ ਉਸ ਦੇ ਮਿੱਤਰ ਗੁਰਦੇਵ ਚੌਹਾਨ ਦਾ ਨਾਂ ਵਿਚਾਰ ਅਧੀਨ ਆਇਆ ਤਾਂ ਸਾਰੇ ਸਹਿਮਤ ਸਨ। ਉਹ ਖੁਦ ਵੀ ਇਹ ਕੰਮ ਕਰਨ ਲਈ ਤਿਆਰ ਹੋ ਗਿਆ ਸੀ। ਪਰ ਇਸ ਤੋਂ ਪਹਿਲਾਂ ਹੋਰ ਹੀ ਭਾਣਾ ਵਾਪਰ ਗਿਆ। ਉਹ ਪ੍ਰਾਜੈਕਟ ਖਟਾਈ ਵਿਚ ਨਹੀਂ ਪੈਣਾ ਚਾਹੀਦਾ ਸੀ। ਮੈਨੂੰ ਉਸ ਦੇ ਸਿਰੇ ਨਾ ਚੜ੍ਹਨ ਦਾ ਨਿੱਜੀ ਅਫਸੋਸ ਹੈ।

ਮਹਿਬੂਬ ਸਾਹਿਬ ਬਾਰੇ ਸਾਡੇ ਭਰਾ ਹਰਪਾਲ ਪੰਨੂ ਨੂੰ ਚਾਰ ਇਤਰਾਜ਼ ਹਨ। ਉਸ ਦਾ ਪਹਿਲਾ ਇਤਰਾਜ਼ ਮਹਿਬੂਬ ਸਾਹਿਬ ਵੱਲੋਂ ਦਸਮ ਗ੍ਰੰਥ ਦੀਆਂ ਬਹੁਤੀਆਂ ਬਾਣੀਆਂ ਦੀ ਪ੍ਰਮਾਣਿਕਤਾ ਦੇ ਖੰਡਨ ਬਾਰੇ ਹੈ। ਦੂਸਰਾ, ਉਨ੍ਹਾਂ ਨੂੰ ਵਾਰਤਕ ਦੀ ਦਾਰਸ਼ਨਿਕ ਅਸਪੱਸ਼ਟਤਾ ਬਾਰੇ ਹੈ। ਤੀਸਰਾ, ਮਹਿਬੂਬ ਸਾਹਿਬ ਨੂੰ ਮਿਲੇ ਇਨਾਮ ਬਾਰੇ ਹੈ। ਚੌਥਾ ਇਤਰਾਜ਼ ਸ਼੍ਰੋਮਣੀ ਕਮੇਟੀ ਤੋਂ ਲਈ ਮਾਇਕ ਸਹਾਇਤਾ ਬਾਰੇ ਹੈ। ਇਨ੍ਹਾਂ ਵਿਚੋਂ ਪੰਨੂ ਦੇ ਪਹਿਲੇ ਦੋ ਇਤਰਾਜ਼ਾਂ ਬਾਰੇ ਮੈਂ ਕੁਝ ਨਹੀਂ ਕਹਾਂਗਾ। ਚੰਗੀ ਗੱਲ ਇਹ ਹੈ ਕਿ ਇਨ੍ਹਾਂ ਬਾਰੇ ਅੰਤਿਮ ਫੈਸਲਾ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਛੱਡ ਦਿੱਤਾ ਜਾਵੇ। ਪੰਨੂ ਦੇ ਮਗਰਲੇ ਦੋਵੇਂ ਇਤਰਾਜ਼ ਬਿਲਕੁਲ ਹੀ ਠੀਕ ਨਹੀਂ ਹਨ। ਮਹਿਬੂਬ ਸਾਹਿਬ ਨੂੰ ਮੈਂ ਕੋਈ ਪੈਗੰਬਰ ਨਹੀਂ ਮੰਨਦਾ। ਉਨ੍ਹਾਂ ਨੂੰ ਖੁਦ ਆਪਣੇ ਬਾਰੇ ਕਦੀ ਵੀ ਅਜਿਹਾ ਭੁਲੇਖਾ ਨਹੀਂ ਸੀ। ਪਰ ਉਹ ਬਹੁਤ ਵਧੀਆ ਇਨਸਾਨ ਸਨ। ਉਨ੍ਹਾਂ ਉਤੇ ਇਨਾਮ ਲੈਣ ਲਈ ਕੋਈ ਤਿਕੜਮ ਲੜਾਉਣ ਬਾਰੇ ਤੋਹਮਤ ਲਗਾਉਣੀ ਤਾਂ ਛੱਡੋ, ਸੋਚਣਾ ਵੀ ਬੜਾ ਵੱਡਾ ਪਾਪ ਹੈ। ਇਹ ਬੜੀ ਮਾੜੀ ਗੱਲ ਹੈ, ਜੋ ਪੰਨੂ ਸਾਹਿਬ ਹੋਏ ਜਾਂ ਕੋਈ ਹੋਰ, ਕਿਸੇ ਨੂੰ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਇਨਾਮ ਦੇਣ ਦਵਾਉਣ ਲਈ ਜੇ ਕਿਸੇ ਨੇ ਹਿੰਮਤ ਕੀਤੀ ਤਾਂ ਉਹ ਕੇਵਲ ਤੇ ਕੇਵਲ ਬਾਬਾ ਨੂਰਾ (ਡਾ. ਸੁਤਿੰਦਰ ਸਿੰਘ ਨੂਰ) ਸੀ, ਕੋਈ ਹੋਰ ਨਹੀਂ ਸੀ। 'ਝਨਾਂ ਦੀ ਰਾਤ' ਦਾ ਕੋਈ ਪੰਨਾ ਪਾੜ ਕੇ ਉਨ੍ਹਾਂ ਨੇ ਨਹੀਂ ਭੇਜਿਆ ਸੀ। ਸ਼ੇਕਸ਼ਪੀਅਰ ਦੇ ਨਾਟਕ 'ਮੈਕਬਥ' ਦੀਆਂ ਚੜੇਲਾਂ ਦੇ ਹਵਾਲੇ ਵਾਲੇ ਇੰਦਰਾ ਗਾਂਧੀ ਵੱਲ ਸੰਕੇਤ ਕਰਦੀ ਇਕੋ ਇਕ ਸਤਰ 'ਤੇ ਲਕੀਰ ਜੇ ਕਿਸੇ ਨੇ ਫੇਰੀ ਤਾਂ ਉਹ ਆਪਣੇ ਕਿਸੇ ਜਮ੍ਹਾ ਘਟਾਓ ਦੇ ਤਹਿਤ ਬਾਬੇ ਨੂਰੇ ਨੇ ਹੀ ਫੇਰੀ ਹੋਵੇਗੀ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਸੀ। ਪਰ ਇਸ ਬਾਰੇ ਛਿੜਿਆ ਵਿਵਾਦ ਹੋਰ ਵੀ ਮਾੜੀ ਗੱਲ ਸੀ। ਸ਼੍ਰੋਮਣੀ ਕਮੇਟੀ ਕੋਲੋਂ ਮਾਲੀ ਸਹਾਇਤਾ ਲੈਣ ਵਾਲਾ ਮਾਮਲਾ ਤਾਂ ਹੋਰ ਵੀ ਨਿਗੂਣਾ ਹੈ। ਇਸ ਬਾਰੇ ਜ਼ਿਕਰ ਕਰਨ ਨੂੰ ਵੀ ਦਿਲ ਨਹੀਂ ਕਰਦਾ।

ਮਹਿਬੂਬ ਨੂੰ ਕਈ ਵਾਰ ਵਿਦੇਸ਼ ਜਾਣ ਲਈ ਸੱਦੇ ਆਏ। ਉਨ੍ਹਾਂ ਅੰਦਰ ਆਪਣੇ ਕੰਮ ਦੀ ਇਤਨੀ ਲਗਨ ਸੀ ਕਿ ਉਨ੍ਹਾਂ ਨੇ ਅਜਿਹੇ ਸੱਦੇ ਬਾਰੇ ਕਦੀ ਸੋਚਿਆ ਤਕ ਵੀ ਨਹੀਂ ਸੀ। ਗੜ੍ਹਦੀਵਾਲਾ ਪ੍ਰਾਈਵੇਟ ਕਾਲਜ ਸੀ। ਪ੍ਰਬੰਧਕੀ ਕਮੇਟੀ ਦੇ ਝਗੜਿਆਂ ਕਾਰਨ ਕਈ ਵਾਰ ਵਰ੍ਹਾ ਵਰ੍ਹਾ ਤਨਖਾਹ ਹੀ ਨਾ ਮਿਲਣੀ। ਮਾਇਕ ਪੱਖੋਂ ਹੱਥ ਤੰਗ ਹੋਇਆ ਹੀ ਰਹਿੰਦਾ ਪਰ ਉਨ੍ਹਾਂ ਨੇ ਕਦੀ ਸ਼ਿਕਾਇਤ ਨਹੀਂ ਕੀਤੀ ਸੀ। ਉਨ੍ਹਾਂ ਨੇ ਆਪਣਾ ਘਰ ਨਾ ਬਣਾਇਆ। ਜ਼ਿੰਦਗੀ ਦੇ ਆਖਰੀ ਵਰ੍ਹਿਆਂ 'ਚ ਜਿਸ ਕਿਸਮ ਦੀਆਂ ਘਰੇਗੀ ਪ੍ਰੇਸ਼ਾਨੀਆਂ ਉਨ੍ਹਾਂ ਨੂੰ ਪੇਸ਼ ਆਈਆਂ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਾਂਗਾ ਤੇ ਚਾਹਾਂਗਾ ਕਿ ਸਾਡਾ ਵੀਰ ਪੰਨੂ ਵੀ ਜ਼ਰਾ ਸੰਜਮ ਤੋਂ ਕੰਮ ਲਵੇ।

ਤਰਲੋਚਨ ਸਿੰਘ ਦੁਪਾਲਪੁਰ ਦੀ ਚਿੱਠੀ ਵੀ ਮੈਂ ਪੜ੍ਹੀ ਹੈ। ਚੰਗੀ ਲੱਗੀ ਹੈ।

***-ਰਛਪਾਲ ਸਿੰਘ ਗਿੱਲ***
***ਸਾਬਕਾ ਡਾਇਰੈਕਟਰ***
***ਭਾਸ਼ਾ ਵਿਭਾਗ, ਪੰਜਾਬ***
***ਫੋਨ: 91-92560-08600***

## ਪ੍ਰਤੀਕਰਮ

# ਖਾਲਸਾ ਪੰਥ ਦੀ ਪਾਤਿਸ਼ਾਹੀ ਰੋਲਣ ਲਈ?

ਪੰਜਾਬ ਟਾਈਮਜ਼ ਵਿਚ ਸ. ਅਜਮੇਰ ਸਿੰਘ ਦੀਆਂ ਕਿਤਾਬਾਂ 'ਤੇ ਚਰਚਾ ਦੇ ਬਹਾਨੇ ਖਾਲਸਾ ਪੰਥ ਦੀ ਪਾਤਿਸ਼ਾਹੀ ਰੋਲਣ ਤੇ ਇਸ ਨੂੰ ਭਾਰਤ ਦੇ ਪੈਰਾਂ ਵਿਚ ਨੂੜੀ ਰੱਖਣ ਦੇ ਮੁੱਦਈ ਇੱਕ ਪਿਛੋਂ ਇੱਕ ਆਪਣੇ ਚਿਹਰੇ ਪੇਸ਼ ਕਰ ਰਹੇ ਹਨ ਅਤੇ ਆਪਣੇ ਪੁਰਾਣੇ ਤੇ ਨਵੇਂ ਪੈਂਤੜਿਆਂ ਰਾਹੀਂ ਆਪਣੀਆਂ ਪਟਾਰੀਆਂ, ਇਸ ਇੱਕੀਵੀਂ ਸਦੀ ਦੇ ਪੁਲਾੜ ਯੁਗ ਵਿਚ ਦੁਨੀਆਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਵਿਚ ਖੋਲ੍ਹ ਰਹੇ ਹਨ। ਬੇਸ਼ਕ ਅੰਤ ਨੂੰ ਹੋਣਾ ਤਾਂ ਉਹੀ ਹੈ ਜਿਹੜਾ ਕਰੇਗਾ 'ਖਾਲਸਾ ਪੰਥ ਮੀਆਂ' ਪਰ ਇਸ ਭੇਖੀ ਚਰਚਾ ਦਾ ਜੁਆਬ ਸਾਡੇ ਪੰਥ ਦੇ ਬੁੱਧੀਜੀਵੀਆਂ ਵਲੋਂ ਨਾ ਦਿੱਤੇ ਜਾਣਾ ਕਈ ਵਾਰ ਸਾਡੇ ਲਈ ਬੇਚੈਨੀ ਦਾ ਕਾਰਨ ਬਣ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਗਾਡੀ ਰਾਹ ਨੇ ਲੋਕ ਭਲਾਈ ਲਈ ਜੋ ਪੂਰਨੇ ਪਾ ਕੇ ਦਿੱਤੇ ਹਨ, ਉਨ੍ਹਾਂ ਦੀ ਥਾਂ ਹੋਰ ਹੀ ਭੰਬਲਭੂਸੇ ਅਤੇ ਫੇਲ੍ਹ ਹੋ ਚੁੱਕੇ ਮਾਰਗ ਪੇਸ਼ ਕਰਕੇ ਸਮਾਂ ਨਸ਼ਟ ਕੀਤਾ ਜਾ ਰਿਹਾ ਹੈ। ਪਹਿਲੀ ਗੱਲ ਤਾਂ ਅਸੀਂ ਇਹ ਚਾਹੁੰਦੇ ਹਾਂ ਕਿ ਇਹ ਵੀਰ/ਭੈਣ ਵੀ ਦੁਨੀਆਂ ਦੇ ਸਿਆਣੇ ਅਤੇ ਸੁਲਝੇ ਹੋਏ ਮਹਾਂਪੁਰਖਾਂ ਵਲੋਂ ਪੇਸ਼ ਕੀਤੇ ਅਤੇ ਪਰਖੇ ਹੋਏ ਨਿਰਮਲ ਸਿਧਾਂਤਾਂ ਨੂੰ ਅਪਨਾ ਕੇ ਆਪਣੀ ਜ਼ਿੰਦਗੀ ਨੂੰ ਸਫਲਾ ਕਰਨ। ਪਰ ਜੇ ਇਨ੍ਹਾਂ ਨੇ ਅਜਿਹਾ ਨਾ ਕਰਨ ਲਈ ਸਹੁੰ ਹੀ ਖਾ ਲਈ ਹੋਈ ਹੈ ਤਾਂ ਘੱਟੋ ਘੱਟ ਖਾਲਸਾ ਪੰਥ ਨੂੰ ਤਾਂ ਆਪਣੇ ਰਹਿਬਰਾਂ ਦੇ ਰਾਹ 'ਤੇ ਚਲ ਲੈਣ ਦੇਣ, ਅੜਿੱਕੇ ਨਾ ਬਣਨ।

ਖਾਲਸਤਾਨ ਕੋਈ ਹਊਆ ਨਹੀਂ ਹੈ, ਜਿਵੇਂ ਕਾਮਰੇਡ ਵੀਰ ਅਤੇ ਭਾਰਤ ਦੀ ਬਹੁਗਿਣਤੀ ਸਮਝ ਅਤੇ ਪੇਸ਼ ਕਰ ਰਹੀ ਹੈ। ਖਾਲਸਤਾਨ ਤਾਂ ਗੁਰਮਤਿ ਗਾਡੀ ਰਾਹ ਦੀ ਰਾਜ ਪ੍ਰਣਾਲੀ ਹੈ ਤੇ ਸਿੱਖ ਗੁਰੂ ਸਾਹਿਬਾਨ ਦੇ ਇਲਾਹੀ ਸਿਧਾਂਤਾਂ 'ਚ ਰੰਗੇ ਰਾਜ ਦਾ ਮਾਡਲ ਹੈ, ਬੇਗਮਪੁਰਾ ਹੈ ਤੇ ਇੱਕ ਹਲੇਮੀ ਰਾਜ ਹੈ। ਸਾਨੂੰ ਪੂਰਾ ਯਕੀਨ ਹੈ ਕਿ ਜਦ ਇਸ ਹਲੇਮੀ ਰਾਜ ਦੇ ਦੁਨੀਆਂ ਨੇ ਚੰਗੀ ਤਰ੍ਹਾਂ ਦਰਸ਼ਨ ਕਰ ਲਏ ਤੇ ਸਮਝ ਲਿਆ ਤਾਂ ਸਮੁੱਚੇ ਸੰਸਾਰ ਨੇ ਲੋਕਰਾਜ, ਸਾਮਰਾਜਵਾਦ, ਮਾਰਕਸਵਾਦ, ਪੂੰਜੀਵਾਦ, ਸਮਾਜਵਾਦ ਆਦਿ ਨੂੰ ਛੱਡ ਕੇ ਇਸ ਖਾਲਸਤਾਨਵਾਦ ਅਤੇ ਗੁਰਮਤਿ ਨੂੰ ਅਪਨਾ ਲੈਣਾ ਹੈ। ਇਥੇ ਹਰ ਭਾਈ ਲਾਲੋ ਕਿਰਤੀ ਦਾ ਵਾਰਸ਼ ਪਾਤਿਸ਼ਾਹੀ ਭੋਗੇਗਾ। ਇਸ ਦਾ ਆਧਾਰ ਨਾਮ ਜਪਣਾ ਹੋਵੇਗਾ (ਇਸ ਨੂੰ ਕਾਮਰੇਡ ਵੀਰ ਨਹੀਂ ਸਮਝ ਸਕਣਗੇ), ਸੱਚੀ-ਸੁੱਚੀ ਕਿਰਤ ਕਰਨਾ ਹੋਵੇਗਾ ਤੇ ਉਸ ਕਿਰਤ ਕਮਾਈ ਨੂੰ ਲੋੜਵੰਦਾਂ ਵਿਚ ਵੰਡ ਕੇ ਛਕਿਆ ਜਾਵੇਗਾ। ਉਸ ਨਾਨਕਸ਼ਾਹੀ ਖਾਲਸਤਾਨ ਦਾ ਨਿਸ਼ਾਨਾ ਸਰਬੱਤ ਦਾ ਭਲਾ ਹੋਵੇਗਾ।

ਬੂਟਾ ਸਿੰਘ ਚੰਗੇ ਹੰਢੇ ਹੋਏ ਲੇਖਕ ਅਤੇ ਕਾਮਰੇਡ ਲੱਗਦੇ ਹਨ ਪਰ ਇਨ੍ਹਾਂ ਨੂੰ ਸਿੱਖ ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਸਿੱਖ ਨੌਜੁਆਨਾਂ ਦੇ ਘਾਣ ਦੀ ਗੱਲ ਕਰਨੀ ਬਹੁਤ ਬੇਚੈਨ ਕਰਦੀ ਹੈ। ਜਿਵੇਂ ਭਾਈ ਜਸਵੰਤ ਸਿੰਘ ਖਾਲੜਾ ਹੀ ਕਹਿੰਦੇ ਰਹੇ ਹਨ ਕਿ 'ਸਾਰੇ ਮਸਲਿਆਂ ਵਿਚੋਂ ਮਨੁਖੀ ਅਧਿਕਾਰ ਇੱਕ ਛੋਟਾ ਜਿਹਾ ਵਿਸ਼ਾ ਹੈ ਪਰ ਇਸ ਵਿਚੋਂ ਵੀ ਲਾਵਾਰਸ਼ ਲਾਸ਼ਾਂ ਦਾ ਹੋਰ ਵੀ ਛੋਟਾ ਜਿਹਾ ਵਿਸ਼ਾ ਹੈ। ਸਾਨੂੰ ਇਹ ਛੋਟਾ ਜਿਹਾ ਵਿਸ਼ਾ ਦੇ ਦੇਵੋ।' ਬੂਟਾ ਸਿੰਘ ਜੀ, ਠੀਕ ਹੈ ਕਿ ਭਾਰਤ ਵਿਚ ਜਾਂ ਪੰਜਾਬ ਵਿਚ ਸਾਡੇ ਅੱਗੇ ਹੋਰ ਬਹੁਤ ਉਲਝੇ ਹੋਏ ਵਿਸ਼ੇ ਹਨ, ਸਾਡੇ ਧਿਆਨ ਦੇਣ ਯੋਗ ਜਾਂ ਹੱਲ ਕਰਨ ਯੋਗ। ਅਗਰ ਕੁਝ ਮਨੁੱਖੀ ਅਧਿਕਾਰ ਜਥੇਬੰਦੀਆਂ ਸਿਰਫ ਸਿੱਖਾਂ ਉਪਰ ਹੋ ਰਹੇ ਜ਼ੁਲਮਾਂ ਨੂੰ ਹੀ ਲੈ ਕੇ ਅਗੇ ਆ ਰਹੀਆਂ ਹਨ ਤਾਂ ਇਸ ਵਿਚ ਮਾੜੀ ਅਤੇ ਪ੍ਰੇਸ਼ਾਨ ਹੋਣ ਵਾਲੀ ਕੀ ਗੱਲ ਹੈ? ਫਿਰ ਆਹ ਅਖੌਤੀ ਜਮਹੂਰੀ ਅਧਿਕਾਰ ਸਭਾ ਵਰਗੀਆਂ ਜਥੇਬੰਦੀਆਂ, ਜਿਨ੍ਹਾਂ ਤੋਂ ਤੁਹਾਨੂੰ ਬਹੁਤ ਆਸਾਂ ਹਨ, ਦੀ ਹੁਣ ਤੱਕ ਦੀ ਕਾਰਗੁਜ਼ਾਰੀ ਉਪਰ ਚਾਨਣਾ ਤਾਂ ਪਾਓ! ਇਕੱਲੇ ਸਿੱਖਾਂ ਦੀਆਂ ਛੱਡੋ, ਪੰਜਾਬ ਦੀਆਂ ਛੱਡੋ, ਭਾਰਤ ਦੀਆਂ ਕਿਹੜੀਆਂ-ਕਿਹੜੀਆਂ ਲੋਕ ਮੁਸ਼ਕਲਾਂ ਨੂੰ ਦਲੇਰੀ ਨਾਲ ਇਨ੍ਹਾਂ ਨੇ ਹੱਥ ਪਾਇਆ ਹੈ? ਤੁਹਾਡੇ ਕਹਿਣ ਅਨੁਸਾਰ ਜੇ ਸਿੱਖ ਖਾੜਕੂਆਂ ਨੇ ਕਾਮਰੇਡਾਂ ਨੂੰ ਕਰੜੇ ਹੱਥੀਂ ਲਿਆ ਤਾਂ ਤੁਸੀਂ ਆਪ ਹੀ ਦੱਸੋ ਇਨ੍ਹਾਂ ਕਾਮਰੇਡ ਵੀਰਾਂ ਨੇ ਭਾਰਤ ਦੀ ਫਿਰਕੂ ਕੇਂਦਰੀ ਬਹੁਗਿਣਤੀ ਹਿੰਦੂ ਸਰਕਾਰ ਅਤੇ ਪੰਜਾਬ ਪੁਲਿਸ (ਪੈਸੇ ਅਤੇ ਤਰੱਕੀਆਂ ਦੇ ਭੁੱਖੇ, ਸਭ ਨਹੀਂ, ਗੁਲਾਮਾਂ ਦਾ ਟੋਲਾ) ਦੇ ਸੰਦ ਬਣਨ ਤੋਂ ਬਿਨਾ ਇਨ੍ਹਾਂ ਨੇ ਕੀ ਚੰਗਾ ਕੰਮ ਕੀਤਾ ਹੈ? ਤੁਸੀਂ ਬੜੇ ਸਿਆਣੇ ਲਗਦੇ ਹੋ। ਸਿਰਫ ਇੱਕ ਹੀ ਚੰਗਾ ਕੰਮ ਪੰਜਾਬ ਲਈ ਕੀਤਾ ਦੱਸ ਦੇਵੋ। ਸਾਨੂੰ ਤਾਂ ਹੁਣ ਵੀ ਇਸ ਸਭਾ ਤੋਂ ਪੰਜਾਬ ਦੇ ਭਖਦੇ ਮਸਲਿਆਂ ਲਈ ਕੇਂਦਰ ਖਿਲਾਫ ਸਟੈਂਡ ਲੈਣ ਦੀ ਕੋਈ ਆਸ ਨਹੀਂ ਹੈ। ਹਾਂ, ਰਿਣ ਉਤਾਰ ਯਾਤਰਾ ਵਾਂਗੂ ਇਕ ਖ਼ਬਰ ਜ਼ਰੂਰ ਬਣ ਗਈ ਹੈ। ਜੋ ਤੁਸੀਂ ਸਿੰਗਾਰ ਕੇ ਅਖਬਾਰਾਂ ਵਿਚ ਲੁਆ ਦਿੱਤੀ ਹੈ। ਸੋ, ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਉਹ ਮਸਲੇ ਅਤੇ ਉਨ੍ਹਾਂ ਉਪਰ ਆਪਣੀਆਂ ਨੀਤੀਆਂ ਜਾਹਰ ਕਰੋ ਜਿਨ੍ਹਾਂ 'ਤੇ ਤੁਸੀਂ ਜਾਂ ਤੁਹਾਡਾ ਕਾਮਰੇਡ ਕਾਡਰ ਕੰਮ ਕਰਨਾ ਚਾਹੁੰਦਾ ਹੈ? ਪ੍ਰੈਕਟੀਕਲ ਰੂਪ ਵਿਚ, ਨਾ ਕਿ ਗੱਲੀ-ਬਾਤੀ।

ਭਾਰਤ ਤੋਂ ਬਾਹਰ ਗਦਰੀ ਬਾਬਿਆਂ ਦੇ ਮੇਲਿਆਂ ਦੇ ਬਹਾਨੇ ਸਿੱਖਾਂ ਨੂੰ ਭਾਰਤ ਦੀ ਝੋਲੀ 'ਚ ਪਾਉਣ ਦੀਆਂ ਨੀਵੀਆਂ ਖੇਡਾਂ ਖੇਡੀਆਂ ਜਾ ਰਹੀਆਂ ਨੇ ਹਰ ਰੋਜ਼। ਤੀਆਂ, ਗਿੱਧੇ-ਭੰਗੜੇ ਅਤੇ ਸਭਿਆਚਾਰਕ ਮੇਲਿਆਂ ਦੇ ਬਹਾਨੇ ਗੁਰਮਤਿ ਸਭਿਆਚਾਰ ਪਲੀਤ ਕੀਤਾ ਜਾ ਰਿਹਾ ਹੈ। ਜਿਹੜੇ ਕਾਮਰੇਡ ਧਰਮ ਅਤੇ ਰੱਬ ਵਿਚ ਵਿਸ਼ਵਾਸ ਨਹੀਂ ਰੱਖਦੇ, ਉਹ ਗੁਰਦੁਆਰਿਆਂ ਦੇ ਪ੍ਰਬੰਧਕ ਬਣਨ ਲਈ ਹਰ ਥਾਂ ਤਰਲੋਮੱਛੀ ਹੋ ਰਹੇ ਹਨ।

ਅਸੀਂ ਸਾਰੇ ਜਾਣਦੇ ਹਾਂ ਕਿ 1947 ਵੇਲੇ ਸਿੱਖਾਂ ਨੇ ਹਿੰਦੂ ਲੀਡਰਾਂ ਦੇ ਉਨ੍ਹਾਂ ਨਾਲ ਕੀਤੇ ਵਾਅਦਿਆਂ ਉਪਰ ਭਰੋਸਾ ਕਰਕੇ ਭਾਰਤ ਨਾਲ ਆਪਣੀ ਹੋਣੀ ਜੋੜੀ ਸੀ ਅਤੇ ਇਸੇ ਲਈ ਹੀ 93% ਕੁਰਬਾਨੀਆਂ ਵੀ ਦਿੱਤੀਆਂ ਸਨ। ਅਗੇ ਅਸੀਂ ਸਾਰੇ ਇਹ ਵੀ ਜਾਣਦੇ ਹਾਂ ਕਿ 1947 ਮਗਰੋਂ ਭਾਰਤ ਵਿਚ ਸਿੱਖਾਂ ਨਾਲ ਹਰ ਪੱਖੋਂ ਧੋਖਾ ਹੋਇਆ ਅਤੇ ਇਤਿਹਾਸ ਇਹ ਵੀ ਦਸਦਾ ਹੈ ਕਿ ਇਸੇ ਲਈ ਉਸ ਸਮੇਂ ਸਿੱਖ ਆਗੂਆਂ ਨੇ ਭਾਰਤ ਦੇ ਸੰਵਿਧਾਨ 'ਤੇ ਦਸਤਖਤ ਨਹੀਂ ਸਨ ਕੀਤੇ ਪਰ ਅਫਸੋਸ, ਮਗਰੋਂ ਸਿੱਖ ਆਗੂਆਂ ਨੇ ਆਪਣੇ ਉਸ ਸਟੈਂਡ ਉਪਰ ਪਹਿਰਾ ਨਹੀਂ ਦਿੱਤਾ। ਦਸਤਖਤ ਕਰਨ ਤੋਂ ਇਨਕਾਰ ਵੀ ਕਰ ਦਿੱਤਾ ਅਤੇ ਭਾਰਤ ਦੇ ਕਾਲੇ ਕਾਨੂੰਨਾਂ ਦਾ ਸਾਥ ਵੀ ਦੇਈ ਗਏ। ਅੱਜ ਸਿੱਖਾਂ ਦੀ ਸਾਰੀ ਜਦੋਜਹਿਦ 1947 ਸਮੇਂ ਕੀਤੇ ਵਾਅਦਿਆਂ ਦੁਆਲੇ ਹੀ ਘੁੰਮ ਰਹੀ ਹੈ। ਭਾਵੇਂ ਅਨੰਦਪੁਰ ਸਾਹਿਬ ਦਾ ਮਤਾ ਹੈ, ਭਾਵੇਂ ਅੰਮ੍ਰਿਤਸਰ ਐਲਾਨਨਾਮਾ ਹੈ, ਭਾਵੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਉਭਾਰ, ਭਾਵੇਂ ਸਿੱਖ ਖਾੜਕੂਵਾਦ ਅਤੇ ਭਾਵੇਂ ਖਾਲਸਤਾਨ ਸੀ ਅਤੇ ਹੈ।

ਪੰਜਾਬ ਟਾਈਮਜ਼ ਅੱਜ ਇਸ ਸੋਚ ਦਾ ਅਖਾੜਾ ਬਣ ਚੁੱਕਾ ਹੈ। ਪੰਥ ਦਰਦੀ ਸਿੱਖਾਂ ਦੇ ਸੰਘਰਸ਼ ਨੂੰ ਖੁੰਡਾ ਕਰਨ ਲਈ ਹਰ ਹਫਤੇ ਕੋਈ ਨਾ ਕੋਈ ਭਾਰਤੀ ਪਹਿਲਵਾਨ ਇਸ ਵਿਚ ਨਿੱਤਰਦਾ ਹੈ। ਪੰਥ ਦਰਦੀਆਂ ਦੀਆਂ ਖ਼ਬਰਾਂ ਨੂੰ ਇਹ ਅਗੇ ਪਿਛੇ ਕਰਕੇ ਜਾਂ ਸਮਾਂ ਲੰਘਾ ਕੇ ਲਾਉਂਦਾ ਹੈ ਜਾਂ ਕੱਟ ਵੱਢ ਕੇ ਲਾਉਂਦਾ ਹੈ ਪਰ ਭਾਰਤ ਦੇ ਛਿੰਦੇ ਕਾਮਰੇਡਾਂ ਦੇ ਲੇਖ ਤੇ ਬਿਆਨ ਇਹ ਬਹੁਤ ਚੰਗੀ ਤਰ੍ਹਾਂ 'ਸੰਪਾਦਕੀ ਨੋਟ' ਲਾ ਕੇ ਲਾਉਂਦਾ ਹੈ।

ਸਾਨੂੰ ਇਹ ਇੱਕ ਸੌ ਦਸ ਪ੍ਰਤੀਸ਼ਤ ਯਕੀਨ ਹੈ ਕਿ ਅਖੀਰ ਨੂੰ ਭਾਰਤ ਨੂੰ ਸਿੱਖਾਂ ਨਾਲ ਗੱਲ 1947 ਦੀ ਲਕੀਰ ਤੋਂ ਹੀ ਸ਼ੁਰੂ ਕਰਨੀ ਪਵੇਗੀ।

***(ਬਾਕੀ ਅਗਲੇ ਸਫੇ 'ਤੇ)***

# ਨਿੱਕੀਆਂ ਜਿੰਦਾਂ ਵੱਡੇ ਸਾਕੇ

**ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ‘ਤੇ ਵਿਸ਼ੇਸ਼**

ਮਾਂ ਲਈ ਸਭ ਤੋਂ ਵੱਡੀ ਚੀਜ਼ ਹੈ ਉਸ ਦੀ ਗੋਦੀ ਵਿਚ ਪੁੱਤਰ ਦਾ ਖੇਡਣਾ। ਇਸ ਦਾਤ ਲਈ ਮਾਂਵਾਂ ਲੱਖਾਂ ਜ਼ਫ਼ਰ ਜਾਲਦੀਆਂ ਹਨ। ਧੰਨ ਨੇ ਉਹ ਮਾਂਵਾਂ, ਜਿਹੜੀਆਂ ਆਪਣੇ ਪੁੱਤਰਾਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀ ਪਵਾਉਂਦੀਆਂ ਹਨ, ਹੱਥੀਂ ਆਪਣੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਜੰਗ ਵਿਚ ਤੋਰਦੀਆਂ ਹਨ ਪਰ ਫਿਰ ਵੀ ਅੱਖਾਂ ‘ਚੋਂ ਹੰਝੂ ਨਹੀਂ ਕੇਰਦੀਆਂ। ਧੰਨ ਹੈ ਉਹ ਪਿਤਾ, ਜਿਹੜਾ ਅੱਖਾਂ ਸਾਹਮਣੇ ਆਪਣੇ ਪੁੱਤਰਾਂ ਨੂੰ ਸ਼ਹੀਦ ਹੁੰਦੇ ਵੇਖ ਕੇ ਵੀ ਇਹੋ ਆਖਦਾ ਹੈ,

ਇਨ ਪੁੱਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜ਼ਾਰ।

ਇਹੀ ਹੈ ਇਸ ਸ਼ਹੀਦੀ ਸਾਕੇ ਦੀ ਗਾਥਾ ਜਿਸ ਦਾ ਅੱਖਰ-ਅੱਖਰ ਇਸ ਗੱਲ ਦੀ ਗਵਾਹੀ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**
**ਫੋਨ: 91-98146-99446**

ਭਰਦਾ ਹੈ ਕਿ ਜ਼ੁਲਮ ਸਾਹਮਣੇ ਅਣਖੀ ਲੋਕ ਸੀਸ ਨਹੀਂ ਝੁਕਾਉਂਦੇ। ਇਹ ਵੀ ਇੱਕ ਸੱਚਾਈ ਹੈ ਕਿ ਜਿਹੜੇ ਇਨਸਾਨ ਇਤਿਹਾਸ ਤੋਂ ਕੁੱਝ ਸਿਖਦੇ ਨਹੀਂ ਉਹ ਹੀ ਇਤਿਹਾਸ ਨੂੰ ਦੁਹਰਾਉਣ ਦੇ ਜਿੰਮੇਵਾਰ ਹੁੰਦੇ ਹਨ। ਜਿਵੇਂ ਕਰਬਲਾ ਵਿਚ ਹਜ਼ਰਤ ਅਲੀ ਦੇ ਪੁੱਤਰਾਂ ਹਸਨ, ਹੁਸੈਨ ਨੂੰ ਸਮੇਂ ਦੇ ਹਾਕਮਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ, ਉਸੇ ਤਰ੍ਹਾਂ ਜੇ ਵਜ਼ੀਰ ਖਾਨ ਨੇ ਉਸ ਸਾਕੇ ਤੋਂ ਕੁੱਝ ਸਿੱਖਿਆ ਹੁੰਦਾ ਤਾਂ ਉਹ ਅਜਿਹੀ ਸਥਿਤੀ ਨੂੰ ਦੁਬਾਰਾ ਦੁਹਰਾਉਣ ਦੀ ਜੁਰਅਤ ਨਾ ਕਰਦਾ।

‘ਸਾਕਾ ਸਰਹਿੰਦ’ ਕਿਉਂ ਵਾਪਰਿਆ? ਅਨੰਦਪੁਰ ਸਾਹਿਬ ਦੀ ਲੜਾਈ, ਜੋ ਇਤਿਹਾਸਕਾਰਾਂ ਅਨੁਸਾਰ ਮਈ 1704 ਈ: (ਸੰਮਤ 1761) ਨੂੰ ਸ਼ੁਰੂ ਹੋਈ ਸੀ, ਲਗਾਤਾਰ ਸੱਤ ਮਹੀਨੇ ਚੱਲਦੀ ਰਹੀ। ਕਿਲੇ ਅੰਦਰ ਸਿੰਘਾਂ ਕੋਲ ਰਾਸ਼ਨ ਪਾਣੀ ਮੁੱਕ ਗਿਆ ਅਤੇ ਉਧਰ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਫੌਜਾਂ ਵੀ ਹੋਰ ਬਹੁਤਾ ਚਿਰ ਲੜਨ ਦੇ ਸਮਰੱਥ ਨਹੀਂ ਸਨ। ਇਸ ਕਰਕੇ ਮੁਸਲਮਾਨਾਂ ਨੇ ਕੁਰਾਨ ਦੀਆਂ ਅਤੇ ਪਹਾੜੀ ਰਾਜਿਆਂ ਨੇ ਗਊਆਂ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਜੀ ਕੋਲੋਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰਵਾ ਲਿਆ ਅਤੇ ਕਿਹਾ ਕਿ ਉਹ ਮੁੜ ਕੇ ਵਾਰ ਨਹੀਂ ਕਰਨਗੇ ਪਰ ਗੁਰੂ ਗੋਬਿੰਦ ਸਿੰਘ ਜਾਣਦੇ ਸਨ ਕਿ ਇਹ ਮੱਕਾਰ, ਚਾਲਬਾਜ ਲੋਕ ਕਦੇ ਵੀ ਆਪਣੀ ਆਖੀ ਗੱਲ ਤੋਂ ਮੁਕਰ ਸਕਦੇ ਹਨ। ਮਾਤਾ ਗੁਜਰੀ ਜੀ ਅਤੇ ਕੁੱਝ ਸਿੰਘਾਂ ਦੇ ਕਹਿਣ ’ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਦੇ ਇਲਾਕੇ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ। ਅਜੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਿੱਛੋਂ ਆ ਰਹੀ ਦੁਸ਼ਮਣ ਦੀ ਫੌਜ਼ ਨੇ ਮੁੜ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਇਸ ਸਥਾਨ ’ਤੇ ਲਹੂ ਡੋਲਵੀਂ ਟੱਕਰ ਹੋਈ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ ਗਿਆ। ਇਸੇ ਹੀ ਸਥਾਨ ’ਤੇ ਗੁਰੂ ਜੀ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ, ਵੱਡੇ ਸਾਹਿਬਜ਼ਾਦੇ, ਪਿਤਾ ਗੁਰੂ ਗੋਬਿੰਦ ਸਿੰਘ ਸਮੇਤ ਕੁੱਝ ਸਿੰਘਾਂ ਦੇ ਨਾਲ ਚਮਕੌਰ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਅਤੇ ਬਿਰਧ ਮਾਂ ਗੁਜਰੀ ਜੀ ਇਕੱਲੇ ਰਹਿ ਗਏ। ਪੋਹ ਦੀ ਰੁੱਤ, ਕਹਿਰਾਂ ਦੀ ਸਰਦੀ, ਦੋ ਛੋਟੇ ਛੋਟੇ ਬਾਲ ਦਾਦੀ ਦੀ ਉਂਗਲੀ ਫੜ ਕੇ ਜੰਗਲਾਂ ਵਿਚ ਦੀ ਹੁੰਦੇ ਹੋਏ ਹਨੇਰੇ ਨੂੰ ਚੀਰਦੇ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤੈਅ ਕਰ ਰਹੇ ਸਨ। ਇੰਜ ਤੁਰਦੇ-ਤੁਰਦੇ ਗੰਗੂ ਬ੍ਰਾਹਮਣ, ਜੋ ਕਿ ਗੁਰੂ ਘਰ ਦਾ ਰਸੋਈਆ ਸੀ, ਦੇ ਪਿੰਡ ਸਹੇੜੀ ਜਾ ਪਹੁੰਚੇ। ਉਹ ਬੱਚਿਆਂ ਅਤੇ ਦਾਦੀ ਨੂੰ ਆਪਣੇ ਘਰੇ ਲੈ ਗਿਆ। ਦਾਦੀ ਕੋਲ ਕੁੱਝ ਗਹਿਣੇ ਅਤੇ ਕੁੱਝ ਪੈਸੇ ਜੋ ਕਿ ਇੱਕ ਪੋਟਲੀ ਵਿਚ ਪਾਏ ਹੋਏ ਸਨ। ਬੱਸ ਇਨ੍ਹਾਂ ਗਹਿਣਿਆਂ ਅਤੇ ਹੀਰਿਆਂ ਦੀ ਚਮਕ ਨੇ ਉਸ ਨੂੰ ਅੰਨ੍ਹਾ ਕਰ ਦਿੱਤਾ ਅਤੇ ਉਹ ਇਨ੍ਹਾਂ ਕੀਮਤੀ ਵਸਤਾਂ ਨੂੰ ਹਾਸਿਲ ਕਰਨ ਲਈ ਹੀਰਿਆਂ ਤੋਂ ਵੀ ਸੋਹਣੇ ਛੋਟੇ ਬੱਚਿਆਂ ਦੀ ਸ਼ਹੀਦੀ ਦਾ ਕਾਰਨ ਬਣਿਆ। ਭਾਵੇਂ ਉਹ ਗੁਰੂ ਘਰ ਦਾ ਰਸੋਈਆ ਸੀ ਪਰ ਸ਼ਾਇਦ ਉਸ ਕੋਲੋਂ ਗੁਰੂ ਦੁਆਰਾ ਸਾਜਿਆ ਖਾਲਸਾ, ਜੋ ਨੀਚਾਂ ਨੂੰ ਊਚ ਬਣਾਉਂਦਾ ਸੀ, ਜਿਸ ਨੇ ਚਿਰਾਂ ਤੋਂ ਚੱਲੀ ਆ ਰਹੀ ਬ੍ਰਾਹਮਣਵਾਦ ਦੀ ਰੀਤ ਨੂੰ ਭਸਮ ਕਰ ਦਿੱਤਾ ਸੀ, ਨਾ ਜਰਿਆ ਗਿਆ ਹੋਵੇ ਅਤੇ ਉਸ ਦੇ ਪਾਪੀ ਮਨ ਨੇ ਅਜਿਹਾ ਮੌਕਾ ਗੁਆਉਣਾ ਉਸ ਨੇ ਮੁਨਾਸਿਬ ਨਾ ਸਮਝਿਆ ਹੋਵੇ।

ਸਹੇੜੀ ਦੇ ਚੌਧਰੀ ਅਤੇ ਗੰਗੂ ਨੇ ਇਸ ਗੱਲ ਦੀ ਇਤਲਾਹ ਮੋਰਿੰਡੇ ਦੇ ਰੰਘੜ ਕੋਲ ਕੀਤੀ, ਕਿਉਂਕਿ ਉਹ ਚਾਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਅਤੇ ਮਾਤਾ ਨੂੰ ਵਜ਼ੀਰ ਖਾਨ ਕੋਲ ਫੜਾ ਕੇ ਉਹ ਬਹੁਤ ਵੱਡਾ ਇਨਾਮ ਹਾਸਲ ਕਰ ਲੈਣ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਅਤੇ ਦਾਦੀ ਮਾਤਾ ਗੁਜਰੀ ਨੂੰ ਇੱਕ ਰਾਤ ਠੰਡੇ ਬੁਰਜ ਵਿਚ ਰੱਖਿਆ ਗਿਆ, ਉਹ ਬੁਰਜ ਜਿਸ ਨੂੰ ਸਿੱਖ ਇਤਿਹਾਸ ਵਿਚ ‘ਚੰਡਾਲ ਬੁਰਜ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਦੇ ਚਾਰ ਥੰਮ ਸਨ, ਨਾ ਉਪਰ ਕੋਈ ਛੱਤ ਸੀ, ਲੋਹੇ ਦੇ ਸਰੀਏ ਵਾਲੇ ਵੱਡੇ ਵੱਡੇ ਦਰਵਾਜ਼ੇ ਸਨ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ ਪਰ ਸਿਦਕ ਦੇ ਪੱਕੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਮਖ਼ਮਲਾਂ ’ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਲੇ ਅੱਜ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਇਹ ਬਾਤਾਂ ਕੋਈ ਕਲਪਨਾਵਾਂ ਨਹੀਂ ਸਨ, ਸਗੋਂ ਸੱਚ ਦੇ ਰਾਹ ’ਤੇ ਤੁਰੇ ਪਾਂਧੀਆਂ ਨੂੰ ਰਸਤੇ ਵਿਚ ਆਉਣ ਵਾਲੀਆਂ ਔਕੜਾਂ ਨੂੰ ਖਿੜੇ ਮੱਥੇ ਸਹਿਣ ਕਰਨ ਦਾ ਉਪਦੇਸ਼ ਦਿੰਦੀਆਂ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਓ ਭਾਵੇਂ ਤੁਹਾਡਾ ਸੀਸ ਕੱਟ ਜਾਵੇ। ਦਾਦੀ ਮਾਂ ਦੀਆਂ ਨਸੀਹਤਾਂ ਤੇ ਫੁੱਲ ਚੜ੍ਹਾਉਂਦਿਆਂ ਬੱਚਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ। 24 ਦਸੰਬਰ 1704 ਈ: ਦਾ ਦਿਨ ਚੜ੍ਹਿਆ, ਠੰਡੇ ਬੁਰਜ ਵਿਚੋਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਸਿਪਾਹੀ ਆਏ। ਇਸ ਸਥਿਤੀ ਦਾ ਵਰਣਨ ਅੱਲਾ ਯਾਰ ਖਾਂ ਜੋਗੀ ‘ਸ਼ਹੀਦਾਨਿ ਵਫ਼ਾ’ ਵਿਚ ਇਸ ਤਰ੍ਹਾਂ ਕਰਦਾ ਹੈ,

ਜਾਨੇ ਸੇ ਪਹਿਲੇ ਆਓ
ਗਲੇ ਸੇ ਲਗਾ ਤੋ ਲੂੰ,
ਕੇਸੋਂ ਕੋ ਕੰਘੀ ਕਰੂੰ
ਜਰਾ ਧੂਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀ ਸੀ
ਕਲਗੀ ਸਜਾ ਤੋ ਲੂੰ,
ਮਰਨੇ ਸੇ ਪਹਿਲੇ ਤੁਮ ਕੋ
ਦੁਲਹਾ ਬਨਾ ਤੋ ਲੂੰ।

ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਸੂਰਮਿਆਂ ਨੇ ਕਚਹਿਰੀ ਵਿਚ ਖਲੋ ਕੇ ਗੱਜ ਕੇ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ’ ਬੁਲਾਈ। ਇਹ ਦੇਖ ਕੇ ਸੂਬਾ ਕੰਬ ਉਠਿਆ। ਕਹਿੰਦੇ ਹਨ ਜਿਸ ਦਰਵਾਜ਼ੇ ਰਾਹੀਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲਿਆਂਦਾ ਗਿਆ, ਉਹ ਬਹੁਤ ਨੀਵਾਂ ਸੀ ਤਾਂ ਕਿ ਜਦੋਂ ਉਹ ਅੰਦਰ ਵੜਨ ਤਾਂ ਉਨ੍ਹਾਂ ਦੀ ਨੀਵੀਂ ਪੈ ਜਾਵੇ ਪਰ ਅਣਖ ਨਾਲ ਜਿਉਣ ਵਾਲੇ ਸੂਰਮਿਆਂ ਦੀ ਧੌਣ ਕਾਇਰਾਂ ਸਾਹਮਣੇ ਨਹੀਂ ਝੁਕ ਸਕਦੀ।

ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲ੍ਹਾਉਣ ਦੇ ਲੱਖਾਂ ਯਤਨ ਕੀਤੇ। ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਮੋਰਿੰਡੇ ਦੇ ਇੱਕ ਅਹਿਲਕਾਰ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਤੁਹਾਡੇ ਪਿਤਾ ਜੀ ਅਤੇ ਭਰਾ ਚਮਕੌਰ ਦੀ ਜੰਗ ਵਿਚ ਮਾਰੇ ਗਏ ਹਨ ਸੋ ਤੁਹਾਡਾ ਕੋਈ ਆਸਰਾ ਨਹੀਂ ਰਿਹਾ। ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਵਜ਼ੀਰ ਖਾਨ ਤੁਹਾਡੀ ਰੱਖਿਆ ਕਰ ਸਕਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ,

ਸਾਹਿਬਜ਼ਾਦਿਓ ਪਿਤਾ ਤੁਹਾਰਾ॥
ਗਢ ਚਮਕੌਰ ਘੇਰ ਗਹਿ ਮਾਰਾ॥
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ॥
ਸੰਗੀ ਸਿੰਘ ਸਕਲ ਸੋ ਮਾਰੇ॥

ਅੱਗੋਂ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ,

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ॥
ਜਗ ਮਹਿ ਕੌਨ ਸਕੇ ਤਿੰਹ ਮਾਰਾ॥
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ॥
ਕੌਨ ਅੰਧੇਰੀ ਕੋ ਨਿਰਵਾਰਹਿ॥

ਸੂਬੇ ਦੀ ਗੱਲ ਸੁਣ ਕੇ ਸਾਹਿਬਜ਼ਾਦਿਆਂ ਨੇ ਜੁਆਬ ਦਿੱਤਾ ਕਿ ਸਾਨੂੰ ਤਾਂ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ, ਹੋਰ ਕਿਸੇ ਆਸਰੇ ਦੀ ਲੋੜ



ਨਹੀਂ। ਸਾਹਿਬਜ਼ਾਦਿਆਂ ਨੇ ਨਿਡਰ ਹੋ ਕੇ ਕਿਹਾ ਕਿ ਵਜ਼ੀਰ ਖਾਨ ਸੂਰਜ ਪੂਰਬ ਨੂੰ ਛੱਡ ਕੇ ਪੱਛਮ ‘ਚੋਂ ਨਿਕਲ ਸਕਦਾ ਹੈ, ਮੱਛੀਆਂ ਪਾਣੀ ਤੋਂ ਬਿਨਾਂ ਜਿੰਦਾ ਰਹਿ ਸਕਦੀਆਂ ਪਰ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਝੁਕ ਨਹੀਂ ਸਕਦੇ। ਸੂਬੇ ਨੂੰ ਜਦ ਕੋਈ ਗੱਲ ਰਾਹ ਪੈਂਦੀ ਨਾ ਦਿਸੀ ਤਾਂ ਉਹਨੇ ਸਾਹਿਬਜ਼ਾਦਿਆਂ ਨੂੰ ਇੱਕ ਰਾਤ ਹੋਰ ਠੰਡੇ ਬੁਰਜ ਵਿਚ ਰੱਖਣ ਦਾ ਹੁਕਮ ਕੀਤਾ। ਭੁੱਖੇ ਤਿਹਾਏ ਛੋਟੇ ਬੱਚੇ ਦੂਜੇ ਦਿਨ ਬੁਰਜ ਦੀ ਤਸੀਹਿਆਂ ਭਰੀ ਰਾਤ ਪਲ-ਪਲ ਕਰਕੇ ਗੁਜ਼ਾਰ ਰਹੇ ਸਨ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਬਾਬਾ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਕਿਸੇ ਪਹਿਰੇਦਾਰ ਨੇ ਬਾਬਾ ਜੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮੋਹਰਾਂ ਅਤੇ ਪੈਸੇ ਵੀ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਮੋਤੀ ਮਹਿਰੇ ਦਾ ਧੰਨਵਾਦ ਕੀਤਾ,

ਪਿਖ ਕੇ ਪ੍ਰੇਮ ਸੂ ਮੋਤੀ ਕੇਰਾ,
ਮਾਤਾ ਕਹਯੋ ਭਲਾ ਹੋਵੈ ਤੇਰਾ॥

ਸਾਹਿਬਜ਼ਾਦਿਆਂ ਦੀ ਦੂਸਰੀ ਪੇਸ਼ੀ 25 ਦਸੰਬਰ 1704 ਈ. ਨੂੰ ਹੋਈ। ਜਦੋਂ ਸਿਪਾਹੀ ਬੱਚਿਆਂ ਨੂੰ ਲੈਣ ਆਏ ਤਾਂ ਦਾਦੀ ਮਾਂ ਨੇ ਲਾਲ ਦੇ ਲਾਲਾਂ ਦੇ ਮੁੱਖ ਚੁੰਮੇ ਅਤੇ ਉਨ੍ਹਾਂ ਨੂੰ ਸਿਦਕ ਦੇ ਪੱਕੇ ਰਹਿਣ ਦੀ ਪ੍ਰੇਰਨਾ ਦਿੱਤੀ। ਸਾਹਿਬਜ਼ਾਦਿਆਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫਤਿਹ ਬੁਲਾਈ। ਸੂਬੇ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਵਜ਼ੀਰ ਖਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਤਾਂ ਜਵਾਬ ਸੀ ਕਿ ਉਹ ਆਪਣੇ ਪਿਤਾ ਜੀ ਵਾਂਗ ਇੱਕ ਸ਼ੇਰਾਂ ਦੀ ਫੌਜ਼ ਤਿਆਰ ਕਰਨਗੇ ਅਤੇ ਤੇਰੇ ਵਰਗੇ ਗਿੱਦੜਾਂ ਦੇ ਤਖ਼ਤ ਤਾਜ਼ ਹਿਲਾ ਕੇ ਰੱਖ ਦੇਣਗੇ। ਸੂਬੇ ਨੇ ਆਪਣੀ ਹਾਰ ਨੂੰ ਛੁਪਾਉਣ ਲਈ ਕਾਜ਼ੀ ਕੋਲੋਂ ਫ਼ਤਵਾ ਲਵਾਇਆ, ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਉਂਦਿਆਂ ਨੂੰ ਨੀਂਹਾਂ ਵਿਚ ਚਿਣ ਦੇਣਾ ਚਾਹੀਦਾ ਹੈ।

ਇਹ ਉਹ ਕੁਲਹਿਣੀ ਘੜੀ ਸੀ ਜਿਸ ਨੂੰ ਸੁਣ ਕੇ ਧਰਤੀ ਕੰਬੀ, ਅਸਮਾਨ ਡੋਲਿਆ, ਪੱਥਰ ਪਿਘਲ ਗਏ ਅਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਰਸ਼ਾਂ ‘ਚੋਂ ਖੂਨ ਦੇ ਅੱਥਰੂ ਵਹਾਏ। ਜਿਸ ਸਮੇਂ ਇਹ ਫੈਸਲਾ ਸੁਣਾਇਆ ਗਿਆ, ਉਸ ਵੇਲੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਵੀ ਉਥੇ ਮੌਜੂਦ ਸੀ। ਉਹ ਉਠ ਖਲੋਤਾ, ਉਹਨੇ ‘ਹਾਅ ਦਾ ਨਾਅਰਾ’ ਮਾਰਿਆ, ਵਜ਼ੀਰ ਖਾਨ ਬੱਚਿਆਂ ਉਤੇ ਜ਼ੁਲਮ ਕਰਨਾ ਬਹੁਤ ਵੱਡਾ ਪਾਪ ਹੈ, ਇਸਲਾਮ ਇਸ ਪਾਪ ਦੀ ਮਨਜ਼ੂਰੀ ਨਹੀਂ ਦਿੰਦਾ। ਇਸ ਹਾਅ ਦੇ ਨਾਅਰੇ ਨੂੰ ਸੁਣ ਕੇ ਵਜ਼ੀਰ ਖਾਨ ਦਾ ਮਨ ਕੁੱਝ ਬਦਲਿਆ ਪਰ ਕੋਲ ਬੈਠੇ ਸੁੱਚਾ ਨੰਦ ਨੇ ਭਾਨੀ ਮਾਰਦਿਆਂ ਕਿਹਾ, “ਵਜ਼ੀਰ ਖਾਨ ਇਨ੍ਹਾਂ ਬੱਚਿਆਂ ਨੂੰ ਜਿਉਂਦੇ ਛੱਡ ਕੇ ਤੂੰ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ ਕਿਉਂਕਿ ਦੁਸ਼ਮਣ ਨੂੰ ਅਤੇ ਸੱਪ ਨੂੰ ਭੁੱਲ ਜਾਣਾ ਬਹੁਤ ਵੱਡੀ ਗਲਤੀ ਹੈ।” ਬੱਸ ਫਿਰ ਕੀ ਸੀ ਉਹ ਅੰਤਿਮ ਘੜੀ ਆ ਗਈ। ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਨੂੰ ਨੀਹਾਂ ਵਿਚ ਚਿਣਨਾ ਸ਼ੁਰੂ ਕਰ ਦਿੱਤਾ ਗਿਆ। ਅਜੇ ਕੰਧ ਛਾਤੀ ਤੱਕ ਪਹੁੰਚੀ ਸੀ ਕਿ ਇੱਟਾਂ ਦਾ ਇਹ ਢਾਂਚਾ ਧੜੰਮ ਕਰਕੇ ਡਿੱਗ ਪਿਆ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਹੀ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਹ ਮੁੜ ਹੋਸ਼ ਵਿਚ ਆ ਗਏ।

ਕੁੱਝ ਇਤਿਹਾਸਕਾਰਾਂ ਅਨੁਸਾਰ ਤੀਜੀ ਪੇਸ਼ੀ 26 ਦਸੰਬਰ ਨੂੰ ਅਤੇ ਕੁੱਝ ਮੁਤਾਬਿਕ 27 ਦਸੰਬਰ 1704 ਈ. ਨੂੰ ਹੋਈ। ਇਸਲਾਮ ਕਬੂਲ ਕਰਨ ਦੀ ਰਟ ਮੁੜ ਦੁਹਰਾਈ ਗਈ ਪਰ ਸਾਹਿਬਜ਼ਾਦਿਆਂ ਨੇ ਸਿਦਕ ਦੇ ਪੱਕੇ ਰਹਿਣ ਦਾ ਪ੍ਰਣ ਦੁਹਰਾਇਆ ਅਤੇ ਸੂਬੇ ਨੇ ਆਪਣਾ ਆਖਰੀ ਫੈਸਲਾ ਸੁਣਾ ਦਿੱਤਾ, “ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ।” ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਉਹ ਕਿਹੜੀ ਅੱਖ ਸੀ ਜਿਹੜੀ ਇਸ ਗੱਲ ਨੂੰ ਦੇਖ-ਸੁਣ ਕੇ ਨਾ ਰੋਈ ਹੋਵੇ। ਇਸ ਤੱਥ ਦੀ ਪੁਸ਼ਟੀ ‘ਪੰਥ ਪ੍ਰਕਾਸ਼’ ਦੇ ਕਰਤਾ ਗਿਆਨੀ ਗਿਆਨ ਸਿੰਘ ਕਰਦਿਆਂ ਲਿਖਦੇ ਹਨ,

ਸ਼ਾਸ਼ਲ ਬੇਗ ਅਰ ਬਾਸ਼ਲ ਬੇਗ।
ਉਭੈ ਜਲਾਦਨ ਖਿਚ ਕੈ ਤੇਗ।
ਤਿਸਹੀ ਠਉਰ ਖਰਿਓ ਕੈ ਸੀਸ।
ਤੁਰਤ ਉਤਾਰੇ ਦੁਸ਼ਟੈਂ ਰੀਸ।
ਤੇਰਾਂ ਪੋਹ ਥਾ ਮੰਗਲਵਾਰ।
ਮਚਿਓ ਸ਼ਹਿਰ ਮੇਂ ਹਾਹਾਕਾਰ।

ਇਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸਪਸ਼ਟ ਹੈ ਕਿ ਸਾਹਿਬਜ਼ਾਦਿਆਂ ਦੀ ਮੌਤ ਨੀਹਾਂ ਵਿਚ ਦਮ ਘੁੱਟਣ ਕਰਕੇ ਨਹੀਂ ਹੋਈ ਸਗੋਂ ਉਨ੍ਹਾਂ ਦੇ ਸਿਰ ਕਲਮ ਕੀਤੇ ਗਏ। ਇਸ ਦੁਖ਼ਦਾਈ ਖ਼ਬਰ ਦਾ ਪਤਾ ਜਦੋਂ ਮਾਤਾ ਗੁਜਰੀ ਜੀ ਨੂੰ ਲੱਗਿਆ ਤਾਂ ਉਨ੍ਹਾਂ ਤੋਂ ਇਹ ਸਦਮਾ ਬਰਦਾਸ਼ਤ ਨਹੀਂ ਹੋਇਆ ਤੇ ਉਹ ਵੀ ਜੋਤੀ ਜੋਤ ਸਮਾ ਗਏ। ਇਹ ਧਾਰਨਾਂ ਬਿਲਕੁਲ ਗਲਤ ਹੈ ਕਿ ਮਾਤਾ ਗੁਜਰੀ ਜੀ ਨੇ ਬੁਰਜ਼ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਕਿਉਂਕਿ ਉਹ ਔਰਤ ਜੋ ਆਪਣੇ ਪਤੀ ਦੇ ਦੇਸ਼ ਕੌਮ ਤੋਂ ਕੁਰਬਾਨ ਹੋਣ ਵੇਲੇ ਨਹੀਂ ਡੋਲੀ ਅਤੇ ਜਿਸ ਨੇ ਆਪਣੇ ਪੋਤਿਆਂ ਨੂੰ ਹੱਥੀਂ ਸ਼ਹੀਦ ਹੋਣ ਲਈ ਤੋਰਿਆ, ਉਹ ਐਨੀ ਬੁਜ਼ਦਿਲ ਨਹੀਂ ਹੋ ਸਕਦੀ ਕਿ ਬੁਰਜ ਤੋਂ ਛਾਲ ਮਾਰ ਕੇ ਆਤਮ ਹੱਤਿਆ ਕਰ ਲਵੇ। ਦੂਸਰਾ, ਸਿੱਖ ਧਰਮ ਵਿਚ ਆਤਮ ਹੱਤਿਆ ਕਰਨਾ ਵਰਜਿਤ ਹੈ। ਇਥੇ ਹੀ ਬੱਸ ਨਹੀਂ ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ ਗਿਆ ਸੀ। ਪਰ ਇਹ ਗੱਲਾਂ ਇਤਿਹਾਸਕ ਪੱਖ ਤੇ ਖਰੀਆਂ ਨਹੀਂ ਉਤਰਦੀਆਂ। ਮਾਤਾ ਜੀ ਬਿਰਧ ਅਵਸਥਾ ਵਿਚ ਸਨ। ਤਿੰਨ-ਚਾਰ ਦਿਨਾਂ ਤੋਂ ਭੁੱਖਣ-ਭਾਣੇ ਠੰਢੇ ਬੁਰਜ ਵਿਚ ਕੈਦ ਸਨ। ਪੋਹ ਦੀ ਠੰਢੀ ਹਵਾ ਅਤੇ ਭੁੱਖ ਨੇ ਹੀ ਸਰੀਰ ਕਾਫ਼ੀ ਕਮਜ਼ੋਰ ਕਰ ਦਿੱਤਾ ਸੀ ਤੇ ਇਸੇ ਤਰ੍ਹਾਂ ਉਹ ਵੀ ਆਪਣਾ ਸਰੀਰ ਤਿਆਗ ਗਏ।

ਟੋਡਰ ਮੱਲ ਖੱਤਰੀ ਨੇ ਮੋਹਰਾਂ ਵਿਛਾ ਕੇ ਜ਼ਮੀਨ ਖਰੀਦੀ ਅਤੇ ਤਿੰਨਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਸੰਮਤ 1761 ਨੂੰ ਵਾਪਰਿਆ। ਭਾਵੇਂ ਵਜ਼ੀਰ ਖਾਨ ਨੇ ਦੋ ਚਮਕਦੇ ਹੀਰਿਆਂ ਨੂੰ ਬਿਨਾਂ ਕਸੂਰੋਂ ਮਿੱਟੀ ਵਿਚ ਰੋਲ ਦਿੱਤਾ ਪਰ ਉਹ ਸੂਰਮੇ ਤਾਂ ਅਮਰ ਹਨ। ਉਨ੍ਹਾਂ ਦੀ ਸ਼ਹੀਦੀ ਨੇ ਬੰਦੇ ਵਰਗੇ ਵੈਰਾਗੀ ਸਾਧੂਆਂ ਦੇ ਮਨ ‘ਤੇ ਅਜਿਹਾ ਅਸਰ ਕੀਤਾ ਕਿ ਜਿਹੜੇ ਡੇਰੇ ਦੇ ਆਲੇ ਦੁਆਲੇ ਖ਼ੂਨ ਦਾ ਛਿੱਟਾ ਡੁਲ੍ਹਿਆ ਵੀ ਬਰਦਾਸ਼ਤ ਨਹੀਂ ਸਨ ਕਰਦੇ, ਐਨੇ ਡੁੱਲ੍ਹੇ ਖ਼ੂਨ ਨੂੰ ਦੇਖ ਕੇ ਪਾਪੀ ਕੋਲੋਂ ਬਦਲਾ ਲੈਣ ਦੀ ਪੱਕੀ ਧਾਰ ਗਏ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

## ਖਾਲਸਾ ਪੰਥ ਦੀ ਪਾਤਿਸ਼ਾਹੀ ਰੋਲਣ ਲਈ?

*(ਸਫਾ 25 ਦੀ ਬਾਕੀ)*

ਇਹ ਭਾਵੇਂ ਅੱਜ ਕਰ ਲਵੇ ਭਾਵੇਂ ਹੋਰ 50 ਸਾਲਾਂ ਨੂੰ। ਭਾਵੇਂ ਹੋਰ ਦਸ ਲੱਖ ਸਿੱਖ ਮਾਰ ਕੇ ਕਰ ਲਵੇ। ਰਹੀ ਗੱਲ ਕਾਮਰੇਡਾਂ ਦੀ, ਗੁਰੂ ਨਾਨਕ ਦੇ ਫਲਸਫੇ ਅਗੇ ਇਸ ਫ਼ਲਸਫੇ ਦੀ ਬਹੁਤ ਕਮਜੋਰ ਜਿਹੀ, ਥੱਕੀ ਜਿਹੀ, ਨਿਤਾਣੀ ਜਿਹੀ, ਹੰਭੀ ਜਿਹੀ ਅਤੇ ਮੁਰਦਾ ਜਿਹੀ ਥਾਂ ਹੈ। ਸ. ਅਜਮੇਰ ਸਿੰਘ ਅਤੇ ਸ. ਰਾਜਵਿੰਦਰ ਸਿੰਘ ਰਾਹੀ ਇਹ ਸਮਝ ਗਏ ਹਨ। ਵੀਰ ਬਰਸਟ, ਬੂਟਾ ਸਿੰਘ, ਅਮੋਲਕ ਸਿੰਘ, ਅਮਰਜੀਤ ਸਿੰਘ ਪਰਾਗ, ਡਾ. ਪ੍ਰੇਮ ਸਿੰਘ, ਅਭੈ ਸਿੰਘ ਅਤੇ ਹੋਰ ਸਾਰੇ ਭਾਰਤ ਦੇ ਪਿਆਰੇ ਅਤੇ ਛਿੰਦੇ ਕਾਮਰੇਡ ਵੀਰ ਆਪਣੀਆਂ ਪੀਲੀਆਂ ਕਲਮਾਂ ਘਸਾ-ਘਸਾ ਕੇ ‘ਓੜਕ ਸੱਚ ਰਹੀ’ ’ਤੇ ਆ ਕੇ ‘ਸੈਦ ਖਾਨ ਦੀ ਤਲਵਾਰ’ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਰੱਖ ਦੇਣਗੇ। ਇਹ ਸਾਨੂੰ ਪੱਕਾ ਵਿਸ਼ਵਾਸ ਹੈ।

ਲਿਖਣਵਾਲਾ ਤਾਂ ਹੋਰ ਵੀ ਬਹੁਤ ਹੈ, ਫਿਰ ਸਹੀ। ਆਪਣੇ ਪੰਥ ਦੀ ਸੇਵਾ ਕਰਦਿਆਂ ਕਿਸੇ ਪੰਥ ਦੋਖੀ ਦਾ ਬੇਚੈਨ ਦਿਲ ਦੁੱਖ ਗਿਆ ਹੋਵੇ ਤਾਂ ਆਪਣਾ ਹਮਦਰਦ ਸਮਝ ਕੇ ਮਾਫ ਕਰ ਦੇਣਾ ਜੀ।

*-ਕਰਨੈਲ ਸਿੰਘ ਖਾਲਸਾ*
*ਫੋਨ: 510-557-9168*

## ਅਣਜਾਣ ਰਿਸ਼ਤਾ

ਬਰਸਾਤ ਦੇ ਦਿਨ ਸਨ। ਬਾਹਰ ਜੋਰ ਨਾਲ ਮੀਂਹ ਪੈ ਰਿਹਾ ਸੀ। ਬਲਦੇਵ ਸਿੰਘ ਅੱਜ ਤਬੀਅਤ ਖਰਾਬ ਹੋਣ ਕਰਕੇ ਫੈਕਟਰੀ ਨਹੀਂ ਗਿਆ ਸੀ। ਉਹ ਫੈਕਟਰੀ ਵਿਚ ਸੁਪਰਵਾਈਜ਼ਰ ਸੀ। ਉਸ ਚਾਹ ਦਾ ਕੱਪ ਲਿਆ ਅਤੇ ਟੀ ਵੀ ਦੇ ਸਾਹਮਣੇ ਬਹਿ ਖਬਰਾਂ ਦੇਖਣ ਲੱਗਾ। ਟੀ ਵੀ ‘ਤੇ ਇਕ ਬੱਸ ਹਾਦਸੇ ਦੀ ਖਬਰ ਆਉਣ ਲੱਗੀ। ਕਿੰਨੇ ਹੀ ਲੋਕ ਇਸ ਹਾਦਸੇ ਵਿਚ ਮਾਰੇ ਗਏ ਸਨ ਤੇ ਬਹੁਤ ਸਾਰੇ ਜ਼ਖਮੀ ਹੋਏ ਸਨ। ਬਲਦੇਵ ਸਿੰਘ ਦੀਆਂ ਅੱਖਾਂ ਵਿਚ ਇਕ ਦਮ ਨਮੀ ਆ ਗਈ। ਇਹ ਉਹੋ ਹੀ ਬਸ ਸੀ ਜਿਸ ਵਿਚ ਬੈਠ ਕੇ ਉਹ ਰੋਜ਼ ਕੰਮ ‘ਤੇ ਜਾਂਦਾ ਸੀ। ਪਲ ਦੀ ਪਲ ਸੋਚ ਆਈ, ਜੇ ਮੈਂ ਅੱਜ ਛੁੱਟੀ ਨਾ ਕੀਤੀ ਹੁੰਦੀ ਤਾਂ ਮੈਂ ਵੀ ਜ਼ਖਮੀਆਂ ਜਾਂ ਮ੍ਰਿਤਕਾਂ ਵਿਚ ਹੁੰਦਾ।

ਅਚਾਨਕ ਬਲਦੇਵ ਸਿੰਘ ਦੇ ਮਨ ਵਿਚ ਕੋਈ ਸੋਚ ਆਈ। ਉਸ ਆਪਣਾ ਸਕੂਟਰ ਚੁੱਕਿਆ ਅਤੇ ਹਾਦਸੇ ਵਾਲੀ ਜਗ੍ਹਾ ਵਲ ਨੂੰ ਤੁਰ ਪਿਆ। ਹਾਦਸੇ ਵਾਲੀ ਥਾਂ ਲਾਸ਼ਾਂ ਬਿਖਰੀਆਂ ਹੋਈਆਂ ਸਨ ਅਤੇ ਜ਼ਖਮੀਆਂ ਦਾ ਚੀਖ-ਚਿਹਾੜਾ ਪਿਆ ਹੋਇਆ ਸੀ। ਪੁਲਿਸ ਮੁਲਾਜ਼ਮ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਵਿਚ ਮਦਦ ਕਰ ਰਹੇ ਸਨ। ਇਕ ਮੁਸਾਫਰ ਦੀ ਲਾਸ਼ ਦੇਖ ਕੇ ਬਲਦੇਵ ਸਿੰਘ ਦਾ ਇਕ ਦਮ ਉਚੀ ਉਚੀ ਰੋਣ ਨਿੱਕਲ ਗਿਆ। ਲਾਸ਼ ਬਣਿਆ ਮੁੰਡਾ ਕੋਈ ਪੱਚੀਆਂ ਕੁ ਸਾਲਾਂ ਦਾ ਸੀ। ਕੋਲ ਖੜ੍ਹੇ ਕੁਝ ਲੋਕਾਂ ਨੇ ਉਸ ਨੂੰ ਪੁਛਿਆ ਕਿ ਇਹ ਮੁੰਡਾ ਉਸ ਦਾ ਕੋਈ ਸਕਾ ਸਬੰਧੀ ਸੀ। ਪਲ ਦੀ ਪਲ ਬਲਦੇਵ ਸਿੰਘ ਨੂੰ ਕੁਝ ਨਾ ਸੁੱਝਿਆ ਤੇ ਫਿਰ ਉਸ ਦੇ ਮੂੰਹੋਂ ਹਾਂ ਨਿੱਕਲ ਗਈ। ਲੋਕ ਉਸ ਨੂੰ ਹੌਸਲਾ ਦੇਣ ਲੱਗੇ।

ਫਿਰ ਬਲਦੇਵ ਸਿੰਘ ਸੋਚਣ ਲੱਗਾ, ਕੀ ਸੀ ਰਿਸ਼ਤਾ ਉਸ ਦਾ ਇਸ ਮੁੰਡੇ ਨਾਲ? ਉਸ ਨੂੰ ਤਾਂ ਉਸ ਦਾ ਨਾਂ ਵੀ ਪਤਾ ਨਹੀਂ ਸੀ। ਗੱਲ ਸਿਰਫ ਇੰਨੀ ਸੀ ਕਿ ਉਹ ਹਰ ਰੋਜ਼ ਇਸੇ ਬੱਸੇ ਇਕੱਠੇ ਜਾਇਆ ਕਰਦੇ ਸਨ। ਬਲਦੇਵ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਹ ਮੁੰਡਾ ਕਿਤੇ ਕੰਮ ਕਰਦਾ ਹੈ ਜਾਂ ਕਿਤੇ ਪੜ੍ਹਨ ਜਾਂਦਾ ਹੈ? ਬਸ ਰੋਜ਼ ਇਕ ਦੂਜੇ ਨੂੰ ਮਿਲਦੇ ਅਤੇ ਇਕ ਦੂਜੇ ਨਾਲ ਮੁਸਕਾਣ ਵਟਾਉਂਦੇ। ਬਲਦੇਵ ਸਿੰਘ ਨੂੰ ਉਹ ਮੁੰਡਾ ਹਮੇਸ਼ਾ ਆਪਣਾ ਆਪਣਾ ਲੱਗਦਾ। ਬਲਦੇਵ ਸਿੰਘ ਫਿਰ ਸੋਚਣ ਲੱਗਾ, ਕੀ ਸੀ ਰਿਸ਼ਤਾ ਉਸ ਦਾ ਇਸ ਮੁੰਡੇ ਨਾਲ? ਜਿਸ ਲਈ ਉਹ ਉਚੀ ਉਚੀ ਰੋ ਰਿਹਾ ਸੀ। ਸ਼ਾਇਦ ਕੋਈ ਅਣਜਾਣ ਰਿਸ਼ਤਾ, ਜਿਸ ਨੂੰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ।

*-ਰਾਜਪ੍ਰੀਤ ਕੌਰ*

ਕਹਾਣੀ

# ਆਖਰੀ ਬਰਸੀ

***ਲੇਖਕ ਅਵਤਾਰ ਸਿੰਘ ਬਿਲਿੰਗ ਨੇ 'ਨਰੰਜਣ ਮਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ', 'ਇਨ੍ਹਾਂ ਰਾਹਾਂ ਉਤੇ' ਅਤੇ 'ਪੱਤ ਕੁਮਲਾ ਗਏ' ਨਾਵਲ ਲਿਖੇ ਅਤੇ 'ਮੌਤ ਦੇ ਸਾਏ ਹੇਠ', 'ਆਪਣਾ ਖ਼ੂਨ' ਤੇ 'ਨਿਆਜ਼' ਕਹਾਣੀ ਸੰਗ੍ਰਿਹ ਛਪਵਾਏ। ਉਸ ਦੀਆਂ ਰਚਨਾਵਾਂ ਵਿਚ ਸਮਾਜਕ-ਸਭਿਆਚਾਰਕ ਤੱਥ ਚੋਖੀ ਮਿਕਦਾਰ ਵਿਚ ਨਮੂਦਾਰ ਹੁੰਦੇ ਹਨ। ਗੀਤ ਤੇ ਸੰਗੀਤ ਤਾਂ ਉਸ ਦੀ ਤਕਰੀਬਨ ਰਚਨਾ ਦਾ ਸ਼ਿੰਗਾਰ ਹੁੰਦਾ ਹੈ। ਇਥੇ ਛਾਪੀ ਜਾ ਰਹੀ ਕਹਾਣੀ 'ਆਖ਼ਰੀ ਬਰਸੀ' ਉਮਰ ਦੇ ਪਿਛਲੇ ਪਹਿਰ ਦਾ ਦਰਦ ਬਿਆਨ ਕਰਦੀ ਹੈ। ਲੇਖਕ ਨੇ ਬਹੁਤ ਸਹਿਜ ਢੰਗ ਨਾਲ ਸਮਾਜਕ ਤਾਣੇ-ਬਾਣੇ ਦੀਆਂ ਗੁੰਝਲਾਂ ਖੋਲ੍ਹੀਆਂ ਹਨ। -ਸੰਪਾਦਕ***

ਭੁੱਖੀ ਤਿਹਾਈ ਰੂਹ, ਐਤਕੀਂ ਵੀ ਲੰਮੀ ਉਡਾਰੀ ਮਾਰ ਕੇ ਰੋਸ਼ਨਦਾਨ ਵਿਚ ਆ ਬੈਠੀ। ਆਉਂਦੀ ਵੀ ਕਿਉਂ ਨਾ? ਸੇਠ ਦੁਰਗਾ ਦਾਸ ਦੀ ਆਪਣੀ ਬਰਸੀ ਹੋਵੇ ਅਤੇ ਉਹਦੀ ਵਿਛੜੀ ਆਤਮਾ ਆਪਣੇ ਘਰ ਹੀ ਫੇਰਾ ਨਾ ਪਾਵੇ? ਰੂਹਾਂ ਏਨੀਆਂ ਨਿਰਮੋਹੀਆਂ ਤਾਂ ਨਹੀਂ ਹੁੰਦੀਆਂ!

ਆਲੀਸ਼ਾਨ ਕੋਠੀ ਵਿਚ ਪੂਜਾ ਪਾਠ ਚੱਲ ਰਿਹਾ ਸੀ। ਚੁਤਰਫ਼ੀਂ ਮਹਿਕਾਂ ਖਿੰਡੀਆਂ ਸਨ। ਖਾਲਸ ਘਿਓ ਦੇ ਹਵਨ ਦੀ ਮਹਿਕ! ਪ੍ਰਸ਼ਾਦ ਦੀ ਮਨ ਲੁਭਾਉਂਦੀ ਵਾਸ਼ਨਾ!



ਅਵਤਾਰ ਸਿੰਘ ਬਿਲਿੰਗ
ਫੋਨ: 91-82849-09596

ਬਾਹਰਲਾ ਗੇਟ ਵੜਦਿਆਂ ਹੀ ਠੰਢੇ ਵਰਤਾਏ ਜਾ ਰਹੇ ਸਨ। ਆਉਣ ਵਾਲੇ ਮਹਿਮਾਨ ਦਾ ਦਿਲ ਕਰੇ ਤਾਂ ਉਹ ਠੰਢੀ ਕੌਫ਼ੀ ਪੀਵੇ, ਚਾਹੇ ਮਿਲਕ ਬਦਾਮ ਦੀਆਂ ਠੰਢੀਆਂ-ਮਿੱਠੀਆਂ ਘੁੱਟਾਂ ਭਰੇ, ਭਾਵੇਂ ਸਰਦ ਦੁੱਧ ਦਾ ਪਿਆਲਾ ਛਕੇ! ਖ਼ਾਸ ਕਿਸਮ ਦੇ ਬੰਦਿਆਂ ਲਈ ਖ਼ਾਸ ਸ਼ਰਬਤ ਵੀ ਹਾਜ਼ਰ ਸੀ।

ਦੁਕਾਨ ਦੀ ਪਿੱਠ ਨਾਲ ਲੱਗਦੀ ਬੈਠਕ ਵਿਚ ਬੀਨ-ਢਿੱਡਾ ਪੁਜਾਰੀ ਸਰਦਾਈ ਘੋਟ ਰਿਹਾ ਸੀ। ਮਹਿਲ-ਨੁਮਾ ਮਕਾਨ ਦਾ ਇੱਕ ਪਾਸਾ ਇਕੱਲੇ ਹਲਵਾਈਆਂ, ਬੈਰਿਆਂ ਅਤੇ ਸ਼ਾਮਿਆਨੇ ਵਾਲਿਆਂ ਨੇ ਹੀ ਮੱਲਿਆ ਹੋਇਆ ਸੀ। ਛੱਤੀ ਪ੍ਰਕਾਰ ਦੇ ਭੋਜਨ ਪਰੋਸੇ ਜਾ ਰਹੇ ਸਨ।

ਰੂਹ ਨੇ ਫੇਰ ਵੱਡੇ ਦਰਵਾਜ਼ੇ ਤੋਂ ਬਾਹਰ ਦੇਖਿਆ। ਸਵਰਗਵਾਸੀ ਸੇਠ ਦੁਰਗਾ ਦਾਸ ਦੀ ਦੁਕਾਨ ਮੂਹਰੇ, ਦੂਰ ਸੜਕ ਤੱਕ ਕਨਾਤਾਂ ਲੱਗੀਆਂ ਹੋਈਆਂ ਸਨ। ਖ਼ੂਬ ਰੌਣਕ-ਮੇਲਾ ਸੀ। ਨਾਨੀ ਦੀ ਘੜਾਨੀ 'ਕੱਠੀ ਹੋਈ ਫਿਰਦੀ ਸੀ। ਉਹ ਅੰਗ-ਸਾਕ ਵੀ ਬੁਲਾਏ ਗਏ ਸਨ ਜਿਹੜੇ ਉਹਦੇ ਸਮਿਆਂ ਵਿਚ ਵੀ ਘੱਟ ਹੀ ਮੂੰਹ ਦਿਖਾਉਂਦੇ। ਫੇਰ ਮੂੰਹ-ਮੁਲਾਹਜ਼ੇਦਾਰਾਂ, ਪੇਂਡੂ ਗਾਹਕਾਂ ਅਤੇ ਆੜ੍ਹਤ ਦੀ ਦੁਕਾਨ ਦੀਆਂ ਪੱਕੀਆਂ ਸਾਮੀਆਂ ਸਨ। ਸ਼ਹਿਰੀ ਪਤਵੰਤੇ ਵੱਖਰੇ ਸਨ।

ਸੇਠ ਜੀ ਦੀ ਛੋਟੀ ਨੂੰਹ ਉਰਮਿਲਾ ਦੀ ਇੱਛਾ ਅਨੁਸਾਰ, ਬਾਊ ਜੀ ਦੀ ਇਹ ਪੰਜਵੀਂ ਤੇ ਆਖ਼ਰੀ ਬਰਸੀ ਸੀ।

"ਅਸੀਂ ਆਪਣੇ ਪੁੱਤਾਂ-ਧੀਆਂ ਦੇ ਸ਼ਗਨ-ਸਗਾਰਤ ਵੀ ਕਰਨੇ ਨੇ। ਹੁਣ ਸਾਰੀ ਉਮਰ ਮਰਿਆਂ-ਖਪਿਆਂ ਨੂੰ ਹੀ ਥੋੜ੍ਹੇ ਰੋਈ ਜਾਣੈਂ?"

ਧੂਮ-ਧੜੱਕੇ ਦਾ ਇਹ ਵੀ ਇੱਕ ਕਾਰਨ ਸੀ।

ਰੋਸ਼ਨਦਾਨ ਵਿਚ ਬੈਠੀ ਰੂਹ ਨੇ ਪਹਿਲਾਂ ਅੰਦਰ ਪਾਠ ਕਰਦੇ ਦੁੱਧ ਚਿੱਟੇ ਪਹਿਰਾਵੇ ਵਾਲੇ ਪੁਜਾਰੀ ਵੱਲ ਦੇਖਿਆ। ਫੇਰ ਉਸ ਦੀ ਸੁਰਤ ਮਹੰਤ ਤੋਂ ਹਟ ਕੇ ਮਕਾਨ ਦੇ ਪਿਛਲੇ ਵਿਹੜੇ 'ਚ ਬਣੀ ਰਸੋਈ ਵੱਲ ਗਈ। ਰਸੋਈ ਦੀ ਛੱਤ ਉਪਰੋਂ ਉਸ ਦੇ ਬਰਤਨ ਗਾਇਬ ਸਨ। ਨਾ ਪਿੱਤਲ ਦਾ ਕੰਗਣੀ ਵਾਲਾ ਗਲਾਸ! ਨਾ ਹੀ ਭਰਤ ਦੀ ਕੌਲੀ।

"ਹੱਦ ਹੋਗੀ! ਮੇਰੀ ਔਲਾਦ ਮੈਨੂੰ ਏਡੀ ਛੇਤੀਓ ਭੁੱਲ ਗੀ?"

ਰਸੋਈ ਉੱਤੋਂ ਹੋ ਕੇ ਪੱਕੀ ਪੌੜੀ ਸਿੱਧੀ ਤਿਆਸਵੀਂ ਮੰਜ਼ਿਲ ਉਪਰ ਜਾ ਚੜ੍ਹਦੀ।

ਇਸ ਕੋਠੀ ਨੂੰ ਲੱਗੀ ਢਾਈ ਲੱਖ ਇੱਟ ਵਿਚੋਂ ਇੱਕ-ਇੱਕ ਉੱਤੇ ਜਿਵੇਂ ਸੇਠ ਜੀ ਦਾ ਨਾਉਂ ਉੱਕਰਿਆ ਸੀ। ਕਿੰਨੇ ਖ਼ੂਨ-ਪਸੀਨੇ ਦੀ ਕਮਾਈ ਸੀ ਉਸ ਦੀ। ਇਹ ਸਿਰਫ਼ ਉਸ ਨੂੰ ਜਾਂ ਉਹਦੇ ਪਰਮਾਤਮਾ ਨੂੰ ਪਤਾ ਸੀ।

ਉਸ ਨੇ ਚੜ੍ਹਦੀ ਜੁਆਨੀ ਵਿਚ ਪਿੰਡ-ਪਿੰਡ, ਸਾਈਕਲ 'ਤੇ ਫੇਰੀ ਪਾ ਕੇ ਲੋਕਾਂ ਨੂੰ ਬੱਤੇ ਪੀਣ ਲਾਇਆ ਸੀ।

"ਪੀ ਲਓ, ਬਈ ਸਰਦਾਰੋ! ਠੰਢੇ ਠਾਰ ਬੱਤੇ। ਆ ਗਿਆ ਸੋਡਾ ਜ਼ਾਇਕੇਦਾਰ! ਕਰ ਲਓ ਰੂਹਾਂ ਠੰਢੀਆਂ! ਬੁਝਾ ਲਓ ਮਨਾਂ ਦੀ ਪਿਆਸ।"

ਸਾਉਣ ਦੇ ਇੱਕ-ਦੋ ਮੀਂਹ ਡਿੱਗ ਜਾਂਦੇ ਤਾਂ ਫੇਰ ਮੇਲਿਆਂ-ਟੂਰਨਾਮੈਂਟਾਂ ਦੇ ਮੌਸਮ ਵਿਚ ਉਹ ਰੰਦੇ ਵਾਲੀ ਬਰਫ਼ ਵੇਚਣ ਲੱਗ ਜਾਂਦਾ।

"ਖਾ ਲਓ, ਬਰਫ਼ ਦੇ ਪੇੜੇ! ਗੋਲ਼ੇ ਰੰਗਦਾਰ!"

ਰੰਦੀ ਹੋਈ ਡਲੇ ਦੀ ਬਰਫ਼ ਨੂੰ ਕਾਗਜ਼ ਦੀਆਂ ਪਲੇਟਾਂ ਵਿਚ ਪਾ ਕੇ ਰੰਗ ਦੀਆਂ ਧਾਰੀਆਂ ਬਣਾਉਂਦਾ, ਉਹ ਕਿਸੇ ਮੇਲੇ-ਮਸਾਹਬੇ 'ਤੇ ਉੱਚੀ ਹੋਕਾ ਦਿੰਦਾ-

"ਆ ਜੋ ਸੋਹਣਿਓ, ਤੁਸੀਂ ਵੀ ਕਰ ਲਓ ਦਿਲਾਂ ਨੂੰ ਸ਼ਾਂਤ!

ਦੁਰਗਾ ਬਰਫ਼ ਲਿਆਈ ਜਾਂਦਾ, ਨਾਲੇ ਖੰਡ ਦਾ ਪਲੇਥਣ ਲਾਈ ਜਾਂਦਾ!

ਇੱਕ ਖਾਈ ਜਾਂਦਾ, ਦੂਆ ਕੋਲ ਖੜ੍ਹਾ ਪਛਤਾਈ ਜਾਂਦਾ!

ਤੀਆ ਬਾਰੋ ਬਾਰ ਪੁਆਈ ਜਾਂਦਾ..."

ਉਸ ਦਾ ਇਹ ਗਾਉਣ ਸੁਣ ਕੇ ਜੁਆਕਾਂ ਦੇ ਤਾਂ ਕੀ, ਸਿਆਣਿਆਂ ਦੇ ਮੂੰਹੋਂ ਵੀ ਲਾਲ਼ਾਂ ਡਿੱਗਣ ਲੱਗ ਜਾਂਦੀਆਂ।

ਸੀਜ਼ਨ ਖ਼ਤਮ ਹੁੰਦਾ ਤਾਂ ਉਹ ਸਾਬਣ ਤੇਲ ਅਤੇ ਚਾਹ-ਚੀਨੀ ਦੀ ਫੇਰੀ ਲਾਉਂਦਾ। ਨਾਲੋ ਨਾਲ ਸੋਏ-ਸੌਂਫ਼, ਲਸਣ-ਮੇਥੀ, ਸਰ੍ਹੋਂ-ਤਾਰਾਮੀਰਾ-ਜੋ ਵੀ ਮਿਲਦਾ, ਖਰੀਦੀ ਤੁਰਿਆ ਜਾਂਦਾ।

ਲਹੂਰਾਂ ਦੀ ਏਸ ਕਮਾਈ ਨਾਲ ਉਸ ਦੀ ਅੱਠਾਂ ਜੀਆਂ ਦੀ ਟੱਬਰੀ ਦਾ ਲਾਂਘਾ ਵੀ ਲੰਘੀ ਜਾਂਦਾ, ਏਸ ਖਾਰੀ ਦੇ ਪੱਜ ਉਸ ਦੀ ਸਾਰੇ ਇਲਾਕੇ ਵਿਚ ਚੰਗੀ ਪਰਚੋਂ ਵੀ ਪੈ ਗਈ।

ਕੁਝ ਦਿਨ ਲੰਘੇ ਤਾਂ ਉਸ ਨੇ ਆਪਣੇ ਕਸਬੇ ਵਿਚ ਛੋਟੀ ਜਿਹੀ ਕੋਠੜੀ ਕਿਰਾਏ 'ਤੇ ਲੈ ਕੇ ਮੂਹਰੇ ਇੱਕ ਫੱਟੀ ਲਿਖ ਕੇ ਲਟਕਾ ਦਿੱਤੀ:

"ਬਹਿਲੋਲਪੁਰੀਏ ਦੁਰਗੇ ਦੀ ਪਰਚੂਨ ਦੀ ਹੱਟੀ!"

ਦਿਨਾਂ ਵਿਚ ਹੀ ਵਾਕਫ਼ ਗਾਹਕਾਂ ਦਾ ਧੱਕਾ ਪੈਣ ਲੱਗਿਆ। ਇਸ ਤੋਂ ਕਈ ਸਾਲਾਂ ਬਾਅਦ ਜਦੋਂ ਬਾਹਰਲੀ ਰੋਡ ਪੱਕੀ ਹੋਈ ਅਤੇ ਸਾਰਾ ਬਾਜ਼ਾਰ ਉਧਰ ਨੂੰ ਖਿਸਕਣ ਲੱਗਿਆ ਤਾਂ ਰੇਲ ਦਾ ਫਾਟਕ ਟੱਪ ਕੇ ਪਿੰਡਾਂ ਵਾਲੇ ਪਾਸੇ ਸੱਜੀ ਤਰਫ਼ ਜੀ.ਟੀ. ਰੋਡ ਤੋਂ ਦੂਰ ਇੱਕ ਹੋਰ ਚਮਕਵਾਂ ਫੱਟਾ ਆਉਂਦੇ-ਜਾਂਦੇ ਗਾਹਕਾਂ ਦਾ ਧਿਆਨ ਖਿੱਚਦਾ:

"ਬਹਿਲੋਲਪੁਰੀਏ ਸੇਠਾਂ ਦੀ ਮਸ਼ਹੂਰ ਥੋਕ ਦੀ ਹੱਟੀ!"

ਦੁਰਗੇ ਤੋਂ ਉਹ ਦੁਰਗਾ ਦਾਸ ਬਣਿਆ ਸੀ ਤੇ ਫੇਰ ਸੇਠ ਦੁਰਗਾ ਦਾਸ! ਫ਼ਰਕ ਇਹ ਵੀ ਪੈ ਗਿਆ ਸੀ ਕਿ ਹੁਣ ਉਹਦੇ ਆਸਣ ਉੱਤੇ ਉਹਦਾ ਵੱਡਾ ਲੜਕਾ ਚੂਨੀ ਲਾਲ ਬਿਰਾਜਮਾਨ ਹੁੰਦਾ। ਛੋਟਾ ਮੂਨੀ ਲਾਲ ਸੌਦਾ ਤੋਲਦਾ! ਨਿੱਕਾ ਛਟਾਂਕੀ ਮੱਲ ਭਰ ਭਰ ਬਾਟੇ ਅੰਦਰੋਂ ਢੋਈ ਜਾਂਦਾ। ਸੇਠ ਦੁਰਗਾ ਦਾਸ ਵੀ ਵਿਹਲਾ ਕਿਵੇਂ ਬਹਿ ਸਕਦਾ ਸੀ! ਉਹ ਦੁਕਾਨ ਮੂਹਰੇ ਖੜ੍ਹੀ ਟਾਹਲੀ ਹੇਠ ਡਾਹੇ ਬੈਂਚ ਉੱਤੇ ਬੈਠਾ ਸੜਕ 'ਤੇ ਤੁਰੇ ਜਾਂਦੇ ਗਾਹਕਾਂ ਨੂੰ ਬੜੇ ਹੌਸਲੇ ਨਾਲ ਹਾਕਾਂ ਮਾਰਦਾ, "ਆ ਜੋ ਬੀਬੀ! ਲੈ ਜੋ ਸਾਊ, ਕੀ ਚਾਹੀਦਾ!"

"ਸਰਦਾਰ ਜੀ! ਸਾਡੇ ਨਾਲ ਥੋਡਾ ਕਾਹਦਾ ਰੋਸਾ? ਆ ਜੋ ਬਾਦਸ਼ਾਹੋ! ਥੋਡੀ ਆਪਣੀ ਦੁਕਾਨ ਐ। ਦੁਰਗੇ ਦੀ ਮਸ਼ਹੂਰ ਹੱਟੀ!"

ਜੇ ਕੋਈ ਡੌਰ-ਭੌਰ ਤੁਰੀ ਜਾਂਦੀ, ਓਪਰੀ ਜ਼ਨਾਨੀ ਆ ਕੇ ਪੁੱਛਦੀ; "ਬਾਬਾ, ਭਲਾ ਬਲੋਲਪੁਰੀਆਂ ਦੀ ਦੁਕਾਨ ਕਿਹੜੀ ਹੋਈ?" ਤਾਂ ਆਪਣੀ ਟੇਢੀ, ਲਾਜਵਰੀ ਪੱਗ ਨੂੰ ਥਾਂ ਸਿਰ ਕਰਦਾ ਦੁਰਗਾ ਦਾਸ ਮਹਾਜਨ ਬੜਾ ਹੁੱਬ ਕੇ ਆਖਦਾ, "ਏਹੀ ਐ ਸਾਊ, ਬਹਿਲੋਲਪੁਰੀਏ ਸੇਠਾਂ ਦੀ ਮਸ਼ਹੂਰ ਹੱਟੀ! ਤੇਰੇ ਦੌਲਤਖਾਨੇ ਕਿੱਥੇ ਨੇ ਬੀਬਾ?"

ਆਪਣੇ ਕੁਲ-ਪ੍ਰੋਹਤ ਦੀ ਰੀਸੇ ਦੁਰਗਾ ਵੀ ਪਗੜੀ ਬੰਨ੍ਹਦਾ। ਅਪਣੱਤ ਵੱਸ ਹੋਈ ਔਰਤ ਜਦੋਂ ਬੈਂਚ 'ਤੇ ਬੈਠ ਜਾਂਦੀ, ਕਿਸੇ ਪਿੰਡ ਦਾ ਨਾਂ ਲੈਂਦੀ ਤਾਂ ਆਪਣੀ ਚਾਂਦੀ ਰੰਗੀ ਦਾੜ੍ਹੀ 'ਤੇ ਹੱਥ ਫੇਰਦਾ ਦੁਰਗਾ ਉਸ ਪਿੰਡ ਦੇ ਦਰਜਨਾਂ ਮੋਹਤਬਰਾਂ ਦੇ ਨਾਉਂ ਗਿਣਾਉਣ ਲੱਗ ਜਾਂਦਾ, "ਧੀਏ, ਸਰਦਾਰ ਰੁਲੀਆ ਸਿਹੁੰ ਦਾ ਕੀ ਹਾਲ ਐ? ਉਹ ਮੇਰਾ ਪੱਗ-ਵੱਟ ਭਾਈ ਐ। ਸਾਊ! ਅੱਛਾ, ਐਂ ਦੱਸ, ਮੱਲਣ ਜੱਟ ਨੇ ਕੋਈ ਮੁੰਡਾ ਅਜੇ ਵਿਆਹਿਆ ਕਿ ਨਹੀਂ? ਮਖਾ, ਸੀਧਾ ਪੱਤਾ ਲੈਣ ਆਇਆ ਨ੍ਹੀਂ ਕਿਤੇ! ਕੁੜੀਏ, ਤੂੰ ਕਿਤੇ ਲਾਣੇਦਾਰ ਬੱਗਾ ਸਿਹੁੰ ਦੀ ਬੂਜੀ ਤਾਂ ਨਹੀਂ? ਮੜੰਗਾ ਦੱਸਦਾ। ਵਾਹ ਨੀ ਬੱਚੀਏ! ਤੂੰ ਸਾਡੀ ਹੱਟੀ ਕਿੱਕਣ ਭੁੱਲਗੀ, ਸਹੁਰੀਏ! ਤੇਰੇ ਵਿਆਹ ਦੇ ਸਾਰੇ ਤਗਾਦੇ ਤਾਂ ਮੇਰੇ ਹੱਥੀਂ ਘੜਾਏ ਤੇ, ਆਪਣੇ ਲਾਣੇਦਾਰ ਨੇ? ਤੇਰੇ ਪ੍ਰਾਹੁਣੇ ਖਾਤਰ ਡੱਬੀ ਚਿੱਟੀ ਘੋੜੀ ਮੈਂ ਹੀ ਤਾਂ ਖਰੀਦ ਕੇ ਲਿਆਇਆ ਤਾ? ਚੱਲ, ਤੇਰਾ ਵੀ ਕੀ ਕਸੂਰ ਐ। ਧੀਏ, ਤੂੰ ਕਿਹੜਾ ਬਾਹਲੀ ਆਈ ਐਂ ਕਦੇ। ਮੇਰੇ ਖਿਆਲ 'ਚ ਸਿੱਧੀ ਗੰਗਾਨਗਰ ਤੋਂ ਹੀ ਆ ਰਹੀ ਹੈਂ! ਸ਼ਹਿਰ ਵੀ



ਬਹੁਤ ਵਧ ਗਿਐ, ਬੱਚੀਏ! ਤੇਰੇ ਵਿਆਹ ਵੇਲੇ ਤਾਂ ਆਪਣੀ ਏਹ ਦੁਕਾਨ ਅੰਦਰਲੇ ਬਾਜ਼ਾਰ 'ਚ ਹੁੰਦੀ ਤੀ! ਏਥੇ ਤਾਂ ਤਿੰਨ ਕੁ ਖੋਖੇ ਚਾਹ ਦੇ ਅਰ ਸਾਈਕਲਾਂ ਦੇ ਹੁੰਦੇ ਸੀ।"

ਜੁਆਕ ਨੂੰ ਕੁੱਛੜ ਚੁੱਕੀ ਜਦੋਂ ਉਹ ਅਧਖੜ ਤੀਵੀਂ ਸੌਦਾ ਤੁਲਾਉਣ ਖਾਤਰ ਦੁਕਾਨ 'ਚ ਜਾ ਵੜਦੀ ਤਾਂ ਤਖ਼ਤਪੋਸ਼ 'ਤੇ ਬੈਠਾ ਦੁਰਗਾ ਕਿਸੇ ਲੰਘੇ ਜਾਂਦੇ ਜੱਟ ਨੂੰ ਰੋਕ ਲੈਂਦਾ, "ਠਹਿਰ ਬਈ ਚੰਨਣ ਸਿਆਂ, ਸਰੀਂਹ ਸ਼ੰਕਰ ਵਾਲਿਆ! ਤੂੰ ਸੌਦਾ ਬੇਸ਼ੱਕ ਨਾ ਲਈਂ, ਦੋ ਘੜੀ ਸਾਹ ਤਾਂ ਲੈ ਲਾ। ਓਏ ਛਟਾਂਕੀ ਲਿਆਈਂ ਤਾਂ ਠੰਢੇ ਪਾਣੀ ਦਾ ਡੋਲੂ ਸਰਦਾਰ ਜੀ ਖਾਤਰ। ਆਪਣੇ ਬਾਲ-ਬੱਚੇ ਦੀ ਖ਼ਬਰ ਦੇਹ! ਹੋਰ ਸੁਣਾ, ਆਪਣੇ ਨਗਰ ਖੇੜੇ ਦਾ ਕੀ ਹਾਲ ਐ?"

ਜੱਟ ਨੇ ਜੇ ਸੌਦਾ ਪੱਤਾ ਨਾ ਵੀ ਖਰੀਦਣਾ ਹੁੰਦਾ, ਤਾਂ ਵੀ ਦੁਰਗਾ ਦਾਸ ਮੱਲੋ-ਮੱਲੀ ਉਹਦਾ ਝੋਲਾ ਸਾਬਣ, ਚਾਹ, ਚੀਨੀ ਅਤੇ ਹੋਰ ਚਾਬਤ ਨਾਲ ਡੱਕ ਦਿੰਦਾ। "ਕੋਈ ਨ੍ਹੀਂ ਸਰਦਾਰ ਚੰਨਣ ਸਿਆਂ! ਚਾਹ ਤੁਸੀਂ ਪੱਕੇ ਮਿੱਠੇ ਦੀਓ ਪੀਆ ਕਰੋ ਹੁਣ। ਤੇਰੇ ਪਿੰਡ ਆਲਾ ਸਿਆਮਾ ਜੱਟ ਦੇਖ ਲੈ, ਨਿੱਤ ਸ਼ੰਕਰੋਂ ਤੁਰ ਆਪਣੇ ਧਰਮ ਦੇ ਹੋਟਲ 'ਤੇ ਚਾਹ ਪੀ ਕੇ ਜਾਊ! ਜਾਂਦਾ ਹੋਇਆ ਨਾਲ਼ੇ ਮੇਰੀ ਚੌਂਕੀ ਭਰ ਜਾਂਦਾ! ਤੂੰ ਪੈਸਿਆਂ ਦੀ ਪਰਵਾਹ ਨਾ ਕਰੀਂ ਯਾਰ। ਆਉਂਦੇ ਰਹਿਣਗੇ! ਏਹ ਤਾਂ ਗੰਧਲੇ ਬੰਦਿਆਂ ਤੋਂ ਡਰ ਹੁੰਦੈ, ਬਈ ਉਧਾਰ ਮਰ ਜੂ। ਆਪਣਾ ਕਿਤੇ ਅੱਜ ਦਾ ਲੈਣ-ਦੇਣ ਹੈ?"

ਤੇ ਫੇਰ ਉਹ ਦਿਨ ਵੀ ਆਇਆ ਜਦੋਂ ਉਹਦੇ ਤਿੰਨਾਂ ਮੁੰਡਿਆਂ ਨੇ ਪਹਿਲਾਂ ਰੋਟੀ ਅਲਹਿਦਾ ਕਰ ਲਈ, ਫੇਰ ਕਾਰੋਬਾਰ ਵੀ ਵੰਡ ਲਿਆ। ਚੂਨੀ ਲਾਲ ਨੇ ਸ਼ੈਲਰ ਸੰਭਾਲ ਲਿਆ। ਮੂਨੀ ਲਾਲ ਆੜ੍ਹਤ ਦੀ ਦੁਕਾਨ 'ਤੇ ਜਾ ਬੈਠਿਆ। ਛੋਟੇ ਛਟਾਂਕੀ ਮੱਲ ਦੇ ਹਿੱਸੇ ਮਕਾਨ ਦੀ ਹੇਠਲੀ ਮੰਜ਼ਿਲ ਅਤੇ ਦੁਕਾਨ ਆ ਗਈ। ਨਾਲੇ ਦੁਰਗਾ ਦਾਸ ਵੀ।

ਉਸ ਨੇ ਲੱਕੜ ਦੀ ਫਿਟਿੰਗ ਕਰਵਾ ਕੇ ਸ਼ੀਸ਼ਿਆਂ ਵਾਲੇ ਕਾਊਂਟਰ ਤੋਂ ਉਪਰ ਸ਼ਟਰ ਦੇ ਐਨ ਨਾਲ ਲੱਗਦਾ ਲੰਮਾ ਚੌੜਾ ਬੋਰਡ ਵੀ ਟੰਗ ਦਿੱਤਾ, "ਵਿਜੈ ਕਰਿਆਨਾ ਭੰਡਾਰ!"

ਬਾਊ ਜੀ ਦੇ ਜਿਉਂਦੇ ਜੀਅ ਉਹ ਆਪਣਾ ਨਾਉਂ ਨਹੀਂ ਸੀ ਲਿਖਾਉਣਾ ਚਾਹੁੰਦਾ। ਉਹਦਾ ਨਾਉਂ ਛਟਾਂਕੀ ਮੱਲ ਉਸ ਨੂੰ ਹੌਲਾ-ਹੌਲਾ ਵੀ ਜਾਪਦਾ। ਇਸ ਲਈ ਆਪਣੇ ਜੇਠੇ ਪੁੱਤਰ ਵਿਜੈ ਦੇ ਨਾਂ ਉਪਰ ਦੁਕਾਨ ਦੁਬਾਰਾ ਰਜਿਸਟਰ ਕਰਵਾਈ ਸੀ।

ਸੇਠ ਦੁਰਗਾ ਦਾਸ ਹੁਣ ਕਦੇ ਕਦਾਈਂ ਖੂੰਡੀ ਖੜਕਾਉਂਦਾ ਦੁਕਾਨ ਮੂਹਰੇ ਡਾਹੀ ਲੱਕੜ ਦੀ ਕੁਰਸੀ ਉਪਰ ਦੋਵੇਂ ਪੈਰ ਰੱਖ ਕੇ ਬੈਠ ਜਾਂਦਾ।

"ਆਹੀ ਹੈ ਵੀਰਨੋਂ, ਬਲੋਲਪੁਰੀਏ ਦੁਰਗੇ ਦੀ ਪਰਚੂਨ ਦੀ ਮਸ਼ਹੂਰ ਹੱਟੀ! ਸੌਦਾ ਬਾਜ਼ਾਰ ਨਾਲੋਂ ਕਿਤੇ ਸਸਤਾ।"

ਲੰਘੇ ਜਾਂਦੇ ਗਾਹਕਾਂ ਨੂੰ ਦੇਖ ਕੇ ਸਹਿਜ ਸੁਭਾਅ ਹੀ ਉਹਦੇ ਮੂੰਹੋਂ ਨਿਕਲ ਜਾਂਦਾ ਪਰ ਗਾਹਕ ਭੁਗਤਾ ਕੇ ਖਿਝਿਆ ਹੋਇਆ ਛਟਾਂਕੀ ਮੱਲ ਉਸ ਨੂੰ ਅੱਖਾਂ ਕੱਢਦਾ, "ਬਾਊ ਜੀ! ਤੁਸੀਂ ਕੀ ਪਰਚੂਨ ਦੀ ਹੱਟੀ, ਪਰਚੂਨ ਦੀ ਹੱਟੀ ਲਾਈ ਐ? ਥੋਨੂੰ ਸੌ ਬਾਰ ਕਿਹੈ ਬਈ ਜੇ ਕਰਿਆਨਾ ਭੰਡਾਰ ਨਹੀਂ ਕਹਿ ਸਕਦੇ ਤਾਂ ਚੁੱਪ ਕਰਕੇ ਬੈਠ ਰਿਹਾ ਕਰੋ!"

ਦੁਰਗਾ ਮੁਸਕਰਾਉਂਦਾ, ਮਾਮੂਲੀ ਜਿਹਾ ਖੰਘੂਰਾ ਮਾਰ ਕੇ ਖਿਝੇ ਹੋਏ ਛਟਾਂਕੀ ਵੱਲ ਝਾਕਦਾ, "ਤੈਂ ਉਹ ਦੋ ਸਾਧਾਂ ਦੇ ਖਹਿਬੜਨ ਵਾਲੀ ਗੱਲ ਨ੍ਹੀਂ ਸੁਣੀ, ਪੁੱਤ? ਅਖੇ; 'ਤੂੰ ਕਿਹੜੇ ਧੂਣੇ ਦਾ ਚੇਲਾ ਹੈਂ?' ਇੱਕ ਨੇ ਪੁੱਛਿਆ ਤਾਂ ਦੂਆ ਬੁੜ੍ਹਕਿਆ, 'ਤੂੰ ਧੂਣੇ ਦੀ ਗੱਲ ਛੱਡ ਬਾਵਾ! ਆਟਾ ਮਿਲਾ ਕੇ ਦੇਖ ਲੈ ਕੀਹਦੀ ਝੋਲੀ 'ਚ ਵਾਧੂ ਐ!' ਸੋ ਨਾਉਂ ਦੀ ਬਾਹਲੀ ਪਰਵਾਹ ਨ੍ਹੀਂ ਕਰੀਦੀ ਮੱਲਾ! ਗਾਹਕ ਪੈਂਦਾ ਰਹਿਣਾ ਚਾਹੀਦਾ!"

ਹੌਲੀ ਹੌਲੀ ਉਸ ਨੇ ਦੁਕਾਨ ਦੇ ਸਾਹਮਣੇ ਬੈਠਣਾ ਵੀ ਛੱਡ ਦਿੱਤਾ। ਇਸ ਲਈ ਨਹੀਂ ਕਿ ਮੁੰਡਾ ਬੁਰਾ ਮਨਾਉਂਦਾ ਸੀ। ਅਸਲ 'ਚ ਏਥੇ ਬੈਠ ਕੇ ਉਸ ਨੂੰ ਪਿਸ਼ਾਬ ਦੀ ਹਾਜਤ ਨਿਪਟਾਉਣੀ ਔਖੀ ਲੱਗਦੀ।

"ਧੀਏ! ਛਟਾਂਕੀ ਨੂੰ ਆਖੀਂ ਗੁਲਕੰਦ ਤਾਂ ਭੇਜੇ ਮੁੰਡੂ ਕੋਲ! ਉਰਮਿਲਾ ਪੁੱਤਰੀ! ਤੂੰ ਹੀ ਕਹਿ ਦੇਹ ਟਾਕੀ ਖੋਲ੍ਹ ਕੇ। ਹੁਣ ਤੱਕ ਮੁਰੱਬੇ ਦੀਆਂ ਦੋ ਹਰੜਾਂ ਨਹੀਂ ਪਹੁੰਚੀਆਂ ਮੇਰੇ ਕੋਲ! ਜਾਹ ਓਏ ਬਬਲੀ, ਜਾ ਕੇ ਮੁਲੱਠੀ ਦੀ ਗੱਠੀ ਤਾਂ ਫੜ ਕੇ ਲਿਆਈਂ! ਚੱਲ ਛੱਡ ਪਰੇ। ਬਾਹਲੀ ਮਹਿੰਗੀ ਐ। ਤੂੰ ਜਾਹ ਗੁੜ ਦੀ ਰੋੜੀ ਓ ਲੈ ਆ।"

ਹੱਟੀ ਦੀ ਪਿਛਲੀ ਕੰਧ ਨਾਲ ਲੱਗਦੀ ਕਿਲੇ ਜਿੱਡੀ ਕੋਠੀ ਵਿਚੋਂ ਦੁਰਗਾ ਦਾਸ ਦੀਆਂ ਫਰਮਾਇਸ਼ਾਂ ਜਾਰੀ ਰਹਿੰਦੀਆਂ! "ਥੋਡੀ ਰੂਹ ਕਿਉਂ ਥੁੜ੍ਹ ਗੀ, ਬਾਊ ਜੀ? ਸਾਰੀ ਉਮਰ ਤੁਸੀਂ ਗੁਲਕੰਦਾਂ, ਮੁਰੱਬਿਆਂ 'ਚ ਨਹੀਂ ਕੱਟੀ?" ਛੋਟੀ ਨੂੰਹ ਵੀ ਉੱਭੜ ਕੇ ਪੁੱਛਦੀ, "ਮੈਂ ਕੋਈ ਮਤਾਹ ਤਾਂ ਨਹੀਂ ਮੰਗਾ ਲਿਆ ਧੀਏ! ਜ਼ਿੰਦਗੀ ਭਰ ਮੈਂ ਦੁਕਾਨ ਦੀ ਕੋਈ ਚੀਜ਼ ਜੀਭ 'ਤੇ ਧਰ ਕੇ ਨਹੀਂ ਦੇਖੀ! ਕਬਜ਼ ਦੀ ਸ਼ਿਕਾਇਤ ਕਾਰਨ ਕਦੇ ਕਦੇ ਛਟਾਂਕ ਭਰ ਗੁਲਕੰਦ ਜਾਂ ਇੱਕ-ਦੋ ਹਰੜਾਂ ਮੰਗ ਲਈਆਂ ਤਾਂ ਕਿਹੜਾ ਲੋਹੜਾ ਆ ਗਿਆ?"

***

ਰੋਸ਼ਨਦਾਨ ਵਿਚ ਬੈਠੀ ਰੂਹ ਦਾ ਧਿਆਨ ਇੱਕ ਵਾਰੀ ਫੇਰ ਉਸ ਦੇ ਪੁਰਾਣੇ ਬਰਤਨਾਂ ਵੱਲ ਗਿਆ।

"ਮੰਨ ਲਿਆ ਮੈਂ ਹੁਣ ਵਰਤਣੇ ਨਹੀਂ, ਪਰ ਭਾਂਡੇ ਦੀਂਹਦੇ ਕਿਉਂ ਨਹੀਂ? ਪਿਛਲੇ ਚਾਰ ਸਾਲ ਤਾਂ ਰਸੋਈ ਦੀ ਛੱਤ 'ਤੇ ਹੀ ਪਏ ਰਹੇ ਨੇ!"

ਰੂਹ ਨੇ ਆਪਣੇ ਆਪ ਨੂੰ ਝੰਜੋੜਿਆ। ਇੱਕ ਵਾਰੀ ਫੇਰ ਉਧਰ ਦੇਖਿਆ। ਰਸੋਈ ਉਪਰੋਂ ਪਾਣੀ ਦਾ ਝਲਕਾਰਾ ਪਿਆ ਸੀ। ਉਸੇ ਜੰਗਾਲੇ ਹੋਏ ਤਸਲੇ ਵਿਚ ਪਾਣੀ ਰੱਖਿਆ ਸੀ। ਹੁਣ ਪੌੜ ਸਾਲ ਦੀ ਮਿਆਨੀ ਹੇਠ ਪਏ ਬਰਤਨ ਵੀ ਉਸ ਨੂੰ ਦਿਸਣ ਲੱਗੇ। ਉਹੀ ਕਾਂਸੀ ਦੀ ਥਾਲੀ ਜਿਸ ਉਪਰ ਉਸ ਦਾ ਨਾਂ ਉੱਕਰਿਆ ਸੀ, "ਸੇਠ ਦੁਰਗਾ ਦਾਸ ਬਹਿਲੋਲਪੁਰੀਆ।"

ਉਹੀ ਅੰਦਰੋਂ ਕਲੀ ਕਰਾਇਆ ਕੰਗਣੀ ਵਾਲਾ ਗਲਾਸ। ਉਸ ਦੇ ਨੇੜੇ ਹੀ ਪਈ ਭਰਤ ਦੀ ਕੌਲੀ!

ਰੂਹ ਫੇਰ ਸੋਚੀਂ ਪੈ ਗਈ। ਉਸ ਦੀ ਦੁਕਾਨ 'ਤੇ ਕੰਮ ਕਰਦੇ ਨੌਕਰ ਕਿਰਪੂ ਦਾ ਚੀਨੀ ਦਾ ਕੱਪ ਵੀ ਕਈ ਵਾਰ ਬਦਲਿਆ ਗਿਆ ਸੀ ਪਰ ਸੇਠ ਦੇ ਉਹੀ ਤਿੰਨ ਭਾਂਡੇ!

"ਬਾਊ ਜੀ ਨੂੰ ਕੱਚ ਦੇ ਬਰਤਨ ਔਰ ਚੀਨੀ ਦੀਆਂ ਪਿਰਚ-ਪਿਆਲੀਆਂ ਤਾਂ ਜਿੱਕਣ ਵਿਹੁ ਦਿਖਾਈ ਦਿੰਦੀਆਂ ਨੇ!"

ਸਾਂਝੇ ਪਰਿਵਾਰ ਵੇਲੇ ਵੀ ਉਸ ਨੂੰ ਇਨ੍ਹਾਂ ਬਰਤਨਾਂ ਬਗੈਰ ਰੋਟੀ ਸੁਆਦ ਨਾ ਲੱਗਦੀ। ਫੁੱਟਣ-ਟੁੱਟਣ ਦਾ ਵੀ ਕੋਈ ਡਰ ਨਹੀਂ ਸੀ। ਦੂਜੇ, ਉਸ ਦੀ ਧਾਰਨਾ ਸੀ ਕਿ ਕੱਚ ਦੇ ਭਾਂਡਿਆਂ ਵਿਚੋਂ ਤਾਂ ਜੂਠ ਜਾਂਦੀ ਨਹੀਂ। ਨੂੰਹਾਂ ਅੰਦਰੋਂ ਇਸ ਲਈ ਖ਼ੁਸ਼ ਸਨ ਕਿਉਂਕਿ ਮਾਂਜਣ ਤੋਂ ਪਹਿਲਾਂ ਇਨ੍ਹਾਂ ਕਾਂਸੀ ਦੇ ਬਰਤਨਾਂ ਵਿਚ ਅੱਗ ਪਾਉਣੀ ਸੁਖਾਲੀ ਸੀ।

ਜਦੋਂ ਉਹ ਮੰਜਾ ਛੱਡ ਕੇ ਆਪਣੇ ਪੰਜ ਭੌਤਿਕ ਸਰੀਰ ਨੂੰ ਸੰਭਾਲਦਾ ਸੋਟੀ ਠਕੋਰਦਾ ਬਾਹਰ ਦੁਕਾਨ ਵੱਲ ਹੋ ਤੁਰਦਾ ਤਾਂ ਪੋਚਾ ਫੇਰਨ ਆਈ ਨੌਕਰਾਣੀ ਕ੍ਰਿਸ਼ਨਾ ਆਪਣੀ ਚੁੰਨੀ ਨਾਲ ਚੰਗੀ ਤਰ੍ਹਾਂ ਆਪਣਾ ਨੱਕ-ਮੂੰਹ ਲਪੇਟ ਕੇ ਉਸ ਸੁਆਹ ਵਾਲੇ ਤਸਲੇ ਨੂੰ ਮੰਜੇ ਹੇਠੋਂ ਚੁੱਕਦੀ ਅਤੇ ਫੇਰ ਤੱਤੀ-ਤੱਤੀ ਭੁੱਬਲ ਉਨ੍ਹਾਂ ਭਾਂਡਿਆਂ ਵਿਚ ਪਾ ਦਿੰਦੀ।

ਘਰਦਿਆਂ ਨੂੰ, ਖ਼ਾਸ ਕਰ ਕੇ ਤਿੰਨਾਂ ਨੂੰਹਾਂ ਨੂੰ ਵਹਿਮ ਸੀ ਕਿ ਬਾਊ ਜੀ ਨੂੰ ਸ਼ਾਇਦ ਟੀ.ਬੀ. ਹੋਵੇ।

"ਜੇ ਤਪਦਿਕ ਨਾ ਵੀ ਹੋਵੇ ਤਾਂ ਵੀ ਸਿਆਣਿਆਂ ਨੂੰ ਸੌ ਬਿਮਾਰੀ ਠਮਾਰੀ ਹੁੰਦੀ ਐ।" ਉਸ ਦੀਆਂ ਤਿੰਨੇ ਨੂੰਹਾਂ ਆਪਸ ਵਿਚ ਗੁਫ਼ਤਗੂ ਕਰਦੀਆਂ।

ਜਦੋਂ ਉਹ ਬਾਹਰੋਂ ਘਰ ਪਹੁੰਚਦਾ ਤਾਂ ਉਸ ਦਾ ਢਾਈ ਕੁ ਸਾਲਾਂ ਦਾ ਪੋਤਾ ਬਬਲੀ ਠੁਮਕ-ਠੁਮਕ ਤੁਰਦਾ ਉਹਦੇ ਕੋਲ ਆ ਕੇ, 'ਬਾਬਾ ਜੀ, ਬਾਬਾ ਜੀ' ਦੀ ਰਟ ਲਗਾਉਂਦਾ ਭੱਜ ਕੇ ਉਹਦੀ ਗੋਦੀ ਚੜ੍ਹ ਜਾਂਦਾ।

"ਥੋਡਾ ਮੂੰਹ ਕਿੱਥੇ ਐ ਬਾਬਾ ਜੀ?"

"ਹੈਗਾ ਪੁੱਤ! ਮੇਰਾ ਮੂੰਹ ਵੀ ਹੈਗਾ!"

"ਦਿਖਾਓ ਤਾਂ ਫੇਲ, ਕਿੱਥੇ ਐ?"

ਪੋਤਰੇ ਦੀਆਂ ਭੋਲੀਆਂ ਗੱਲਾਂ ਸੁਣ ਕੇ ਉਸ ਦੀ ਲਹਿਰਾਉਂਦੀ ਚਿੱਟੀ ਦਾੜ੍ਹੀ ਵਿਚ ਹਿਲਜੁਲ ਜਿਹੀ ਹੁੰਦੀ ਤਾਂ ਉਹ ਆਪਣੇ ਪੋਪਲੇ ਮੂੰਹ ਨਾਲ ਬੇਸੋਝ ਬਬਲੀ ਨੂੰ ਚੁੰਮ ਲੈਂਦਾ।

"ਏਸ ਨੇ ਥੋਡੇ ਲੀੜੇ ਲਬੇੜ ਦੇਣੇ ਨੇ ਬਾਊ ਜੀ!" ਕਲੋਲ ਹੁੰਦੇ ਮੁੰਡੇ ਨੂੰ ਘਬਰਾਈ ਤੇ ਡਰੀ ਹੋਈ ਛੋਟੀ ਨੂੰਹ ਉਸ ਦੇ ਦਾਦੇ ਪਾਸੋਂ ਖੋਹ ਕੇ ਲੈ ਜਾਂਦੀ।

ਕਦੇ-ਕਦੇ ਦੁਰਗਾ ਦਾਸ ਅੰਦਰੋਂ ਮੰਜੇ ਉਪਰੋਂ ਹੀ ਦਲੀਏ ਦੀ ਫਰਮਾਇਸ਼ ਪਾਉਂਦਾ, ਪਰ ਦਲੀਆ ਤਿੰਨਾਂ ਨੂੰਹਾਂ ਵਿਚੋਂ ਕਿਸੇ ਨੂੰ ਵੀ ਚੰਗੀ ਤਰ੍ਹਾਂ ਬਣਾਉਣਾ ਨਹੀਂ ਸੀ ਆਉਂਦਾ।

"ਪੁੱਤ ਸਤਵੰਤੀ! ਪਹਿਲਾਂ ਗੁੜ ਦੀ ਚਾਸ ਧਰ ਲਓ! ਫੇਰ ਘਿਓ 'ਚ ਲੱਪ ਕੁ ਦਲੀਆ ਭੁੰਨ ਕੇ ਰਿੱਝਣਾ ਰੱਖ ਦਿਓ। ਏਹਦੇ 'ਚ ਭਲਾ ਕਿਹੜੇ ਵੇਦ ਪੜ੍ਹਨੇ ਨੇ?" ਲਾਲਾ ਤੜਫ਼ਦਾ।

"ਪਰ ਦਲੀਆ ਕਿੱਥੋਂ ਲਿਆਈਏ ਪਿਤਾ ਜੀ?" ਵੱਡੀ ਨੂੰਹ ਪੁੱਛਦੀ।

"ਅੱਧ ਸੇਰ ਕਣਕ ਲੈ ਕੇ ਹੈਥੇ ਚੱਕੀ 'ਚੋਂ ਕੱਢ ਲਓ! ਥੋਡੀ ਬੇਬੇ ਜਦ ਥੋਡੇ ਵਰਗੀ ਹੁੰਦੀ ਤੀ ਧੀਏ ਤਾਂ ਮਣ ਕੱਚੀ ਕਣਕ ਦਲ਼ ਕੇ ਹੀ ਸਾਹ ਲੈਂਦੀ!"

ਉਹ ਆਪਣੀ ਮੋਈ ਪਤਨੀ ਸੁਖਦੇਈ ਨੂੰ ਯਾਦ ਕਰਦਾ ਬੜਾ ਫੁੱਲ ਕੇ ਆਖਦਾ, "ਮਧਾਣੀ, ਚੱਕੀ, ਵੇਲਣਾ ਘਰ ਚਰਖਾ-ਚਹੁੰਆਂ ਦੀਆਂ ਗੁੱਡੀਆਂ ਘੁਮਾ ਦਿੰਦੀ ਤੀ ਥੋਡੀ ਬੇਬੇ!" ਆਪਣੀ ਜੀਵਨ ਸਾਥਣ ਨੂੰ ਯਾਦ ਕਰਦਾ ਉਹ ਦਲੀਏ ਨੂੰ ਭੁੱਲ ਜਾਂਦਾ।

ਜੇਠ-ਹਾੜ੍ਹ ਵਿਚ ਉਹ ਠੰਢਿਆਈ ਦੀ ਮੰਗ

*(ਬਾਕੀ ਅਗਲੇ ਸਫੇ 'ਤੇ)*

# ਚੰਦ ਤੇ ਉਸ ਦਾ ਪਰਿਵਾਰ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਘਟਦੀਆਂ ਵਧਦੀਆਂ ਕਲਾਵਾਂ ਨਾਲ ਨਿਤ ਰੂਪ ਬਦਲਦਾ ਚੰਦ ਅਨਗਿਣਤ ਕਵੀਆਂ ਦੀਆਂ ਕਵਿਤਾਵਾਂ ਦਾ ਵਿਸ਼ਾ ਬਣਿਆ ਰਿਹਾ ਹੈ। ਘਟੋ ਘਟ ਦੋ ਪੰਜਾਬੀ ਕਵੀਆਂ-ਰਣਧੀਰ ਸਿੰਘ ਚੰਦ ਤੇ ਤੇਰਾ ਸਿੰਘ ਚੰਨ ਨੇ ਇਸ ਸ਼ਬਦ ਨੂੰ ਤਖੱਲਸ ਵਜੋਂ ਅਪਨਾਇਆ ਹੈ। ਭਾਵੇਂ ਮਨੁਖ ਨੇ ਚੰਦ ਤੇ ਪੈਰ ਪਾ ਕੇ ਇਸ ਦਾ ਦੇਵਤਾ ਸਰੂਪ ਮਿਥ ਤੋੜ ਦਿੱਤਾ ਹੈ ਪਰ ਅਜੇ ਵੀ ਇਸ ਦਾ ਜਲ ਜਲੌਅ ਘਟਿਆ ਨਹੀਂ। ਚੰਨ ਦੀ ਚਾਨਣੀ ਵਿਚ ਕਿੰਨੇ ਹੀ ਇਸ਼ਕ ਪਲੇ ਹਨ। ਕਿੰਨਿਆਂ ਹੀ ਆਸ਼ਕਾਂ ਨੇ ਆਪਣੀਆਂ ਮਹਿਬੂਬਾਵਾਂ ਨੂੰ ਚੰਨ ਨਾਲ ਤੁਲਨਾ ਦਿਤੀ। ਫਿਰ ਮਹਿਬੂਬਾਵਾਂ ਨੇ ਵੀ ਕਿਹੜੀ ਘਟ ਕੀਤੀ ਹੈ, ਚੰਨ ਮਾਹੀ, ਚੰਨ ਪ੍ਰਦੇਸੀ ਜਿਹੀਆਂ ਸੰਗਿਆਵਾਂ ਆਪਣੇ ਆਸ਼ਕਾਂ ਨੂੰ ਦਿੱਤੀਆਂ। ਭਰੀ ਰਾਤ ਸਮੇਂ ਦੂਰ ਅਸਮਾਨ ਵਿਚ ਡਲ੍ਹਕਦਾ ਹੁਸੀਨ ਚੰਨ ਭਾਵੇਂ ਕਿੰਨਾ ਵੀ ਅਪਹੁੰਚ ਹੈ, ਇਸ ਨੂੰ ਫੜਨ ਦੀ ਚਾਹਤ ਹਰ ਕੋਈ ਕਰਦਾ ਹੈ। ਬੱਚੇ ਲਈ ਚੰਦ ਉਸ ਦਾ ਸਭ ਤੋਂ ਪਿਆਰਾ ਰਿਸ਼ਤਾ, ਮਾਮਾ ਬਣ ਜਾਂਦਾ ਹੈ, ਜੋ ਦੂਰ ਵਸਦਾ ਉਸ ਲਈ ਚੀਜ਼ਾਂ ਲੈ ਕੇ ਆਉਂਦਾ ਹੈ। ਜਿਨ੍ਹਾਂ ਸਮਿਆਂ ਵਿਚ ਮਨੁਖ ਦਾ ਚੌਗਿਰਦਾ ਕੁਦਰਤ ਹੀ ਕੁਦਰਤ ਸੀ, ਚੰਦ ਉਸ ਦੇ ਜੀਵਨ ਦਾ ਇਕ ਅਨੂਠਾ ਅਨੁਭਵ ਸੀ। ਮਾਂ ਨੂੰ ਆਪਣਾ ਪੁਤਰ ਚੰਦ ਹੀ ਲਗਦਾ ਹੈ, ਉਹ ਭਾਵੇਂ ਕਿੰਨੇ ਹੀ ਚੰਦ ਚਾੜ੍ਹ ਦੇਵੇ। ਚੰਦ ਜਾਂ ਇਸ ਦੇ ਰੂਪ ਵਿਅਕਤੀ ਨਾਂ ਦੇ ਹਰ ਹਿੱਸੇ ਵਿਚ ਵਰਤੇ ਜਾਂਦੇ ਹਨ ਜਿਵੇਂ ਚੰਦਰ ਮੋਹਨ, ਚੰਦਾ ਸਿੰਘ, ਚੰਦ ਸਿੰਘ; ਰਾਮ ਚੰਦ, ਬਿਧੀ ਚੰਦ, ਸ੍ਰੀ ਚੰਦ; ਚੰਨਾ, ਚੰਨੀ, ਚੰਨੋ, ਚੰਦੂ, ਚੰਦੀ ਆਦਿ। ਅਸਮਾਨ ਵਿਚ ਸਿਰਫ਼ ਇਕ ਹੋਣ ਕਾਰਨ ਸੰਸਕ੍ਰਿਤ ਵਿਚ ਚੰਦ ਦਾ ਅਰਥ ਇਕ ਵੀ ਹੈ। 'ਕੁਝ' ਦੇ ਅਰਥਾਂ ਵਾਲਾ ਚੰਦ (ਜਿਵੇਂ ਚੰਦ ਰੋਜ਼) ਹੋਰ ਸ਼ਬਦ ਹੈ ਜੋ ਫਾਰਸੀ ਵਲੋਂ ਆਇਆ ਹੈ ਤੇ ਇਸ ਦਾ ਵਰਤਮਾਨ ਚੰਦ ਨਾਲ ਕੋਈ ਸਬੰਧ ਨਹੀਂ। ਚਿਟਿਆਈ ਅਤੇ ਸੀਤਲਤਾ ਦੇ ਗੁਣ ਕਾਰਨ ਪਾਣੀ ਅਤੇ ਮੁਸ਼ਕਕਾਫੂਰ ਨੂੰ ਚੰਦਰ ਵੀ ਕਹਿੰਦੇ ਹਨ।

ਚੰਦ ਦਾ ਹੀ ਸੀਤਲ ਪ੍ਰਕਾਸ਼ ਚਾਂਦਨੀ ਜਾਂ ਚਾਨਣੀ ਕਹਾਉਂਦਾ ਹੈ। "ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥" -ਗੁਰੂ ਅਰਜਨ, ਅਰਥਾਤ ਚੰਦਨ ਦਾ ਲੇਪ, ਚੰਦ ਦੀ ਚਾਨਣੀ ਜਾਂ ਠੰਡੀ ਰੁਤ ਮਨ ਦੀ ਤਪਸ਼ ਨੂੰ ਮਿਟਾ ਨਹੀਂ ਸਕਦੀ। ਚੰਨਣ, ਚਾਨਣ, ਚਾਨਣਾ, ਚੰਦਨ ਜਿਹੇ ਵਿਅਕਤੀ ਨਾਂ ਵੀ ਆਮ ਹੀ ਹਨ। ਦਿੱਲੀ ਦੇ ਚਾਂਦਨੀ ਚੌਕ ਨਾਂ ਦਾ ਅਰਥ ਚੰਦ ਦੀ ਚਾਨਣੀ ਵਾਲਾ ਚੌਕ ਹੀ ਹੈ। ਇਹ ਚੌਕ 17ਵੀਂ ਸਦੀ ਵਿਚ ਸ਼ਾਹ ਜਹਾਨ ਨੇ ਵਸਾਇਆ ਸੀ ਜਿਸ ਦੇ ਵਿਚਕਾਰ ਦੀ ਇਕ ਨਹਿਰ ਨਿਕਲਦੀ ਸੀ। ਇਸ ਨਹਿਰ ਤੇ ਤਲਾਬ ਵਿਚ ਚੰਦ ਦੀ ਚਾਨਣੀ ਖੂਬ ਲਿਸ਼ਕਾਂ ਮਾਰਦੀ ਸੀ। ਪਹਿਲਗਾਮ ਦੀ ਚੰਦਨਵਾੜੀ ਬਰਫਾਂ ਨਾਲ ਲੱਦੀ ਪਈ ਹੈ ਜਿਸ ਵਿਚ ਚੰਦ ਦੀ ਚਾਂਦਨੀ ਹੋਰ ਵੀ ਡਲਕਾਂ ਮਾਰਦੀ ਹੈ। ਮਹਾਰਾਸ਼ਟਰ ਦੀ ਚੰਦਨਵਾੜੀ ਦੀਆਂ ਝੀਲਾਂ ਵਿਚ ਚੰਦ-ਚਾਨਣੀ ਦੇ ਬਿੰਬ ਠਾਠਾਂ ਮਾਰਦੇ ਹਨ। ਰੋਸ਼ਨੀ ਦੇ ਅਰਥਾਂ ਵਾਲਾ ਚਾਨਣ ਸ਼ਬਦ ਵੀ ਇਸੇ ਤੋਂ ਬਣਿਆ, ਭਾਵੇਂ ਇਹ ਸੂਰਜ ਦਾ ਹੀ ਕਿਉਂ ਨਾ ਹੋਵੇ। ਸਦੀਆਂ ਤੋਂ ਚਾਨਣ ਗਿਆਨ ਦਾ ਪ੍ਰਤੀਕ ਹੈ, "ਮਿਟੀ ਧੁੰਦ ਜਗ ਚਾਨਣ ਹੋਆ॥" ਦੇਵ ਰਾਜ ਚਾਨਣਾ ਪੰਜਾਬੀ ਦਾ ਇਕ ਮਸ਼ਹੂਰ ਕਵੀ ਹੋਇਆ ਹੈ। ਹੀਰ ਰਾਂਝੇ ਅਤੇ ਸੋਹਣੀ ਮਹੀਂਵਾਲ ਦਾ ਇਸ਼ਕ ਚਨਾਬ ਦਰਿਆ ਦੇ ਆਸਪਾਸ ਪ੍ਰਵਾਨ ਚੜ੍ਹਿਆ। ਇਸ ਦਰਿਆ ਦੇ ਨਾਂ ਦਾ ਚੰਦ ਸ਼ਬਦ ਨਾਲ ਗੂੜ੍ਹਾ ਸਬੰਧ ਹੈ। ਪ੍ਰਾਚੀਨ



ਸਰੋਤਾਂ ਵਿਚ ਇਸ ਦਾ ਨਾਂ ਚੰਦਰਭਾਗਾ ਲਿਖਿਆ ਮਿਲਦਾ ਹੈ। ਸ਼ਿਵ ਕੁਮਾਰ ਦੀ ਲੂਣਾ ਵਿਚ ਇਸ ਸ਼ਬਦ ਦੀ ਸੋਅ ਮਿਲਦੀ ਹੈ। ਕਾਵਿ ਦੇ ਅਰੰਭ ਵਿਚ ਨਟੀ ਤੇ ਸੂਤਰਧਾਰ ਰਾਵੀ ਦਰਿਆ ਦੇ ਕੰਢੇ ਵਾਰਤਾਲਾਪ ਕਰਦੇ ਹਨ। ਸੂਤਰਧਾਰ ਚਨਾਬ ਨੂੰ ਐਰਾਵਤੀ (ਰਾਵੀ) ਦਾ ਭਰਾ ਦਸਦਾ ਹੈ,

ਇਹ ਦੇਸ ਸੁ ਚੰਬਾ ਸੋਹਣੀਏ<br>
ਇਹ ਰਾਵੀ ਸੁ ਦਰਿਆ<br>
ਜੋ ਐਰਾਵਤੀ ਕਹਾਂਵਦੀ<br>
ਵਿਚ ਦੇਵ ਲੋਕ ਦੇ ਜਾ<br>
ਇਹ ਧੀ ਹੈ ਪਾਂਗੀ ਰਿਸ਼ੀ ਦੀ<br>
ਇਹ ਚੰਦਰਭਾਗ ਭਰਾ।

ਅਸਲ ਵਿਚ ਚੰਦਰਭਾਗ 'ਚੰਦਰ' ਤੇ 'ਭਾਗ' ਨਾਂ ਦੇ ਦੋ ਦਰਿਆਵਾਂ ਦੇ ਸੰਗਮ ਤੋਂ ਬਣਿਆ। ਇਸ ਵਿਚ ਚੰਦਰ ਦਾ ਅਰਥ 'ਚੰਦ' ਹੀ ਕੀਤਾ ਜਾਂਦਾ ਹੈ। ਚਨਾਬ, ਜੋ ਘਸ ਘਸ ਕੇ ਝਨਾਂ ਬਣ ਗਿਆ, ਦੀ ਵਿਉਤਪਤੀ ਚੰਨ+ਆਬ (ਪਾਣੀ) ਵਜੋਂ ਵੀ ਕੀਤੀ ਜਾਂਦੀ ਹੈ। ਸਪਸ਼ਟ ਹੈ, ਚੰਦ ਦਾ ਭਾਵ ਦੋਨਾਂ ਵਿਚ ਸ਼ਾਮਿਲ ਹੈ। ਸੰਭਵ ਹੈ ਚੰਬਾ ਨਗਰ ਦੇ ਨਾਂ ਵਿਚ ਵੀ ਏਹੋ ਭਾਵ ਨਿਹਿਤ ਹੋਵੇ।

ਚੰਦ ਸ਼ਬਦ ਦਾ ਧਾਤੂ 'ਚੰਦ' ਹੀ ਹੈ ਜਿਸ ਦਾ ਮੁਖ ਅਰਥ ਚਮਕ, ਆਭਾ, ਲਿਸ਼ਕ ਆਦਿ ਹੈ। ਇਸ ਧਾਤੂ ਤੋਂ ਹੀ ਚਾਂਦੀ ਸ਼ਬਦ ਬਣਿਆ ਕਿਉਂਕਿ ਇਸ ਦਾ ਮੁਖ ਗੁਣ ਚਮਕ-ਦਮਕ ਹੈ। ਰਿਸ਼ਵਤ ਦੇਣ ਨੂੰ ਚਾਂਦੀ ਦੀ ਜੁੱਤੀ ਮਾਰਨਾ ਕਿਹਾ ਜਾਂਦਾ ਹੈ। ਇਸ ਤੋਂ ਬਣੇ ਸ਼ਬਦ ਚਾਂਦਨੀ ਦਾ ਇਕ ਅਰਥ ਫਰਸ਼ 'ਤੇ ਵਿਛਾਈ ਗਈ ਚਾਦਰ ਜਾਂ ਸ਼ਾਮਿਆਨਾ ਵੀ ਹੈ। ਜਾਣੋ ਇਹ ਚਿੱਟੀ ਚਾਦਰ ਚੰਦ ਦੀ ਚਾਨਣੀ ਦਾ ਆਭਾਸ ਦੇ ਰਹੀ ਹੈ। ਗੁਰੂ ਗ੍ਰੰਥ ਸਾਹਿਬ 'ਤੇ ਤਾਣੇ ਜਾਣ ਵਾਲੀ ਚਾਨਣੀ ਨੂੰ ਚੰਦੋਆ ਕਿਹਾ ਜਾਂਦਾ ਹੈ, ਮਾਨੋ ਇਹ ਚੰਦ ਦਾ ਹੀ ਸਾਇਬਾਨ ਹੈ। "ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ" -ਭਟ ਕਲ-ਸਹਾਰ। ਘੋੜਿਆਂ ਦੀ ਖਿਚ ਦੀ ਬੀਮਾਰੀ ਨੂੰ ਵੀ ਚਾਨਣੀ ਕਿਹਾ ਜਾਂਦਾ ਹੈ। ਵਿਸ਼ਵਾਸ ਸੀ ਕਿ ਇਹ ਬੀਮਾਰੀ ਚੰਦ ਦੀ ਖਿਚ ਜਾਂ ਚਾਨਣੀ ਪੈਣ ਨਾਲ ਪੈਦਾ ਹੁੰਦੀ ਹੈ। 'ਚਾਨਣੀ ਪੈਣਾ' ਦਾ ਅਰਥ ਬਿੱਜ ਪੈਣਾ ਜਾਂ ਅਧਰੰਗ ਹੋਣਾ ਵੀ ਹੁੰਦਾ ਹੈ। ਰਜਾਈ ਦੇ ਉਪਰਲੇ ਕਪੜੇ ਨੂੰ ਚੰਦਾ ਆਖਦੇ ਹਨ ਕਿਉਂਕਿ ਉਸ ਉਪਰ ਚੰਦ ਵਰਗੀ ਛਾਪ ਲੱਗੀ ਹੁੰਦੀ ਹੈ। ਚੰਦ ਤੋਂ ਹੀ ਚੰਦਾ ਬਣਿਆ ਕਿਉਂਕਿ ਇਸ ਦੀ ਛਪਾਈ ਚੰਦ ਜਿਹੇ ਅਕਾਰਾਂ ਦੀ ਹੁੰਦੀ ਸੀ। ਮੋਰ ਪੰਖ ਦੇ ਟਿੱਕੇ ਨੂੰ ਵੀ ਇਹ ਨਾਂ ਮਿਲਿਆ ਕਿਉਂਕਿ ਇਸ ਦੀ ਅੱਖ ਚੰਦ ਵਰਗੀ ਹੁੰਦੀ ਹੈ। ਚਾਂਦਮਾਰੀ ਵਿਚ ਅਰਧ ਚੰਦ ਦੀ ਸ਼ਕਲ ਦੇ ਨਿਸ਼ਾਨੇ ਤੇ ਗੋਲੀਆਂ ਚਲਾ ਕੇ ਅਭਿਆਸ ਕੀਤਾ ਜਾਂਦਾ ਹੈ। ਚੰਦ ਨੂੰ ਚੰਦਰਮਾ ਵੀ ਕਹਿੰਦੇ ਹਨ। ਅਸਲ ਵਿਚ ਪਿਛੇਤਰ ਵਜੋਂ ਲੱਗੇ 'ਮਾ' ਦਾ ਅਰਥ ਮਹੀਨਾ ਹੈ। ਇਸ ਲਈ ਇਸ ਸ਼ਬਦ ਦਾ ਮੁਢਲਾ ਅਰਥ ਚੰਦਰਮਾਸ ਜਾਂ ਚੰਦ ਮਹੀਨਾ ਹੀ ਹੈ। 'ਮਾ' ਧਾਤੂ ਤੋਂ ਬਹੁਤ ਸਾਰੇ ਸ਼ਬਦ ਬਣੇ ਹਨ ਜਿਨ੍ਹਾਂ ਬਾਰੇ ਵਖਰੇ ਤੌਰ ਤੇ ਲਿਖਿਆ ਜਾਵੇਗਾ।

ਦੱਖਣੀ ਭਾਰਤ ਵਿਚ ਪੈਦਾ ਹੁੰਦੇ ਇਕ ਖੁਸ਼ਬੂਦਾਰ ਦਰਖਤ ਚੰਦਨ ਦਾ ਨਾਂ ਵੀ 'ਚੰਦ' ਧਾਤੂ ਤੋਂ ਪਿਆ। ਮਹਾਨ ਕੋਸ਼ ਵਿਚ ਇਸ ਨੂੰ 'ਸਭ ਦੇ ਚਿਤ ਨੂੰ ਚਦਿ (ਪ੍ਰਸੰਨ)' ਕਰਨ ਵਾਲਾ ਬਿਰਛ ਵਜੋਂ ਅਰਥਾਪਨ ਕੀਤਾ ਹੈ। ਇਥੇ ਚਦਿ ਦੇ ਥਾਂ ਤੇ ਚੰਦ ਹੋਣਾ ਚਾਹੀਦਾ ਸੀ। ਪੰਜਾਬੀ ਵਿਚ ਚੰਦਨ ਨੂੰ ਚੰਨਣ ਵੀ ਕਿਹਾ ਜਾਂਦਾ ਹੈ, "ਕੁੰਗੂ ਚੰਨਣੁ ਫੁਲ ਚੜਾਏ" -ਗੁਰੂ ਨਾਨਕ। ਚੰਦਨ ਦੀ ਤਾਸੀਰ ਠੰਡੀ ਮੰਨੀ ਗਈ ਹੈ, ਇਸ ਲਈ ਇਹ ਚੰਦ ਦੇ ਸੀਤਲਤਾ ਵਾਲੇ ਗੁਣ ਨਾਲ ਮੇਲ ਖਾਂਦਾ ਹੈ। ਇਹ ਸ਼ਬਦ ਫਾਰਸੀ ਵਿਚ ਜਾ ਕੇ 'ਸੰਦਲ' ਦਾ ਰੂਪ ਧਾਰ ਗਿਆ ਤੇ ਇਸੇ ਰੂਪ ਵਿਚ ਪੰਜਾਬੀ ਵਿਚ ਮੁੜ ਆਇਆ। ਸੰਦਲ ਦੀ ਲਕੜੀ ਤੋਂ ਸ਼ਰਬਤ ਤੇ ਕਈ ਔਸ਼ਧੀਆਂ ਵੀ ਬਣਾਈਆਂ ਜਾਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਚੰਦਨ ਦੀ ਲਕੜੀ ਲਈ ਚਨਣਾਠੀਆ (ਚੰਨਣ+ਕਾਠ) ਸ਼ਬਦ ਆਇਆ ਹੈ, "ਤੇਰਾ ਨਾਮੇ ਕਰੀ ਚਨਣਾਠੀਆ ਜੇ ਮਨ ਉਰਸਾ ਹੋਇ॥" -ਗੁਰੂ ਨਾਨਕ। ਸੰਦਲ ਗਰੀਕ, ਲਾਤੀਨੀ ਅਤੇ ਫਰਾਂਸੀਸੀ ਵਿਚ ਦੀ ਹੁੰਦਾ ਹੋਇਆ ਅੰਗਰੇਜ਼ੀ ਵਿਚ ਪੁੱਜਾ ਤਾਂ ਇਹ 'ਸੈਂਡਲਵੁੱਡ' ਬਣ ਗਿਆ। ਔਰਤਾਂ ਦੀ ਜੁੱਤੀ ਲਈ 'ਸੈਂਡਲ' ਸ਼ਬਦ ਵੀ ਇਸੇ ਤੋਂ ਬਣਿਆ ਕਿਉਂਕਿ ਪੁਰਾਣੇ ਜ਼ਮਾਨੇ 'ਚ ਭਾਰਤੀ ਚੰਦਨ ਦੀਆਂ ਜੁਤੀਆਂ ਦੀ ਯੂਰਪ 'ਚ ਬੜੀ ਮੰਗ ਹੁੰਦੀ ਸੀ। ਚੰਦ ਧਾਤੂ ਤੋਂ ਹੀ ਚੰਨ ਵਰਗੇ ਚਿੱਟੇ ਫੁਲਾਂ ਵਾਲੇ ਖੁਸ਼ਬੂਦਾਰ ਪੌਦੇ ਚੰਬੇਲੀ ਜਾਂ ਚਮੇਲੀ ਦਾ ਇਹ ਨਾਂ ਪਿਆ।

ਚੰਦਰਾ ਸ਼ਬਦ ਜਿਸ ਦਾ ਅਰਥ ਨਹਿਸ਼ ਹੁੰਦਾ ਹੈ, ਵੀ ਚੰਦ ਦੀ ਹੀ ਕਰਾਮਾਤ ਹੈ। ਬੋਲਚਾਲ ਵਿਚ ਕਮੀਨੇ, ਕੰਜੂਸ ਬੰਦੇ ਨੂੰ ਵੀ ਚੰਦਰਾ ਕਹਿ ਦਿੱਤਾ ਜਾਂਦਾ ਹੈ। ਅਸਲ ਵਿਚ ਚੰਦਰਾ ਇਕ ਅਸਾਧ ਫੋੜੇ ਨੂੰ ਕਿਹਾ ਜਾਂਦਾ ਹੈ ਜਿਸ ਦਾ ਕਾਰਨ ਚੰਦ ਦੀ ਚਾਨਣੀ ਮੰਨਿਆ ਜਾਂਦਾ ਹੈ। ਚੰਦ ਦੇ ਵੈਰੀ ਰਾਹੂ ਨੂੰ ਵੀ ਚੰਦਰਾ ਕਿਹਾ ਜਾਂਦਾ ਹੈ ਕਿਉਂਕਿ ਮਾਨਤਾ ਅਨੁਸਾਰ ਗ੍ਰਹਿਣ ਸਮੇਂ ਰਾਹੂ ਚੰਦ ਨੂੰ ਗ੍ਰਸ ਲੈਂਦਾ ਹੈ। ਇਸ ਤੋਂ 'ਚੰਦਰਾ' ਦੇ ਨਾਕਾਰਾਤਮਕ ਭਾਵ ਪੈਦਾ ਹੋਏ। ਚੰਦਰ ਦੇ ਪੁਤਰ ਤੋਂ ਪੈਦਾ ਹੋਏ ਵੰਸ਼ ਨੂੰ ਚੰਦਰਵੰਸ਼ੀ ਕਿਹਾ ਜਾਂਦਾ ਹੈ। ਬਹੁਤ ਸਾਰੇ ਲੋਕ ਆਪਣੇ ਆਪ ਨੂੰ ਸੂਰਜਵੰਸੀ ਜਾਂ ਚੰਦਰਵੰਸ਼ੀ ਹੀ ਦਸਦੇ ਹਨ। ਰਾਜਪੂਤਾਂ ਦਾ ਇਕ ਕਬੀਲਾ 'ਚੰਦੇਲ' ਕਹਾਉਂਦਾ ਹੈ ਜੋ ਆਪਣਾ ਵੰਸ਼ ਚੰਦ ਨਾਲ ਜੋੜਦਾ ਹੈ। ਇਤਿਹਾਸਕ ਭਾਰਤੀ ਰਾਜੇ ਚੰਦਰਗੁਪਤ ਦੇ ਨਾਂ ਦਾ ਅਰਥ ਹੈ, ਚੰਦ ਦੁਆਰਾ ਸੁਰਖਿਅਤ। 'ਚੰਦਨਹਾਰ' ਗਹਿਣੇ ਵਿਚ ਚੰਦ ਰੂਪ ਸੋਨੇ ਚਾਂਦੀ ਦੇ ਟੁਕੜੇ ਜੜੇ ਹੁੰਦੇ ਹਨ। ਪੰਜਾਬੀ ਵਿਚ ਚੰਦ ਨਾਲ ਸਬੰਧਤ ਬਹੁਤ ਸਾਰੇ ਮੁਹਾਵਰੇ, ਕਹਾਵਤਾਂ ਵੀ ਪ੍ਰਚਲਤ ਹਨ ਜਿਵੇਂ ਚੰਦ 'ਤੇ ਥੁਕਿਆਂ ਆਪਣੇ ਮੂੰਹ 'ਤੇ ਪੈਂਦਾ ਹੈ, ਚਾਰ ਚੰਦ ਲਾਉਣਾ, ਈਦ ਦਾ ਚੰਦ, ਚਾਨਣੀ ਦੀਵਾਲੀ।

ਚੰਦ ਸ਼ਬਦ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ kand ਹੈ ਜਿਸ ਦਾ ਅਰਥ ਚਮਕਣਾ ਹੈ। ਮੋਮਬੱਤੀ ਲਈ ਅੰਗਰੇਜ਼ੀ ਸ਼ਬਦ candle ਇਸੇ ਤੋਂ ਬਣਿਆ। ਲਾਤੀਨੀ ਤੋਂ ਲਏ ਇਸ ਦੇ ਲਾਤੀਨੀ ਰੂਪਾਂਤਰ ਦੇ ਅਰਥ ਮਿਸ਼ਾਲ ਅਤੇ ਮੋਮਬੱਤੀ ਸਨ। ਇਹ ਸ਼ਬਦ ਲਾਤੀਨੀ candere ਤੋਂ ਬਣਿਆ ਜਿਸ ਦਾ ਅਰਥ ਜਗਣਾ, ਚਮਕਣਾ ਹੁੰਦਾ ਹੈ। ਲਾਤੀਨੀ ਦੇ ਇਸੇ ਸ਼ਬਦ ਤੋਂ ਉਮੀਦਵਾਰ ਦੇ ਅਰਥਾਂ ਵਾਲਾ candidate ਸ਼ਬਦ ਬਣਿਆ, ਜਿਸ ਦਾ ਸ਼ਾਬਦਿਕ ਅਰਥ ਹੈ, ਚਿੱਟ-ਕਪੜੀਆ। ਦਰਅਸਲ ਚਾਂਦਨੀ ਦਾ ਚਿੱਟਾ ਰੰਗ ਉਜਲਤਾ, ਨਿਸ਼ਕਪਟਤਾ, ਸ਼ੁਧਤਾ ਦਾ ਪ੍ਰਤੀਕ ਹੈ। ਪ੍ਰਾਚੀਨ ਰੋਮ ਵਿਚ ਕਿਸੇ ਅਹੁਦੇ ਦੇ ਉਮੀਦਵਾਰ ਚਿੱਟੇ ਕਪੜੇ ਪਾਉਂਦੇ ਸਨ। ਦੀਵਾਲੀ ਆਦਿ ਨੂੰ ਮੋਮਬੱਤੀਆਂ ਆਦਿ ਨਾਲ ਜਗਮਗ ਛੱਤ 'ਤੇ ਟੰਗੇ ਜਾਣ ਵਾਲੇ ਫਨੂਸ ਨੂੰ ਕੰਦੀਲ ਕਿਹਾ ਜਾਂਦਾ ਹੈ ਜੋ ਫਾਰਸੀ ਅਸਲੇ ਦਾ ਸ਼ਬਦ ਹੈ। ਗਰੀਕ, ਲਾਤੀਨੀ ਅਤੇ ਅਰਬੀ ਵਿਚ ਇਸ ਸ਼ਬਦ ਦੇ ਰੂਪਾਂਤਰ ਮਿਲਦੇ ਹਨ। ਫਨੂਸ ਜਿਹੀ ਇਕ ਹੋਰ ਜਗਮਗ ਸਜਾਵਟ ਹੈ ਸ਼ੈਂਡਲੀਅਰ (chandelier)। ਇਸ ਦਾ ਵੀ ਲਾਤੀਨੀ ਕੈਂਡਲ ਨਾਲ ਸਬੰਧ ਹੈ। ਇਹ 'ਚੌਦਵੀਂ ਦਾ ਚੰਦ' ਪੁਰਾਣੀ ਫਰਾਂਸੀਸੀ ਰਾਹੀਂ ਰੂਪ ਬਦਲਦਾ ਚੌਦਵੀਂ ਸਦੀ ਵਿਚ ਅੰਗਰੇਜ਼ੀ ਵਿਚ ਦਾਖਲ ਹੋਇਆ। ਅੰਗਰੇਜ਼ੀ ਦਾ ਇਕ ਹੋਰ ਮਹੱਤਵਪੂਰਨ ਸ਼ਬਦ ਹੈ candor ਤੇ ਇਸ ਤੋਂ ਅਗੇ ਬਣਿਆ candid. ਇਨ੍ਹਾਂ ਸ਼ਬਦਾਂ ਵਿਚ ਸਾਫ-ਗੋਈ, ਬੇਬਾਕੀ, ਖਰਾਪਨ, ਕੋਰਾਪਣ, ਸ਼ੁਧਤਾ ਆਦਿ ਦੇ ਭਾਵ ਹਨ। ਇਹ ਸਾਰੇ ਭਾਵ ਮੂਲ ਅਰਥ ਚਮਕਣਾ ਤੋਂ ਚਿਟਿਆਈ ਵਿਚ ਪਰਿਵਰਤਿਤ ਹੁੰਦੇ ਹੋਏ ਇਹ ਅਰਥ ਗ੍ਰਹਿਣ ਕਰ ਗਏ। ਅੱਗ-ਲਾਊ ਦੇ ਅਰਥਾਂ ਵਾਲਾ ਅੰਗਰੇਜ਼ੀ ਦਾ ਸ਼ਬਦ incendiary ਵੀ ਲਾਤੀਨੀ ਦੇ candere ਤੋਂ ਹੀ ਵਿਕਸਿਤ ਹੋਇਆ ਹੈ। ਪ੍ਰਕਾਸ਼ ਤੇ ਅੱਗ ਦਾ ਰਿਸ਼ਤਾ ਅਟੁੱਟ ਬਣਿਆ ਹੋਇਆ ਹੈ।

---

# ਆਖ਼ਰੀ ਬਰਸੀ

(ਸਫਾ 27 ਦੀ ਬਾਕੀ)

ਕਰਦਾ। ਜਦੋਂ ਉਸ ਦੀਆਂ ਚਲਦੀਆਂ ਸੀ ਤਾਂ ਉਹ ਹਰ ਰੋਜ਼ ਤੀਏ ਪਹਿਰ ਸਰਦਾਈ ਰਗੜ ਕੇ ਪੀਂਦਾ ਤੇ ਫੇਰ ਦੁਕਾਨ 'ਤੇ ਜਾ ਬੈਠਦਾ।

ਪਰ ਹੁਣ ਨੂੰਹਾਂ ਕਦੇ ਤਾਂ ਖ਼ਸਖ਼ਸ-ਬਦਾਮ ਭਿਉਣੇ ਹੀ ਭੁੱਲ ਜਾਂਦੀਆਂ, ਕਦੇ ਛਿੱਲੀਆਂ ਹੋਈਆਂ ਗਿਰੀਆਂ ਨੂੰ ਜੁਆਕ ਹੀ ਛੱਕ ਜਾਂਦੇ, ਕਦੇ ਕਾਲੀਆਂ ਮਿਰਚਾਂ ਏਨੀਆਂ ਪਾ ਦਿੰਦੀਆਂ ਕਿ ਸਾਰਾ ਦਿਨ ਉਹਦਾ ਦਿਲ ਜਲੀ ਜਾਂਦਾ, ਕਦੇ ਭੁਲੱਕੜ ਉਰਮਿਲਾ ਗੁਲਾਬ ਦੇ ਸੁੱਕੇ ਫੁੱਲਾਂ ਦਾ ਰੁੱਗ ਭਰ ਕੇ ਪਾ ਦਿੰਦੀ ਤਾਂ ਉਸ ਨੂੰ ਦਿਨ 'ਚ ਕਈ ਵਾਰ ਜੰਗਲ ਜਾਣਾ ਪੈਂਦਾ।

ਹਫ਼ਤੇ ਵਿਚ ਉਹਦੀ ਰੂਹ ਸ਼ੱਕਰ ਘਿਓ ਖਾਣ ਨੂੰ ਵੀ ਕਰਦੀ। ਇਹ ਆਦਤ ਉਹਨੂੰ ਬਚਪਨ ਤੋਂ ਹੀ ਸੀ, ਜਦੋਂ ਹਰ ਬੁੱਧਵਾਰ ਉਹਦੀ ਮਾਂ ਮੱਖਣੀ ਤੱਤੀ ਕਰਦੀ ਤਾਂ ਉਸ ਨੂੰ ਰੋਜ਼ਾਂ ਘਿਓ-ਸ਼ੱਕਰ ਰਲਾ ਕੇ ਦਿੰਦੀ। ਸੁੱਖਦੇਈ ਦੇ ਵੇਲਿਆਂ 'ਚ ਵੀ ਇਹ ਰੀਝ ਪੂਰੀ ਹੁੰਦੀ ਰਹੀ ਸੀ।

"ਬੈਅਲੀਆਂ ਚੀਜ਼ਾਂ ਤਾਂ ਤੁਸੀਂ ਆਪੇ ਖਾਈ ਜਾਨੇ ਓ, ਫੇਰ ਕਫ਼ ਨੇ ਤਾਂ ਵਧਣਾ ਹੀ ਹੋਇਆ!" ਵੱਡੀ ਨੂੰਹ ਸਤਵੰਤੀ ਹਿਕਮਤ ਘੋਟਦੀ।

ਹੁਣ ਮੁੰਡਿਆਂ ਦੇ ਜੁਦਾ-ਜੁਦਾ ਹੋਣ ਤੋਂ ਬਾਅਦ ਉਰਮਿਲਾ ਨੇ ਤਾਂ ਉਹਦੀ ਖਾਧ-ਖੁਰਾਕ ਮੁਸ਼ਕਿਲ ਕਰ ਦਿੱਤੀ ਸੀ।

ਜਦੋਂ ਉਹ ਜ਼ਿਆਦਾ ਹੀ ਡਿੱਗੜ ਹੋ ਗਿਆ ਤਾਂ ਤਿੰਨਾਂ ਮੁੰਡਿਆਂ ਨੇ ਉਸ ਨੂੰ ਪੀ.ਜੀ.ਆਈ. ਦਾਖ਼ਲ ਕਰਾ ਦਿੱਤਾ। ਸੇਠ ਦੁਰਗਾ ਦਾਸ ਜਿਸ ਨੇ ਸਾਰੀ ਉਮਰ ਸੂਆ ਵੀ ਲੁਆ ਕੇ ਨਹੀਂ ਸੀ ਦੇਖਿਆ, ਉਸ ਦੇ ਸੱਜੇ ਫੇਫੜੇ ਦਾ ਉਪਰੇਸ਼ਨ ਹੋਣਾ ਸੀ। ਇਸ ਲਈ ਚੀਰ-ਫਾੜ ਦੀ ਤਾਬ ਨਾ ਝੱਲਦਾ ਹੋਇਆ ਉਹ ਹਫ਼ਤੇ ਵਿਚ ਹੀ ਸਰੀਰ ਤਿਆਗ ਕੇ ਪਰਮ-ਧਾਮ ਦੀ ਡੰਡੀ ਪੈ ਗਿਆ।

ਉਸ ਦੀ ਦੇਹ ਸਿੱਧੀ ਮੜ੍ਹੀਆਂ ਵਿਚ ਲਿਆਂਦੀ ਗਈ। ਨਲ੍ਹਾਉਣ ਦੀ ਥਾਂ ਛਿੱਟਾ ਹੀ ਦੇ ਦਿੱਤਾ ਗਿਆ। ਨਵਾਂ ਸਿਲਾਇਆ ਟੈਰੀਕਾਟ ਦਾ ਸੂਟ ਵੀ ਮ੍ਰਿਤਕ ਦੇਹ ਦੇ ਉਪਰ ਹੀ ਰੱਖਣਾ ਪਿਆ, ਪਹਿਨਾਇਆ ਨਹੀਂ ਸੀ ਜਾ ਸਕਦਾ।

-ਵੇ ਤੂੰ ਕਿੱਥੇ ਤੁਰ ਗਿਆ! ਐਡੇ ਬਾਗ-ਬਗੀਚਿਆਂ ਵਾਲਿਆ!

-ਵੇ ਤੈਂ ਮੁੜ ਫੇਰਾ ਨੀਂ ਪਾਉਣਾ! ਦੁਕਾਨਾਂ-ਸ਼ੈਲਰਾਂ ਦਿਆ ਮਾਲਕਾ!

-ਹਾਏ ਵੇ ਸੇਠਾ! ਵੇ ਰਾਜਿਆ!

ਵੱਡੀ ਨੂੰਹ ਨੇ ਦੁਹੱਥੜ ਮਾਰ ਕੇ ਕੀਰਨੇ ਪਾਏ ਸਨ। ਛੋਟੀਆਂ ਨੂੰ ਇਸ ਤਰ੍ਹਾਂ ਸ਼ਾਨ ਨਾਲ ਰੋਣਾ ਨਹੀਂ ਸੀ ਆਉਂਦਾ।

***

ਅੱਜ ਰੋਸ਼ਨਦਾਨ ਵਿਚ ਬੈਠੀ ਦੁਰਗਾ ਦਾਸ ਦੀ ਰੂਹ ਨੇ ਦੇਖਿਆ ਕਿ ਰਸੋਈ ਉੱਤੇ ਧਰੀ ਤਗਾਰੀ ਵਿਚ ਚਿੜੀਆਂ-ਜਨੌਰਾਂ ਦੇ ਪੀਣ ਲਈ ਰੋਜ਼ ਵਾਂਗੂੰ ਤਾਜ਼ਾ ਪਾਣੀ ਪਾ ਦਿੱਤਾ ਗਿਆ ਸੀ। ਕਾਜੂ ਤੇ ਮੇਵੇ ਪਾ ਕੇ ਬਣਾਈ ਖੁੰਭਾਂ ਦੀ ਸਬਜ਼ੀ ਅਤੇ ਕੜਾਹ-ਪੂਰੀਆਂ ਉਰਮਿਲਾ ਨੇ ਆਪ ਪੌੜੀਆਂ ਚੜ੍ਹ ਕੇ ਉਨ੍ਹਾਂ ਹੀ ਪੁਰਾਣੇ ਬਰਤਨਾਂ ਵਿਚ ਪਰੋਸ ਦਿੱਤੀਆਂ। ਕੰਗਣੀ ਵਾਲਾ ਗਲਾਸ ਵੀ ਠੰਢਿਆਈ ਦਾ ਭਰ ਦਿੱਤਾ।

ਏਹੀ ਰੀਤ ਪਿਛਲੇ ਪੰਜ ਸਾਲਾਂ ਤੋਂ ਹਰ ਸਾਲ ਸ਼ਰਾਧਾਂ ਵਿਚ ਵੀ ਨਿਭਾਈ ਜਾਂਦੀ ਸੀ। ਦੁਰਗਾ ਦਾਸ ਦੀ ਛੋਟੀ ਨੂੰਹ ਸਿਖਰ ਦੁਪਹਿਰੇ ਰਸੋਈ 'ਤੇ ਚੜ੍ਹ ਕੇ ਇਨ੍ਹਾਂ ਹੀ ਭਾਂਡਿਆਂ ਵਿਚ 'ਕਾਂਉ-ਪੋਲੀ' ਪਾ ਕੇ ਸੂਰਜ ਵੱਲ ਮੂੰਹ ਕਰਦੀ ਅਤੇ ਵੱਡੇ-ਵਡੇਰਿਆਂ ਨੂੰ ਪਾਣੀ ਦਿੰਦੀ!

ਸਪਤਾਹ ਪਾਠ ਦਾ ਭੋਗ ਪਾਇਆ ਗਿਆ।

"ਸਰਬੱਤ ਪਰਿਵਾਰ ਵੱਲੋਂ ਸੇਠ ਦੁਰਗਾ ਦਾਸ ਜੀ ਮਹਾਰਾਜ ਦੀ ਵਿਛੜੀ ਆਤਮਾ ਦੇ ਨਮਿਤ ਬਰਤਨ, ਭੋਜਨ ਅਤੇ ਸੁੰਦਰ ਪੁਸ਼ਾਕੇ ਭੇਟਾ ਕੀਤੇ ਗਏ ਹਨ। ਧਰਮਸ਼ਾਲਾ, ਗਊਸ਼ਾਲਾ ਅਤੇ ਵੱਡੇ ਸਕੂਲ ਵਾਸਤੇ ਦਰਜਨ ਪੱਖਿਆਂ ਦੀ ਵੀ।" ਮਹੰਤ ਨੇ ਅਰਜ਼ੋਈ ਕੀਤੀ!

ਫੇਰ 'ਆਏ-ਗਏ, ਮਾਈ-ਭਾਈ, ਵੀਰ-ਬਜ਼ੁਰਗ' ਸਾਰੇ ਭੋਜਨ ਪਾ ਰਹੇ ਸਨ। ਕੋਈ ਆਪਣੇ ਕਾਰੋਬਾਰ ਦੀ ਗੱਲ ਛੇੜਦਾ, ਕੋਈ ਦਿਨੋਂ ਦਿਨ ਨਿੱਘਰ ਰਹੇ ਪੰਜਾਬ ਦੇ ਆਰਥਿਕ ਹਾਲਾਤ ਦਾ ਰੋਣਾ ਰੋਂਦਾ। ਕੋਈ ਆਪਣੀ ਧੀ ਦੀ ਹੋ ਚੁੱਕੀ ਕੁੜਮਾਈ ਦੀ ਖੁਸ਼ਖ਼ਬਰੀ ਸੁਣਾਉਂਦਾ, ਕੋਈ ਵਿਦੇਸ਼ ਜਾ ਵੱਸੇ ਮੁੰਡੇ ਦੀ!

ਰੂਹ ਦੀ ਨਿਗ੍ਹਾ ਸਾਹਮਣੇ ਬੈਰਿਆਂ ਨੂੰ ਆਰਡਰ ਛੱਡਦੇ ਛਟਾਂਕੀ ਮੱਲ 'ਤੇ ਪਈ ਜਿਹੜਾ ਹੁਣ ਫੁੱਲ ਕੇ ਭੜੋਲਾ ਬਣ ਗਿਆ ਸੀ। ਸਾਰਾ ਆਲਾ-ਦੁਆਲਾ ਹੀ ਮਹਿਕਿਆ ਪਿਆ ਸੀ। ਸੇਠ ਦੁਰਗਾ ਦਾਸ ਦੀ ਅਤ੍ਰਿਪਤ ਆਤਮਾ ਨੇ ਵੀ ਆਪਣੇ ਸੁੱਕੇ ਬੁੱਲ੍ਹਾਂ 'ਤੇ ਜੀਭ ਫੇਰੀ, ਪਰ ਉਹਦੇ ਤਾਂ ਬੁੱਲ੍ਹ ਹੀ ਗਾਇਬ ਸਨ! ਉਸ ਨੇ ਵਾਸ਼ਨਾ ਵੱਸ ਹੋ ਕੇ ਡੂੰਘਾ ਸਾਹ ਭਰਿਆ, ਪਰ ਉਹਦਾ ਨੱਕ ਵੀ ਲਾਪਤਾ ਸੀ!

ਫੇਰ ਉਸ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਹੁਣ ਸਿਰਫ਼ ਇੱਕ ਭੁੱਖੀ, ਤਿਹਾਈ ਰੂਹ ਸੀ ਅਤੇ ਰੂਹਾਂ ਵੀ ਕਦੇ ਤ੍ਰਿਪਤ ਹੋਈਆਂ ਨੇ!

---

# 'ਕਮਲਿਆਂ ਦਾ ਟੱਬਰ' ਲੇਖ ਲੜੀ

ਪੰਜਾਬ ਟਾਈਮਜ਼ ਵਿਚ ਪਿਛਲੇ ਕੁਝ ਸਮੇਂ ਤੋਂ 'ਕਮਲਿਆਂ ਦਾ ਟੱਬਰ' ਲੜੀ ਅਧੀਨ ਸੰਪਾਦਕ ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਦੀ ਲੜੀ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮੈਂ ਭਾਵੇਂ ਪ੍ਰਭਾਵਿਤ ਹੋਇਆ ਹਾਂ। 'ਕਮਲਿਆਂ ਦਾ ਟੱਬਰ' ਲੇਖ ਲੜੀ ਬਾਰੇ ਵੀ ਉਨ੍ਹਾਂ ਦੀ ਟਿੱਪਣੀ ਬਹੁਤ ਚੰਗੀ ਲੱਗੀ। ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਜੰਮੂ ਭਾਅ ਜੀ ਨੂੰ ਚੰਗੀ ਸਿਹਤ ਬਖ਼ਸ਼ੇ ਅਤੇ ਅਸੀਂ ਉਨ੍ਹਾਂ ਦੀ ਕਲਮ ਦਾ ਅਨੰਦ ਇਸੇ ਤਰ੍ਹਾਂ ਮਾਣਦੇ ਰਹੀਏ।

ਪੰਜਾਬ ਟਾਈਮਜ਼ ਦਾ ਸ਼ੁਭਚਿੰਤਕ

**-ਅਜਮੇਰ ਸਿੰਘ ਪੰਨੂ, ਸ਼ਿਕਾਗੋ**

**ਫੋਨ: 630-440-3458**

---

## ਸੰਪਾਦਕ ਦੀ ਡਾਕ

ਯੂਨੀਵਰਸਿਟੀ ਦੀ ਜ਼ਿੰਦਗੀ ਨਹੀਂ ਦੇਖੀ, ਕਿਉਂਕਿ ਮੈਂ 17 ਸਾਲ ਦੀ ਉਮਰ ਵਿਚ ਹੀ ਘਰੋਂ ਨਿਕਲ ਤੁਰਿਆ ਸਾਂ ਅਤੇ ਜਰਮਨੀ ਪਹੁੰਚ ਗਿਆ ਸਾਂ ਪ੍ਰੰਤੂ ਯਾਦਾਂ ਦੀ ਇਸ ਲੜੀ ਨੇ ਮੈਨੂੰ ਵੀ ਯੂਨੀਵਰਸਿਟੀ ਦੀ ਜ਼ਿੰਦਗੀ ਦਾ ਅਨੁਭਵ ਕਰਵਾ ਦਿੱਤਾ ਹੈ। ਜੰਮੂ ਭਾਅ ਜੀ ਦੀ ਪੱਤਰਕਾਰੀ ਪਹੁੰਚ ਬਾਰੇ ਤਾਂ ਕਿਸੇ ਨੂੰ ਕੋਈ ਸ਼ੱਕ ਸ਼ੁਬ੍ਹਾ ਹੈ ਹੀ ਨਹੀਂ ਪਰ ਇਸ ਲੇਖ ਲੜੀ ਨੇ ਉਨ੍ਹਾਂ ਦੀ ਕਲਮ ਦਾ ਇਕ ਵੱਖਰਾ ਹੀ ਜਲਵਾ ਪੇਸ਼ ਕੀਤਾ ਹੈ। ਪੰਜਾਬੀ ਟ੍ਰਿਬਿਊਨ ਵਿਚ ਗੁਜ਼ਾਰੇ ਦਿਨਾਂ ਬਾਰੇ ਵੀ ਉਨ੍ਹਾਂ ਬਹੁਤ ਹੀ ਸ਼ਿੱਦਤ ਨਾਲ ਲਿਖਿਆ ਹੈ ਤੇ ਇਸ ਰਾਹੀਂ ਮੇਰੇ ਜਿਹੇ ਸਧਾਰਨ ਪਾਠਕਾਂ ਨੂੰ ਵੀ ਪੱਤਰਕਾਰੀ ਜੀਵਨ ਬਾਰੇ ਕਾਫੀ ਕੁਝ ਜਾਣਨ ਨੂੰ ਮਿਲਿਆ ਹੈ।

ਪੰਜਾਬ ਟਾਈਮਜ਼ ਵਿਚ ਨਵੇਂ ਪੁਰਾਣੇ ਸਭ ਲੇਖਕਾਂ ਦੀਆਂ ਕਿਰਤਾਂ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦਾ ਆਪਣਾ ਹੀ ਇਕ ਅਨੰਦ ਹੈ। ਪਿਛੇ ਜਿਹੇ ਪੰਜਾਬੀ ਦੇ ਸਿਰਮੌਰ ਲੇਖਕ ਵਰਿਆਮ ਸਿੰਘ ਸੰਧੂ ਦੀਆਂ ਲਿਖਤਾਂ ਪੜ੍ਹਨ ਨੂੰ ਮਿਲੀਆਂ। ਮੈਂ ਉਨ੍ਹਾਂ ਤੋਂ ਕੁਝ ਜ਼ਿਆਦਾ ਹੀ

### ਯਾਦਾਂ ਦੀ ਲੜੀ

ਸੰਪਾਦਕ ਅਮੋਲਕ ਸਿੰਘ ਜੰਮੂ ਵਲੋਂ ਸ਼ੁਰੂ ਕੀਤੀ ਗਈ ਯਾਦਾਂ ਦੀ ਲੜੀ ਸੱਚਮੁੱਚ ਬਹੁਤ ਦਿਲਚਸਪ ਹੈ। ਜਿਹੜੇ ਦਿਨਾਂ ਦੀ ਉਨ੍ਹਾਂ ਪੰਜਾਬ ਯੂਨੀਵਰਸਿਟੀ ਦੀ ਗੱਲ ਕੀਤੀ ਹੈ, ਮੈਂ ਵੀ ਉਨ੍ਹਾਂ ਦਿਨਾਂ ਵਿਚ ਪੋਲੀਟੀਕਲ ਸਾਇੰਸ ਦੀ ਐਮ ਏ ਕਰ ਰਿਹਾ ਸਾਂ। ਗੁਲਾਟੀ ਦੀ ਕੰਟੀਨ ਤੋਂ ਮੈਂ ਵੀ ਕਈ ਵਾਰ ਚਾਹ ਪੀਂਦਾ ਰਿਹਾ ਹਾਂ। ਮੇਰੇ ਆਪਣੇ ਪੰਜਾਬੀ ਟ੍ਰਿਬਿਊਨ ਦੇ ਸਟਾਫ ਦੇ ਕਈ ਮੈਂਬਰਾਂ ਨਾਲ ਬੜੇ ਗੂੜ੍ਹੇ ਸਬੰਧ ਰਹੇ ਹਨ। ਜਿਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਹਾਲਾਤ ਖਰਾਬ ਸਨ, ਮੈਂ ਅਕਸਰ ਅਧਿਆਪਕ ਯੂਨੀਅਨ ਦੇ ਪ੍ਰੈਸ ਨੋਟ ਛਪਵਾਉਣ ਲਈ ਪੰਜਾਬੀ ਟ੍ਰਿਬਿਊਨ ਜਾਂਦਾ ਸੀ। ਉਮੀਦ ਹੈ ਇਸ ਲੜੀ 'ਚ ਹੋਰ ਦਿਲਚਸਪ ਗੱਲਾਂ ਪੜ੍ਹਨ ਨੂੰ ਮਿਲਣਗੀਆਂ।

**-ਨਿਰਮਲ ਸਿੰਘ, ਨਿਊ ਯਾਰਕ**

# ਪੰਜਾਬੀ ਫ਼ਿਲਮਾਂ ਦੀ ਭਰਮਾਰ ਰਹੀ ਸਾਲ 2012 'ਚ


ਕੀ ਮੈਂ ਝੂਠ ਬੋਲਿਐ...




ਸਵਰਨ ਸਿੰਘ ਟਹਿਣਾ

ਫੋਨ:91-98141-78883


ਕੇਹਾ ਦੌਰ ਆ ਗਿਆ ਸੀ ਵਿਚ-ਵਿਚਾਲੇ, ਜਦੋਂ ਪੰਜਾਬੀ ਫ਼ਿਲਮਾਂ ਸਾਲ 'ਚ ਮਸੀਂ ਇੱਕ ਜਾਂ ਦੋ ਰਿਲੀਜ਼ ਹੁੰਦੀਆਂ ਸਨ ਤੇ ਦਰਸ਼ਕ ਉਨ੍ਹਾਂ ਟੁੱਚ-ਘੜੁੱਚ ਫ਼ਿਲਮਾਂ ਨੂੰ ਦੇਖ ਕੇ ਆਪੋ-ਆਪਣੀ ਧਾਰਨਾ ਬਣਾਉਂਦੇ ਰਹਿੰਦੇ ਸਨ। ਕਿਸੇ ਦੀ ਧਾਰਨਾ ਹੁੰਦੀ ਸੀ, 'ਚਲੋ ਨਾ ਬਣਾਉਣ ਨਾਲੋਂ ਤਾਂ ਇਹੋ ਜਿਹੀਆਂ ਫ਼ਿਲਮਾਂ ਹੀ ਚੰਗੀਆਂ...।' ਕੋਈ ਆਖਦਾ, 'ਏਦਾਂ ਦੀਆਂ ਫ਼ਿਲਮਾਂ ਤੋਂ ਵੀ ਕੀ ਕਰਾਉਣਾ।'

ਪਰ ਚੰਗੇ ਬੱਜਟ ਦੀਆਂ ਫ਼ਿਲਮਾਂ ਬਣਾਉਂਦਾ ਕੌਣ ਤੇ ਕਿਵੇਂ? ਸਭ ਨੂੰ ਜਾਪਦਾ ਸੀ ਕਿ ਇਹ ਘਾਟੇਵੰਦਾ ਕੰਮ ਏ। ਫਿਰ ਮਨਮੋਹਨ ਸਿੰਘ ਦੀ ਅਗਵਾਈ ਵਿਚ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਹੋਣ ਲੱਗਾ, ਨਵੇਂ ਤਜਰਬੇ ਹੋਏ ਤੇ ਪ੍ਰਾਪਤ ਹੋਈ ਸਫ਼ਲਤਾ ਨੇ ਚੁੱਪ ਵੱਟੀ ਬੈਠੇ ਸਾਰੇ ਪ੍ਰੋਡਿਊਸਰਾਂ, ਡਾਇਰੈਕਟਰਾਂ, ਇਥੋਂ ਕਿ ਹੋਰ ਕੰਮਕਾਜੀ ਲੋਕਾਂ ਨੂੰ ਵੀ ਜਾਪਣ ਲੱਗ ਗਿਆ ਕਿ ਏਸ ਜੂਏ ਵਿਚ ਜਿੱਤਣ ਦੀ ਸੰਭਾਵਨਾ ਬਾਕੀ ਖੇਡਾਂ ਨਾਲੋਂ ਜ਼ਿਆਦਾ ਏ। ਪਿਛਲੇ ਤਿੰਨ ਕੁ ਸਾਲਾਂ ਤੋਂ ਪੰਜਾਬੀ ਫ਼ਿਲਮਾਂ ਜਿੰਨੀ ਵੱਡੀ ਗਿਣਤੀ ਵਿਚ ਬਣ ਰਹੀਆਂ ਨੇ, ਉਨ੍ਹਾਂ ਨੇ ਸਿਨੇਮਾ ਪ੍ਰੇਮੀਆਂ ਦੇ ਦਿਮਾਗ਼ ਵਿਚ ਕਈ ਤਰ੍ਹਾਂ ਦੇ ਸਵਾਲ ਵੀ ਖੜ੍ਹੇ ਕੀਤੇ ਨੇ।

ਅੱਜ ਹਾਲਾਤ ਇਹ ਨੇ ਕਿ ਸ਼ਾਇਦ ਹੀ ਕੋਈ ਸ਼ੁੱਕਰਵਾਰ ਅਜਿਹਾ ਹੋਵੇਗਾ, ਜਦੋਂ ਪੰਜਾਬੀ ਫ਼ਿਲਮ ਰਿਲੀਜ਼ ਨਾ ਹੁੰਦੀ ਹੋਵੇ। ਕਈ ਫ਼ਿਲਮਾਂ ਰਿਲੀਜ਼ ਹੋਣ ਤੋਂ ਪਹਿਲਾਂ ਹੀ ਹਿੱਟ ਮੰਨੀਆਂ ਜਾਣ ਲੱਗਦੀਆਂ ਨੇ ਤੇ ਕਈਆਂ ਦੇ ਪ੍ਰੋਮੋ ਦੇਖ ਕੇ ਸਿੱਟਾ ਕੱਢ ਲਿਆ ਜਾਂਦੈ ਕਿ ਇਹਨੂੰ ਖਰਚ ਕੀਤੇ ਪੈਸੇ ਦਾ ਚੌਥਾ ਹਿੱਸਾ ਵੀ ਵਸੂਲ ਨਹੀਂ ਹੋਣਾ। ਫਿਰ ਵੀ ਪੰਜਾਬ ਦੇ ਸਾਰੇ ਕਲਾਕਾਰਾਂ ਨੂੰ ਅੱਜ ਹੀਰੋ ਬਣਨ ਦੀ ਕਾਹਲ ਛਿੜੀ ਹੋਈ ਏ ਤੇ ਪੰਜਾਬ ਦੇ 70 ਫ਼ੀਸਦੀ ਗਵੱਈਏ ਹੀਰੋ ਬਣ ਗਏ ਨੇ ਜਾਂ ਇਸ ਰਾਹ 'ਤੇ ਤੁਰੇ ਹੋਏ ਨੇ। ਪਰ ਚਾਲੂ ਵਰ੍ਹੇ ਵਿਚ ਮਸੀਂ ਤਿੰਨ-ਚਾਰ ਫ਼ਿਲਮਾਂ ਅਜਿਹੀਆਂ ਰਿਲੀਜ਼ ਹੋਈਆਂ, ਜਿਨ੍ਹਾਂ ਨੇ ਸਿਨੇਮਾ ਘਰ ਵਿਚੋਂ ਬਾਹਰ




ਨਿਕਲਦੇ ਦਰਸ਼ਕਾਂ ਦੇ ਚਿਹਰੇ ਟਹਿਕਦੇ ਦਿਖਾਏ, ਨਹੀਂ ਤਾਂ ਬਹੁਤੀਆਂ ਫ਼ਿਲਮਾਂ ਦੇਖ ਕੇ ਬਾਹਰ ਆਉਂਦੇ ਦਰਸ਼ਕ ਖੁਦ ਨੂੰ ਲੁੱਟੇ-ਲੁੱਟੇ ਮਹਿਸੂਸ ਕਰਦੇ ਰਹੇ।

### 70 ਦੇ ਕਰੀਬ ਫ਼ਿਲਮਾਂ ਕਤਾਰ 'ਚ

ਏਸ ਸਾਲ ਛੋਟੀਆਂ-ਵੱਡੀਆਂ ਤਿੰਨ ਦਰਜਨ ਤੋਂ ਵੱਧ ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ ਤੇ ਇੱਕ ਅਨੁਮਾਨ ਮੁਤਾਬਕ 70 ਦੇ ਕਰੀਬ ਦੀ ਸ਼ੂਟਿੰਗ ਚੱਲ ਰਹੀ ਹੈ। ਫ਼ਲਾਪ ਫ਼ਿਲਮ ਦੇ ਨਿਰਮਾਤਾਵਾਂ, ਨਿਰਦੇਸ਼ਕਾਂ, ਹੀਰੋ, ਹੀਰੋਇਨ ਨੇ ਆਪਣੀ ਅਸਫ਼ਲਤਾ ਦਾ ਮੁਲਾਂਕਣ ਕਰਨ ਦੀ ਥਾਂ ਕਈ ਅਜਿਹੇ ਕਾਰਨਾਂ 'ਤੇ ਆਵਾ ਧਰ ਲਿਆ, ਜਿਨ੍ਹਾਂ ਦਾ ਹਕੀਕਤ ਨਾਲ ਕੋਈ ਵਾਸਤਾ ਨਹੀਂ ਸੀ। ਬਹੁਤਿਆਂ ਨੇ ਪ੍ਰਚਾਰ ਦੀ ਘਾਟ ਵਿਚ ਨੁਕਸ ਕੱਢਿਆ, ਕਿਸੇ ਨੇ ਡਾਇਰੈਕਟਰ ਦੇ ਮਾੜੇ ਨਿਰਦੇਸ਼ਨ 'ਤੇ ਸਾਰਾ ਤੋੜਾ ਝਾੜ ਦਿੱਤਾ, ਕਿਸੇ ਨੇ ਪ੍ਰੋਡਿਊਸਰ ਨੂੰ ਨਿੰਦਿਆ ਤੇ ਕਿਸੇ ਨੇ ਹੀਰੋਇਨ ਦੀਆਂ ਮੂੜਮੱਤੀਆਂ ਦਾ ਖਿਲਾਰਾ ਪਾ ਦਿੱਤਾ। ਪਰ ਅਸਲੀਅਤ ਇਹ ਸੀ ਕਿ ਅਸਫ਼ਲ ਫ਼ਿਲਮਾਂ ਲਈ ਪੂਰੀ ਟੀਮ ਹੀ ਜ਼ਿੰਮੇਵਾਰ ਸੀ ਤੇ ਸਭ ਤੋਂ ਵੱਡੀ ਜ਼ਿੰਮੇਵਾਰੀ ਅਣਸਿੱਖੇ ਅਦਾਕਾਰਾਂ ਦੀ ਸੀ, ਜਿਨ੍ਹਾਂ ਨੂੰ ਕੰਜੂਸੀ ਜਾਂ ਸਮਝੌਤੇ ਤਹਿਤ ਫ਼ਿਲਮ ਵਿਚ ਲਿਆ ਗਿਆ ਸੀ।

### 'ਜੱਟ ਐਂਡ ਜੂਲੀਅਟ' ਤੇ 'ਕੈਰੀ ਆਨ ਜੱਟਾ' ਨੇ ਮਚਾਈ ਤਰਥੱਲੀ

ਦਿਲਜੀਤ ਦੋਸਾਂਝ ਦੀ ਫ਼ਿਲਮ 'ਜੱਟ ਐਂਡ ਜੂਲੀਅਟ' ਨੇ ਇਸ ਸਾਲ ਸਭ ਤੋਂ ਵੱਧ ਬਿਜ਼ਨੈਸ ਕੀਤਾ। ਦਰਸ਼ਕਾਂ ਦਾ ਕਹਿਣਾ ਸੀ ਕਿ ਜਿੰਮੀ ਸ਼ੇਰਗਿੱਲ ਤੋਂ ਬਾਅਦ ਦਿਲਜੀਤ ਹੀ ਅਜਿਹਾ ਅਦਾਕਾਰ ਹੋ ਨਿੱਬੜਿਆ, ਜਿਹੜਾ ਫ਼ਿਲਮ ਦੇ ਕਿਸੇ




ਵੀ ਦ੍ਰਿਸ਼ ਵਿਚ ਥਿੜਕਿਆ ਨਹੀਂ ਤੇ ਜਿਸ ਨੇ ਆਪਣੀ ਕਾਮੇਡੀ ਨਾਲ ਅਸਲ ਕਾਮੇਡੀਅਨਾਂ ਨੂੰ ਬਰਾਬਰ ਦੀ ਟੱਕਰ ਦਿੱਤੀ। ਫ਼ਿਲਮ ਦੀ ਹੀਰੋਇਨ ਨੀਰੂ ਬਾਜਵਾ ਨੂੰ ਵੀ ਦਿਲਜੀਤ ਨੇ ਖੁਦ 'ਤੇ ਭਾਰੂ ਨਹੀਂ ਹੋਣ ਦਿੱਤਾ ਤੇ ਫ਼ਿਲਮ ਰਿਲੀਜ਼ ਕਰਨ ਵਾਲੀ ਕੰਪਨੀ ਦੇ ਵਾਰੇ-ਨਿਆਰੇ ਹੋ ਗਏ। ਵਿਚ-ਵਿਚਾਲੇ ਖ਼ਬਰਾਂ ਇਹ ਵੀ ਆਈਆਂ ਕਿ ਇਸ ਨੂੰ ਹਿੰਦੀ ਵਿਚ ਵੀ ਡੱਬ ਕੀਤਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਦਿਲਜੀਤ ਆਪਣੀ ਨਵੀਂ ਫ਼ਿਲਮ 'ਜੱਟ ਐਂਡ ਜੂਲੀਅਟ-2' ਦੀ ਸ਼ੂਟਿੰਗ ਵਿਚ ਰੁੱਝ ਚੁੱਕਾ ਹੈ।

ਏਸੇ ਤਰ੍ਹਾਂ 'ਮਿਰਜ਼ਾ' ਫ਼ਿਲਮ ਦੀ ਅਸਫ਼ਲਤਾ ਤੋਂ ਬਾਅਦ ਬਤੌਰ ਹੀਰੋ ਗਿੱਪੀ ਗਰੇਵਾਲ ਦੀ 'ਕੈਰੀ ਆਨ ਜੱਟਾ' ਰਿਲੀਜ਼ ਹੋਈ, ਜਿਸ ਵਿਚ ਇੰਟਰਵਲ ਤੋਂ ਬਾਅਦ ਹਾਸੇ ਦਾ ਅਜਿਹਾ ਤੁੜਕਾ ਲੱਗਾ ਕਿ ਫ਼ਿਲਮ ਚੱਲ ਨਿਕਲੀ। ਇਹ ਫ਼ਿਲਮ 'ਜੱਟ ਐਂਡ ਜੂਲੀਅਟ' ਜਿੰਨਾ ਵੱਡਾ ਮਾਰਕਾ ਭਾਵੇਂ ਨਾ ਮਾਰ ਸਕੀ ਹੋਵੇ, ਪਰ ਫਿਰ ਵੀ ਸਫ਼ਲ ਰਹੀ। ਇਸ ਫ਼ਿਲਮ ਦਾ ਸਿਹਰਾ ਦਰਸ਼ਕਾਂ ਨੇ ਜਸਵਿੰਦਰ ਭੱਲਾ, ਗੁਰਪ੍ਰੀਤ ਘੁੱਗੀ ਤੇ ਬੀਨੂੰ ਢਿੱਲੋਂ ਸਿਰ ਬੰਨ੍ਹਿਆ।

### 'ਦੇਸੀ ਰੋਮੀਓ' ਤੇ 'ਰੌਲਾ ਪੈ ਗਿਆ' ਦਾ ਹਾਲ

ਇਸ ਸਾਲ ਰਿਲੀਜ਼ ਹੋਈਆਂ ਘੱਟ ਬੱਜਟ ਵਾਲੀਆਂ ਫ਼ਿਲਮਾਂ ਨੂੰ ਵੀ ਸਫ਼ਲ ਫ਼ਿਲਮਾਂ ਦੀ ਕਤਾਰ ਵਿਚ ਜ਼ਰੂਰ ਸ਼ਾਮਲ ਕੀਤਾ ਗਿਆ। ਬੱਬੂ ਮਾਨ ਦੀ ਬੇਹੱਦ ਘੱਟ ਬੱਜਟ ਵਾਲੀ ਫ਼ਿਲਮ 'ਦੇਸੀ ਰੋਮੀਓ' ਵਿਚ ਭੁਪਿੰਦਰ ਗਿੱਲ ਤੇ ਹਰਜੀਤ ਹਰਮਨ ਦੀ ਅਦਾਕਾਰੀ ਦੀ ਤਾਰੀਫ਼ ਕੀਤੀ ਗਈ ਤੇ ਹਰਮਨ ਹੁਣ ਆਪਣੀ ਨਵੀਂ ਫ਼ਿਲਮ ਦੀ ਵਿਉਂਤਬੰਦੀ ਵਿਚ ਜੁਟ ਗਿਆ ਹੈ। ਭੁਪਿੰਦਰ ਗਿੱਲ ਨੇ 'ਦੇਸੀ ਮੁੰਡੇ' ਵਿਚ ਅਹਿਮ ਰੋਲ ਕਰ ਲਿਆ ਹੈ। ਏਸੇ ਤਰ੍ਹਾਂ ਰਵਿੰਦਰ ਗਰੇਵਾਲ ਦੀ ਫ਼ਿਲਮ ਤੋਂ ਦਰਸ਼ਕਾਂ ਨੂੰ ਬਹੁਤੀਆਂ ਉਮੀਦਾਂ ਨਹੀਂ ਸਨ, ਪਰ ਫ਼ਿਲਮ ਨੂੰ ਠੀਕ-ਠਾਕ ਹੁੰਗਾਰਾ ਮਿਲ ਗਿਆ। ਸਫ਼ਲਤਾ ਤੋਂ ਖ਼ੁਸ਼ ਗਰੇਵਾਲ ਨੇ ਨਾਲ ਦੀ ਨਾਲ ਨਵੀਂ ਫ਼ਿਲਮ ਦਾ ਐਲਾਨ ਕਰ ਦਿੱਤਾ।

### ਰਿਲੀਜ਼ ਲਈ ਤਿਆਰ ਫ਼ਿਲਮਾਂ

ਇਸ ਵੇਲੇ ਦਿਲਜੀਤ ਦੋਸਾਂਝ (ਸਾਡੀ ਲਵ ਸਟੋਰੀ), ਹਨੀ ਸਿੰਘ ਤੇ ਅਮਰਿੰਦਰ ਗਿੱਲ (ਤੂੰ ਮੇਰਾ ਬਾਈ, ਮੈਂ ਤੇਰਾ ਬਾਈ), ਗਿੱਪੀ ਗਰੇਵਾਲ (ਸਿੰਘ ਵਰਸਿਜ਼ ਕੌਰ), ਸਰਬਜੀਤ ਚੀਮਾ ('ਵੈਲਕਮ ਟੂ ਪੰਜਾਬ' ਤੇ 'ਪੰਜਾਬ ਬੋਲਦਾ ਹੈ'), ਪ੍ਰੀਤ ਹਰਪਾਲ (ਡੌਂਟ ਵਰੀ ਯਾਰਾ), ਕੇ. ਐਸ. ਮੱਖਣ (ਸੱਜਣ), ਰੌਸ਼ਨ ਪ੍ਰਿੰਸ (ਫੇਰ ਮਾਮਲਾ ਗੜਬੜ ਹੈ), ਮਿਸ ਪੂਜਾ (ਪੂਜਾ ਕਿਵੇਂ ਆਂ), ਭੁਪਿੰਦਰ ਗਿੱਲ (ਦੇਸੀ ਮੁੰਡੇ), ਗੀਤਾ ਜ਼ੈਲਦਾਰ (ਵਿਆਹ ਸੱਤਰ ਕਿਲੋਮੀਟਰ) ਸਮੇਤ ਅਨੇਕਾਂ ਗ਼ੈਰ ਗਾਇਕ ਨਾਇਕਾਂ ਦੀਆਂ ਫ਼ਿਲਮਾਂ ਰਿਲੀਜ਼ ਹੋਣ ਲਈ ਪਰ ਤੋਲ ਰਹੀਆਂ ਨੇ।




ਜਿਹੜੇ ਗਾਇਕਾਂ ਦੀਆਂ ਪਿਛਲੀਆਂ ਫ਼ਿਲਮਾਂ ਕਾਮਯਾਬ ਰਹੀਆਂ, ਉਨ੍ਹਾਂ ਵਲੋਂ ਆਪਣਾ ਮੁੱਲ ਬਹੁਤ ਜ਼ਿਆਦਾ ਵਧਾ ਦਿੱਤਾ ਹੋਣ ਕਰਕੇ ਪ੍ਰੋਡਿਊਸਰ ਘੱਟ ਪੈਸੇ ਲੈਣ ਵਾਲੇ ਗ਼ੈਰ ਗਾਇਕ ਹੀਰੋ ਲੈਣ ਨੂੰ ਤਰਜੀਹ ਦੇਣ ਲੱਗੇ ਹਨ, ਕਿਉਂਕਿ ਸਭ ਦੀ ਸੋਚ ਇੱਕੋ ਗੱਲ 'ਤੇ ਟਿਕੀ ਹੋਈ ਹੈ ਕਿ ਜੇ ਘੱਟ ਬੱਜਟ ਵਿਚ ਫ਼ਿਲਮ ਬਣੇਗੀ ਤਾਂ ਉਹ ਡਿੱਗਦੀ-ਢਹਿੰਦੀ ਓਨਾ ਕੁ ਦਾ ਕਾਰੋਬਾਰ ਜ਼ਰੂਰ ਕਰ ਜਾਵੇਗੀ, ਜਿੰਨਾ ਖਰਚ ਕੀਤਾ ਹੋਵੇਗਾ। ਪਰ ਜੇ ਫ਼ਿਲਮ ਤਿੰਨ ਕਰੋੜ ਦੇ ਬੱਜਟ ਨੂੰ ਟੱਪ ਜਾਂਦੀ ਹੈ ਤਾਂ ਇਸ ਦੀ ਸਫ਼ਲਤਾ ਦੀ ਉਮੀਦ ਧੁੰਦਲੀ ਹੋ ਜਾਂਦੀ ਹੈ ਤੇ ਜਿਹੜੀ ਪੰਜ ਕਰੋੜ ਨੂੰ ਪਾਰ ਕਰੇ, ਉਹ ਤਾਂ ਸਿੱਧਾ-ਸਿੱਧਾ ਰਿਸਕ ਹੀ ਹੈ।

### ਕਾਮੇਡੀਅਨਾਂ ਦਾ ਫਿੱਟ ਬੈਠਾ

ਇਸ ਸਾਲ ਬਣੀਆਂ ਜ਼ਿਆਦਾਤਰ ਫ਼ਿਲਮਾਂ ਸਮਾਜਿਕ ਸਰੋਕਾਰਾਂ ਨਾਲੋਂ ਦੂਰ ਸਨ, ਕਿਉਂਕਿ ਇਨ੍ਹਾਂ ਨੂੰ 'ਫੁੱਲ ਮਨੋਰੰਜਨ' ਦੇ ਨਾਂ ਹੇਠ ਰਿਲੀਜ਼ ਕੀਤਾ ਜਾਂਦਾ ਸੀ। ਬਹੁਤੀਆਂ ਫ਼ਿਲਮਾਂ ਦੇ ਵਿਸ਼ੇ ਕਾਲਜ ਨਾਲ ਸਬੰਧਤ ਰਹੇ ਤੇ ਉਹਦੇ ਨਾਲੋਂ ਵੀ ਜ਼ਿਆਦਾ ਕਾਮੇਡੀ ਨਾਲ ਸਬੰਧਤ। ਸਿੱਟੇ ਵਜੋਂ ਕੱਲ੍ਹ ਤੱਕ ਕੈਸਿਟਾਂ ਜਾਂ ਰਿਐਲਟੀ ਸ਼ੋਆਂ ਵਿਚ ਕਾਮੇਡੀ ਕਰਨ ਵਾਲਿਆਂ ਨੂੰ ਧੜਾਧੜ ਬਣ ਰਹੀਆਂ ਫ਼ਿਲਮਾਂ ਦਾ ਬੇਹੱਦ ਲਾਭ ਹੋਣਾ ਸ਼ੁਰੂ ਹੋਇਆ। ਪੂਰਾ ਸਾਲ ਜਿੱਥੇ ਜਸਵਿੰਦਰ ਭੱਲਾ, ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਰਾਣਾ ਰਣਬੀਰ ਤੇ ਕਰਮਜੀਤ ਅਨਮੋਲ ਫ਼ਿਲਮਾਂ ਦੀਆਂ ਸ਼ੂਟਿੰਗਾਂ 'ਚ ਰੁੱਝੇ ਰਹੇ, ਉਥੇ ਕਈ ਫ਼ਿਲਮਾਂ ਅਜਿਹੀਆਂ ਵੀ ਆਈਆਂ, ਜਿਨ੍ਹਾਂ ਨੂੰ ਪਸੰਦ ਸਿਰਫ਼ ਇਨ੍ਹਾਂ ਕਾਮੇਡੀਅਨਾਂ ਕਰਕੇ ਹੀ ਕੀਤਾ ਗਿਆ। ਕਾਮੇਡੀਅਨਾਂ ਦਾ ਕਹਿਣਾ ਹੈ ਕਿ ਜਿਵੇਂ ਕਲਾਕਾਰਾਂ ਦਾ ਸੀਜ਼ਨ ਇਕਦਮ ਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਇਨ੍ਹੀਂ ਦਿਨੀਂ ਸਾਡਾ ਸੀਜ਼ਨ ਚੱਲ ਰਿਹਾ ਹੈ ਅਤੇ ਸਾਨੂੰ ਮੂੰਹੋਂ ਮੰਗੇ ਪੈਸੇ ਵੀ ਮਿਲ ਰਹੇ ਹਨ। ਇਹ ਵੀ ਸੱਚ ਹੈ ਕਿ ਕਾਮੇਡੀ ਫ਼ਿਲਮਾਂ ਪ੍ਰਤੀ ਦਰਸ਼ਕਾਂ ਦੀ ਜ਼ਿਆਦਾ ਮੰਗ ਹੈ।

### ਰਿਲੀਜ਼ ਫ਼ਿਲਮਾਂ ਦਾ ਹਾਲ

ਏਸ ਸਾਲ 'ਪਿਓਰ ਪੰਜਾਬੀ', 'ਪਤਾ ਨਹੀਂ ਰੱਬ ਕਿਹੜਿਆਂ ਰੰਗਾਂ ਵਿਚ ਰਾਜ਼ੀ', 'ਦਿਲ ਤੈਨੂੰ ਕਰਦਾ ਏ ਪਿਆਰ', 'ਰਹਿਮਤਾਂ', 'ਮਿਰਜ਼ਾ-ਦ ਅਨਟੋਲਡ ਸਟੋਰੀ', 'ਤੌਹਰ ਮਿੱਤਰਾਂ ਦੀ', 'ਆਪਾਂ ਫੇਰ ਮਿਲਾਂਗੇ', 'ਰਹੇ ਚੜ੍ਹਦੀ ਕਲਾ ਪੰਜਾਬ ਦੀ', 'ਕਬੱਡੀ ਵੰਨਸ ਅਗੇਨ', 'ਸਿਰਫਿਰੇ', 'ਪਿੰਕੀ ਮੋਗੇ ਵਾਲੀ', 'ਅੰਨੇ ਘੋੜੇ ਦਾ ਦਾਨ', 'ਯਾਰ ਪ੍ਰਦੇਸੀ', 'ਅੱਜ ਦੇ ਰਾਂਝੇ', 'ਬੁਰਰਰਰਾ' ਸਮੇਤ ਕਈ ਹੋਰ ਫ਼ਿਲਮਾਂ ਰਿਲੀਜ਼ ਹੋਈਆਂ।

'ਮਿਰਜ਼ਾ' ਦਾ ਪ੍ਰਚਾਰ ਧੂਮ-ਧੜੱਕੇ ਨਾਲ ਕੀਤਾ ਗਿਆ, ਪਰ ਦਰਸ਼ਕਾਂ ਨੇ ਪਹਿਲੇ ਦਿਨ ਹੀ ਫ਼ਿਲਮ ਨੂੰ ਨਕਾਰ ਦਿੱਤਾ। 'ਤੌਹਰ ਮਿੱਤਰਾਂ ਦੀ' ਫ਼ਿਲਮ ਚੰਗੀ ਸੀ, ਪਰ ਪ੍ਰਚਾਰ ਦੀ ਕਮੀ ਕਰਕੇ ਫ਼ਿਲਮ ਨਾ ਚੱਲ ਸਕੀ। 'ਕਬੱਡੀ ਵੰਨਸ ਅਗੇਨ' ਵਿਚ ਵਰਿੰਦਰ ਘੁੰਮਣ ਨੂੰ ਬਤੌਰ ਕਬੱਡੀ ਖਿਡਾਰੀ ਪੇਸ਼ ਕੀਤਾ ਗਿਆ, ਪਰ ਉਹ ਬਾਡੀ ਬਿਲਡਰ ਹੋਣ ਕਰਕੇ ਓਨਾ ਨਾ ਜਚ ਸਕਿਆ। ਇਸ ਫ਼ਿਲਮ ਵਿਚ ਰੌਸ਼ਨ ਪ੍ਰਿੰਸ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ। 'ਸਿਰਫਿਰੇ' ਫ਼ਿਲਮ ਦਾ ਪ੍ਰਚਾਰ ਚੰਗਾ ਹੋਇਆ, ਪਰ ਇਸ ਵਿਚਲੀਆਂ ਨੰਗੀਆਂ ਗੱਲਾਂ ਦਰਸ਼ਕਾਂ ਨੂੰ ਪਸੰਦ ਨਾ ਆਈਆਂ। 'ਪਿੰਕੀ ਮੋਗੇ ਵਾਲੀ' ਤੋਂ ਉਮੀਦਾਂ ਬਹੁਤ ਸਨ, ਪਰ ਫ਼ਿਲਮ ਵਿਚ ਹਾਸੇ, ਰੋਮਾਂਸ, ਐਕਸ਼ਨ ਨਾਂ ਦੀ ਕੋਈ ਵੀ ਚੀਜ਼ ਨਾ ਹੋਣ ਕਰਕੇ ਗੱਲ ਨਾ ਬਣੀ। 'ਅੱਜ ਦੇ ਰਾਂਝੇ' ਫ਼ਿਲਮ ਵਧੀਆ ਬਣੀ ਸੀ, ਪਰ ਇਸ ਨਾਲ ਵੀ 'ਤੌਹਰ ਮਿੱਤਰਾਂ ਦੀ' ਵਾਲਾ ਹਾਲ ਹੋਇਆ। ਪ੍ਰਚਾਰ ਦੀ ਘਾਟ ਕਰਕੇ ਇਹ ਫ਼ਿਲਮ ਉਹ ਜਲਵਾ ਨਾ ਦਿਖਾ ਸਕੀ, ਜੇਹਾ ਗੁਰਪ੍ਰੀਤ ਘੁੱਗੀ ਦੀਆਂ ਫ਼ਿਲਮਾਂ ਦਿਖਾ ਸਕਦੀਆਂ ਹਨ। 'ਬੁਰਰਰਾ' ਫ਼ਿਲਮ ਨੂੰ ਦਰਸ਼ਕਾਂ ਠੀਕ ਪਿਆਰ ਦਿੱਤਾ। ਇਸ ਫ਼ਿਲਮ ਵਿਚ ਹੰਸ ਰਾਜ ਹੰਸ ਦੇ ਪੁੱਤਰ ਯੁਵਰਾਜ ਹੰਸ ਅਤੇ ਹਰੀਸ਼ ਨੇ ਵਧੀਆ ਕੰਮ ਕੀਤਾ।

### ਜਸਪਾਲ ਭੱਟੀ ਦੇ ਜਾਣ ਦਾ ਦੁੱਖ

ਇਸ ਸਾਲ ਪ੍ਰਸਿੱਧ ਕਾਮੇਡੀਅਨ ਜਸਪਾਲ ਭੱਟੀ ਦਾ ਵਿਛੋੜਾ ਉਨ੍ਹਾਂ ਦੀ ਫ਼ਿਲਮ ਦੀ ਰਿਲੀਜ਼ਿੰਗ ਤੋਂ ਦੋ ਦਿਨ ਪਹਿਲਾਂ ਪੈ ਗਿਆ। ਉਹ ਬਠਿੰਡੇ ਤੋਂ ਜਲੰਧਰ ਆ ਰਹੇ ਸਨ ਤਾਂ ਜੁ ਅਗਲੇ ਦਿਨ ਆਪਣੀ ਨਵੀਂ ਰਿਲੀਜ਼ ਹੋਣ ਵਾਲੀ ਫ਼ਿਲਮ 'ਪਾਵਰ ਕੱਟ' ਦੀ ਪ੍ਰੈਸ ਕਾਨਫਰੰਸ ਕਰ ਲੈਣ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸੜਕ ਹਾਦਸੇ ਵਿਚ ਉਨ੍ਹਾਂ ਦੀ ਮੌਤ ਹੋ ਗਈ ਤੇ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਗੱਡੀ ਵਿਚ ਉਨ੍ਹਾਂ ਨਾਲ ਸਵਾਰ ਮੈਨੇਜਰ ਨਵਨੀਤ ਜੋਸ਼ੀ ਵੀ ਚੱਲ ਵਸੇ। ਜਸਪਾਲ ਭੱਟੀ ਦੀ ਫ਼ਿਲਮ ਨੂੰ ਦਰਸ਼ਕਾਂ ਸ਼ਰਧਾਂਜਲੀ ਵਜੋਂ ਪਿਆਰ ਦਿੱਤਾ। ਭੱਟੀ ਦੀ ਆਖਰੀ ਫ਼ਿਲਮ ਸਮਾਜ ਲਈ ਸੁਨੇਹਾ ਹੋ ਨਿੱਬੜੀ, ਕਿਉਂਕਿ ਇਸ ਵਿਚ ਪੰਜਾਬ ਵਿਚ ਲੱਗਦੇ ਬਿਜਲੀ ਕੱਟਾਂ ਦੀ ਸਮੱਸਿਆ ਨੂੰ ਉਭਾਰਿਆ ਗਿਆ ਸੀ।

### ਗਾਇਕਾਂ ਦੀਆਂ ਉਡਾਰੀਆਂ

ਪੰਜਾਬ ਦੇ ਲਗਭਗ ਸਭ ਗਾਇਕਾਂ ਨੇ ਇਸ ਵਰ੍ਹੇ ਕਸਮਾਂ ਖਾ ਲਈਆਂ ਕਿ ਜੇ ਸਾਨੂੰ ਫ਼ਿਲਮ ਦੀ




ਪੇਸ਼ਕਸ਼ ਆ ਗਈ ਤਾਂ ਨਾਂਹ ਨਹੀਂ ਕਰਨੀ। ਇਸ ਸਾਲ ਉਨ੍ਹਾਂ ਕਲਾਕਾਰਾਂ ਦੀਆਂ ਫ਼ਿਲਮਾਂ ਵੀ ਰਿਲੀਜ਼ ਹੋ ਗਈਆਂ, ਜਿਨ੍ਹਾਂ ਨੂੰ ਖੇਤਰੀ ਗਾਇਕ ਮੰਨਿਆ ਜਾਂਦਾ ਹੈ। ਇਸ ਸਾਲ ਬਹੁਤ ਸਾਰੇ ਕਲਾਕਾਰਾਂ ਨੇ ਫ਼ੈਸਲਾ ਕਰ ਲਿਆ ਕਿ ਹੁਣ ਐਲਬਮਾਂ ਵੱਲ ਧਿਆਨ ਘੱਟ ਦੇਣਾ ਹੈ, ਕਿਉਂਕਿ ਐਲਬਮਾਂ ਨੂੰ ਖਰੀਦਦਾ ਕੋਈ ਨਹੀਂ। ਇੱਕ ਚੰਗੀ ਐਲਬਮ 'ਤੇ ਪੰਜਾਹ ਤੋਂ ਸੱਤਰ ਲੱਖ ਤੱਕ ਦਾ ਖਰਚ ਹੁੰਦਾ ਹੈ ਅਤੇ ਏਨੇ ਪੈਸਿਆਂ ਨੂੰ ਡਬਲ ਕਰਕੇ ਖਰਚਿਆ ਜਾਵੇ ਤਾਂ ਪੂਰੀ ਫ਼ਿਲਮ ਬਣ ਜਾਂਦੀ ਹੈ। ਕਲਾਕਾਰ ਅਕਸਰ ਕਹਿੰਦੇ ਸਨ ਕਿ ਢਾਈ ਘੰਟੇ ਦੀ ਫ਼ਿਲਮ ਡੇਢ ਕਰੋੜ 'ਚ ਬਣ ਜਾਂਦੀ ਹੈ, ਜੀਹਦੇ ਵਿਚ ਪੰਜ-ਛੇ ਗੀਤਾਂ ਦੇ ਵੀਡੀਓ ਵੀ ਬਣ ਜਾਂਦੇ ਨੇ। ਇਸ ਸੋਚ ਦਾ ਇੱਕਤ-ਦੁੱਕਤ ਕਲਾਕਾਰਾਂ ਨੂੰ ਲਾਭ ਹੋਇਆ, ਪਰ ਬਹੁਤਿਆਂ ਦਾ ਨੁਕਸਾਨ ਹੀ ਹੋਇਆ। ਚਾਰ ਜਣੇ ਰਲ ਕੇ ਪੰਜਾਹ-ਪੰਜਾਹ ਲੱਖ ਤਾਂ ਪਾ ਲੈਂਦੇ ਰਹੇ, ਪਰ ਤਜਰਬੇ ਦੀ ਘਾਟ ਕਾਰਨ ਉਨ੍ਹਾਂ ਨਾਲ ਹਰ ਮੋੜ 'ਤੇ ਪੁੱਠੀ ਪੈਂਦੀ ਰਹੀ।

### ਪ੍ਰਾਪਰਟੀ ਡੀਲਰ ਬਣੇ ਪ੍ਰੋਡਿਊਸਰ

ਅਕਾਲੀ-ਭਾਜਪਾ ਸਰਕਾਰ ਦੁਬਾਰਾ ਸੱਤਾ ਵਿਚ ਆਉਣ ਕਰਕੇ ਪੰਜਾਬ ਦੀਆਂ ਜ਼ਮੀਨਾਂ ਦੇ ਰੇਟ ਇੱਕ ਥਾਂ ਟਿਕ ਕੇ ਖੜ੍ਹ ਗਏ। ਦੂਜਾ ਸਭ ਤੋਂ ਵੱਡਾ ਨੁਕਸਾਨ ਸ਼ਹਿਰੀ ਖੇਤਰਾਂ ਦੀਆਂ ਰਜਿਸਟਰੀਆਂ ਨਾ ਹੋਣ ਕਰਕੇ ਹੋਇਆ। ਸਿੱਟੇ ਵਜੋਂ ਪੰਜਾਬ ਦੇ ਕਈ ਪ੍ਰਾਪਰਟੀ ਡੀਲਰਾਂ ਨੇ ਪਾਸਾ ਪਲਟਿਆ ਤੇ ਜ਼ਮੀਨਾਂ ਦੀ ਮੰਦੀ ਦੇ ਚੱਲਦਿਆਂ ਪੰਜਾਬੀ ਫ਼ਿਲਮਾਂ 'ਤੇ ਪੈਸਾ ਲਾਉਣ ਬਾਰੇ ਸੋਚ ਲਿਆ। ਤਿੰਨ-ਚਾਰ ਅਜਿਹੀਆਂ ਫ਼ਿਲਮਾਂ ਆਈਆਂ, ਜਿਨ੍ਹਾਂ 'ਤੇ ਜ਼ਮੀਨਾਂ ਖਰੀਦਣ-ਵੇਚਣ ਵਾਲਿਆਂ ਦਾ ਪੈਸਾ ਲੱਗਾ ਸੀ, ਪਰ ਉਹ ਸਫ਼ਲ ਨਾ ਹੋ ਸਕੀਆਂ। ਇਸ ਦਾ ਸਭ ਤੋਂ ਵੱਡਾ ਕਾਰਨ ਸੀ ਕਿ ਜ਼ਮੀਨ ਦੇ ਕਾਰੋਬਾਰ ਵਾਲਿਆਂ ਨੂੰ ਫ਼ਿਲਮੀ ਖੇਤਰ ਬਾਰੇ ਕੋਈ ਖਾਸ ਤਜਰਬਾ ਨਹੀਂ ਸੀ।

ਇੱਕ-ਦੋ ਫ਼ਿਲਮਾਂ ਦਾ ਇਸ ਸਾਲ ਵਿਵਾਦ ਵੀ ਸੁਣਿਆ ਗਿਆ। ਫ਼ਿਲਮ ਦੇ ਹਿੱਸੇਦਾਰ ਫ਼ਿਲਮ ਦੀ ਅਸਫ਼ਲਤਾ ਮਗਰੋਂ ਆਪਸ ਵਿਚ ਫ਼ਸ ਪੈਂਦੇ, ਕਿਉਂਕਿ ਸਭ ਹਿੱਸੇਦਾਰ ਸਮਝਦੇ ਕਿ ਫ਼ਿਲਮ ਬਹੁਤ ਚੱਲੀ ਹੈ। ਪਰ ਹਕੀਕਤ ਕੁਝ ਹੋਰ ਹੁੰਦੀ ਸੀ, ਜਿਸ ਕਰਕੇ ਕਈਆਂ ਦਾ ਮਾਮਲਾ ਥਾਣਿਆਂ ਤੱਕ ਵੀ ਪਹੁੰਚਿਆ।

### ਦਰਸ਼ਕਾਂ ਨਾਲ ਧੋਖੇ

ਇਸ ਸਾਲ ਕਈ ਫ਼ਿਲਮਾਂ ਇਹੋ ਜਿਹੀਆਂ ਰਿਲੀਜ਼ ਹੋਈਆਂ, ਜਿਨ੍ਹਾਂ ਵਿਚ ਦਰਸ਼ਕਾਂ ਨਾਲ ਸਪੱਸ਼ਟ ਧੋਖਾ ਕੀਤਾ ਗਿਆ ਦਿਖਾਈ ਦਿੱਤਾ। ਦਰਸ਼ਕਾਂ ਨੂੰ ਕਨੇਡਾ ਦੀ ਲੋਕੇਸ਼ਨ ਦੱਸੀ ਗਈ, ਪਰ ਉਹ ਥਾਂ ਹੁੰਦੀ ਚੰਡੀਗੜ੍ਹ ਜਾਂ ਹੋਰ ਖੇਤਰ ਦੀ ਸੀ। ਏਸੇ ਤਰ੍ਹਾਂ ਇੱਕ-ਦੋ ਫ਼ਿਲਮਾਂ ਵਿਚ ਇੰਗਲੈਂਡ ਜਾਂ ਹੋਰ ਵਿਦੇਸ਼ੀ ਥਾਵਾਂ ਦੇ ਮੈਦਾਨ ਹੋਣ ਦੀ ਗੱਲ ਕੀਤੀ ਗਈ, ਪਰ ਉਹ ਮੈਦਾਨ ਹੁੰਦੇ ਪੰਜਾਬ ਦੇ ਹੀ ਸਨ, ਬਸ ਉਨ੍ਹਾਂ ਨੂੰ ਸਾਫ਼-ਸੁਥਰਾ ਕਰਕੇ ਇੰਜ ਭੁਲੇਖਾ ਪਾ ਦਿੱਤਾ ਜਾਂਦਾ ਸੀ ਕਿ ਦਰਸ਼ਕ ਸਮਝੇ ਫ਼ਿਲਮ ਦੀ ਪੂਰੀ ਟੀਮ ਫਲਾਣੇ ਮੁਲਕ ਜਾ ਕੇ ਸ਼ੂਟਿੰਗ ਕਰਕੇ ਆਈ ਏ।

ਕਈ ਪ੍ਰੋਡਿਊਸਰਾਂ ਨੇ ਅੰਬੈਸੀਆਂ ਨਾਲ ਵੀ ਧੋਖੇ ਕਰਨੇ ਚਾਹੇ ਕਿ ਬਾਹਰ ਜਾ ਕੇ ਫ਼ਿਲਮ ਦਾ ਕੁਝ ਹਿੱਸਾ ਸ਼ੂਟ ਕਰਦੇ ਹਾਂ, 'ਪੁੰਨ ਨਾਲੇ ਫ਼ਲੀਆਂ' ਵਾਲੀ ਗੱਲ ਹੋ ਜਾਵੇਗੀ। ਉਧਰ ਚਾਰ ਬੰਦੇ ਵੀ ਫ਼ੁਰਰ ਕਰ ਆਵਾਂਗੇ ਤੇ ਫ਼ਿਲਮ ਵੀ ਸੋਹਣੀ ਬਣ ਜਾਵੇਗੀ, ਪਰ ਅੰਬੈਸੀਆਂ ਨੇ ਇਨ੍ਹਾਂ ਲੋਕਾਂ ਦੀ ਸੋਚ ਸਫ਼ਲ ਨਾ ਹੋਣ ਦਿੱਤੀ।

ਮੁੜ ਗੁਆਚਣ ਲੱਗਾ ਦਰਸ਼ਕਾਂ ਦਾ ਭਰੋਸਾ


ਏਨੀ ਵੱਡੀ ਗਿਣਤੀ ਵਿਚ ਬਣ ਰਹੀਆਂ ਪੰਜਾਬੀ ਫ਼ਿਲਮਾਂ ਕਰਕੇ ਦਰਸ਼ਕ ਮੁੜ ਸ਼ਸ਼ੋਪੰਜ 'ਚ ਪੈ ਗਏ ਨੇ ਕਿ ਆਖਰ ਕਿਹੜੀ ਪੰਜਾਬੀ ਫ਼ਿਲਮ ਦੇਖੀ ਜਾਵੇ ਤੇ ਕਿਹੜੀ ਛੱਡੀਏ। ਪਰ ਇੱਕ ਫ਼ਿਲਮ ਦੇ ਹਿੱਟ ਹੋਣ ਮਗਰੋਂ ਜਿਸ ਤਰ੍ਹਾਂ 5-5, 7-7 ਫ਼ਿਲਮਾਂ ਲਗਾਤਾਰ ਮੂਧੇ ਮੂੰਹ ਡਿੱਗੀਆਂ ਨੇ, ਉਸ ਤੋਂ ਲਗਦਾ ਹੈ ਕਿ ਦਰਸ਼ਕ ਬਹੁਤ ਜਲਦ ਪੰਜਾਬੀ




ਫ਼ਿਲਮਾਂ ਵਿਚ ਪੈ ਰਹੇ ਏਸ ਗਾਹ ਤੋਂ ਉਕਤਾ ਜਾਣਗੇ।

ਅਖੀਰ 'ਤੇ ਨਤੀਜਾ ਇਹੀ ਨਿਕਲਦਾ ਏ ਕਿ ਭਵਿੱਖ ਵਿਚ ਦਰਸ਼ਕ ਸਿਰਫ਼ ਉਸੇ ਫ਼ਿਲਮ ਨੂੰ ਪਿਆਰ ਦਿਆ ਕਰਨਗੇ, ਜਿਸ ਦੀ ਕਹਾਣੀ, ਅਦਾਕਾਰੀ, ਕਾਮੇਡੀ ਅਤੇ ਸਕਰੀਨ ਪਲੇਅ ਚੰਗਾ ਹੋਵੇਗਾ। ਫ਼ਿਲਮ ਬਣਾ ਕੇ ਸਿਰਫ਼ ਮਸ਼ਹੂਰੀ ਖੱਟਣ ਦੇ ਚਾਹਵਾਨਾਂ ਨੂੰ ਕੱਲ੍ਹ ਵੀ ਮੂੰਹ ਦੀ ਖਾਣੀ ਪੈਂਦੀ ਸੀ ਤੇ ਅਗਲੇ ਸਾਲ ਵੀ ਖਾਣੀ ਪਵੇਗੀ, ਇਸ ਗੱਲ ਦਾ ਯਕੀਨ ਹੈ।

# ਖਤਰਿਆਂ ਦੀ ਖਿਡਾਰਨ ਪ੍ਰੀਟੀ



ਘਬਰਾ ਕੇ ਵੀ ਖੁਸ਼ ਰਹਿਣਾ ਪ੍ਰੀਟੀ ਜ਼ਿੰਟਾ ਦੀ ਖਾਸ ਆਦਤ ਹੈ। 15 ਸਾਲ ਪਹਿਲਾਂ ਇਕ ਟੈਲੀਵਿਜ਼ਨ ਮਸ਼ਹੂਰੀ ਵਿਚ ਦਿਸਣ ਵਾਲੀ ਇਸ ਚੁਲਬੁਲੀ ਲੜਕੀ ਲਈ ਤਦ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਇਕ ਦਿਨ ਫਿਲਮ ਨਗਰੀ ਵਿਚ ਉਹ ਰਾਣੀ ਬਣ ਜਾਵੇਗੀ। ਪੰਦਰਾਂ ਸਾਲਾਂ ਵਿਚ 35 ਦੇ ਕਰੀਬ ਫਿਲਮਾਂ ਪ੍ਰੀਟੀ ਨੇ ਕੀਤੀਆਂ ਹਨ।ਹੁਣ ਖੁਦ ਨਵੀਂ ਫਿਲਮ ਬਣਾ ਕੇ ਉਸ ਨੇ ਨਿਰਮਾਣ ਦਾ ਤਰੀਕਾ ਵੀ ਸਿੱਖ ਲਿਆ ਹੈ। ਐਕਟਿੰਗ ਤੋਂ ਹੋਈ ਕਮਾਈ ਵਿਚੋਂ ਕੁਝ ਖਰਚ ਕੇ ਫਿਲਮ ਬਣ ਜਾਵੇ ਤਾਂ ਬਾਲੀਵੁੱਡ ਦਾ ਇਕ ਤਰ੍ਹਾਂ ਨਾਲ ਕਰਜ਼ਾ ਉਹ ਮੋੜੇਗੀ। ਇਸ ਭਾਵਨਾ ਨੂੰ ਮੁੱਖ ਰੱਖ ਕੇ ਹੀ ਉਹ ਨਿਰਮਾਤਰੀ ਬਣੀ ਸੀ। ਜ਼ਿੰਦਗੀ ਵਿਚ ਝਟਪਟ ਫੈਸਲੇ ਲੈਣੇ ਪ੍ਰੀਟੀ ਦੀ ਖਾਸੀਅਤ ਹੈ। ਕਦੇ ਪ੍ਰਧਾਨ ਮੰਤਰੀ ਬਣਨਾ, ਏਅਰ ਹੋਸਟਸ, ਡਾਕਟਰ ਤੇ ਫ਼ੌਜ ਇਥੋਂ ਤੱਕ ਕਿ ਟਰੱਕ ਡਰਾਈਵਰ ਬਣਨ ਦਾ ਖਿਆਲ ਵੀ ਕਦੇ ਪ੍ਰੀਟੀ ਨੇ ਲਿਆ ਸੀ। ਵਪਾਰ ਨੂੰ ਵਪਾਰ ਸਮਝ, ਇੰਡਸਟਰੀ ਵਿਚ ਇਕੱਲੇ ਚੱਲੋ ਉਸ ਦੇ ਨਿਯਮ ਰਹੇ ਹਨ। ਪ੍ਰੀਟੀ ਕੋਲ ਇਕ ਨਵੀਂ ਫਿਲਮ 'ਭਈਆ ਜੀ ਸੁਪਰਹਿੱਟ' ਸੰਨੀ ਦਿਓਲ ਦੇ ਨਾਲ ਹੈ। ਇਸ ਫਿਲਮ ਤੋਂ ਉਸ ਦਾ ਨਵਾਂ ਕੈਰੀਅਰ ਇਕ ਤਰ੍ਹਾਂ ਨਾਲ ਸ਼ੁਰੂ ਹੋਣਾ ਹੈ। ਸਾਰੇ ਚੋਟੀ ਦੇ ਨਾਇਕਾਂ ਨਾਲ ਇਕ ਤੋਂ ਵੱਧ ਇਕ ਹਿੱਟ ਫਿਲਮਾਂ ਦੇ ਚੁੱਕੀ ਪ੍ਰੀਟੀ ਅੱਜ ਕ੍ਰਿਕਟ ਵਿਚ ਵੀ ਸ਼ਾਮਲ ਹੈ। ਖੇਡ ਵਪਾਰ ਤੋਂ ਇਲਾਵਾ ਛੋਟੇ ਪਰਦੇ 'ਤੇ ਵੀ ਹੈ। ਜ਼ਿੰਦਾਦਿਲ, ਬਹਾਦਰ ਤੇ ਖ਼ਤਰਿਆਂ ਦੀ ਖਿਡਾਰਨ ਪ੍ਰੀਟੀ ਜ਼ਿੰਟਾ ਦਾ ਪਰਿਵਾਰ ਸਵੈ-ਨਿਰਭਰ ਹੈ, ਨਾ ਕਿ ਉਸ ਦੀ ਕਮਾਈ 'ਤੇ ਨਿਰਭਰ ਹੈ।



# ਵਿਦਿਆ ਨੂੰ ਵਧਾਈਆਂ

ਹਿੰਦੀ ਫਿਲਮਾਂ ਵਿਚ ਬਹੁਤ ਥੋੜ੍ਹੇ ਜਿਹੇ ਸਮੇਂ ਦੌਰਾਨ ਆਪਣੀ ਐਕਟਿੰਗ ਪ੍ਰਤਿਭਾ ਨਾਲ ਸਭ ਦਾ ਧਿਆਨ ਖਿੱਚਣ ਵਾਲੀ ਵਿਦਿਆ ਬਾਲਨ ਨੇ 14 ਦਸੰਬਰ ਨੂੰ ਸਿਧਾਰਥ ਰਾਏ ਕਪੂਰ ਨਾਲ ਵਿਆਹ ਕਰਵਾ ਲਿਆ। ਸਿਧਾਰਥ ਯੂ.ਟੀ.ਵੀ. ਮੋਸ਼ਨ ਪਿਕਚਰਜ਼ ਦਾ ਸੀ.ਈ.ਓ ਹੈ। ਅੱਜਕੱਲ੍ਹ ਬਾਲੀਵੁੱਡ ਲਈ ਤੜਕ-ਭੜਕ ਵਾਲੇ ਵਿਆਹਾਂ ਦਾ ਰਿਵਾਜ਼ ਹੈ ਪਰ ਵਿਦਿਆ ਨੇ ਸਾਦਗੀ ਨੂੰ ਪਹਿਲ ਦਿੱਤੀ। ਉਸ ਦੀ ਇਸ ਸਾਦਗੀ ਨੇ ਸਭ ਦਾ ਮਨ ਮੋਹ ਲਿਆ ਹੈ। ਵਿਦਿਆ ਨੇ ਹੋਰ ਹੀਰੋਇਨਾਂ ਵਾਂਗ ਆਪਣੇ ਵਿਆਹ ਨੂੰ ਪ੍ਰਚਾਰ ਦਾ ਸਾਧਨ ਨਹੀਂ ਬਣਾਇਆ ਸਗੋਂ ਬਹੁਤ ਖਾਮੋਸ਼ ਜਿਹੀ ਰਹਿ ਕੇ ਆਪਣੀ ਪਸੰਦ ਦੇ ਮੁੰਡੇ ਸਿਧਾਰਥ ਨਾਲ ਲਾਵਾਂ ਲੈ ਲਈਆਂ। ਇਸ ਵਿਆਹ ਦੇ ਸਮਾਗਮਾਂ ਉਤੇ ਦੱਖਣੀ ਅਤੇ ਪੰਜਾਬੀ ਸਭਿਆਚਾਰ ਦਾ ਵਾਹਵਾ ਰੰਗ ਚੜ੍ਹਿਆ ਹੋਇਆ ਸੀ। ਸ਼ਾਇਦ ਅਜਿਹੀਆਂ ਗੱਲਾਂ ਕਰ ਕੇ ਹੀ ਫਿਲਮੀ ਦੁਨੀਆਂ ਵਿਚ ਉਹ ਸਭ ਤੋਂ ਅਨੋਖੀ ਹੈ। ਉਸ ਨੇ ਆਪਣੀਆਂ ਫਿਲਮਾਂ ਵਿਚ ਵੀ ਤਰ੍ਹਾਂ ਤਰ੍ਹਾਂ ਦੇ ਕਿਰਦਾਰ ਨਿਭਾਏ ਪਰ ਉਸ ਨੇ ਹੋਛੇਪਣ ਨੂੰ ਸਦਾ ਦੂਰ ਤੋਂ ਹੀ ਸਲਾਮ ਕੀਤੀ ਹੈ। 'ਡਰਟੀ ਪਿਕਚਰ' ਆਮ ਫਿਲਮਾਂ ਨਾਲੋਂ ਹਟ ਕੇ ਬਣਾਈ ਫਿਲਮ ਸੀ ਅਤੇ ਇਸ ਵਿਚ ਉਸ ਦਾ ਰਿਕਦਾਰ ਵੀ ਇਕ ਮੂੰਹਜ਼ੋਰ ਕੁੜੀ ਦਾ ਸੀ ਪਰ ਉਸ ਨੇ ਇਸ ਕਿਰਦਾਰ ਨਾਲ ਪੂਰਾ ਇਨਸਾਫ ਕੀਤਾ ਅਤੇ ਆਪਣੇ ਬਲਬੂਤੇ ਫਿਲਮ ਸਫਲ ਕਰਵਾਈ। ਇਸ ਫਿਲਮ ਤੋਂ ਬਾਅਦ ਹੀ ਹੀਰੋਇਨਾਂ ਦੀ ਪ੍ਰਮੁੱਖਤਾ ਵਾਲੀਆਂ ਫਿਲਮਾਂ ਦਾ ਦੌਰ ਵੀ ਆਰੰਭ ਹੋਇਆ। ਅਗਲੇ ਸਾਲ ਵਿਦਿਆ ਦੀਆਂ ਦੋ ਫਿਲਮਾਂ 'ਘਨਚੱਕਰ' ਅਤੇ 'ਸ਼ਾਦੀ ਕੇ ਸਾਈਡ ਅਫੈਕਟ' ਆ ਰਹੀਆਂ ਹਨ।

# ਅਨੁਸ਼ਕਾ ਸਮੇਂ ਦੀ ਕਦਰਦਾਨ



ਫਾਕਸ ਸਟਾਰ ਤੇ ਵਿਸ਼ਾਲ ਭਾਰਦਵਾਜ ਦੀ ਨਵੀਂ ਫਿਲਮ 'ਮਟਰੂ ਕੀ ਬਿਜਲੀ' ਵਿਚ ਅਨੁਸ਼ਕਾ ਸ਼ਰਮਾ ਖਾਸ ਅੰਦਾਜ਼ ਵਿਚ ਨਜ਼ਰ ਆਏਗੀ ਹੈ। ਚੰਗਿਆਈਆਂ ਉਸ ਨੂੰ ਮਿਲੀਆਂ ਹਨ ਤੇ ਇਨ੍ਹਾਂ ਨੂੰ ਵੰਡਣ ਵਿਚ ਉਹ ਯਕੀਨ ਰੱਖਦੀ ਹੈ। ਇੰਡਸਟਰੀ ਦੇ ਤਰੀਕੇ ਵੀ ਉਸ ਨੇ ਜਲਦੀ ਸਿੱਖ ਲਏ ਹਨ। ਚਰਚਿਤ ਤੇ ਰੁਝੀ ਹੋਈ ਅਨੁਸ਼ਕਾ ਨੇ ਵਿਸ਼ਾਲ ਭਾਰਦਵਾਜ ਦੀ ਇਸ ਫਿਲਮ ਵਿਚ ਸ਼ਬਾਨਾ ਆਜ਼ਮੀ, ਪੰਕਜ ਕਪੂਰ ਜਿਹੇ ਵੱਡੇ ਨਾਵਾਂ 'ਤੇ ਇਮਰਾਨ ਖਾਨ, ਆਰੀਆ ਬੱਬਰ ਨਾਲ ਕੰਮ ਕੀਤਾ ਹੈ। ਅਨੁਸ਼ਕਾ ਨੂੰ ਲੇਟ ਲਤੀਫ਼ੀ ਨਾਲ ਨਫ਼ਰਤ ਹੈ। ਮੁੰਬਈ ਦੀ ਭੈੜੀ ਟ੍ਰੈਫਿਕ ਉਸ ਨੂੰ ਗੁੱਸਾ ਚੜ੍ਹਾ ਦਿੰਦੀ ਹੈ। ਗੰਭੀਰ ਤੇ ਮਜ਼ਾਕੀਆ ਦਾ ਮਿਸ਼ਰਣ ਅਨੁਸ਼ਕਾ ਹਰੇਕ ਨੂੰ ਸਮੇਂ ਸਿਰ ਮਿਲਦੀ ਹੈ। ਆਖਿਰ ਬਾਲੀਵੁੱਡ ਵਿਚ ਉਸ ਦਾ ਜਾਦੂ ਚਲ ਗਿਆ ਹੈ। ਨਿਰਮਾਤਾ ਉਸ 'ਤੇ ਮਿਹਰਬਾਨ ਹਨ। ਆਮਿਰ ਖਾਨ ਦੇ ਨਾਲ ਨਵੀਂ ਫਿਲਮ ਪੀ.ਕੇ. ਤੇ ਅਨੁਰਾਗ ਦੀ ਨਵੀਂ ਫਿਲਮ 'ਬੰਬੇ ਵੈਲ ਵੇਟ' ਵੀ ਉਸ ਦੇ ਕੋਲ ਹੈ। ਜ਼ੀਰੋ ਤੋਂ ਸ਼ੁਰੂ ਹੋ ਕੇ ਹੀਰੋ ਤੱਕ ਉਹ ਪਹੁੰਚ ਗਈ ਹੈ। ਕਾਫ਼ੀ ਹੱਦ ਤੱਕ ਅਨੁਸ਼ਕਾ ਕਾਜੋਲ ਨਾਲ ਮਿਲਦੀ-ਜੁਲਦੀ ਹੈ। ਇਕਦਮ ਠੰਢੀ ਰਹਿਣ ਵਾਲੀ ਅਨੁਸ਼ਕਾ ਗਰਮ ਸਵਾਲਾਂ 'ਤੇ ਵੀ ਨਹੀਂ ਭੜਕਦੀ ਹੈ।

# ਬਾਲੀਵੁੱਡ ਦੀ ਸਨਸਨੀ ਹੈਲਨ

ਹੈਲਨ ਨੇ ਆਪਣਾ ਫਿਲਮੀ ਕਰੀਅਰ ਫਿਲਮ 'ਹੂਰ-ਏ-ਅਰਬ' ਨਾਲ ਸ਼ੁਰੂ ਕੀਤਾ ਸੀ। ਇਸ ਫਿਲਮ ਦੇ ਨਿਰਮਾਤਾ ਪੀ.ਐਨ. ਅਰੋੜਾ ਸਨ ਜੋ ਬਾਅਦ ਵਿਚ ਹੈਲਨ ਦੇ ਸਭ ਕੁਝ ਬਣ ਗਏ। ਹੈਲਨ ਨੇ ਜਦੋਂ ਪਹਿਲੀ ਫਿਲਮ ਸਾਈਨ ਕੀਤੀ ਤਾਂ ਉਹ ਸਿਰਫ ਪੰਦਰਾਂ ਸਾਲਾਂ ਦੀ ਸੀ। ਹੈਲਨ ਆਪਣੇ ਪਰਿਵਾਰ ਨਾਲ ਬਰਮਾ ਤੋਂ ਸ਼ਰਨਾਰਥੀ ਦੇ ਰੂਪ ਵਿਚ ਭਾਰਤ ਆਈ ਸੀ ਤੇ ਮੁੰਬਈ ਵਿਚ ਆਪਣੇ ਤਿੰਨ ਭੈਣ-ਭਰਾਵਾਂ ਤੇ ਮਾਤਾ-ਪਿਤਾ ਨਾਲ ਰੋਜ਼ੀ-ਰੋਟੀ ਦੀ ਭਾਲ ਵਿਚ ਸੀ। ਉਹ ਇਕ ਪਤਲੀ ਤੇ ਆਕਰਸ਼ਕ ਮੁਟਿਆਰ ਸੀ ਜਿਸ ਨੂੰ ਹਿੰਦੀ ਬਿਲਕੁਲ ਨਹੀਂ ਆਉਂਦੀ ਸੀ ਤੇ ਅੰਗਰੇਜ਼ੀ ਵੀ ਟੁੱਟੀ-ਫੁੱਟੀ ਬੋਲਦੀ ਸੀ। ਹੌਲੀ-ਹੌਲੀ ਸਮੇਂ ਦੇ ਨਾਲ ਹੈਲਨ ਇਕ ਮਾਹਿਰ ਤੇ ਬੇਜੋੜ ਨ੍ਰਤਕੀ ਦੇ ਰੂਪ ਵਿਚ ਸਫਲਤਾ ਪ੍ਰਾਪਤ ਕਰਦੀ ਗਈ।

ਨਿਰਮਾਤਾ ਪੀ.ਐਨ. ਅਰੋੜਾ ਨਾਲ ਹੈਲਨ ਦਾ ਖਾਸ ਕਾਂਟਰੈਕਟ ਸੀ ਤੇ ਅਰੋੜਾ ਦੀ ਇਜਾਜ਼ਤ ਤੋਂ ਬਿਨਾਂ ਹੋਰ ਫਿਲਮਾਂ ਵਿਚ ਕੰਮ ਨਹੀਂ ਕਰ ਸਕਦੀ ਸੀ। ਆਪਣੇ ਤੋਂ ਦੁੱਗਣੀ ਉਮਰ ਤੋਂ ਵੀ ਵੱਡੇ ਅਰੋੜਾ ਨੂੰ ਹੈਲਨ ਨੇ ਇਕ ਦਿਨ ਆਪਣਾ ਪਤੀ ਮੰਨ ਲਿਆ ਜਦਕਿ ਪੀ.ਐਨ. ਅਰੋੜਾ ਵਿਆਹੇ ਹੋਏ ਹੀ ਨਹੀਂ ਸਗੋਂ ਤਿੰਨ ਬੱਚਿਆਂ ਦੇ ਪਿਤਾ ਵੀ ਸਨ। 18 ਸਾਲਾਂ ਤੱਕ ਹੈਲਨ ਪੀ.ਐਨ. ਅਰੋੜਾ ਨਾਲ ਬਿਨਾਂ ਵਿਆਹ ਦੇ ਹੀ ਇਕ ਪਤਨੀ ਦੇ ਰੂਪ ਵਿਚ ਰਹਿੰਦੀ ਰਹੀ।

ਅਚਾਨਕ ਇਕ ਦਿਨ ਪਤਾ ਲੱਗਾ ਕਿ ਹੈਲਨ ਨੇ ਪੀ.ਐਨ. ਅਰੋੜਾ ਨੂੰ ਛੱਡ ਦਿੱਤਾ ਹੈ ਤੇ ਉਨ੍ਹਾਂ ਨਾਲ ਆਪਣੇ ਸਾਰੇ ਸਬੰਧ ਖਤਮ ਕਰ ਲਏ ਹਨ। ਸਬੰਧ ਖਤਮ ਕਰਨ ਵੇਲੇ ਹੈਲਨ ਨੇ ਆਪਣੀ ਇਕ ਸਹੇਲੀ ਨੂਰਜਹਾਂ ਦੇ ਘਰ ਵਿਚ ਪਨਾਹ ਲਈ ਤੇ ਪ੍ਰੈੱਸ ਨੂੰ ਦੱਸਿਆ ਕਿ ਨਿਰਮਾਤਾ ਪੀ.ਐਨ. ਅਰੋੜਾ ਨੇ 18 ਸਾਲਾਂ ਤੱਕ ਉਸ ਨੂੰ ਸੋਨੇ ਦੀ ਚਿੜੀ ਸਮਝ ਕੇ ਆਪਣੇ ਪਿੰਜਰੇ ਵਿਚ ਕੈਦ ਰੱਖਿਆ ਸੀ। ਇਸ ਕੈਦ ਕਾਰਨ ਹੀ ਹੈਲਨ ਨੂੰ ਪੀ.ਐਨ. ਅਰੋੜਾ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਹੋਰ ਕਿਸੇ ਨਾਲ ਵੀ ਮਿਲਣ ਦੀ ਇਜਾਜ਼ਤ ਨਹੀਂ ਸੀ। ਇਹੀ ਕਾਰਨ ਸੀ ਕਿ ਮੰਨੀ-ਪ੍ਰਮੰਨੀ ਨ੍ਰਤਕੀ ਤੇ ਅਦਾਕਾਰਾ ਹੋਣ ਦੇ ਬਾਵਜੂਦ ਹੈਲਨ ਦਾ ਕੋਈ ਫਿਲਮੀ ਦੋਸਤ ਨਹੀਂ ਸੀ। ਉਸ ਨੂੰ ਸ਼ੂਟਿੰਗ 'ਤੇ ਵੀ ਸਾਥੀ ਕਲਾਕਾਰਾਂ ਤੇ ਤਕਨੀਸ਼ੀਅਨਾਂ ਨਾਲ ਮਿਲਣ ਤੇ ਗੱਲਬਾਤ ਕਰਨ ਦੀ ਮਨਾਹੀ ਸੀ। ਕਿਹਾ ਜਾਂਦਾ ਹੈ ਕਿ 'ਸ਼ੋਅਲੇ' ਦੇ ਡਾਂਸ 'ਮਹਿਬੂਬਾ-ਮਹਿਬੂਬਾ' ਤੋਂ ਬਾਅਦ ਹੈਲਨ ਲੇਖਕ ਸਲੀਮ ਦੇ ਨੇੜੇ ਆਉਣ ਲੱਗੀ ਸੀ ਤੇ ਪ੍ਰੈੱਸ ਵਿਚ ਦੋਹਾਂ ਬਾਰੇ ਖੂਬ ਅਫਵਾਹਾਂ ਵੀ ਸੁਣੀਆਂ



ਜਾ ਰਹੀਆਂ ਸਨ। ਕੋਰਸ ਡਾਂਸਰ ਦੇ ਰੂਪ ਵਿਚ ਸੰਘਰਸ਼ ਕਰਦਿਆਂ ਹੈਲਨ ਆਪਣੇ ਮਾਤਾ-ਪਿਤਾ ਤੇ ਭਰਾ-ਭੈਣਾਂ ਨਾਲ ਟੁੱਟੇ-ਫੁੱਟੇ ਮੋਟਰ ਗੈਰਾਜ ਵਿਚ ਰਹਿੰਦੀ ਸੀ। ਪੀ.ਐਨ. ਅਰੋੜਾ ਤੋਂ ਵੱਖ ਹੋਣ ਪਿੱਛੋਂ ਹੈਲਨ ਨੇ ਲੇਖਕ ਸਲੀਮ ਖਾਨ ਨਾਲ ਵਿਆਹ ਕਰ ਲਿਆ ਤੇ ਸਲੀਮ ਦੀ ਦੂਜੀ ਪਤਨੀ ਬਣ ਗਈ। ਅੱਜ ਵੀ ਹੈਲਨ ਇਸੇ ਦੂਜੀ ਪਤਨੀ ਦੇ ਰੂਪ ਵਿਚ ਸਲੀਮ ਦੇ ਨਾਲ ਰਹਿ ਰਹੀ ਹੈ। ਇਹ ਵੀ ਹੈਲਨ ਦੇ ਜੀਵਨ ਦੀ ਇਕ ਤ੍ਰੈਜਡੀ ਹੀ ਸੀ ਕਿ ਉਹ ਚਾਹ ਕੇ ਵੀ ਕਦੇ ਮਾਂ ਨਹੀਂ ਬਣ ਸਕੀ ਕਿਉਂਕਿ ਹੈਲਨ ਦਾ ਅਦਾਕਾਰੀ ਦਾ ਕਰੀਅਰ ਉਸ ਲਈ ਸਭ ਤੋਂ ਉੱਪਰ ਸੀ ਤੇ ਮਾਂ ਬਣ ਕੇ ਉਹ ਆਪਣਾ ਬਣਿਆ-ਬਣਾਇਆ ਕਰੀਅਰ ਬਰਬਾਦ ਨਹੀਂ ਕਰਨਾ ਚਾਹੁੰਦੀ ਸੀ। ਹੈਲਨ ਨੂੰ ਕੀਮਤੀ ਅਤੇ ਸੁੰਦਰ ਹੀਰਿਆਂ ਦਾ ਬਹੁਤ ਸ਼ੌਕ ਸੀ ਪਰ ਪੀ.ਐਨ. ਅਰੋੜਾ ਨੇ ਹਮੇਸ਼ਾ ਇਹ ਕਹਿ ਕੇ ਕਿ ਹੀਰੇ ਬਦਕਿਸਮਤੀ ਲਿਆਉਂਦੇ ਹਨ,



ਕਦੇ ਹੈਲਨ ਨੂੰ ਹੀਰੇ ਨਹੀਂ ਦਿਵਾਏ।

21 ਨਵੰਬਰ, 1954 ਨੂੰ ਆਪਣੀ ਪੰਦਰਵੀਂ ਵਰ੍ਹੇਗੰਢ 'ਤੇ ਹੈਲਨ ਨੂੰ ਪੀ.ਐਨ. ਅਰੋੜਾ ਵੱਲੋਂ ਸਭ ਤੋਂ ਮਹਿੰਗਾ ਤੋਹਫਾ ਸਾਢੇ ਤਿੰਨ ਸੌ ਰੁਪਏ ਦੀ ਉਹ ਫਰਾਕ ਸੀ ਜਿਸ ਦੇ ਬਦਲੇ ਹੈਲਨ ਅਰੋੜਾ ਦੇ ਇਸ਼ਾਰਿਆਂ 'ਤੇ ਨੱਚਦੀ ਰਹੀ ਤੇ 35ਵੀਂ ਵਰ੍ਹੇਗੰਢ ਦੀ ਰਾਤ ਜਦੋਂ ਹੈਲਨ ਨੇ ਅਰੋੜਾ ਨੂੰ ਛੱਡਿਆ ਤਾਂ ਸਿਰਫ ਉਸ ਦੇ ਗਿਫਟ ਕੀਤੇ 10 ਰੁਪਏ ਦੇ ਫੁੱਲਾਂ ਤੋਂ ਸਿਵਾ ਉਸ ਕੋਲ ਕੁਝ ਨਹੀਂ ਸੀ। ਹੈਲਨ ਇਕ ਬਿਹਤਰ ਜ਼ਿੰਦਗੀ ਸਲੀਮ ਖਾਨ ਨਾਲ ਬਿਤਾ ਰਹੀ ਹੈ। ਉਹ ਫਿਲਮਾਂ ਨਾਲ ਅੱਜ ਵੀ ਜੁੜੀ ਹੋਈ ਹੈ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

**WE CAN SELL HUD HOMES ANY WHERE IN CALIFORNIA**

**ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ**

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento



*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

Jaswinder Gill M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

**Refinance Now**

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

**JUST SOLD**

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.



YOUR SHOWS
ਤੁਹਾਡੀ ਇੱਛਾ ਅਨੁਸਾਰ
WATCH AMERICAN AND PUNJABI CHANNELS LIKE NEVER BEFORE WITH HOPPER
CATCH KINNA SOHNA TAINU RABB NE BANAYA ON GET PUNJABI WHILE RECORDING GURUMA ON JUS ONE AND PIERS MORGAN TONIGHT ON CNN. ALL AT THE SAME TIME.
SIGN UP TODAY AND RECEIVE
$75 AMERICAN EXPRESS REWARD CARD!
USE CODE: 02INTLDM1
HOME OF SOUTH ASIAN ENTERTAINMENT
PACKAGES STARTING FROM $24.99/MO
jus punjabi
PTC PUNJABI
JUS one
GET ਪੰਜਾਬੀ
gPunjab
MH ONE
CHANNEL SELECTION WILL VARY BY PACKAGE
+
GET Hopper
FREE
WHEN YOU SIGN UP FOR AMERICA'S TOP 120 OR HIGHER
Monthly DVR fee and receiver fees apply
AMERICA'S TOP 120
SIGN UP TODAY AND GET A $20 MONTHLY DISCOUNT, YOU PAY ONLY $24.99/MO. FOR 12 MONTHS
ENJOY TOP 120 CHANNELS, LIKE:
nick CNN food
REQUIRES 24 MONTH AGREEMENT
PICK EITHER PACKAGE OR BOTH!
1.888.242.2276
DISHPUNJABITV.COM
FACEBOOK.COM/DISHPUNJABITV
dish